**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067



*Jassi Gill*

CA DRE Lic.#01180969

CA DRE# 00966763



**Ad Space Available**

Call: 847-359-0746

e-mail: punjabtimes1@gmail.com



FARMERS INSURANCE GROUP

FARMERS

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ

**Duabba Insurance Agency**

2450 Peralta Blvd., Suite 120, Fremont, CA 94536

Ph: 510-797-7989

Fax: 510-794-7398 visit us@ farmers.com



Gurcharan Singh Mann

Insurance Agent

Licence# OC 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ, ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ



Sixteenth Year of Publication

ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 36, September 3, 2016 | 20451 N Plum Grove Rd., Palatine, IL 60074 | Ph:847-359-0746, Fax:847-705-9388


# ਆਪੋ-ਧਾਪੀ ਦੀ ਸਿਆਸਤ ਨੇ ਉਲਝਾਈ 'ਆਪ' ਦੀ ਤਾਣੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸਵਾ ਕੁ ਦੋ ਸਾਲ ਪਹਿਲਾਂ ਲੋਕ ਸਭਾ ਚੋਣਾਂ ਦੌਰਾਨ ਚਾਰ ਸੀਟਾਂ ਜਿੱਤ ਕੇ ਪੰਜਾਬ ਦੀ ਸਿਆਸਤ ਵਿਚ ਹਲਚਲ ਮਚਾਉਣ ਵਾਲੀ ਆਮ ਆਦਮੀ ਪਾਰਟੀ (ਆਪ) ਆਪਸੀ ਧੜੇਬੰਦੀ ਵਿਚ ਉਲਝ ਗਈ ਹੈ। ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਦੋ ਲੱਖ ਰੁਪਏ ਰਿਸ਼ਵਤ ਦੇ ਦੋਸ਼ ਵਿਚ ਅਹੁਦੇ ਤੋਂ ਹਟਾਉਣ ਪਿਛੋਂ ਪਾਰਟੀ ਵਿਚ ਕਲੇਸ਼ ਹੋਰ ਵਧ ਗਿਆ ਹੈ। ਛੋਟੇਪੁਰ ਨੂੰ ਅਹੁਦੇ ਤੋਂ ਹਟਾਉਣ ਵਿਚ ਵਿਖਾਈ ਕਾਹਲ ਤੋਂ ਪੰਜਾਬ ਵਿਚ ਪਾਰਟੀ ਦਾ ਵੱਡਾ ਧੜਾ ਹੈਰਾਨ ਅਤੇ ਨਿਰਾਸ਼ ਹੈ। ਯਾਦ ਰਹੇ ਕਿ ਛੋਟੇਪੁਰ ਦਾ ਸਿਆਸੀ ਅਕਸ ਸਾਫ-ਸੁਥਰਾ ਰਿਹਾ ਹੈ। ਫੈਸਲਾ ਕਰਨ ਸਮੇਂ ਛੋਟੇਪੁਰ ਦੇ ਇਸ ਤਰਕ ਨੂੰ ਵੀ ਨਜ਼ਰ-ਅੰਦਾਜ਼ ਕਰ ਦਿਤਾ ਗਿਆ ਕਿ ਜੇ ਪਾਰਟੀ ਕੋਲ ਕੋਈ ਅਜਿਹੀ ਵੀਡੀਓ ਰਿਕਾਰਡਿੰਗ ਹੈ ਜਿਸ ਵਿਚ ਉਹ ਪੈਸੇ ਲੈ ਰਹੇ ਹਨ, ਤਾਂ ਉਸ ਨੂੰ ਜਨਤਕ ਕੀਤਾ ਜਾਵੇ।

ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਪਿਛਲੇ ਢਾਈ ਸਾਲਾਂ ਵਿਚ ਸੂਬੇ ਵਿਚ ਵੱਖ-ਵੱਖ ਸਿਆਸੀ ਕਾਨਫਰੰਸਾਂ ਜਥੇਬੰਦ ਕਰਨ ਸਮੇਤ ਪਾਰਟੀ ਲਈ ਹੋਰ ਕਈ ਤਰ੍ਹਾਂ ਦੇ ਖਰਚ ਕੀਤੇ ਗਏ ਹਨ, ਪਰ ਪਾਰਟੀ ਨੇ ਕਦੇ ਉਨ੍ਹਾਂ ਨੂੰ ਇਸ ਸਬੰਧੀ ਇਕ ਰੁਪਿਆ ਵੀ ਫੰਡ ਦੇ ਤੌਰ 'ਤੇ ਨਹੀਂ ਦਿਤਾ। ਅਜਿਹਾ ਉਹ ਆਪਣੇ ਸਾਥੀਆਂ ਵੱਲੋਂ ਕੀਤੀ ਜਾਂਦੀ ਆਰਥਿਕ ਮਦਦ ਨਾਲ ਹੀ ਕਰਦੇ ਰਹੇ ਹਨ। ਉਨ੍ਹਾਂ ਦਾ ਇਹ ਵੀ ਦੋਸ਼ ਹੈ ਕਿ ਟਿਕਟਾਂ ਦੀ ਵੰਡ ਕਰਦਿਆਂ, ਇਥੋਂ ਤੱਕ ਕਿ ਯੂਥ ਮੈਨੀਫੈਸਟੋ ਜਾਰੀ ਕਰਦਿਆਂ ਵੀ ਉਨ੍ਹਾਂ ਨੂੰ ਵਿਸ਼ਵਾਸ ਵਿਚ ਨਹੀਂ ਲਿਆ ਗਿਆ। ਜ਼ਿਕਰਯੋਗ ਹੈ ਕਿ ਪਾਰਟੀ ਦੇ ਕੁਝ ਆਗੂਆਂ ਵੱਲੋਂ ਲਗਾਤਾਰ ਇਹ ਕਿਹਾ ਜਾ ਰਿਹਾ ਹੈ ਕਿ ਪੰਜਾਬ ਦੀ ਸਿਆਸਤ 'ਤੇ ਸੂਬੇ ਤੋਂ ਬਾਹਰਲੇ ਆਗੂਆਂ ਨੂੰ ਥੋਪਿਆ ਜਾ ਰਿਹਾ ਹੈ। ਲੋਕ ਸਭਾ ਚੋਣਾਂ ਵਿਚ ਰਵਾਇਤੀ ਪਾਰਟੀਆਂ ਤੋਂ ਤੰਗ ਆਏ

*(ਬਾਕੀ ਸਫਾ 6 'ਤੇ)*



## ਐਨ.ਆਰ.ਆਈ. ਕੰਗ ਦਾ ਵਿਵਾਦਮਈ ਸਫਰ

**ਚੰਡੀਗੜ੍ਹ:** ਸੁੱਚਾ ਸਿੰਘ ਛੋਟੇਪੁਰ ਉਤੇ ਟਿਕਟ ਲਈ ਪੈਸੇ ਮੰਗਣ ਦਾ ਦੋਸ਼ ਲਾਉਣ ਵਾਲਾ ਐਨ.ਆਰ.ਆਈ. ਰਵਿੰਦਰ ਸਿੰਘ ਕੰਗ ਦਾ ਆਸਟਰੇਲੀਆ ਵਿਚ ਰਹਿਣ ਦਾ ਸਫਰ ਵਿਵਾਦਮਈ ਰਿਹਾ ਹੈ। ਰਵਿੰਦਰ ਸਿੰਘ ਕੰਗ ਆਸਟਰੇਲੀਆ ਦੇ ਸੂਬੇ ਬ੍ਰਿਸਬੇਨ ਵਿਚ ਆਪਣੀ ਪਤਨੀ ਨਾਲ 2009 ਵਿਚ ਸਟੂਡੈਂਟ ਵੀਜ਼ੇ ਉਤੇ ਗਿਆ ਸੀ ਤੇ 2015 ਤੱਕ ਉਹ ਉਥੇ ਰਿਹਾ। ਮਈ 2011 ਵਿਚ ਉਸ ਵੱਲੋਂ ਇਕ ਲੜਕੀ ਨਾਲ ਕੀਤੇ ਗਏ ਬੁਰੇ ਵਿਹਾਰ ਦਾ ਮਾਮਲਾ ਆਸਟਰੇਲੀਆ ਦੇ ਮੀਡੀਆ ਵਿਚ ਕਾਫੀ ਚਰਚਾ ਵਿਚ ਰਿਹਾ। ਬ੍ਰਿਸਬੇਨ ਦੀ ਅਦਾਲਤ ਨੇ ਰਵਿੰਦਰ ਸਿੰਘ ਕੰਗ ਨੂੰ ਦੋਸ਼ੀ ਐਲਾਨਦਿਆਂ ਕਮਿਊਨਿਟੀ ਸੇਵਾ ਦੀ ਸਜ਼ਾ ਵੀ ਲਾਈ ਸੀ। ਸੁੱਚਾ ਸਿੰਘ ਛੋਟੇਪੁਰ ਉਤੇ ਪੈਸੇ ਲੈਣ ਦੀ ਗੱਲ ਰਵਿੰਦਰ ਸਿੰਘ ਕੰਗ ਵੱਲੋਂ ਕੀਤੀ ਜਾ ਰਹੀ ਹੈ, ਉਸ ਦਾ ਵੀ ਉਸ ਕੋਲ ਕੋਈ ਸਬੂਤ ਨਹੀਂ ਹੈ। ਰਵਿੰਦਰ ਸਿੰਘ ਕੰਗ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਹਰਦਾਸਾ ਦਾ ਰਹਿਣ ਵਾਲਾ ਹੈ ਤੇ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਟਿਕਟ ਦਾ ਚਾਹਵਾਨ ਹੈ।

# ਗੁਰਦੁਆਰਾ ਟਾਇਰਾ ਬਿਊਨਾ ਚੋਣਾਂ 'ਚ ਪੰਥਕ ਸਲੇਟ ਦੀ ਵੱਡੀ ਜਿੱਤ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਟੈਂਪਲ (ਟਾਇਰਾ ਬਿਊਨਾ) ਦੀਆਂ 27-28 ਅਗਸਤ ਨੂੰ ਹੋਈਆਂ ਚੋਣਾਂ ਵਿਚ ਵਿਰੋਧੀ ਧਿਰ ਦੀ 'ਪੰਥਕ ਸਲੇਟ' ਨੂੰ ਹੂੰਝਾ ਫੇਰੂ ਜਿੱਤ ਹਾਸਲ ਹੋਈ ਹੈ। ਗੁਰਦੁਆਰਾ ਟਾਇਰਾ ਬਿਊਨਾ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਇਕ ਧਿਰ ਨੂੰ ਬੋਰਡ ਆਫ ਡਾਇਰੈਕਟਰਜ਼ ਦੀਆਂ 73 ਦੀਆਂ 73 ਸੀਟਾਂ ਮਿਲੀਆਂ ਹੋਣ। ਪੰਥਕ ਸਲੇਟ ਦੀ ਅਗਵਾਈ ਮੁੱਖ ਤੌਰ 'ਤੇ ਦੀਦਾਰ ਸਿੰਘ ਬੈਂਸ, ਸਰਬਜੀਤ ਸਿੰਘ ਥਿਆੜਾ, ਗੁਰਨਾਮ ਸਿੰਘ ਪੰਮਾ ਤੇ ਪਰਮਿੰਦਰ ਸਿੰਘ ਗਰੇਵਾਲ ਦੇ ਹੱਥ ਸੀ। ਜ਼ਿਕਰਯੋਗ ਹੈ ਕਿ ਇਸੇ ਗੁਰੂ ਘਰ ਵਲੋਂ ਪਿਛਲੇ 36 ਸਾਲਾਂ ਤੋਂ ਹਰ ਸਾਲ ਨਵੰਬਰ ਮਹੀਨੇ ਨਗਰ ਕੀਰਤਨ ਸਜਾਇਆ ਜਾਂਦਾ ਹੈ, ਜੋ ਸ਼ਾਇਦ ਵਿਦੇਸ਼ਾਂ ਵਿਚ ਹਾਜ਼ਰੀ ਪੱਖੋਂ ਸਭ ਤੋਂ ਵੱਡਾ ਨਗਰ ਕੀਰਤਨ ਹੈ।

ਸੂਤਰਾਂ ਅਨੁਸਾਰ ਇਨ੍ਹਾਂ ਚੋਣਾਂ ਵਿਚ 6316 ਯੋਗ ਵੋਟਾਂ ਵਿਚੋਂ 4475 ਵੋਟਰਾਂ ਨੇ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ। ਇੰਜ ਕਰੀਬ 70% ਮੈਂਬਰਾਂ ਨੇ ਵੋਟ ਪਾਈ। ਵਕੀਲ ਬੈਰੈਟ ਅਨੁਸਾਰ 2008 ਵਿਚ ਹੋਈਆਂ ਚੋਣਾਂ ਸਮੇਂ 4424 ਯੋਗ ਵੋਟਰ ਸਨ, ਜਿਨ੍ਹਾਂ ਵਿਚੋਂ ਕਰੀਬ 3200 ਨੇ ਆਪਣੇ ਵੋਟ ਦੇ ਹੱਕ ਦੀ ਵਰਤੋਂ ਕੀਤੀ।

ਜ਼ਿਕਰਯੋਗ ਹੈ ਕਿ ਸਭ ਤੋਂ ਵੱਧ ਵੋਟਾਂ ਲੈਣ ਵਾਲੇ ਪੰਜ ਉਮੀਦਵਾਰਾਂ ਵਿਚੋਂ ਤਿੰਨ ਬੈਂਸ ਭਰਾ- ਦਿਲਬਾਗ ਸਿੰਘ, ਦੀਦਾਰ ਸਿੰਘ, ਜਸਵੰਤ ਸਿੰਘ ਤੇ ਦੀਦਾਰ ਸਿੰਘ ਦੇ ਪੁੱਤਰ ਕਰਮਜੀਤ ਸਿੰਘ ਨੇ ਲਈਆਂ ਹਨ। ਪਿਛਲੀ ਵਾਰ ਬੈਂਸ ਪਰਿਵਾਰ ਨੇ ਚੋਣਾਂ ਨਹੀਂ ਲੜੀਆਂ ਸਨ। ਇਸ ਤੋਂ ਇਲਾਵਾ ਸਾਬਕਾ ਸਕੱਤਰ ਕੁਲਦੀਪ ਸਿੰਘ ਅਟਵਾਲ ਵੀ ਸਭ ਤੋਂ ਵੱਧ ਵੋਟਾਂ ਲੈਣ ਵਾਲਿਆਂ ਵਿਚ ਸ਼ਾਮਲ ਹਨ।

ਵੋਟ ਪਾਉਣ ਲਈ ਲੰਗਰ ਹਾਲ ਵਿਚ 75 ਬੂਥ ਬਣਾਏ ਗਏ ਸਨ ਅਤੇ 9 ਵਜੇ ਵੋਟਾਂ ਪੈਣ ਦੇ ਸਮੇਂ ਤੋਂ ਪਹਿਲਾਂ ਹੀ ਕੋਈ 300 ਲੋਕ ਲਾਈਨਾਂ ਵਿਚ ਆ ਖੜੇ ਹੋਏ ਸਨ। ਚੋਣਾਂ ਦੀ ਨਿਗਰਾਨੀ ਲਈ ਚਾਰ ਵਕੀਲ ਹਾਜ਼ਰ ਸਨ।

ਚੋਣ ਮੈਦਾਨ ਵਿਚ ਕੁਲ 147 ਉਮੀਦਵਾਰ ਸਨ। ਗੁਰਦੁਆਰਾ ਟਾਇਰਾ ਬਿਊਨਾ ਦੇ ਵਕੀਲ ਮਾਈਕਲ ਬੈਰੇਟ ਨੇ ਕਿਹਾ ਕਿ 10 ਡਾਇਰੈਕਟਰ ਪਹਿਲੇ ਡਾਇਰੈਕਟਰਾਂ ਵਿਚੋਂ ਮੁੜ

*(ਬਾਕੀ ਸਫਾ 2 ਉਤੇ)*



*ਜੇਤੂ ਰਹੇ ਪੰਥਕ ਸਲੇਟ ਦੇ ਆਗੂ ਦੀਦਾਰ ਸਿੰਘ ਬੈਂਸ, ਸਰਬਜੀਤ ਸਿੰਘ ਥਿਆੜਾ, ਗੁਰਨਾਮ ਸਿੰਘ ਪੰਮਾ ਤੇ ਪਰਮਿੰਦਰ ਸਿੰਘ ਗਰੇਵਾਲ*


**We Do Real Estate in Bay Area & Central Valley**

**We do loans anywhere in California**



Cell: 408-816-0408

Tel: 209-918-6464

Fax: 866-594-4680

email: realtoramanhundal@gmail.com

AMAN S. HUNDAL

Broker/Realtor/MBA

BRE# 01839828

NMLS# 162808

Alltime REALTY & MORTGAGE

16 Corning Ave, Ste. 230, Milpitas, CA 92035

3819 Northern Oak Dr., Ceres, CA 95307

CDPE, SFR *LAR 2010, 2011, 2012 Masters Club

Masters Emerald Award 2010, 2011





Raja SWEETS & CATERING

AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA

www.rajasweets.com

msbains@rajasweets.com

Fresh Sweets, Snacks & Food

Catering with Portable Tandoor for up to 10000 guests

Lunch - Dinner - Take Out - Banquets

Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi

Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que

Additional Services: Warmers, Chaffing Dishes, China & Silverware, Linen Rental, Waiters & Bartenders

Raja Sweets & Indian Cuisine

Raja Indian Cuisine & Bar

Call Makhan Bains or Ravinder Singh For Your Next Party

1-866-FOR-RAJA (367-7252)

www.RajaSweets.com



**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ

>ਫੈਮਿਲੀ ਲਾਅ

>ਬਿਜਨਸ ਲਾਅ



Manpreet S. Gahra

*Attorny At Law*

Criminal Defense (DUI, simple battery, domestic violence, immigration post-conviction relief)

**Berkeley Office**

2161 Shattuck Ave., 304, Berkeley

Ph:510-841-4582 Fax:510-217-6847

**Sacramento Office**

Call For Appointment

Ph:916-970-5611

Email: manpreet@gahralaw.com

# ਗੁਰਦੁਆਰਾ ਟਾਇਰਾ ਬਿਊਨਾ ਚੋਣਾਂ 'ਚ ਪੰਥਕ ਸਲੇਟ ਦੀ ਵੱਡੀ ਜਿੱਤ

*(ਸਫਾ ਇਕ ਦੀ ਬਾਕੀ)*

ਚੁਣੇ ਗਏ ਹਨ ਅਤੇ 63 ਡਾਇਰੈਕਟਰ ਨਵੇਂ ਹਨ।

ਪਿਛਲੀਆਂ ਚੋਣਾਂ ਪਿਛੋਂ ਕਾਬਜ਼ ਧੜਾ ਲਗਾਤਾਰ ਆਪਣੀ ਮਿਆਦ ਵਧਾਈ ਜਾ ਰਿਹਾ ਸੀ, ਜਿਸ ਕਰਕੇ ਵਿਰੋਧੀ ਧੜਾ 2013 ਵਿਚ ਨਵੀਂਆਂ ਚੋਣਾਂ ਲਈ ਅਦਾਲਤ ਵਿਚ ਚਲਾ ਗਿਆ। ਇਸ ਦਾ ਦੋਸ਼ ਸੀ ਕਿ ਕਾਬਜ਼ ਧੜਾ ਹੌਲੀ ਹੌਲੀ ਮੈਂਬਰਾਂ ਦੇ ਹੱਕ ਖਤਮ ਕਰ ਕੇ ਤਾਕਤ ਆਪਣੇ ਹੱਥਾਂ ਵਿਚ ਲਈ ਜਾ ਰਿਹਾ ਹੈ ਅਤੇ ਇਸ ਦਾ ਮਨੋਰਥ ਮਹੰਤਾਂ ਦੀ ਤਰ੍ਹਾਂ ਗੁਰਦੁਆਰਾ ਪ੍ਰਬੰਧ ਉਤੇ ਪੱਕੇ ਤੌਰ 'ਤੇ ਕਾਬਜ਼ ਹੋਣਾ ਹੈ। ਆਪਣੀ ਪ੍ਰਬੰਧਕ ਕਮੇਟੀ ਦੀ ਮਿਆਦ ਹੋਰ ਵਧਾਉਣ ਲਈ ਰੱਖੀ ਗਈ ਵੋਟ ਸਟਰ ਕਾਊਂਟੀ ਜੱਜ ਬਰਾਇਨ ਐਰਨਸਨ ਨੇ ਅਪਰੈਲ ਮਹੀਨੇ ਰੱਦ ਕਰ ਦਿੱਤੀ ਸੀ ਅਤੇ 28 ਅਗਸਤ ਨੂੰ ਜਾਂ ਇਸ ਤੋਂ ਪਹਿਲਾਂ ਚੋਣ ਕਰਵਾਉਣ ਦੇ ਹੁਕਮ ਦੇ ਦਿੱਤੇ ਸਨ।

ਕਾਬਜ ਧੜੇ ਦੇ ਇਕ ਆਗੂ ਤੇਜਿੰਦਰ ਸਿੰਘ ਦੋਸਾਂਝ ਨੇ ਚੋਣ ਨਤੀਜ਼ਿਆਂ 'ਤੇ ਟਿਪਣੀ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਸੰਗਤ ਦਾ ਫੈਸਲਾ ਸਿਰ ਮੱਥੇ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪ੍ਰਬੰਧ ਵਿਰੁਧ ਖੜ੍ਹੇ ਚਾਰੇ ਧੜੇ ਇਕ ਹੋ ਗਏ ਸਨ, ਜਿਸ ਕਰ ਕੇ ਉਨ੍ਹਾਂ ਦੀ ਸਾਧ ਸੰਗਤ ਸਲੇਟ ਕਾਮਯਾਬ ਨਾ ਹੋ ਸਕੀ। ਪਰ ਉਹ ਨਵੇਂ ਪ੍ਰਬੰਧਕਾਂ ਨੂੰ ਗੁਰੂ ਘਰ ਦੀ ਸੰਗਤ ਦੇ ਹਿਤਾਂ ਨੂੰ ਮੁੱਖ ਰੱਖ ਕੇ ਪੂਰਾ ਸਹਿਯੋਗ ਦੇਣਗੇ।

ਇਸੇ ਦੌਰਾਨ ਚੋਣਾਂ ਜਿੱਤੇ ਧੜੇ ਦੇ ਇਕ ਆਗੂ ਪਰਮਿੰਦਰ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਕਾਬਜ ਧੜੇ ਨੂੰ ਆਪਣੀਆਂ ਕੀਤੀਆਂ ਦਾ ਫਲ ਭੋਗਣਾ ਪਿਆ ਹੈ ਕਿਉਂਕਿ ਉਹ ਲਗਾਤਾਰ ਗੁਰੂ ਘਰ ਦੀ ਸੰਗਤ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦਾ ਚਲਿਆ ਆ ਰਿਹਾ ਸੀ। ਸੰਗਤ ਵਿਚ ਸਭ ਤੋਂ ਵੱਡੀ ਵਧੀਕੀ ਉਨ੍ਹਾਂ ਨੇ ਮੈਂਬਰਸ਼ਿਪ ਮੀਟਿੰਗ ਖਤਮ ਕਰ ਕੇ ਅਤੇ ਚੋਣਾਂ ਨਾ ਕਰਵਾ ਕੇ ਕੀਤੀ। ਪਹਿਲਾਂ ਉਨ੍ਹਾਂ ਆਪਣੀ ਮਿਆਦ 4 ਸਾਲ, ਫਿਰ 6 ਸਾਲ ਤੇ ਫਿਰ 8 ਸਾਲ ਕਰ ਲਈ। ਆਪਣੀ 'ਮਹੰਤੀ' ਬਚਾਉਣ ਲਈ 5,00,000 ਡਾਲਰ ਗੁਰੂ ਦੀ ਗੋਲਕ ਵਿਚੋਂ ਅਦਾਲਤੀ ਕੇਸਾਂ ਉਤੇ ਲਾ ਦਿੱਤਾ। ਇਹ ਤਾਂ 'ਪੰਥਕ ਸਲੇਟ' ਦੀ ਹਿੰਮਤ ਹੈ ਕਿ ਇਸ ਨੇ ਕੋਰਟ ਵਿਚ ਲੱਖਾਂ ਡਾਲਰ ਖਰਚ ਕੇ ਸੰਗਤਾਂ ਦੇ ਚੋਣ ਦੇ ਹੱਕ ਨੂੰ ਬਚਾਇਆ, ਨਹੀਂ ਤਾਂ ਇਸ ਗੁਰੂ ਘਰ ਨੇ ਡੇਰਾ ਬਣ ਜਾਣਾ ਸੀ।

ਪ੍ਰਬੰਧਕੀ ਝਗੜੇ ਕਰਕੇ ਦੋਹਾਂ ਧੜਿਆਂ ਵਿਚ ਕਈ ਵਾਰ ਖਿੱਚੋਤਾਣ ਹੋਈ ਤੇ ਨੌਬਤ 2012 'ਚ ਗੁਰਦੁਆਰਾ ਸਾਹਿਬ ਦੇ ਬਾਹਰ ਖੂਨੀ ਲੜਾਈ ਤੱਕ ਜਾ ਪਹੁੰਚੀ ਜਿਸ 'ਚ ਦੋ ਮੈਂਬਰਾਂ-ਬਲਬੀਰ ਸਿੰਘ ਬੈਂਸ ਤੇ ਅਜੈਬ ਸਿੰਘ ਮੱਲ੍ਹੀ ਨੂੰ ਛੁਰਾ ਮਾਰ ਕੇ ਜ਼ਖਮੀ ਕਰ ਦਿੱਤਾ ਗਿਆ। ਇਹ ਦੋਵੇਂ ਹਾਲੀਆ ਚੋਣਾਂ 'ਚ ਜਿੱਤੇ 73 ਮੈਂਬਰਾਂ ਵਿਚ ਸ਼ਾਮਲ ਹਨ।

ਸਟਰ ਕਾਊਂਟੀ ਸ਼ੈਰਿਫ ਡਿਪਾਰਟਮੈਂਟ ਦੇ ਲੈਫਟੀਨੈਂਟ ਡੈਨ ਬਟਲਰ ਅਨੁਸਾਰ ਚੋਣਾਂ ਦੌਰਾਨ ਮਾਹੌਲ ਬਿਲਕੁਲ ਸ਼ਾਂਤ ਰਿਹਾ। ਕੈਲੀਫੋਰਨੀਆ ਹਾਈਵੇ ਪੈਟਰੋਲ ਅਤੇ ਸ਼ੈਰਿਫ ਡਿਪਾਰਟਮੈਂਟ ਵਲੋਂ ਟਾਇਰਾ ਬਿਊਨਾ ਰੋਡ ਉਤੇ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨੂੰ ਰੋਕਣ ਲਈ ਲਗਾਤਾਰ ਗਸ਼ਤ ਕੀਤੀ ਜਾਂਦੀ ਰਹੀ ਪਰ ਨਿੱਕੀ ਮੋਟੀ ਬਹਿਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀ ਖਿੱਚੋਤਾਣ ਸਾਹਮਣੇ ਨਹੀਂ ਆਈ। ਉਂਜ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ ਸਕਿਉਰਿਟੀ ਦਾ ਆਪਣਾ ਇੰਤਜ਼ਾਮ ਕੀਤਾ ਗਿਆ ਸੀ।

ਜੇਤੂ ਰਹੇ ਧੜੇ ਅਨੁਸਾਰ ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਪੁਰਾਣਾ ਬੋਰਡ ਕਿੰਨੀ ਕੁ ਦਿਆਨਤਦਾਰੀ ਨਾਲ ਪ੍ਰਬੰਧ ਛੱਡਦਾ ਹੈ। ਨਾਲ ਹੀ ਇਸ ਧੜੇ ਦੇ ਇਕ ਆਗੂ ਦਾ ਕਹਿਣਾ ਸੀ ਕਿ ਉਂਜ ਪਿਛਲੇ ਤਜ਼ਰਬੇ ਤੋਂ ਜਾਪਦਾ ਹੈ ਕਿ ਉਹ ਇੰਨਾ ਸੌਖਿਆਂ ਨਹੀਂ ਛੱਡਣ ਲੱਗੇ।

ਅਦਾਲਤ ਵਲੋਂ 27 ਸਤੰਬਰ ਨੂੰ ਸੁਣਵਾਈ ਪਿਛੋਂ ਫੈਸਲਾ ਦਿੱਤਾ ਜਾਏਗਾ ਕਿ ਨਵੇਂ ਡਾਇਰੈਕਟਰ ਕਦੋਂ ਤੋਂ ਅਹੁਦਾ ਸੰਭਾਲ ਸਕਦੇ ਹਨ।



## ਗੁਰਦੁਆਰਾ ਟਾਇਰਾ ਬਿਊਨਾ ਦੀ ਚੋਣ 'ਚ ਜੇਤੂ ਉਮੀਦਵਾਰ

ਦੀਦਾਰ ਸਿੰਘ ਬੈਂਸ, ਕਰਮਦੀਪ ਸਿੰਘ ਬੈਂਸ, ਦਿਲਬਾਗ ਸਿੰਘ ਬੈਂਸ, ਕੁਲਦੀਪ ਸਿੰਘ ਅਟਵਾਲ, ਜਸਵੰਤ ਸਿੰਘ ਬੈਂਸ, ਮਨਦੀਪ ਸਿੰਘ ਢਿੱਲੋਂ, ਮਨਜੀਤ ਸਿੰਘ ਢਿੱਲੋਂ, ਬਲਰਾਜ ਸਿੰਘ ਢਿੱਲੋਂ, ਬਲਬੀਰ ਸਿੰਘ ਬੈਂਸ, ਮਹਾਂ ਸਿੰਘ ਢਿੱਲੋਂ, ਦਲਵੀਰ ਸਿੰਘ ਗਿੱਲ, ਬਲਜੀਤ ਢਿੱਲੋਂ, ਹਰਦੀਪ ਸਿੰਘ ਢਾਡਲੀ, ਹਰਭਜਨ ਸਿੰਘ ਢੇਰੀ, ਬਲਜੀਤ ਸਿੰਘ ਜੱਜ, ਸੁਰਜੀਤ ਸਿੰਘ ਬੈਂਸ, ਜਸਬੀਰ ਸਿੰਘ ਧਾਮੀ, ਲਖਬੀਰ ਸਿੰਘ ਨਾਗਰਾ, ਹਰਮਿੰਦਰ ਸਿੰਘ, ਰਸ਼ਪਾਲ ਸਿੰਘ ਦੋਸਾਂਝ, ਰਾਜਿੰਦਰ ਸਿੰਘ ਚੌਹਾਨ, ਸਰਵਣ ਸਿੰਘ ਢਿੱਲੋਂ, ਸੁਖਜੀਵਨ ਸਿੰਘ ਬੀਹਲਾ, ਨਿਰਮਲ ਸਿੰਘ ਜੰਡਾ, ਹਰਕਮਲਜੀਤ ਸਿੰਘ ਕਾਲਕਟ, ਜਸਪ੍ਰੀਤ ਸਿੰਘ ਥਿਆੜਾ, ਸਰਬਜੀਤ ਸਿੰਘ ਥਿਆੜਾ, ਅਮਰਜੀਤ ਸਿੰਘ ਹੁੰਦਲ, ਪਾਲੀ ਸੰਘਾ, ਰਵਿੰਦਰ ਸਿੰਘ ਸਹੋਤਾ, ਹਰਨਰਿੰਦਰਪਾਲ ਸਿੰਘ, ਨਛੱਤਰ ਸਿੰਘ ਚੌਹਾਨ, ਹਰਮਨ ਸਿੰਘ ਬਸਰਾ, ਹਰਨੇਕ ਸਿੰਘ, ਗੁਰਮੇਜ ਸਿੰਘ ਗਿੱਲ, ਜਸਵਿੰਦਰ ਸਿੰਘ (#2216), ਸਰਬਜੀਤ ਢਡਵਾਲ, ਗੁਰਪ੍ਰੀਤ ਸਿੰਘ ਧਾਰਨੀ, ਕੁਲਦੀਪ ਸਿੰਘ ਸਹੋਤਾ, ਹਰਭਜਨ ਸਿੰਘ ਸੰਧੂ, ਅਮਰੀਕ ਸਿੰਘ ਮਾਹਲ, ਜਗਦੀਸ਼ ਸਿੰਘ ਭੱਟੀ, ਮੋਹਿੰਦਰ ਸਿੰਘ ਨਿੱਜਰ, ਗੁਰਪ੍ਰੀਤ ਸਿੰਘ ਹੇਅਰ, ਹਰਜੀਤ ਸਿੰਘ ਗਿੱਲ, ਤਾਰਾ ਸਿੰਘ ਭੰਗਲ, ਬਲਵਿੰਦਰ ਸਿੰਘ ਸਮਰਾ, ਗੁਰਨੇਕ ਸਿੰਘ, ਕੁਲਦੀਪ ਸਿੰਘ ਔਜਲਾ, ਗੁਰਚਰਨ ਸਿੰਘ ਰੰਧਾਵਾ, ਅਜੈਬ ਸਿੰਘ ਮੱਲ੍ਹੀ, ਸੁਖਵਿੰਦਰ ਸਿੰਘ ਤੰਬੜ, ਰੇਸ਼ਮ ਸਿੰਘ ਚੌਹਾਨ, ਪਾਲ ਸਿੰਘ ਗਿੱਲ, ਸੰਦੀਪ ਸਿੰਘ ਡੇਲ, ਹਰਬੰਸ ਸਿੰਘ, ਜੋਗਾ ਸਿੰਘ ਥਿਆੜਾ, ਭਜਨ ਸਿੰਘ ਥਿਆੜਾ, ਸੁਰਜੀਤ ਸਿੰਘ, ਨਰਿੰਦਰ ਸਿੰਘ (#5923), ਕੇਵਲ ਸਿੰਘ, ਪਰਮਿੰਦਰ ਸਿੰਘ ਗਰੇਵਾਲ, ਹਰਵਿੰਦਰ ਸਿੰਘ, ਮੇਵਾ ਸਿੰਘ ਬੈਂਸ, ਬਲਬੀਰ ਸਿੰਘ ਸੋਹਲ, ਦਿਲਬਾਗ ਸਿੰਘ ਸੰਧਰ, ਹਰਮਨਦੀਪ ਸਿੰਘ ਸੰਧੂ, ਗੁਰਮੀਤ ਸਿੰਘ ਤੱਖਰ, ਸੁਖਵਿੰਦਰ ਸਿੰਘ (#6655), ਚਰਨਜੀਤ ਸਿੰਘ ਚੌਹਾਨ, ਪਲਵਿੰਦਰ ਮਾਹੀ, ਕੁਲਤਾਰ ਸਿੰਘ ਅਤੇ ਰੇਸ਼ਮ ਸਿੰਘ ਪੁਰੇਵਾਲ।

## ਗੁਰਦੁਆਰਾ ਟਾਇਰਾ ਬਿਊਨਾ ਦੀ ਚੋਣ ਵਿਚ ਪੰਥਕ ਸਲੇਟ ਦੀ ਜਿੱਤ 'ਤੇ ਵਧਾਈ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਅਮਰੀਕਾ ਹਾਈ ਪਾਵਰ ਕੋਰ ਕਮੇਟੀ ਮੈਂਬਰ ਤੇ ਚੀਫ ਮੀਡੀਆ ਇੰਚਾਰਜ ਮਿਡਵੈਸਟ ਅਮਰੀਕਾ ਅਮਰੀਕ ਸਿੰਘ (ਅਮਰ ਕਾਰਪੈਟ) ਸ਼ਿਕਾਗੋ ਨੇ ਯੂਬਾ ਸਿਟੀ, ਕੈਲੀਫੋਰਨੀਆ ਦੇ ਗੁਰਦੁਆਰਾ ਟਾਇਰਾ ਬਿਊਨਾ ਦੀ ਪ੍ਰਬੰਧਕ ਕਮੇਟੀ ਦੀ ਪਿਛਲੇ ਹਫਤੇ ਹੋਈ ਚੋਣ ਵਿਚ ਦੀਦਾਰ ਸਿੰਘ ਬੈਂਸ, ਗੁਰਨਾਮ ਸਿੰਘ ਪੰਮਾ, ਸਰਬਜੀਤ ਸਿੰਘ ਥਿਆੜਾ, ਪਰਮਿੰਦਰ ਸਿੰਘ ਗਰੇਵਾਲ ਅਤੇ ਕੁਲਦੀਪ ਸਿੰਘ ਸਹੋਤਾ ਦੀ ਨੁਮਾਇੰਦਗੀ ਕਰਦੀ ਪੰਥਕ ਸਲੇਟ ਦੇ ਉਮੀਦਵਾਰਾਂ ਦੀ ਬੇਮਿਸਾਲ ਜਿੱਤ ਉਤੇ ਵਧਾਈ ਦਿੰਦਿਆਂ ਕਿਹਾ ਹੈ ਕਿ ਸਭ ਨੂੰ ਨਾਲ ਲੈ ਕੇ ਤੁਰਨ ਵਾਲੀ ਧਿਰ ਦੀ ਜਿੱਤ ਹੋਈ ਹੈ।



*ਅਮਰੀਕ ਸਿੰਘ*

ਉਨ੍ਹਾਂ ਕਿਹਾ ਕਿ ਇਸ ਜਿੱਤ ਨਾਲ ਗੁਰਦੁਆਰਾ ਸਾਹਿਬ ਵਿਚ ਮੁੜ ਲਹਿਰਾਂ ਬਹਿਰਾਂ ਆਉਣਗੀਆਂ ਅਤੇ ਸੰਗਤਾਂ ਦਾ ਵੀ ਚੋਖਾ ਵਾਧਾ ਹੋਵੇਗਾ ਕਿਉਂਕਿ ਦੀਦਾਰ ਸਿੰਘ ਬੈਂਸ, ਗੁਰਨਾਮ ਸਿੰਘ ਪੰਮਾ, ਪਰਮਿੰਦਰ ਸਿੰਘ ਗਰੇਵਾਲ ਅਤੇ ਸਰਬਜੀਤ ਸਿੰਘ ਥਿਆੜਾ ਬਹੁਤ ਹੀ ਦੂਰ ਅੰਦੇਸ਼ੀ ਸੋਚ ਦੇ ਮਾਲਕ ਹਨ। ਅਮਰੀਕ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਹਰ ਸਾਲ ਨਗਰ ਕੀਰਤਨ ਵਿਚ ਲੰਮੇ ਸਮੇਂ ਤੋਂ ਲੰਗਰ ਦੀ ਸੇਵਾ ਕਰਦੇ ਆ ਰਹੇ ਸਨ। ਨਵੀਂ ਕਮੇਟੀ ਬਣਨ ਉਪਰੰਤ ਉਨ੍ਹਾਂ ਦਾ ਪਰਿਵਾਰ ਇਸ ਵਾਰ ਨਗਰ ਕੀਰਤਨ ਵਿਚ ਲੰਗਰ ਦੀ ਸੇਵਾ ਵੱਡੇ ਪੱਧਰ 'ਤੇ ਕਰਨਗੇ।


ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ

ਫੋਨ: 510-689-4625

JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR EQUAL HOUSING OPPORTUNITY



**Anu Attorney Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

## ਸੈਨਹੋਜ਼ੇ ਵਿਚ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਉਤਸਵ ਦੇ ਪਵਿੱਤਰ ਦਿਹਾੜੇ 'ਤੇ ਮਹਾਨ ਨਗਰ



# ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਦਿਹਾੜੇ 'ਤੇ

# ਮਹਾਨ ਨਗਰ ਕੀਰਤਨ 4 ਸਤੰਬਰ, 2016 (ਐਤਵਾਰ)

## ਪਵਿੱਤਰ ਦਿਹਾੜੇ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ

### ਗੁਰੂ ਘਰ ਵਲੋਂ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ



Baba Budha carrying Adi Granth for its first Parkash

### ਸੰਗਤਾਂ ਵਿੱਚ ਭਾਰੀ ਉਤਸ਼ਾਹ

ਨਗਰ ਕੀਰਤਨ ਸਵੇਰੇ 11 ਵਜ਼ੇ ਗੁਰੂ ਘਰ ਤੋਂ ਰਵਾਨਾ ਹੋਵੇਗਾ। ਗੁਰੂ ਘਰ ਵਲੋਂ 5 ਫਲੋਟ ਤਿਆਰ ਕੀਤੇ ਗਏ ਹਨ। ਆਪ ਸਮੂਹ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਆਪ ਸਭ ਨੇ 11 ਵਜ਼ੇ ਤੋਂ ਪਹਿਲਾਂ ਗੁਰੂ ਘਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ। ਨਗਰ ਕੀਰਤਨ ਸੁਰੂ ਹੋਣ ਤੇ ਕਿਊਂਬੀ ਰੋਡ ਬੰਦ ਕਰ ਦਿੱਤੀ ਜਾਵੇਗੀ। ਕਿਊਂਬੀ ਰੋਡ ਤੇ ਆਉਣ ਵਾਲੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਐਵਰਗ੍ਰੀਨ ਹਾਈ ਸਕੂਲ ਵਿੱਚ ਕਾਰ ਪਾਰਕ ਕਰਕੇ ਗੁਰੂ ਘਰ ਵਲੋਂ ਲਾਈ ਸ਼ਟਲ ਵਿੱਚ ਚੜ੍ਹ ਕੇ ਗੁਰਦੁਆਰਾ ਸਾਹਿਬ ਪਹੁੰਚੋ ਜੀ।

ਗੁਰਦੁਆਰਾ ਸਾਹਿਬ ਤੋਂ ਬਾਹਰ ਨਗਰ ਕੀਰਤਨ ਦੁਰਾਨ ਸੰਗਤਾਂ ਵਲੋਂ ਪਾਣੀ, ਜੂਸ ਅਤੇ "ਬੰਦ-ਲਫਾਫਾ" ਸਨੈਕਸ ਵਗੈਰਾ ਦੀ ਸੇਵਾ ਕੀਤੀ ਜਾਵੇਗੀ। ਗੁਰਦੁਆਰਾ ਸਾਹਿਬ ਅੰਦਰ ਵੱਖ-ਵੱਖ ਥਾਵਾਂ ਤੇ ਸੰਗਤਾਂ ਗੁਰੂ ਕੇ ਲੰਗਰ, ਛੋਲੇ ਭਟੂਰੇ, ਚਾਹ, ਪਕੋੜੇ, ਨੂਡਲ, ਜਲੇਬੀਆਂ ਦੀ ਸੇਵਾ ਕਰਨਗੀਆਂ।

### ਵਿਸ਼ੇਸ਼ ਕੀਰਤਨ ਦਰਬਾਰ (ਪੰਥ ਪ੍ਰਸਿੱਧ ਜਥੇ ਸੰਗਤ ਨੂੰ ਕੀਰਤਨ ਨਾਲ ਨਿਹਾਲ ਕਰਨਗੇ):

**31 ਅਗੱਸਤ ਤੋਂ 3 ਸਤੰਬਰ ਨੂੰ (6 – 9pm) ਵਿਸ਼ੇਸ਼ ਕੀਰਤਨ ਦਰਬਾਰ ਸਜਣਗੇ।** ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ, ਭਾਈ ਤਾਜਵਿੰਦਰ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਭਾਈ ਜਸਵਿੰਦਰ ਸਿੰਘ (ਸਾਬਕਾ ਹੈਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ), ਭਾਈ ਭੁਪਿੰਦਰ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਭਾਈ ਰਸ਼ਪਾਲ ਸਿੰਘ, ਭਾਈ ਭੁਪਿੰਦਰ ਸਿੰਘ ਗੰਗਾਨਗਰ ਵਾਲੇ, ਭਾਈ ਬਲਜੀਤ ਸਿੰਘ, ਭਾਈ ਦਲੀਪ ਸਿੰਘ (ਹਜ਼ੂਰੀ ਰਾਗੀ ਸ੍ਰੀ ਕੇਸਗੜ੍ਹ ਸਾਹਿਬ), ਦੇ ਜਥਿਆਂ ਤੋਂ ਇਲਾਵਾ ਬੀਬੀ ਚੰਚਲਦੀਪ ਕੌਰ (ਹਜ਼ੂਰੀ ਢਾਡੀ ਜਥਾ ਸ੍ਰੀ ਦਰਬਾਰ ਸਾਹਿਬ) ਦਾ ਢਾਡੀ ਜਥਾ ਸੰਗਤਾਂ ਨੂੰ ਗੁਰ ਸ਼ਬਦ ਅਤੇ ਗੁਰ ਜਸ ਸਰਵਣ ਕਰਵਾਉਣਗੇ।




### ਦੂਰ ਦੁਰਾਡੇ ਸ਼ਹਿਰਾਂ ਤੋਂ ਆਈਆਂ ਸੰਗਤਾਂ ਲਈ ਗੁਰੂ ਘਰ ਵਿਖੇ ਰਿਹਾਇਸ਼ ਦਾ ਇੰਤਜ਼ਾਮ ਕੀਤਾ ਗਿਆ ਹੈ।

### ਲੰਗਰਾਂ ਦੀ ਸੇਵਾ:

ਹੋਲਿਸਟਰ ਦੀ ਸਾਧ ਸੰਗਤ ਵਲੋਂ ਛੋਲੇ ਭਟੂਰਿਆਂ ਦੀ ਸੇਵਾ
ਫਤਿਹਗੜ੍ਹ ਸਾਹਿਬ ਦੀ ਸਾਧ ਸੰਗਤ ਵਲੋਂ ਚਾਹ, ਪਕੋੜੇ, ਨੂਡਲ, ਜਲੇਬੀਆਂ ਆਦਿ ਦੀ ਸੇਵਾ
ਦਵਿੰਦਰ ਸਿੰਘ ਨਾਗਰਾ ਅਤੇ ਪ੍ਰਵਾਰ ਵਲੋਂ ਠੰਡਾ ਪਾਣੀ, ਜੂਸ, ਸਨੈਕਸ ਆਦਿ ਦੀ ਸੇਵਾ
ਜਸਵਿੰਦਰ ਸਿੰਘ ਭੰਗੂ ਅਤੇ ਪ੍ਰਵਾਰ ਵਲੋਂ ਠੰਡਾ ਪਾਣੀ, ਜੂਸ, ਸਨੈਕਸ ਆਦਿ ਦੀ ਸੇਵਾ
ਗੁਰੂ ਕੇ ਲੰਗਰਾਂ ਦੀ ਸੇਵਾ - ਭਾਈ ਗੁਰਜਿੰਦਰ ਸਿੰਘ ਘੁੰਮਣ ਪ੍ਰਵਾਰ ਅਤੇ ਭਾਈ ਰਣਜੀਤ ਸਿੰਘ ਬੈਂਸ ਪ੍ਰਵਾਰ ਵਲੋਂ

### ਇਲੈਕਟਰਿਕ ਕਾਰ-ਚਾਰਜਿੰਗ ਸਟੇਸ਼ਨ

ਬੈਟਰੀ ਨਾਲ ਚੱਲਣ ਵਾਲੀਆਂ ਕਾਰਾਂ ਲਈ ਗੁਰੂ ਘਰ ਵਿਖੇ ਕਾਰ-ਚਾਰਜਿੰਗ ਸਟੇਸ਼ਨ ਦਾ ਉਦਘਾਟਨ ਸਤੰਬਰ 4, 2016 ਸਵੇਰੇ 10 ਵਜ਼ੇ ਹੋਵੇਗਾ। ਸੈਨ ਹੋਜ਼ੇ ਦੇ ਮੇਅਰ ਵੀ ਇਸ ਸਮਾਰੋਹ ਵਿੱਚ ਸ਼ਾਮਲ ਹੋਣਗੇ।




### ਹੋਰ ਜਾਣਕਾਰੀ ਲਈ ਸੰਪਰਕ ਕਰੋ:

ਹੈਡ ਗ੍ਰੰਥੀ ਮਹਿੰਦਰ ਸਿੰਘ ਬਾਜਵਾ 408-274-9373; ਭੁਪਿੰਦਰ ਸਿੰਘ ਢਿੱਲੋਂ 408-568-0034; ਪ੍ਰੀਤਮ ਸਿੰਘ ਗਰੇਵਾਲ 408-406-0703: ਹਰਦੇਵ ਸਿੰਘ ਤੱਖਰ 408-528-5553: ਰਜਿੰਦਰ ਸਿੰਘ ਮੰਗਰ 408-712-4145; ਕਿਰਪਾਲ ਸਿੰਘ ਅਠਵਾਲ 408-835-7712, ਸੁਖਦੇਵ ਸਿੰਘ ਬੈਨੀਵਾਲ 408-421-9463; ਸਰਵਜੋਤ ਸਿੰਘ ਸਵੱਦੀ 408-449-1639; ਸੁਰਜੀਤ ਸਿੰਘ ਬੈਂਸ 408-394-3595, ਜਸਵੀਰ ਸਿੰਘ ਪਵਾਰ 408-416-7200 ਲੰਗਰ ਸੇਵਾ ਲਈ ਕੁਲਦੀਪ ਸਿੰਘ ਸ਼ੇਰ ਗਿੱਲ 408-230-8319, ਹਰਜਿੰਦਰ ਸਿੰਘ ਲੱਧੜ 408-904-9158 ਅਤੇ ਬੂਥ ਬੁੱਕ ਕਰਵਾਉਣ ਲਈ ਸਰਬਜੀਤ ਸਿੰਘ ਸੰਧੂ 408-504-9365 ਨਾਲ ਸੰਪਰਕ ਕਰੋ ਜੀ।

**ਜਾਰੀ ਕਰਤਾ: ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ 3636 Murillo Ave. San Jose CA 95148**
**ਗੁਰਦੁਆਰਾ ਵੈਬ-ਸਾਈਟ : www.sanjosegurdwara.org ਅਤੇ ਫੋਨ ਨੰਬਰ : 408-274-9373**

# ਬਾਦਲਾਂ ਦੀ 'ਵਿਕਾਸ ਹਨੇਰੀ' ਨੇ ਕਰਜ਼ੇ ਥੱਲੇ ਨੱਪਿਆ ਪੰਜਾਬ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ ਕੁਝ ਮਹੀਨਿਆਂ ਬਾਅਦ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਵੋਟਰਾਂ ਨੂੰ ਲੁਭਾਉਣ ਲਈ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਵੱਲੋਂ ਲਏ ਜਾ ਰਹੇ ਫੈਸਲੇ ਸੂਬੇ ਦੀ ਵਿੱਤੀ ਸਿਹਤ ਉਤੇ ਭਾਰੂ ਪੈਂਦੇ ਜਾ ਰਹੇ ਹਨ। ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਇਕ ਪਾਸੇ ਸਰਕਾਰ ਹਰ ਕੈਬਨਿਟ ਮੀਟਿੰਗ ਵਿਚ ਲੋਕਾਂ ਲਈ ਕੋਈ ਰਿਆਇਤ, ਨਵੀਂ ਸਕੀਮ ਜਾਂ ਐਲਾਨ ਕਰਦੀ ਆ ਰਹੀ ਹੈ, ਪਰ ਦੂਜੇ ਪਾਸੇ ਵਿੱਤੀ ਪ੍ਰਬੰਧ ਦਰੁਸਤ ਨਾ ਹੋਣ ਕਰ ਕੇ ਖਜ਼ਾਨੇ ਵਿਚ ਆਮਦਨ ਘਟਦੀ ਜਾ ਰਹੀ ਹੈ। ਸਰਕਾਰ ਵੱਲੋਂ ਵਿੱਤੀ ਸਿਹਤ ਨੂੰ ਨਜ਼ਰ ਅੰਦਾਜ਼ ਕਰ ਕੇ ਲਏ ਜਾ ਰਹੇ ਫੈਸਲਿਆਂ ਨਾਲ ਨਾ ਸਿਰਫ ਸੂਬੇ ਦਾ ਮੌਜੂਦਾ ਵਿੱਤੀ ਤਵਾਜ਼ਨ ਹੀ ਡਗਮਗਾ ਗਿਆ ਹੈ ਬਲਕਿ ਭਵਿੱਖ ਵਿਚ ਵੀ ਪੰਜਾਬ ਦੀ ਆਰਥਿਕ ਹਾਲਤ ਨੂੰ ਵੀ ਪ੍ਰਭਾਵਿਤ ਕਰਨ ਵਾਲੇ ਹਨ।

ਅਕਾਲੀ-ਭਾਜਪਾ ਸਰਕਾਰ ਵੱਲੋਂ ਵੋਟਰਾਂ ਨੂੰ ਭਰਮਾਉਣ ਲਈ ਸ਼ੁਰੂ ਕੀਤੀ ਗਈ ਮੁਫਤ ਤੀਰਥ ਯਾਤਰਾ, ਕੈਲਾਸ਼ ਮਾਨਸਰੋਵਰ ਯਾਤਰਾ ਦੇ ਯਾਤਰੀਆਂ ਨੂੰ ਇਕ ਲੱਖ ਰੁਪਏ ਦੇਣ, ਈਸਾਈ ਅਤੇ ਮੁਸਲਿਮ ਭਾਈਚਾਰਿਆਂ ਦੇ ਲੋਕਾਂ ਲਈ ਕਬਰਸਤਾਨ ਵਾਸਤੇ ਜ਼ਮੀਨ ਖਰੀਦਣ, ਪਛੜੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਨੂੰ 200 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਦੇਣ, ਵੱਖ-ਵੱਖ ਮੀਨਾਰਾਂ ਅਤੇ ਯਾਦਗਾਰਾਂ ਉਤੇ 1500 ਕਰੋੜ ਦੇ ਲਗਪਗ ਖਰਚ ਕਰਨ ਦੇ ਨਾਲ-ਨਾਲ ਪੰਜਾਬੀ ਸੂਬਾ ਅਤੇ ਐਮਰਜੈਂਸੀ ਮੋਰਚੇ ਵਿਚ ਜੇਲ੍ਹਾਂ ਕੱਟਣ ਵਾਲਿਆਂ ਨੂੰ ਸਹੂਲਤਾਂ ਦੇਣ ਦੇ ਫੈਸਲੇ ਵੋਟਾਂ ਬਟੋਰਨ ਦੇ ਮੱਦੇਨਜ਼ਰ ਲਏ ਗਏ ਹਨ। ਇਨ੍ਹਾਂ ਦਾ ਸੂਬੇ ਦੇ ਸਮੁੱਚੇ ਵਿਕਾਸ ਅਤੇ ਅਰਥਚਾਰੇ ਦੀ ਮਜ਼ਬੂਤੀ ਨਾਲ ਕੋਈ ਸਰੋਕਾਰ ਨਹੀਂ ਜਾਪਦਾ, ਪਰ ਇਨ੍ਹਾਂ ਫੈਸਲਿਆਂ ਨਾਲ ਵਿੱਤੀ ਸੰਕਟ ਜ਼ਰੂਰ ਡੂੰਘਾ ਹੋ ਰਿਹਾ ਹੈ।

ਲੋਕ ਲਭਾਊ ਫੈਸਲਿਆਂ ਤੋਂ ਇਲਾਵਾ ਸਰਕਾਰ ਵੱਲੋਂ ਮੰਤਰੀਆਂ ਲਈ ਆਰਾਮਦੇਹ ਕਾਰਾਂ ਦੀ ਖਰੀਦ, ਸਿਆਸੀ ਆਗੂਆਂ ਨੂੰ ਬੋਰਡਾਂ, ਕਾਰਪੋਰੇਸ਼ਨਾਂ ਅਤੇ ਨਿਗਮਾਂ ਵਿਚ ਸੀਨੀਅਰ ਵਾਈਸ ਚੇਅਰਮੈਨ ਲਾਉਣ ਦਾ ਫੈਸਲਾ ਅਤੇ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਵੀ ਸੂਬੇ ਦੇ ਖਜ਼ਾਨੇ ਉਤੇ ਭਾਰੂ ਪੈ ਰਹੀ ਹੈ।

ਸਰਕਾਰੀ ਮਸ਼ੀਨਰੀ ਦੇ ਬਲਬੂਤੇ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਪ੍ਰਚਾਰਨ ਲਈ ਵੱਡਾ ਬਜਟ ਖਰਚਣਾ ਜਿਥੇ ਖਜ਼ਾਨੇ ਨੂੰ ਚਪਤ ਲਾਉਣ ਵਾਲਾ ਹੈ, ਉਥੇ ਲੋਕ ਹਿੱਤਾਂ ਦੇ ਵੀ ਵਿਰੁੱਧ ਹੈ। ਪੰਜਾਬ ਪਾਵਰ ਕਾਰਪੋਰੇਸ਼ਨ ਵੱਲੋਂ ਆਪਣੇ ਥਰਮਲ ਪਲਾਂਟ ਬੰਦ ਕਰ ਕੇ ਨਿੱਜੀ ਥਰਮਲ ਪਲਾਂਟਾਂ ਤੋਂ ਮਹਿੰਗੀ ਬਿਜਲੀ ਖਰੀਦਣੀ ਵੀ ਸੂਬੇ ਦੇ ਲੋਕਾਂ ਦੀ ਜੇਬ 'ਤੇ ਭਾਰੂ ਪੈ ਰਹੀ ਹੈ।

ਗੌਰਤਲਬ ਹੈ ਕਿ ਸੂਬੇ ਸਿਰ ਇਸ ਸਮੇਂ 1.25 ਲੱਖ ਕਰੋੜ ਤੋਂ ਵੱਧ ਕਰਜ਼ਾ ਹੈ। ਸਰਕਾਰ ਨੂੰ ਕਰਜ਼ੇ ਦੀਆਂ ਕਿਸ਼ਤਾਂ ਉਤਾਰਨ ਲਈ ਵੀ ਕਰਜ਼ਾ ਲੈਣਾ ਪੈ ਰਿਹਾ ਹੈ।

### ਲੋਕ ਲਭਾਊ ਵਾਅਦੇ ਸੂਬੇ ਦੀ ਵਿੱਤੀ ਸਿਹਤ ਉਤੇ ਭਾਰੂ



### ਆਮਦਨ ਅਠਿਆਨੀ, ਖਰਚਾ ਰੁਪਈਆ!

**ਚੰਡੀਗੜ੍ਹ:** ਸਰਕਾਰ ਦੇ ਆਮਦਨ ਸਰੋਤ ਸੁੰਗੜਦੇ ਜਾ ਰਹੇ ਹਨ। ਬਿਜਲੀ, ਬੁਨਿਆਦੀ ਢਾਂਚਾ ਅਤੇ ਅਮਨ ਕਾਨੂੰਨ ਦੀ ਹਾਲਤ ਬਦਤਰ ਹੋਣ ਕਾਰਨ ਸਨਅਤੀ ਇਕਾਈਆਂ ਦੂਜੇ ਸੂਬਿਆਂ ਵਿਚ ਜਾਣ ਨਾਲ ਸੂਬੇ ਦੀ ਆਰਥਿਕਤਾ ਨੂੰ ਭਾਰੀ ਢਾਅ ਲੱਗ ਰਹੀ ਹੈ। ਟੈਕਸ ਵਸੂਲੀ ਪ੍ਰਬੰਧ ਵਿਚ ਘਾਟਾਂ ਅਤੇ ਕੁਝ ਵਰਗਾਂ ਨੂੰ ਬੇਲੋੜੀਆਂ ਰਿਆਇਤਾਂ ਦੇਣ ਨਾਲ ਆਮਦਨ ਘਟਦੀ ਜਾ ਰਹੀ ਹੈ। ਕੇਂਦਰ ਸਰਕਾਰ ਨੇ ਸੂਬੇ ਨੂੰ ਕਿਸੇ ਵੀ ਤਰ੍ਹਾਂ ਦਾ ਵਿੱਤੀ ਪੈਕੇਜ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਸਿਵਾਏ ਵੈਟ ਤੋਂ ਹੋਰ ਹਰੇਕ ਮੱਦ ਵਿਚ ਸਰਕਾਰੀ ਆਮਦਨ ਲਗਾਤਾਰ ਹੇਠਾਂ ਆ ਰਹੀ ਹੈ। ਇਹੀ ਕਾਰਨ ਹੈ ਕਿ ਸਰਕਾਰ ਵਿਕਾਸ ਕਾਰਜਾਂ 'ਤੇ ਕੁੱਲ ਘਰੇਲੂ ਪੈਦਾਵਾਰ ਦਾ ਸਿਰਫ 8.9 ਫੀਸਦੀ ਹੀ ਖਰਚ ਰਹੀ ਹੈ ਜਦੋਂਕਿ ਦੂਜੇ ਸੂਬੇ ਔਸਤ 11.6 ਫੀਸਦੀ ਖਰਚ ਕਰ ਰਹੇ ਹਨ। ਇਸ ਦੇ ਬਾਵਜੂਦ ਸਰਕਾਰ ਵਿਕਾਸ ਦੇ ਦਾਅਵੇ ਕਰ ਰਹੀ ਹੈ।

# ਕਾਨੂੰਨ ਦੇ ਲੰਮੇ ਹੱਥ ਵੀ ਅਕਾਲੀ ਆਗੂ ਅੱਗੇ ਬੇਵੱਸ

**ਅੰਮ੍ਰਿਤਸਰ:** ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਤੇ ਅਕਾਲੀ ਆਗੂ ਅਵਤਾਰ ਸਿੰਘ ਟਰੱਕਾਂਵਾਲੇ ਦੀ ਦਸਤਾਰ ਉਤਾਰਨ ਅਤੇ ਰਾਈਫਲ ਤਾਣਨ ਵਾਲਾ ਅਕਾਲੀ ਆਗੂ ਨਵਦੀਪ ਸਿੰਘ ਗੋਲਡੀ ਹਾਲੇ ਵੀ ਕਾਨੂੰਨ ਦੀ ਪਹੁੰਚ ਤੋਂ ਬਾਹਰ ਹੈ। ਦੋਵਾਂ ਧਿਰਾਂ ਵਿਚਾਲੇ ਸੁਲ੍ਹਾ-ਸਫਾਈ ਕਰਾਉਣ ਲਈ ਯਤਨ ਜਾਰੀ ਹਨ। ਜ਼ਿਕਰਯੋਗ ਹੈ ਕਿ ਤਿੰਨ ਅਗਸਤ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੱਦੀ ਗਈ ਮੀਟਿੰਗ ਦੌਰਾਨ ਅਕਾਲੀ ਆਗੂਆਂ ਅਵਤਾਰ ਸਿੰਘ ਤੇ ਗੋਲਡੀ ਵਿਚਾਲੇ ਝਗੜਾ ਹੋ ਗਿਆ ਸੀ। ਗੋਲਡੀ ਨੇ ਦੂਜੇ ਆਗੂ ਦੀ ਦਸਤਾਰ ਲਾਹ ਕੇ ਆਪਣੇ ਸੁਰੱਖਿਆ ਗਾਰਡ ਦੀ ਰਾਈਫਲ ਤਾਣ ਕੇ ਧਮਕੀਆਂ ਦਿੱਤੀਆਂ ਸਨ। ਇਸ ਮਾਮਲੇ ਵਿਚ ਸਿਵਲ ਲਾਈਨ ਪੁਲਿਸ ਨੇ ਗੋਲਡੀ ਵਿਰੁਧ ਕੇਸ ਦਰਜ ਕੀਤਾ ਹੈ। ਉਸਦੀਆਂ ਦੋ ਕਾਰਾਂ ਤੇ ਮੋਬਾਈਲ ਫੋਨ ਪੁਲਿਸ ਦੇ ਕਬਜ਼ੇ ਵਿਚ ਹਨ, ਜੋ ਉਹ ਇਸ ਘਟਨਾ ਮਗਰੋਂ ਉਥੇ ਹੀ ਛੱਡ ਗਿਆ ਸੀ।



ਇਸ ਮਾਮਲੇ ਵਿਚ ਜ਼ਿਲ੍ਹਾ ਅਕਾਲੀ ਜਥੇ ਨੇ ਪਾਰਟੀ ਹਾਈਕਮਾਂਡ ਤੋਂ ਗੋਲਡੀ ਦੀ ਬਰਤਰਫੀ ਮੰਗੀ ਸੀ। ਪਾਰਟੀ ਨੇ ਗੋਲਡੀ ਨੂੰ ਯੂਥ ਅਕਾਲੀ ਦਲ 'ਚੋਂ ਮੁਅੱਤਲ ਕਰ ਦਿੱਤਾ ਸੀ। ਹੁਣ ਸ਼ਿਕਾਇਤਕਰਤਾ ਆਗੂਆਂ ਦਾ ਵਤੀਰਾ ਬਦਲਿਆ ਲੱਗ ਰਿਹਾ ਹੈ। ਉਸ ਦੀ ਗ੍ਰਿਫਤਾਰੀ ਅਤੇ ਪਾਰਟੀ ਤੋਂ ਬਰਤਰਫੀ ਦੀ ਮੰਗ ਕਰਨ ਵਾਲੇ ਉਸ ਨਾਲ ਸੁਲ੍ਹਾ ਦੀ ਦਲੀਲ ਦੇ ਰਹੇ ਹਨ। ਸ਼ਿਕਾਇਤਕਰਤਾ ਅਵਤਾਰ ਸਿੰਘ ਨੇ ਆਖਿਆ ਕਿ ਫਿਲਹਾਲ ਗੋਲਡੀ ਨਾਲ ਸੁਲ੍ਹਾ ਬਾਰੇ ਕੋਈ ਫੈਸਲਾ ਨਹੀਂ ਕੀਤਾ ਹੈ। ਜ਼ਿਲ੍ਹਾ ਅਕਾਲੀ ਜਥੇ ਦੇ ਪ੍ਰਧਾਨ ਗੁਰਪ੍ਰਤਾਪ ਸਿੰਘ ਟਿੱਕਾ, ਜਿਨ੍ਹਾਂ ਨੇ ਗੋਲਡੀ ਨੂੰ ਬਰਤਰਫ ਕਰਨ ਦੀ ਮੰਗ ਕੀਤੀ ਸੀ, ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਮਾਮਲਾ ਹੱਲ ਹੋ ਜਾਵੇ। ਫਿਲਹਾਲ ਸਾਰੇ ਅਕਾਲੀ ਆਗੂ ਅਵਤਾਰ ਸਿੰਘ ਦੇ ਨਾਲ ਹਨ।

ਸੂਤਰਾਂ ਮੁਤਾਬਕ ਅਕਾਲੀ ਹਾਈ ਕਮਾਂਡ ਚਾਹੁੰਦੀ ਹੈ ਕਿ ਇਸ ਝਗੜੇ ਨੂੰ ਹੋਰ ਤੂਲ ਨਾ ਦਿੱਤੀ ਜਾਵੇ ਅਤੇ ਵਿਧਾਨ ਸਭਾ ਚੋਣਾਂ ਵੇਲੇ ਸਮੂਹ ਅਕਾਲੀ ਆਗੂ ਇਕਜੁੱਟ ਹੋ ਕੇ ਚੋਣਾਂ ਲੜਨ। ਪੁਲਿਸ ਕਮਿਸ਼ਨਰ ਅਮਰ ਸਿੰਘ ਚਾਹਲ ਨੇ ਕਿਹਾ ਕਿ ਗੋਲਡੀ ਕੋਈ ਅਪਰਾਧੀ ਨਹੀਂ ਹੈ। ਇਹ ਮਹਿਜ਼ ਇਕ ਘਟਨਾ ਸੀ। ਉਸ ਨੇ ਉਤੇਜਿਤ ਹੋ ਕੇ ਆਪਣੇ ਦੂਜੇ ਸਾਥੀ ਉਤੇ ਬੰਦੂਕ ਤਾਣ ਦਿੱਤੀ।

## ਵਿਧਾਇਕ 110 ਕਿਲੋਮੀਟਰ ਸਾਈਕਲ ਚਲਾ ਕੇ ਵਿਧਾਨ ਸਭਾ ਪਹੁੰਚਿਆ

**ਚੰਡੀਗੜ੍ਹ:** ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਪਵਨ ਕੁਮਾਰ ਸੈਣੀ ਆਪਣੇ ਹਲਕੇ ਤੋਂ ਚੰਡੀਗੜ੍ਹ ਸਥਿਤ ਵਿਧਾਨ ਸਭਾ ਤੱਕ 110 ਕਿਲੋਮੀਟਰ ਦਾ ਸਫਰ ਸਾਈਕਲ 'ਤੇ ਕਰ ਕੇ ਪਹੁੰਚੇ। ਪਵਨ ਕੁਮਾਰ ਸੈਣੀ (45) ਹਰਿਆਣਾ ਵਿਧਾਨ ਸਭਾ ਸੈਸ਼ਨ ਦੇ ਪਹਿਲੇ ਦਿਨ ਆਪਣੇ 10 ਪਾਰਟੀ ਵਰਕਰਾਂ ਸਮੇਤ ਸਾਈਕਲਾਂ 'ਤੇ ਪਹੁੰਚੇ। ਸ੍ਰੀ ਸੈਣੀ ਨੇ ਦੱਸਿਆ ਕਿ ਉਹ ਸਵੇਰੇ 5.20 ਵਜੇ ਕੁਰੂਕਸ਼ੇਤਰ ਤੋਂ ਚੱਲੇ ਅਤੇ ਦੁਪਹਿਰ 1.45 ਵਜੇ 110 ਕਿਲੋਮੀਟਰ ਦਾ ਸਫਰ ਕਰਕੇ ਚੰਡੀਗੜ੍ਹ ਪਹੁੰਚੇ।

ਉਨ੍ਹਾਂ ਦੱਸਿਆ ਕਿ ਜਦੋਂ ਉਹ ਵਿਧਾਨ ਸਭਾ ਨੇੜੇ ਪਹੁੰਚੇ ਤਾਂ ਸੁਰੱਖਿਆ ਕਰਮੀਆਂ ਨੇ ਰੋਕ ਲਿਆ। ਜਦੋਂ ਉਨ੍ਹਾਂ ਦੱਸਿਆ ਕਿ ਉਹ ਵਿਧਾਇਕ ਹਨ ਤਾਂ ਉਨ੍ਹਾਂ ਨੂੰ ਜਾਣ ਦਿੱਤਾ ਗਿਆ। ਲਾਡਵਾ ਹਲਕੇ ਤੋਂ ਵਿਧਾਇਕ ਚੁਣੇ ਗਏ ਸ੍ਰੀ ਸੈਣੀ ਨੇ ਕਿਹਾ ਕਿ ਸਾਈਕਲ ਚਲਾਉਣਾ ਸਿਹਤ ਲਈ ਹੀ ਨਹੀਂ, ਬਲਕਿ ਵਾਤਾਵਰਣ ਰੱਖਿਅਕ ਵੀ ਹੈ।

# ਅੰਮ੍ਰਿਤਸਰ ਦਾ ਰੇਲਵੇ ਸਟੇਸ਼ਨ ਬਣੇਗਾ ਕੌਮਾਂਤਰੀ ਪੱਧਰ ਦਾ

**ਅੰਮ੍ਰਿਤਸਰ:** ਕੇਂਦਰੀ ਰੇਲ ਮੰਤਰਾਲੇ ਵੱਲੋਂ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਪੰਜ ਰੇਲਵੇ ਸਟੇਸ਼ਨ ਵਿਸ਼ਵ ਪੱਧਰੀ ਬਣਾਉਣ ਲਈ ਚੁਣੇ ਗਏ ਹਨ, ਜਿਨ੍ਹਾਂ ਵਿਚ ਪੰਜਾਬ ਵਿਚੋਂ ਅੰਮ੍ਰਿਤਸਰ ਦਾ ਰੇਲਵੇ ਸਟੇਸ਼ਨ ਵੀ ਸ਼ਾਮਲ ਹੈ। ਇਹ ਖੁਲਾਸਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਕੀਤਾ ਹੈ। ਰੇਲਵੇ ਬੋਰਡ ਦੇ ਡਾਇਰੈਕਟਰ ਨਵੀਨ ਅਗਰਵਾਲ ਵੱਲੋਂ ਭੇਜੇ ਗਏ ਇਕ ਪੱਤਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਵਿਸ਼ਵ ਪੱਧਰੀ ਰੇਲਵੇ ਸਟੇਸ਼ਨ ਬਣਾਉਣ ਲਈ ਚੁਣੇ ਗਏ ਪੰਜ ਰੇਲਵੇ ਸਟੇਸ਼ਨਾਂ ਵਿਚ ਅੰਮ੍ਰਿਤਸਰ ਤੋਂ ਇਲਾਵਾ ਜੈਪੁਰ ਦਾ ਗਾਂਧੀ ਨਗਰ, ਗਵਾਲੀਅਰ, ਨਾਗਪੁਰ ਅਤੇ ਬੰਗਲੌਰ ਦਾ ਬਿਆਪਨ ਹਾਲੀ ਰੇਲਵੇ ਸਟੇਸ਼ਨ ਸ਼ਾਮਲ ਹਨ। ਇਨ੍ਹਾਂ ਰੇਲਵੇ ਸਟੇਸ਼ਨਾਂ ਨੂੰ ਨਵੀਂ ਦਿੱਖ ਦੇਣ ਵਾਸਤੇ ਆਈ.ਆਰ.ਐਸ.ਬੀ.ਸੀ. (ਇੰਡੀਅਨ ਰੇਲਵੇ ਸਟੇਸ਼ਨ ਡਿਵਲਪਮੈਂਟ ਕਾਰਪੋਰੇਸ਼ਨ) ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ, ਜੋ ਸਮੁੱਚੀ ਸਥਿਤੀ ਦਾ ਪਹਿਲਾਂ ਜਾਇਜ਼ਾ ਲਵੇਗੀ। ਮਗਰੋਂ ਇਨ੍ਹਾਂ ਰੇਲਵੇ ਸਟੇਸ਼ਨਾਂ ਨੂੰ ਵਿਸ਼ਵ ਪੱਧਰੀ ਰੇਲਵੇ ਸਟੇਸ਼ਨ ਬਣਾਉਣ ਲਈ ਕੰਮ ਸ਼ੁਰੂ ਹੋਵੇਗਾ।

ਉਨ੍ਹਾਂ ਦੱਸਿਆ ਕਿ ਵਿਸ਼ਵ ਪੱਧਰੀ ਰੇਲਵੇ ਸਟੇਸ਼ਨਾਂ ਵਿਚ ਪ੍ਰਵੇਸ਼ ਦੁਆਰ ਅਤੇ ਨਿਕਾਸੀ ਦੁਆਰ ਅਲੱਗ-ਅਲੱਗ ਹੋਣਗੇ। ਰੇਲਵੇ ਸਟੇਸ਼ਨ ਦੇ ਇਕ ਹਿੱਸੇ ਵਿਚ ਸਿਰਫ ਰੇਲ ਗੱਡੀਆਂ ਰਵਾਨਾ ਹੋਣਗੀਆਂ ਜਦੋਂਕਿ ਦੂਜੇ ਹਿੱਸੇ ਵੱਲੋਂ ਸਾਰੀਆਂ ਰੇਲ ਗੱਡੀਆਂ ਆਉਣਗੀਆਂ। ਸਮੁੱਚਾ ਰੇਲਵੇ ਸਟੇਸ਼ਨ ਹਵਾਈ ਅੱਡੇ ਵਾਂਗ ਹੋਵੇਗਾ, ਜਿਸ ਦੇ ਅੰਦਰ ਮਾਲ, ਰੈਸਟੋਰੈਂਟ, ਕੈਫੇ ਤੇ ਹੋਰ ਸਹੂਲਤਾਂ ਹੋਣਗੀਆਂ। ਰੇਲ ਗੱਡੀ ਦੇ ਆਉਣ 'ਤੇ ਯਾਤਰੂਆਂ ਦੀ ਭੀੜ ਨੂੰ ਸੰਭਾਲਣ ਲਈ ਵੱਖਰਾ ਵਿਭਾਗ ਹੋਵੇਗਾ। ਅਜਿਹਾ ਰੇਲਵੇ ਸਟੇਸ਼ਨ ਪੀ.ਪੀ.ਪੀ. (ਨਿੱਜੀ ਜਨਤਕ ਭਾਈਵਾਲੀ) ਆਧਾਰ 'ਤੇ ਬਣਾਇਆ ਜਾਵੇਗਾ। ਇਸ ਵੇਲੇ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਪੰਜ ਪਲੇਟਫਾਰਮ ਹਨ ਅਤੇ ਸੌ ਤੋਂ ਵੱਧ ਗੱਡੀਆਂ ਦੀ ਆਵਾਜਾਈ ਹੈ। ਯਾਤਰੂਆਂ ਦੀ ਵੱਧ ਰਹੀ ਆਮਦ ਦੌਰਾਨ ਇਸ ਦਾ ਵਿਸਥਾਰ ਲੋੜੀਂਦਾ ਹੈ।




# ਮੁੱਖ ਮੰਤਰੀ ਬਾਦਲ ਦੇ ਦਰਸ਼ਨਾਂ ਲਈ ਨਹੀਂ ਪਹੁੰਚ ਰਹੀ ਸੰਗਤ

**ਚੰਡੀਗੜ੍ਹ:** ਜਿਵੇਂ-ਜਿਵੇਂ ਸਰਕਾਰ ਦਾ ਸਮਾਂ ਪੂਰਾ ਹੋਣ ਜਾ ਰਿਹਾ ਹੈ, ਤਿਵੇਂ ਤਿਵੇਂ ਲੋਕ ਸਰਕਾਰ ਖਿਲਾਫ ਖੁੱਲ੍ਹ ਕੇ ਸਾਹਮਣੇ ਆਉਣ ਲੱਗੇ ਹਨ। ਇਕ ਪਾਸੇ ਵੱਖ-ਵੱਖ ਯੂਨੀਅਨਾਂ ਸਰਕਾਰ ਨੂੰ ਘੇਰ ਰਹੀਆਂ ਹਨ ਤੇ ਦੂਜੇ ਪਾਸੇ ਆਮ ਲੋਕ ਵੀ ਸਰਕਾਰ ਖਿਲਾਫ ਖੁੱਲ੍ਹ ਕੇ ਬੋਲਣ ਲੱਗੇ ਹਨ।

ਦਰਅਸਲ, ਬਾਦਲ ਅੱਜਕਲ੍ਹ ਆਪਣੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਬੇੜਾ ਕਰਨ ਵਿਚ ਲੱਗੇ ਹੋਏ ਹਨ, ਜਿਥੇ ਇਕ ਪਾਸੇ ਮੁੱਖ ਮੰਤਰੀ ਬਾਦਲ ਦੇ ਸੰਗਤ ਦਰਸ਼ਨ ਵਿਚ ਖਾਲੀ ਕੁਰਸੀਆਂ ਨਜ਼ਰ ਆਈਆਂ, ਉਥੇ ਹੀ ਅਰਨੀਵਾਲਾ ਵਜੀਰਾ ਤੋਂ ਮੁੱਖ ਮੰਤਰੀ ਨੂੰ ਮਿਲਣ ਲਈ ਆਈਆਂ ਔਰਤਾਂ ਨੂੰ ਮੁੱਖ ਮੰਤਰੀ ਨਾਲ ਮਿਲਣ ਹੀ ਨਹੀਂ ਦਿੱਤਾ ਗਿਆ। ਮਹਿਲਾਵਾਂ ਨੇ ਕਿਹਾ ਕਿ ਉਹ ਮੁੱਖ ਮੰਤਰੀ ਬਾਦਲ ਨੂੰ ਮਿਲਣ ਲਈ ਆਈਆਂ ਸਨ ਪਰ ਇਥੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ। ਮੁੱਖ ਮੰਤਰੀ ਦੇ ਸੰਗਤ ਦਰਸ਼ਨ ਦੌਰਾਨ ਮੌਜੂਦ ਪੁਲਿਸ ਕਰਮੀਆਂ ਨੇ ਉਨ੍ਹਾਂ ਨੂੰ ਅੱਗੇ ਹੀ ਨਹੀਂ ਜਾਣ ਦਿੱਤਾ। ਇਸ ਕਾਰਨ ਸਾਰੀਆਂ ਔਰਤਾਂ ਨਾਰਾਜ਼ ਸਨ।



ਲੰਬੀ ਦੇ ਪਿੰਡ ਤਪਾ ਖੇੜਾ ਦੇ ਦਲਿਤ ਪਰਿਵਾਰਾਂ ਨੇ ਸੰਗਤ ਦਰਸ਼ਨ ਦਾ ਬਾਈਕਾਟ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ। ਉਹ ਦਲਿਤ ਹਨ, ਇਸ ਲਈ ਪਿੰਡ ਦੇ ਕਿਸਾਨ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣਦੇ। ਕਾਬਲੇਗੌਰ ਹੈ ਕਿ ਇਹ ਪਿੰਡ ਬਾਦਲ ਦੇ ਹਲਕੇ ਵਿਚ ਪੈਂਦਾ ਹੈ, ਪਰ ਵਿਕਾਸ ਦੇ ਦਾਅਵੇ ਕਰਨ ਵਾਲੇ ਮੁੱਖ ਮੰਤਰੀ ਦੇ ਹਲਕੇ ਵਿਚ ਵਿਤਕਰੇ ਹੋਣ ਦੀ ਗੱਲ ਸਾਹਮਣੇ ਆਈ ਹੈ। ਹੈਰਾਨੀ ਦੀ ਗੱਲ ਹੈ ਕਿ ਮੁੱਖ ਮੰਤਰੀ ਨੇ ਆਪਣੇ ਹਲਕੇ ਵਿਚ ਸਭ ਤੋਂ ਵੱਧ ਸੰਗਤ ਦਰਸ਼ਨ ਕੀਤੇ ਹਨ ਤੇ ਸਭ ਤੋਂ ਵੱਧ ਗ੍ਰਾਂਟਾਂ ਵੰਡੀਆਂ ਹਨ।

### ਨਵੰਬਰ 'ਚ ਚੋਣ ਜ਼ਾਬਤਾ, ਸਰਕਾਰ ਕੋਲ ਸਿਰਫ ਢਾਈ ਮਹੀਨੇ

**ਚੰਡੀਗੜ੍ਹ:** ਪੰਜਾਬ ਵਿਚ ਨਵੰਬਰ ਤੋਂ ਚੋਣ ਜ਼ਾਬਤਾ ਲੱਗ ਸਕਦਾ ਹੈ। ਚੋਣ ਕਮਿਸ਼ਨ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਜਨਵਰੀ ਵਿਚ ਹੀ ਕਰਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਜੇਕਰ ਵੋਟਿੰਗ ਲਿਸਟਾਂ ਸਮੇਂ ਸਿਰ ਤਿਆਰ ਹੋ ਜਾਂਦੀਆਂ ਹਨ ਤਾਂ ਜਨਵਰੀ ਦੇ ਤੀਜੇ ਹਫਤੇ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਇਸ ਹਿਸਾਬ ਨਾਲ ਪੰਜਾਬ ਸਰਕਾਰ ਕੋਲ ਢਾਈ ਮਹੀਨਿਆਂ ਦਾ ਹੀ ਸਮਾਂ ਰਹਿ ਗਿਆ ਹੈ। ਭਾਰਤੀ ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ 22 ਤੇ 23 ਅਗਸਤ ਨੂੰ ਚੰਡੀਗੜ੍ਹ ਦਾ ਦੌਰਾ ਕਰ ਕੇ ਚੋਣ ਤਿਆਰੀਆਂ ਦਾ ਜਾਇਜ਼ਾ ਲਿਆ ਹੈ। ਚੋਣ ਕਮਿਸ਼ਨ ਦੀ ਯੋਜਨਾ ਹੈ ਕਿ ਉਤਰ ਪ੍ਰਦੇਸ਼ ਦੀਆਂ ਚੋਣਾਂ ਦੇ ਪਹਿਲੇ ਗੇੜ ਨਾਲ ਹੀ ਪੰਜਾਬ ਦਾ ਕੰਮ ਨਿਬੇੜ ਦਿੱਤਾ ਜਾਏ। ਉਤਰ ਪ੍ਰਦੇਸ਼ ਵਿਚ ਕਈ ਗੇੜਾਂ ਵਿਚ ਵੋਟਾਂ ਪੈਣਗੀਆਂ, ਪਰ ਪੰਜਾਬ ਵਿਚ 117 ਸੀਟਾਂ ਲਈ ਇਕ ਵਾਰ ਹੀ ਵੋਟਿੰਗ ਹੋਏਗੀ। ਦਰਅਸਲ, ਮਾਰਚ ਵਿਚ ਬੱਚਿਆਂ ਦੀਆਂ ਪ੍ਰੀਖਿਆਵਾਂ ਸ਼ੁਰੂ ਹੋ ਜਾਣੀਆਂ ਹਨ। ਸੀ.ਬੀ.ਐਸ.ਸੀ. ਬੋਰਡ ਨੇ ਵੀ ਚੋਣ ਕਮਿਸ਼ਨ ਨੂੰ ਜਨਵਰੀ ਵਿਚ ਹੀ ਚੋਣਾਂ ਦਾ ਕੰਮ ਨਿਬੇੜਨ ਦੀ ਅਪੀਲ ਕੀਤੀ ਹੈ। ਚੋਣ ਕਮਿਸ਼ਨ ਦੇ ਸੂਤਰਾਂ ਨੇ ਕਿਹਾ ਹੈ ਕਿ ਜਨਵਰੀ ਵਿਚ ਹੀ ਚੋਣ ਹੋਏਗੀ, ਪਰ ਅਜੇ ਕੋਈ ਤਰੀਕ ਤੈਅ ਨਹੀਂ ਹੋਈ।

# ਸੁੱਚਾ ਸਿੰਘ ਛੋਟੇਪੁਰ ਨੂੰ ਕਨਵੀਨਰ ਦੇ ਅਹੁਦੇ ਤੋਂ ਲਾਹਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਸੁੱਚਾ ਸਿੰਘ ਛੋਟੇਪੁਰ ਨੂੰ ਪੰਜਾਬ ਇਕਾਈ ਦੇ ਕਨਵੀਨਰ ਦੇ ਅਹੁਦੇ ਤੋਂ ਹਟਾ ਦਿੱਤਾ ਅਤੇ ਸਾਰੇ ਮਾਮਲੇ ਦੀ ਜਾਂਚ ਲਈ ਦਿੱਲੀ ਦੇ ਵਿਧਾਇਕ ਤੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਜਰਨੈਲ ਸਿੰਘ ਦੀ ਅਗਵਾਈ ਹੇਠ ਦੋ ਮੈਂਬਰੀ ਜਾਂਚ ਕਮੇਟੀ ਬਣਾ ਦਿੱਤੀ। ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ ਉਤੇ ਸਿਆਸੀ ਮਾਮਲਿਆਂ ਦੀ ਕਮੇਟੀ ਦੀ ਮੀਟਿੰਗ ਵਿਚ ਸ੍ਰੀ ਛੋਟੇਪੁਰ ਉਪਰ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਲੈ ਕੇ ਚਰਚਾ ਕੀਤੀ ਗਈ। ਜਾਂਚ ਕਮੇਟੀ ਵਿਚ ਜਰਨੈਲ ਸਿੰਘ ਤੋਂ ਇਲਾਵਾ ਜਸਬੀਰ ਸਿੰਘ ਬੀਰ ਸ਼ਾਮਲ ਕੀਤੇ ਗਏ ਹਨ, ਜੋ ਹੋਰ ਆਗੂਆਂ ਉਪਰ ਲੱਗੇ ਦੋਸ਼ਾਂ ਦੀ ਜਾਂਚ ਵੀ ਨਾਲ ਹੀ ਕਰਨਗੇ।

ਸ੍ਰੀ ਛੋਟੇਪੁਰ ਨੂੰ ਕਨਵੀਨਰ ਦੇ ਅਹੁਦੇ ਤੋਂ ਹਟਾਉਣ ਦੇ ਲਏ ਫ਼ੈਸਲੇ ਬਾਰੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਮੀਟਿੰਗ ਵਿਚ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਗਿਆ ਕਿ ਭ੍ਰਿਸ਼ਟਾਚਾਰ ਨੂੰ ਬਿਲਕੁਲ ਬਰਦਾਸ਼ਤ ਨਾ ਕਰਨ ਵਾਲੀ ਪਾਰਟੀ ਦਾ ਸੂਬਾਈ ਮੁਖੀ ਹੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰ ਗਿਆ ਹੈ। ਸ੍ਰੀ ਮਾਨ ਨੇ ਕਿਹਾ ਕਿ ਸੁੱਚਾ ਸਿੰਘ ਛੋਟੇਪੁਰ ਨੂੰ ਉਨ੍ਹਾਂ ਦਾ ਪੱਖ ਹਾਈ ਕਮਾਂਡ ਕੋਲ ਰੱਖਣ ਦਾ ਪੂਰਾ ਮੌਕਾ ਦਿੱਤਾ ਜਾਵੇਗਾ ਅਤੇ ਅਜੇ ਨਵਾਂ ਕਨਵੀਨਰ ਨਹੀਂ ਲਾਇਆ ਜਾ ਰਿਹਾ।



### ਛੋਟੇਪੁਰ ਬਣਾਉਣਗੇ ਨਵਾਂ ਸਿਆਸੀ ਫਰੰਟ?

**ਚੰਡੀਗੜ੍ਹ:** ਸੁੱਚਾ ਸਿੰਘ ਛੋਟੇਪੁਰ ਅਨੁਸਾਰ, ਫਿਲਹਾਲ ਕਿਸੇ ਵੀ ਸਿਆਸੀ ਪਾਰਟੀ ਨੇ ਉਨ੍ਹਾਂ ਤੱਕ ਪਹੁੰਚ ਨਹੀਂ ਕੀਤੀ ਅਤੇ ਨਾ ਹੀ ਉਨ੍ਹਾਂ ਪਾਰਟੀ ਛੱਡਣ ਦਾ ਮਨ ਬਣਾਇਆ ਹੈ। ਉਨ੍ਹਾਂ 'ਆਪ' ਦੇ ਪੀੜਤਾਂ ਨੂੰ ਇਕੱਠਿਆਂ ਕਰ ਕੇ ਅਸਿੱਧੇ ਢੰਗ ਨਾਲ ਨਵੀਂ ਪਾਰਟੀ ਬਣਾਉਣ ਦਾ ਸੰਕੇਤ ਦਿੰਦਿਆਂ ਕਿਹਾ ਕਿ ਉਹ ਇਮਾਨਦਾਰ ਬੰਦਿਆਂ ਨੂੰ ਇਕੱਠਾ ਕਰਕੇ ਪੰਜਾਬੀਆਂ ਨੂੰ ਕੋਈ ਨਵਾਂ ਰਾਹ ਦਿਖਾਉਣ ਦਾ ਯਤਨ ਕਰ ਸਕਦੇ ਹਨ।

ਭਗਵੰਤ ਮਾਨ ਨੇ ਕਿਹਾ ਕਿ ਸਾਡੇ ਕੋਲ ਹੋਰ 5-7 ਆਗੂਆਂ ਦੀਆਂ ਸ਼ਿਕਾਇਤਾਂ ਵੀ ਆਈਆਂ ਹਨ, ਜਿਨ੍ਹਾਂ ਦੀ ਜਾਂਚ ਵੀ ਕਮੇਟੀ ਵੱਲੋਂ ਕੀਤੀ ਜਾਵੇਗੀ। ਸੰਸਦ ਮੈਂਬਰ ਨੇ ਕਿਹਾ ਕਿ ਆਸਟਰੇਲੀਆ ਤੋਂ ਇਕ ਨੌਜਵਾਨ ਨੇ ਸ੍ਰੀ ਕੇਜਰੀਵਾਲ ਨੂੰ ਚਿੱਠੀ ਲਿਖੀ ਜਿਸ ਵਿਚ ਉਸ ਨੇ ਪੰਜਾਬ ਦੇ ਇਕ ਸੀਨੀਅਰ ਆਗੂ ਨਾਲ ਪਾਰਟੀ ਦੀ ਟਿਕਟ ਲਈ 30 ਲੱਖ ਰੁਪਏ ਵਿਚ ਸੌਦਾ ਹੋਣ ਦਾ ਜ਼ਿਕਰ ਕੀਤਾ। ਉਸ ਵਿਅਕਤੀ ਨੇ ਚਾਰ ਲੱਖ ਰੁਪਏ ਦੇ ਵੀ ਦਿੱਤੇ ਪਰ ਜਦੋਂ ਉਸ ਨੂੰ ਪਤਾ ਲੱਗਿਆ ਕਿ ਇਸ ਪਾਰਟੀ ਵਿਚ ਟਿਕਟਾਂ ਪੈਸਿਆਂ ਨਾਲ ਨਹੀਂ ਮਿਲਦੀਆਂ ਤਾਂ ਉਸ ਨੇ ਆਪਣੇ ਪੈਸੇ ਮੰਗੇ ਅਤੇ ਤਿੰਨ ਲੱਖ ਤਾਂ ਵਾਪਸ ਲੈ ਲਏ, ਪਰ ਇਕ ਲੱਖ ਅਜੇ ਵੀ ਉਸ ਆਗੂ ਵੱਲ ਖੜ੍ਹੇ ਹਨ। ਉਨ੍ਹਾਂ ਛੋਟੇਪੁਰ ਵੱਲੋਂ ਸ੍ਰੀ ਕੇਜਰੀਵਾਲ ਉਪਰ ਲਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਤੇ ਕਿਹਾ ਕਿ ਆਪਣੇ ਉਪਰ ਲੱਗੇ ਦੋਸ਼ਾਂ ਤੋਂ ਪੰਜਾਬ ਦੇ ਲੋਕਾਂ ਦਾ ਧਿਆਨ ਭਟਕਾਉਣ ਖਾਤਰ ਹੀ ਗਲਤ ਦੋਸ਼ ਲਾਏ ਜਾ ਰਹੇ ਹਨ।

### ਆਗੂਆਂ ਨੂੰ ਵਰਤਣ ਤੇ ਸੁੱਟਣ ਦੀ ਨੀਤੀ: ਧਰਮਵੀਰ ਗਾਂਧੀ

**ਪਟਿਆਲਾ:** ਆਮ ਆਦਮੀ ਪਾਰਟੀ ਦੇ ਮੁਅੱਤਲ ਸੰਸਦੀ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਪਾਰਟੀ 'ਚ ਇਹ ਨਵੇਂ ਝੰਜਟਾਂ ਲਈ ਕੇਜਰੀਵਾਲ ਤੇ ਉਸ ਦੇ ਸਾਥੀ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਇਕ-ਇਕ ਕਰ ਕੇ ਕੇਜਰੀਵਾਲ ਆਪਣੇ ਮੁਫਾਦ ਲਈ ਪੰਜਾਬ ਦੇ ਪਾਰਟੀ ਲੀਡਰਾਂ ਨੂੰ ਵਰਤ ਕੇ ਫਿਰ ਸੁੱਟਣ 'ਚ ਲੱਗੇ ਹੋਏ ਨੇ। ਡਾ. ਗਾਂਧੀ ਨੇ ਕਿਹਾ ਕਿ ਪੰਜਾਬ ਦੇ ਮੁੱਦਿਆਂ ਦੇ ਹੱਲ ਲਈ ਹੀ ਉਨ੍ਹਾਂ ਨੇ ਪੰਜਾਬ 'ਚ ਫੈਡਰਲ ਫਰੰਟ ਬਣਾਉਣ ਲਈ ਮੁਹਿੰਮ ਅਰੰਭੀ ਹੈ, ਜਿਸ ਨੂੰ ਕਾਫੀ ਹੁੰਗਾਰਾ ਮਿਲ ਰਿਹਾ ਹੈ।

### ਆਪ ਦੇ ਗਰਮਖਿਆਲੀਆਂ ਨਾਲ ਸਬੰਧ: ਸੁਖਬੀਰ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੋਂ ਮੰਗ ਕੀਤੀ ਕਿ ਆਮ ਆਦਮੀ ਪਾਰਟੀ ਨੂੰ ਗਰਮਖਿਆਲੀ ਤੱਤਾਂ ਤੋਂ ਮਿਲਦੇ ਸ਼ੱਕੀ ਫੰਡਾਂ ਦਾ ਪਤਾ ਲਾਉਣ ਲਈ ਪਾਰਟੀ ਦੀ ਸਮੂਹ ਕੌਮਾਂਤਰੀ ਫੰਡਿੰਗ ਦੀ ਜਾਂਚ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਵਿਚ ਉਹ ਫੰਡ ਵੀ ਸ਼ਾਮਲ ਹਨ ਜੋ ਗਰਮਖਿਆਲੀ ਤੱਤਾਂ ਵੱਲੋਂ ਆਪਣੀਆਂ ਸੰਸਥਾਵਾਂ ਰਾਹੀਂ ਦੇਸ਼ ਵਿਚ ਭੇਜੇ ਜਾਂਦੇ ਹਨ। ਇਨ੍ਹਾਂ ਸੰਸਥਾਵਾਂ ਦੀ ਫੰਡਿੰਗ ਦੇ ਸਰੋਤ, ਇਨ੍ਹਾਂ ਨੂੰ ਥਾਪੜਾ ਦੇਣ ਵਾਲੇ ਵਿਅਕਤੀਆਂ ਤੇ 'ਆਪ' ਨੂੰ ਫੰਡ ਭੇਜਣ ਪਿੱਛੇ ਉਨ੍ਹਾਂ ਦੇ ਏਜੰਡੇ ਦੀ ਜਾਂਚ ਵੀ ਕੀਤੀ ਜਾਵੇ।

# ਦੋ ਮਹੀਨਿਆਂ ਪਿਛੋਂ ਵੀ ਕਸ਼ਮੀਰੀਆਂ ਦਾ ਰੋਹ ਠੱਲ੍ਹਿਆ ਨਾ ਗਿਆ

**ਸ੍ਰੀਨਗਰ:** ਹਿਜ਼ਬੁਲ ਮੁਜਾਹਿਦੀਨ ਦੇ ਕਮਾਂਡਰ ਬੁਰਹਾਨ ਵਾਨੀ ਦੀ ਮੌਤ ਤੋਂ ਬਾਅਦ ਕਸ਼ਮੀਰ ਘਾਟੀ ਵਿਚ ਸ਼ੁਰੂ ਹੋਈ ਹਿੰਸਾ ਤਕਰੀਬਨ ਦੋ ਮਹੀਨਿਆਂ ਪਿੱਛੋਂ ਵੀ ਜਾਰੀ ਹੈ। ਇਸ ਹਿੰਸਾ ਵਿਚ ਮੌਤਾਂ ਦਾ ਅੰਕੜਾ 70 ਤੱਕ ਪਹੁੰਚ ਗਿਆ ਹੈ। ਇੰਨਾ ਲੰਮਾ ਸਮਾਂ ਹਾਲਾਤ 'ਤੇ ਕਾਬੂ ਪਾਉਣ ਵਿਚ ਨਾਕਾਮ ਰਹਿਣ 'ਤੇ ਨਰੇਂਦਰ ਮੋਦੀ ਸਰਕਾਰ ਦੀ ਖੁੱਲ੍ਹ ਕੇ ਅਲੋਚਨਾ ਹੋ ਰਹੀ ਹੈ। ਦੂਜੇ ਪਾਸੇ ਕੇਂਦਰ ਸਰਕਾਰ ਦੇ ਵੀ ਹਾਲਾਤ ਵਸੋਂ ਬਾਹਰ ਜਾਪ ਰਹੇ ਹਨ। ਇਕ ਮਹੀਨੇ 'ਚ ਹੀ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਦੂਜੀ ਵਾਰ ਘਾਟੀ ਦਾ ਦੌਰਾ ਕੀਤਾ ਹੈ, ਪਰ ਸਰਕਾਰ ਲੋਕਾਂ ਦੇ ਰੋਹ ਨੂੰ ਸ਼ਾਂਤ ਕਰਨ ਵਿਚ ਨਾਕਾਮ ਰਹੀ ਹੈ। ਭਾਰਤ ਸਰਕਾਰ ਵੱਲੋਂ ਇਸ ਗੰਭੀਰ ਉਲਝਣ ਨੂੰ ਸੁਲਝਾਉਣ ਲਈ ਵੱਖ-ਵੱਖ ਪੱਧਰਾਂ ਦੇ ਯਤਨ ਕੀਤੇ ਜਾ ਰਹੇ ਹਨ। ਵਾਦੀ ਵਿਚ ਸਰਬ ਪਾਰਟੀ ਵਫਦ ਨੂੰ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਕਸ਼ਮੀਰੀ ਲੋਕ ਦਿਨ-ਰਾਤ ਰੋਸ ਮਾਰਚਾਂ, ਰੈਲੀਆਂ, ਸੈਨਿਕ ਬਲਾਂ 'ਤੇ ਪਥਰਾਅ ਅਤੇ ਕੰਧ-ਲਿਖਤ ਮੁਹਿੰਮਾਂ ਰਾਹੀਂ 'ਭਾਰਤੀਓ ਕਸ਼ਮੀਰ ਤੋਂ ਬਾਹਰ ਜਾਓ' ਦੇ ਨਾਅਰੇ ਲਾ ਕੇ ਆਪਣਾ ਰੋਸ ਪ੍ਰਗਟਾਅ ਰਹੇ ਹਨ। ਸਰਕਾਰ ਨੇ ਮੋਬਾਈਲ, ਇੰਟਰਨੈਟ ਅਤੇ ਪ੍ਰਿੰਟ ਮੀਡੀਆ ਨੂੰ ਬੰਦ ਕਰ ਕੇ ਵੀ ਦੇਖ ਲਿਆ ਹੈ, ਪਰ ਕਸ਼ਮੀਰ ਸ਼ਾਂਤ ਨਹੀਂ ਹੋ ਰਿਹਾ। ਮਰਨ-ਮਾਰਨ ਦੀ ਲੜਾਈ 'ਤੇ ਉਤਰੇ ਹੋਏ ਲੋਕ ਕਰਫਿਊ ਦੀ ਪ੍ਰਵਾਹ ਕੀਤੇ ਬਿਨਾਂ ਸੈਨਿਕ ਬਲਾਂ ਅਤੇ ਪੁਲਿਸ ਨਾਲ ਝੜਪਾਂ ਲੈ ਰਹੇ ਹਨ। ਕਸ਼ਮੀਰ ਦੇ ਸਕੂਲ ਅਤੇ ਕਾਲਜ ਬੰਦ ਕਰ ਕੇ ਵਿਦਿਆਰਥੀਆਂ ਦੇ ਇਮਤਿਹਾਨ ਰੱਦ ਕਰ ਦਿੱਤੇ ਗਏ ਹਨ। ਬੁਰਹਾਨ ਨੂੰ ਸੋਸ਼ਲ ਮੀਡੀਆ ਦੀ ਵਿਸ਼ੇਸ਼ ਮੁਹਾਰਤ ਸੀ। ਕਸ਼ਮੀਰੀ ਲੋਕਾਂ, ਵਿਸ਼ੇਸ਼ ਕਰ ਕੇ ਨੌਜਵਾਨਾਂ ਵਿਚ ਹਰਮਨ ਪਿਆਰਾ ਆਗੂ ਹੋਣ ਕਰ ਕੇ ਉਸ ਦੇ ਜਨਾਜ਼ੇ ਮੌਕੇ 40,000 ਲੋਕਾਂ ਦਾ ਵਿਸ਼ਾਲ ਇਕੱਠ ਹੋਇਆ ਸੀ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪੀ.ਡੀ.ਪੀ. ਅਤੇ ਭਾਜਪਾ ਦੀ ਸਾਂਝੀ ਸਰਕਾਰ ਬਣੀ ਸੀ। ਭਾਜਪਾ ਕਸ਼ਮੀਰ ਨੂੰ ਵਿਸ਼ੇਸ਼ ਅਧਿਕਾਰ ਦਿੰਦੀ ਧਾਰਾ 370 ਖਤਮ ਕਰਨਾ ਚਾਹੁੰਦੀ ਹੈ ਅਤੇ ਇਹ ਭਾਰਤ ਦੇ ਧਾਰਮਿਕ ਘੱਟ ਗਿਣਤੀਆਂ ਉਪਰ ਵੀ ਸਾਂਝਾ ਸਿਵਿਲ ਕੋਡ ਲਾਉਣਾ ਚਾਹੁੰਦੀ ਹੈ। ਇਸ ਕਰ ਕੇ ਕਸ਼ਮੀਰੀ ਲੋਕਾਂ ਨੂੰ ਸਾਂਝੇ ਗੱਠਜੋੜ ਦੀ ਸਰਕਾਰ ਹਜ਼ਮ ਨਹੀਂ ਆਉਂਦੀ ਸੀ। ਇਸ ਤੋਂ ਇਲਾਵਾ ਪਿਛਲੇ ਲਗਪਗ ਢਾਈ ਦਹਾਕਿਆਂ ਤੋਂ ਕਸ਼ਮੀਰੀ ਅੰਦਰ 'ਆਰਮਡ ਫੋਰਸਜ਼ ਸਪੈਸ਼ਲ ਪਾਵਰ ਐਕਟ' (ਅਫਸਪਾ) ਰਾਹੀਂ ਫ਼ੌਜ ਲੱਗੀ ਹੋਈ ਹੈ। ਪਿਛਲੇ 70 ਸਾਲਾਂ 'ਚ ਕਸ਼ਮੀਰ ਦੇ 1,00,000 ਲੋਕ ਸੈਨਿਕ ਬਲਾਂ ਅਤੇ ਪੁਲਿਸ ਵੱਲੋਂ ਮਾਰੇ ਗਏ ਹਨ ਜਦੋਂਕਿ 10,000 ਲੋਕ ਲਾਪਤਾ ਹਨ। 1000 ਤੋਂ ਵੱਧ ਅਜਿਹੀਆਂ ਔਰਤਾਂ ਹਨ ਜਿਨ੍ਹਾਂ ਦੇ ਪਤੀ ਲਾਪਤਾ ਹਨ। ਸੀ.ਆਰ.ਪੀ.ਐਫ. ਵੱਲੋਂ ਕਸ਼ਮੀਰ ਦੀ ਹਾਈ ਕੋਰਟ 'ਚ ਦਿੱਤੇ ਇਕ ਬਿਆਨ ਮੁਤਾਬਕ 8 ਜੁਲਾਈ ਤੋਂ ਲੈ ਕੇ 11 ਅਗਸਤ ਤੱਕ 13 ਲੱਖ ਪੈਲਟ ਗੋਲੀਆਂ ਚਲਾਈਆਂ ਗਈਆਂ ਹਨ। ਹੁਣ ਤੱਕ ਪੰਜ ਦਰਜਨ ਤੋਂ ਉਪਰ ਲੋਕ ਮਾਰੇ ਜਾ ਚੁੱਕੇ ਹਨ। 3000 ਤੋਂ ਵੱਧ ਆਦਮੀ, ਔਰਤਾਂ ਅਤੇ ਜ਼ਖ਼ਮੀ ਬੱਚੇ ਹਸਪਤਾਲਾਂ ਵਿਚ ਦਾਖਲ ਹਨ। ਪੈਲਟ ਗੋਲੀਆਂ ਨਾਲ ਅੰਨ੍ਹੇ ਹੋਏ, ਸਿਰ, ਮੱਥੇ, ਮੂੰਹ, ਸਰੀਰ ਤੋਂ ਬੁਰੀ ਤਰ੍ਹਾਂ ਜ਼ਖ਼ਮੀ ਅਤੇ ਛਨਣੀ ਹੋਏ ਲੋਕ ਹਸਪਤਾਲਾਂ ਵਿਚ ਕੁਰਲਾ ਰਹੇ ਹਨ। ਇਕ ਏ.ਟੀ.ਐਮ. ਦੇ ਗਾਰਡ ਦੇ ਸਰੀਰ ਵਿਚੋਂ ਪੋਸਟ ਮਾਰਟਮ ਮਗਰੋਂ 300 ਪੈਲਟ ਗੋਲੀਆਂ ਨਿਕਲੀਆਂ ਹਨ। ਕਸ਼ਮੀਰ ਵਿਚ ਕਰਫਿਊ ਲੱਗੇ ਨੂੰ ਲਗਪਗ ਡੇਢ ਮਹੀਨਾ ਹੋ ਗਿਆ ਹੈ। ਹੁਣ ਕੇਂਦਰ ਅਤੇ ਕਸ਼ਮੀਰੀ ਸਰਕਾਰ ਨੇ ਪੈਟਰੋਲ, ਖਾਣ ਵਾਲੀਆਂ ਵਸਤਾਂ, ਦਵਾਈਆਂ ਅਤੇ ਪਿੰਡਾਂ ਵਿਚੋਂ ਆ ਰਹੀਆਂ ਸਬਜ਼ੀਆਂ ਅਤੇ ਹੋਰ ਵਸਤਾਂ 'ਤੇ ਪਾਬੰਦੀ ਲਾ ਦਿੱਤੀ ਹੈ। ਇਸ ਨਾਲ ਲੋਕਾਂ ਦਾ ਜਨ ਜੀਵਨ ਹੋਰ ਵੀ ਪ੍ਰਭਾਵਿਤ ਹੋ ਰਿਹਾ ਹੈ ਅਤੇ ਕਸ਼ਮੀਰੀ ਲੋਕਾਂ 'ਚ ਸਰਕਾਰ ਪ੍ਰਤੀ ਰੋਹ ਵਿਚ ਵਾਧਾ ਹੋ ਸਕਦਾ ਹੈ।

ਕਸ਼ਮੀਰੀ ਨੌਜਵਾਨ ਪਿਛਲੇ 26 ਸਾਲਾਂ ਤੋਂ ਫ਼ੌਜੀ ਰਾਜ ਦੇ ਜਾਬਰ ਮਾਹੌਲ ਵਿਚ ਹੀ ਪਲੇ ਹਨ। ਉਨ੍ਹਾਂ ਨੇ ਕਸ਼ਮੀਰੀ ਲੋਕਾਂ ਦੇ ਝੂਠੇ ਮੁਕਾਬਲੇ ਅਤੇ ਮੌਤ ਦੇ ਤਾਂਡਵ ਨਾਚ ਹੀ ਦੇਖੇ ਹਨ। ਮੁਕਾਬਲੇ ਅਤੇ ਮੌਤ ਉਨ੍ਹਾਂ ਲਈ ਆਮ ਵਰਤਾਰੇ ਬਣ ਚੁੱਕੇ ਹਨ। ਬੇਰੁਜ਼ਗਾਰੀ ਝੱਲ ਰਹੇ ਇਨ੍ਹਾਂ ਨੌਜਵਾਨਾਂ ਨੇ ਆਪਣੀਆਂ ਮਾਵਾਂ-ਭੈਣਾਂ ਨਾਲ ਜ਼ਿਆਦਤੀਆਂ, ਸਮੂਹਿਕ ਬਲਾਤਕਾਰ ਅਤੇ ਕਤਲ ਵੀ ਦੇਖੇ ਹਨ। ਇਸ ਕਰ ਕੇ ਬੁਰਹਾਨ ਵਾਨੀ ਦੇ ਨੰਗੇ ਚਿੱਟੇ ਪੁਲਿਸ ਮੁਕਾਬਲੇ ਨਾਲ ਲੋਕਾਂ ਦਾ ਚਿਰਾਂ ਦਾ ਇਕੱਠਾ ਹੋਇਆ ਗੁੱਸੇ ਦਾ ਲਾਵਾ ਫੁੱਟ ਪਿਆ ਹੈ। ਸਾਰੇ ਕਸ਼ਮੀਰ 'ਚ ਲੋਕਾਂ ਦਾ ਉਠਿਆ ਰੋਹ ਹੋਰ ਫੈਲਦਾ ਜਾ ਰਿਹਾ ਹੈ ਅਤੇ ਇਸ ਨੇ ਕਸ਼ਮੀਰ ਤੋਂ ਬਾਅਦ ਜੰਮੂ ਨੂੰ ਵੀ ਆਪਣੇ ਕਲਾਵੇ ਵਿਚ ਲੈ ਲਿਆ ਹੈ। ਕੇਂਦਰ ਸਰਕਾਰ ਵੱਲੋਂ ਕਸ਼ਮੀਰ 'ਚ ਤਾਇਨਾਤ ਬਲਾਂ ਅਤੇ ਮੁਲਾਜ਼ਮਾਂ ਨੂੰ ਆਪਣੇ ਹੀ ਦੇਸ਼ ਦੇ ਲੋਕਾਂ ਵੱਲੋਂ ਵਰ੍ਹਦੇ ਪੱਥਰਾਂ ਦੀਆਂ ਹਾਲਤਾਂ 'ਚ ਕੰਮ ਕਰਨ ਬਦਲੇ ਲਾਲਚ ਦਿੱਤੇ ਜਾ ਰਹੇ ਹਨ। ਉਨ੍ਹਾਂ ਦੀਆਂ ਤਨਖ਼ਾਹਾਂ ਅਤੇ ਭੱਤੇ ਵਧਾਏ ਜਾ ਰਹੇ ਹਨ। ਭਾਰਤ ਸਰਕਾਰ ਨੂੰ ਕਸ਼ਮੀਰ ਅੰਦਰ ਉਨ੍ਹਾਂ ਦੇ ਪਰਿਵਾਰਾਂ ਦੇ ਜਾਨ-ਮਾਲ ਦੀ ਸੁਰੱਖਿਆ ਦੀ ਸਿਰਦਰਦੀ ਖੜ੍ਹੀ ਹੋ ਗਈ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਸਰਕਾਰ ਉਨ੍ਹਾਂ ਨੂੰ ਹੋਰ ਭਾਰਤੀ ਸ਼ਹਿਰਾਂ ਵਿਚ ਰਿਹਾਇਸ਼ ਲਈ ਭੇਜਣ ਦੀ ਤਿਆਰੀ ਕਰ ਰਹੀ ਹੈ। ਕੇਂਦਰ ਵੱਲੋਂ ਉਨ੍ਹਾਂ ਦੇ ਘਰੇਲੂ ਸਮਾਨ ਦੀ ਢੋਅ-ਢੁਆਈ, ਰਿਹਾਇਸ਼ ਲਈ ਕਿਰਾਇਆ ਅਤੇ ਹੋਰ ਖਰਚਿਆਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਜੰਮੂ ਕਸ਼ਮੀਰ ਦੇ ਲੋਕਾਂ ਦਾ ਰਵਾਇਤੀ ਸਿਆਸੀ ਪਾਰਟੀਆਂ ਪੀ.ਡੀ.ਪੀ., ਭਾਜਪਾ, ਕਾਂਗਰਸ ਅਤੇ ਨੈਸ਼ਨਲ ਪਾਰਟੀਆਂ ਆਦਿ ਤੋਂ ਮੋਹ ਭੰਗ ਹੋ ਚੁੱਕਾ ਹੈ। ਇਸ ਕਰ ਕੇ ਉਹ ਕਿਸੇ ਵੀ ਪਾਰਟੀ 'ਤੇ ਵਿਸ਼ਵਾਸ ਨਹੀਂ ਕਰ ਰਹੇ।

8 ਜੁਲਾਈ ਤੋਂ ਬਾਅਦ ਉਨ੍ਹਾਂ ਦੀ ਇਕੋ-ਇਕ ਮੰਗ ਉੱਭਰੀ ਹੈ, ਉਹ ਹੈ 'ਭਾਰਤ ਤੋਂ ਆਜ਼ਾਦੀ'। ਪਰ ਭਾਰਤ ਦੇ ਹੁਕਮਰਾਨ ਕਹਿ ਰਹੇ ਹਨ ਕਿ ਜੰਮੂ ਕਸ਼ਮੀਰ ਭਾਰਤ ਦਾ ਇਕ ਅਟੁੱਟ ਅੰਗ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਭਾਰਤੀ ਕਸ਼ਮੀਰ ਦੀ ਤਾਂ ਗੱਲ ਹੀ ਛੱਡੋ, ਅਸੀਂ ਪਾਕਿਸਤਾਨ ਨੂੰ ਕਹਿੰਦੇ ਹਾਂ ਕਿ ਉਹ ਆਪਣੇ ਕਬਜ਼ੇ ਹੇਠਲਾ ਮਕਬੂਜ਼ਾ ਕਸ਼ਮੀਰ ਵੀ ਭਾਰਤ ਨੂੰ ਛੱਡੇ। ਐਨ.ਡੀ.ਏ. ਸਰਕਾਰ ਕਸ਼ਮੀਰ ਵਿਚਲੀ ਹਾਲਤ ਲਈ ਪਾਕਿਸਤਾਨ ਨੂੰ ਕੋਸ ਰਹੀ ਹੈ।



### ਭਾਰਤ ਤੇ ਪਾਕਿਸਤਾਨ ਵਿਚਾਲੇ ਸ਼ਬਦੀ ਜੰਗ ਹੋਰ ਤੇਜ਼

**ਨਵੀਂ ਦਿੱਲੀ/ਇਸਲਾਮਾਬਾਦ:** ਭਾਰਤ ਤੇ ਪਾਕਿਸਤਾਨ ਵਿਚਾਲੇ ਸ਼ਬਦੀ ਜੰਗ ਹੋਰ ਤੇਜ਼ ਹੋ ਗਈ ਹੈ। ਭਾਰਤ ਨੇ ਪਾਕਿਸਤਾਨ ਨੂੰ ਸਪੱਸ਼ਟ ਕੀਤਾ ਹੈ ਕਿ ਉਹ ਸਰਹੱਦ ਪਾਰਲੇ ਅਤਿਵਾਦ ਦੀ ਹਮਾਇਤ ਤੋਂ ਇਨਕਾਰ ਵਾਲਾ ਰੁਖ ਹੀ ਅਖਤਿਆਰ ਨਾ ਕਰੀ ਰੱਖੇ। ਦੂਜੇ ਪਾਸੇ ਕਸ਼ਮੀਰ ਮਸਲੇ ਉਤੇ ਗੱਲਬਾਤ ਦੀ ਤਜਵੀਜ਼ ਭਾਰਤ ਵੱਲੋਂ ਰੱਦ ਕਰਨ ਉਤੇ ਪਾਕਿਸਤਾਨ ਨੇ ਅਫ਼ਸੋਸ ਪ੍ਰਗਟਾਇਆ ਹੈ। ਇਸੇ ਦੌਰਾਨ ਪਾਕਿਸਤਾਨ ਨੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਪੰਜ ਸਥਾਈ ਮੈਂਬਰਾਂ ਅਤੇ ਯੂਰਪੀ ਯੂਨੀਅਨ ਦੇ ਮੁਲਕਾਂ ਦੇ ਸਫ਼ੀਰਾਂ ਨੂੰ ਇਸ ਬਾਰੇ ਜਾਣਕਾਰੀ ਦੇ ਕੇ ਕਸ਼ਮੀਰ ਮਸਲੇ ਦੇ ਕੌਮਾਂਤਰੀਕਰਨ ਦੀ ਇਕ ਹੋਰ ਕੋਸ਼ਿਸ਼ ਕੀਤੀ ਹੈ।

### ਮਹਿਬੂਬਾ ਦੀ ਤਿੰਨ ਸੂਤਰੀ ਕਾਰਜ ਯੋਜਨਾ

**ਨਵੀਂ ਦਿੱਲੀ:** ਕਸ਼ਮੀਰ ਵਿਚ ਸ਼ਾਂਤੀ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਤਹਿਤ ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਦੌਰਾਨ ਸਾਰੀਆਂ ਧਿਰਾਂ ਨਾਲ ਵਾਰਤਾ ਸਮੇਤ ਤਿੰਨ ਸੂਤਰੀ ਕਾਰਜ ਯੋਜਨਾ ਪੇਸ਼ ਕੀਤੀ। ਯੋਜਨਾ ਤਹਿਤ ਪਾਕਿਸਤਾਨ ਅਤੇ ਵੱਖਵਾਦੀਆਂ ਨਾਲ ਗੱਲਬਾਤ ਦਾ ਰਾਹ ਅਪਨਾਉਣਾ ਵੀ ਸ਼ਾਮਲ ਹੈ। ਬਿਆਨ 'ਚ ਵੇਰਵੇ ਨਹੀਂ ਦਿੱਤੇ ਗਏ ਪਰ ਸੂਤਰਾਂ ਦਾ ਕਹਿਣਾ ਹੈ ਕਿ ਯੋਜਨਾ ਤਹਿਤ ਮੰਗ ਕੀਤੀ ਗਈ ਹੈ ਕਿ ਸਰਬ ਪਾਰਟੀ ਵਫ਼ਦ ਵਾਦੀ ਦਾ ਦੌਰਾ ਕਰੇ, ਰਾਜਪਾਲ ਨੂੰ ਬਦਲਿਆ ਜਾਵੇ ਅਤੇ ਵਾਰਤਾਕਾਰਾਂ ਦੀ ਨਿਯੁਕਤੀ ਕੀਤੀ ਜਾਵੇ ਜੋ ਸੂਬੇ ਦੀਆਂ ਸਾਰੀਆਂ ਧਿਰਾਂ ਨਾਲ ਗੱਲਬਾਤ ਕਰੇ। ਸੂਬੇ 'ਚ ਸ਼ਾਂਤੀ ਅਤੇ ਸਥਿਰਤਾ ਦਾ ਮਾਹੌਲ ਬਣਾਉਣ ਲਈ ਮਹਿਬੂਬਾ ਨੇ 2002 ਅਤੇ 2005 'ਚ ਅਟਲ ਬਿਹਾਰੀ ਵਾਜਪਈ ਦੀ ਅਗਵਾਈ ਹੇਠਲੀ ਐਨ.ਡੀ.ਏ. ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੁਲ੍ਹਾ ਸਫ਼ਾਈ ਦੀ ਪ੍ਰਕਿਰਿਆ ਨੂੰ ਮੁੜ ਚਾਲੂ ਕਰਨ ਦਾ ਹੋਕਾ ਦਿੱਤਾ।

### ਸ਼ਰੀਫ ਨੇ ਘੱਲੇ 22 ਵਿਸ਼ੇਸ਼ ਨੁਮਾਇੰਦੇ

**ਇਸਲਾਮਾਬਾਦ:** ਕਸ਼ਮੀਰ ਮੁੱਦੇ 'ਤੇ ਭਾਰਤ ਦੇ ਜ਼ਖ਼ਮਾਂ ਉਪਰ ਲੂਣ ਛਿੜਕਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ 22 ਸੰਸਦ ਮੈਂਬਰਾਂ ਨੂੰ ਵਿਸ਼ੇਸ਼ ਸਫ਼ੀਰ ਨਾਮਜ਼ਦ ਕਰ ਕੇ ਉਨ੍ਹਾਂ ਨੂੰ ਵੱਖ ਵੱਖ ਮੁਲਕਾਂ ਦੀਆਂ ਰਾਜਧਾਨੀਆਂ 'ਚ ਭੇਜ ਕੇ ਕਸ਼ਮੀਰ ਮੁੱਦਾ ਭਖਾਉਣ ਲਈ ਕਿਹਾ ਹੈ। ਸ਼ਰੀਫ ਨੇ ਕਿਹਾ ਕਿ ਉਹ ਸੰਯੁਕਤ ਰਾਸ਼ਟਰ ਨੂੰ ਕਸ਼ਮੀਰੀ ਲੋਕਾਂ ਨਾਲ ਕੀਤੇ ਸਵੈ ਨਿਰਣੇ ਦੇ ਵਾਅਦੇ ਨੂੰ ਚੇਤਾ ਕਰਾਉਣਗੇ। ਰੇਡੀਓ ਪਾਕਿਸਤਾਨ ਮੁਤਾਬਕ ਪ੍ਰਧਾਨ ਮੰਤਰੀ ਨੇ ਵਿਸ਼ੇਸ਼ ਨੁਮਾਇੰਦਿਆਂ ਨੂੰ ਕਿਹਾ ਹੈ ਕਿ ਉਹ ਕਸ਼ਮੀਰ ਮੁੱਦੇ 'ਤੇ ਅਜਿਹਾ ਮਾਹੌਲ ਤਿਆਰ ਕਰਨ ਕਿ ਸੰਯੁਕਤ ਰਾਸ਼ਟਰ 'ਚ ਸਤੰਬਰ ਵਿਚ ਉਨ੍ਹਾਂ ਦੇ ਭਾਸ਼ਣ ਦੌਰਾਨ ਕੌਮਾਂਤਰੀ ਭਾਈਚਾਰੇ ਦੀ ਜ਼ਮੀਰ ਜਾਗ ਜਾਏ।

### ਵਾਨੀ ਦੇ ਪਿਤਾ ਵੱਲੋਂ ਰਵੀ ਸ਼ੰਕਰ ਨਾਲ ਮੁਲਾਕਾਤ

**ਨਵੀਂ ਦਿੱਲੀ:** ਕਸ਼ਮੀਰ ਵਿਚ ਮੁਕਾਬਲੇ ਦੌਰਾਨ ਮਾਰੇ ਗਏ ਹਿਜ਼ਬੁਲ ਕਮਾਂਡਰ ਬੁਰਹਾਨ ਵਾਨੀ ਦੇ ਪਿਤਾ ਮੁਜ਼ੱਫਰ ਵਾਨੀ ਨੇ ਆਰਟ ਆਫ ਲਿਵਿੰਗ ਦੇ ਬਾਨੀ ਸ੍ਰੀ ਸ੍ਰੀ ਰਵੀ ਸ਼ੰਕਰ ਨਾਲ ਉਨ੍ਹਾਂ ਦੇ ਬੰਗਲੌਰ ਸਥਿਤ ਆਸ਼ਰਮ 'ਚ ਮੁਲਾਕਾਤ ਕੀਤੀ। ਟਵਿੱਟਰ ਉਤੇ ਇਹ ਜਾਣਕਾਰੀ ਸਾਂਝੀ ਕਰਦਿਆਂ ਸ੍ਰੀ ਸ੍ਰੀ ਨੇ ਕਿਹਾ ਕਿ ਮੁਜ਼ੱਫਰ ਵਾਨੀ ਦੋ ਦਿਨ ਆਸ਼ਰਮ 'ਚ ਰਹੇ ਅਤੇ ਕਈ ਮੁੱਦਿਆਂ ਬਾਰੇ ਵਿਚਾਰਾਂ ਹੋਈਆਂ।



### ਬੰਗਲੌਰ ਵਿਚ ਪਰਵਾਸੀ ਭਾਰਤੀ ਸੰਮੇਲਨ

**ਨਵੀਂ ਦਿੱਲੀ:** 14ਵਾਂ ਪਰਵਾਸੀ ਭਾਰਤੀ (ਐਨ.ਆਰ.ਆਈ.) ਸੰਮੇਲਨ 7 ਤੋਂ 9 ਜਨਵਰੀ ਤੱਕ ਕਰਨਾਟਕ ਦੀ ਰਾਜਧਾਨੀ ਬੰਗਲੌਰ ਵਿਚ ਕਰਵਾਇਆ ਜਾਵੇਗਾ, ਜਿਸ 'ਚ ਤਕਰੀਬਨ 3 ਹਜ਼ਾਰ ਐਨ.ਆਰ.ਆਈਜ਼ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਦੱਸਿਆ ਕਿ ਇਸ ਵਾਰ ਸੰਮੇਲਨ ਦਾ ਥੀਮ 'ਪਰਵਾਸੀ ਭਾਰਤੀਆਂ ਸਬੰਧੀ ਨਵੀਂ ਪਹਿਲਕਦਮੀ' ਹੋਵੇਗਾ ਤੇ ਉਨ੍ਹਾਂ ਨੂੰ ਭਾਰਤ ਦੇ ਵਿਕਾਸ ਵਿਚ ਸਰਗਰਮ ਹਿੱਸੇਦਾਰ ਬਣਾਉਣ 'ਤੇ ਚਰਚਾ ਹੋਵੇਗੀ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਟੌਹੜਾ ਦੇ ਪਰਿਵਾਰ ਨੇ ਫੜਿਆ 'ਆਪ' ਦਾ ਪੱਲਾ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 27 ਸਾਲ ਪ੍ਰਧਾਨ ਰਹੇ ਪੰਥ ਰਤਨ ਮਰਹੂਮ ਗੁਰਚਰਨ ਸਿੰਘ ਟੌਹੜਾ ਦੀ ਧੀ ਕੁਲਦੀਪ ਕੌਰ ਟੌਹੜਾ ਅਤੇ ਜਵਾਈ ਤੇ ਅਕਾਲੀ ਦਲ ਦੀ ਰਾਜਸੀ ਮਾਮਲਿਆਂ ਦੀ ਕਮੇਟੀ ਦੇ ਮੈਂਬਰ ਹਰਮੇਲ ਸਿੰਘ ਟੌਹੜਾ ਆਪਣੇ ਪੁੱਤਰ ਹਰਿੰਦਰਪਾਲ ਸਿੰਘ ਟੌਹੜਾ ਸਮੇਤ ਆਮ ਆਦਮੀ ਪਾਰਟੀ (ਆਪ) ਵਿਚ ਸ਼ਾਮਲ ਹੋ ਗਏ ਹਨ। 'ਆਪ' ਦੇ ਪੰਜਾਬ ਇੰਚਾਰਜ ਸੰਜੇ ਸਿੰਘ, ਸੰਸਦ ਮੈਂਬਰ ਭਗਵੰਤ ਮਾਨ, ਮੈਨੀਫੈਸਟੋ ਕਮੇਟੀ ਦੇ ਮੁਖੀ ਕੰਵਰ ਸੰਧੂ, ਸੁਨਾਮ ਤੋਂ ਪਾਰਟੀ ਉਮੀਦਵਾਰ ਅਮਨ ਅਰੋੜਾ, ਕਾਨੂੰਨੀ ਸੈੱਲ ਦੇ ਮੁਖੀ ਹਿੰਮਤ ਸਿੰਘ ਸ਼ੇਰਗਿੱਲ, ਗੁਰਪ੍ਰੀਤ ਘੁੱਗੀ, ਕਿਸਾਨ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਕਰਨਵੀਰ ਸਿੰਘ ਟਿਵਾਣਾ ਅਤੇ ਪਟਿਆਲਾ ਜ਼ੋਨ ਦੇ ਇੰਚਾਰਜ ਡਾ. ਬਲਬੀਰ ਸਿੰਘ ਦੀ ਹਾਜ਼ਰੀ ਵਿਚ ਕੁਲਦੀਪ ਕੌਰ ਤੇ ਹਰਮੇਲ ਸਿੰਘ ਨੇ 'ਆਪ' ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ।



ਇਸ ਮੌਕੇ ਕੁਲਦੀਪ ਕੌਰ ਅਤੇ ਹਰਮੇਲ ਸਿੰਘ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਹੁਣ ਟਕਸਾਲੀ ਤੇ ਇਮਾਨਦਾਰ ਆਗੂਆਂ ਦੀ ਲੋੜ ਨਹੀਂ। ਅਕਾਲੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਸਾਫ਼ ਕਹਿ ਦਿਤਾ ਕਿ ਜੇ ਉਨ੍ਹਾਂ ਕੋਲ ਪੈਸੇ ਨਹੀਂ ਹਨ ਤਾਂ ਪਾਰਟੀ ਵਿਚ ਉਨ੍ਹਾਂ ਦੀ ਕੋਈ ਥਾਂ ਨਹੀਂ ਹੈ। ਇਸੇ ਕਾਰਨ ਅਕਾਲੀ ਆਗੂਆਂ ਨੇ ਇਕ ਪੁਲੀਸ ਅਫ਼ਸਰ ਦੇ ਪੁੱਤਰ ਸਤਬੀਰ ਸਿੰਘ ਖੱਟੜਾ ਨੂੰ ਪਿਛਲੀਆਂ ਚੋਣਾਂ ਦੌਰਾਨ ਕੁਲਦੀਪ ਕੌਰ ਖ਼ਿਲਾਫ਼ ਆਜ਼ਾਦ ਉਮੀਦਵਾਰ ਵਜੋਂ ਖੜ੍ਹਾ ਕਰ ਕੇ ਉਨ੍ਹਾਂ ਨੂੰ ਹਰਾਇਆ ਸੀ ਅਤੇ ਹੁਣ ਉਨ੍ਹਾਂ ਦੀ ਥਾਂ ਪਟਿਆਲਾ ਦਿਹਾਤੀ ਤੋਂ ਖੱਟੜਾ ਨੂੰ ਪਾਰਟੀ ਦਾ ਇੰਚਾਰਜ ਬਣਾ ਕੇ ਟੌਹੜਾ ਪਰਿਵਾਰ ਨੂੰ ਹਾਸ਼ੀਏ 'ਤੇ ਧੱਕਿਆ ਹੈ। ਉਹ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਦੀ ਲੁੱਟ-ਖਸੁੱਟ ਦੀ ਨੀਤੀ ਤੋਂ ਦੁਖੀ ਹੋ ਕੇ 'ਆਪ' ਵਿਚ ਆਏ ਹਨ।

ਉਧਰ, ਸੰਜੇ ਸਿੰਘ ਨੇ ਸਾਬਕਾ ਸੰਸਦ ਮੈਂਬਰ ਜਗਮੀਤ ਬਰਾੜ ਵੱਲੋਂ ਬਿਨਾ ਸ਼ਰਤ 'ਆਪ' ਵਿਚ ਸ਼ਾਮਲ ਕਰਨ ਦੇ ਦਿਤੇ ਬਿਆਨ ਦਾ ਸਵਾਗਤ ਕਰ ਕੇ ਸੰਕੇਤ ਦਿਤਾ ਹੈ ਕਿ ਇਸ ਆਗੂ ਨੂੰ ਵੀ ਪਾਰਟੀ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਉਨ੍ਹਾਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੋਂ 'ਆਪ' ਨੂੰ ਵਿਦੇਸ਼ਾਂ ਤੋਂ ਮਿਲ ਰਹੇ ਫੰਡਾਂ ਸਬੰਧੀ ਉਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਇਸ ਪੜਤਾਲ ਦੌਰਾਨ ਕੁਝ ਨਾ ਨਿਕਲਿਆ ਤਾਂ ਸੁਖਬੀਰ ਬਾਦਲ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ।

## ਕੇਜਰੀਵਾਲ ਤੇ ਨਜੀਬ ਦਰਮਿਆਨ ਫਿਰ ਛਿੜੀ ਜੰਗ

**ਨਵੀਂ ਦਿੱਲੀ:** ਦਿੱਲੀ ਸਰਕਾਰ ਦੀਆਂ ਕਈ ਅਪੀਲਾਂ ਦੇ ਬਾਵਜੂਦ ਉਪ ਰਾਜਪਾਲ ਨਜੀਬ ਜੰਗ ਵੱਲੋਂ ਦਿੱਲੀ ਦੇ ਕੁਝ ਸੀਨੀਅਰ ਅਫਸਰਾਂ ਦੇ ਕੀਤੇ ਤਬਾਦਲਿਆਂ ਨੂੰ ਲੈ ਕੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੁੜ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਤੇ ਦਿੱਲੀ ਨੂੰ ਬਰਬਾਦ ਕਰਨ ਦਾ ਦੋਸ਼ ਲਾਇਆ ਹੈ। ਇਸ ਦੇ ਨਾਲ ਹੀ ਖਬਰ ਹੈ ਕਿ ਸ੍ਰੀ ਜੰਗ ਨੇ ਦਿੱਲੀ ਸਰਕਾਰ ਦੀਆਂ 400 ਤੋਂ ਵਧ ਫਾਈਲਾਂ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਹੈ ਜੋ ਛੇ ਹਫ਼ਤਿਆਂ ਵਿਚ ਆਪਣੀ ਰਿਪੋਰਟ ਦੇਵੇਗੀ।

ਉਪ ਰਾਜਪਾਲ ਜੰਗ ਨੇ ਦਿੱਲੀ ਦੇ ਸਿਹਤ ਸਕੱਤਰ ਤਰੁਣ ਸੀਮ ਦੀ ਥਾਂ ਆਈ.ਏ.ਐਸ. ਅਫਸਰ ਚੰਦਰਕਰ ਭਾਰਤੀ ਅਤੇ ਪੀ.ਡਬਲਿਊ.ਡੀ. ਸਕੱਤਰ ਸਰਵਾਗਿਆ ਸ੍ਰੀਵਾਸਤਵ ਦੀ ਥਾਂ ਆਈ.ਏ.ਐਸ. ਅਫਸਰ ਅਸ਼ਵਨੀ ਕੁਮਾਰ ਨੂੰ ਲਾਇਆ ਹੈ। ਦੱਸਿਆ ਗਿਆ ਹੈ ਕਿ ਪਹਿਲੇ ਸਕੱਤਰ ਆਈ.ਏ.ਐਸ. ਨਹੀਂ ਸਨ, ਜਦੋਂਕਿ ਇਨ੍ਹਾਂ ਅਹੁਦਿਆਂ 'ਤੇ ਆਈ.ਏ.ਐਸ. ਅਫਸਰ ਲਾਏ ਜਾਂਦੇ ਹਨ। ਦਿੱਲੀ ਹਾਈ ਕੋਰਟ ਵੱਲੋਂ ਉਪ ਰਾਜਪਾਲ ਨੂੰ 'ਦਿੱਲੀ ਦਾ ਮੁਖੀ' ਦੱਸਣ ਮਗਰੋਂ ਨਜੀਬ ਜੰਗ ਵੱਲੋਂ ਇਹ ਪਹਿਲੀ ਵੱਡੀ ਅਦਲਾ-ਬਦਲੀ ਕੀਤੀ ਗਈ ਹੈ ਜਿਸ ਵਿਚ ਕਈ ਅਫਸਰਾਂ ਦੇ ਤਬਾਦਲੇ ਕੀਤੇ ਗਏ ਹਨ। ਉਪ ਰਾਜਪਾਲ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਵਿਚ ਸਾਬਕਾ ਕੈਗ ਮੁਖੀ ਵੀ.ਕੇ. ਸ਼ੰਗਲੂ, ਸਾਬਕਾ ਚੋਣ ਕਮਿਸ਼ਨਰ ਐਨ. ਗੋਪਾਲਸਵਾਮੀ ਤੇ ਸਾਬਕਾ ਸੀ.ਵੀ.ਸੀ. ਪ੍ਰਦੀਪ ਕੁਮਾਰ ਸ਼ਾਮਲ ਹਨ ਜੋ ਕੋਤਾਹੀਆਂ ਤੇ ਬੇਨਿਯਮੀਆਂ ਦੀ ਜਾਂਚ ਕਰਨਗੇ।

ਉਪ ਰਾਜਪਾਲ ਨੇ 'ਆਪ' ਸਰਕਾਰ ਵੱਲੋਂ ਪਿਛਲੇ ਡੇਢ ਸਾਲ ਦੌਰਾਨ ਕੀਤੇ ਫ਼ੈਸਲਿਆਂ ਨਾਲ ਸਬੰਧਿਤ ਫਾਈਲਾਂ ਆਪਣੇ ਕੋਲ ਮੰਗਵਾਈਆਂ ਸਨ। ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਜੇ ਦਿੱਲੀ ਵਿਚ ਸਿਹਤ ਤੇ ਸਿੱਖਿਆ ਬਦਤਰ ਹੁੰਦੀ ਹੈ ਤਾਂ ਇਸ ਦੇ ਜ਼ਿੰਮੇਵਾਰ ਸ੍ਰੀ ਮੋਦੀ ਹੋਣਗੇ ਜੋ 'ਆਪ' ਸਰਕਾਰ ਦੇ ਕੰਮਾਂ ਵਿਚ ਅੜਿੱਕੇ ਪਾ ਰਹੇ ਹਨ। ਇਸ ਮੌਕੇ ਸਤਿੰਦਰ ਜੈਨ ਨੇ ਕਿਹਾ ਕਿ ਦੋਵੇਂ ਅਫਸਰਾਂ ਨੂੰ ਨਾ ਹਟਾਉਣ ਬਾਬਤ 10 ਦਿਨ ਪਹਿਲਾਂ ਸ੍ਰੀ ਸਿਸੋਦੀਆ ਉਪ ਰਾਜਪਾਲ ਕੋਲ ਗਏ ਸਨ ਤੇ ਉਨ੍ਹਾਂ ਸਿਹਤ ਅਤੇ ਪੀ.ਡਬਲਿਊ.ਡੀ. ਦੇ ਚੰਗੇ ਕੰਮਾਂ ਦਾ ਹਵਾਲਾ ਵੀ ਦਿੱਤਾ ਸੀ।

## *ਆਪੋ-ਧਾਪੀ ਦੀ ਸਿਆਸਤ ਨੇ ਉਲਝਾਈ 'ਆਪ' ਦੀ ਤਾਣੀ*

*(ਸਫਾ ਇਕ ਦੀ ਬਾਕੀ)*

ਲੋਕਾਂ ਨੇ ਇਸ ਨਵੀਂ ਆਦਰਸ਼ਵਾਦੀ ਸਮਝੀ ਜਾਂਦੀ ਪਾਰਟੀ ਨੂੰ ਵੱਡਾ ਹੁੰਗਾਰਾ ਦਿਤਾ ਸੀ। ਸੂਬੇ 'ਚੋਂ ਚਾਰ ਮੈਂਬਰ ਪਾਰਲੀਮੈਂਟ ਚੁਣੇ ਜਾਣਾ ਵੱਡਾ ਮਾਅਰਕਾ ਸੀ। ਪੰਜਾਬ ਵਿਚ ਹੋਰ ਥਾਂਵਾਂ 'ਤੇ ਜਿਹੜੇ ਉਮੀਦਵਾਰ ਖੜ੍ਹੇ ਸਨ, ਉਹ ਭਾਵੇਂ ਜਿੱਤ ਨਹੀਂ ਸਨ ਸਕੇ, ਪਰ ਉਨ੍ਹਾਂ ਨੂੰ ਵੀ ਵੱਡਾ ਹੁੰਗਾਰਾ ਮਿਲਿਆ ਸੀ।

ਹੁਣ ਹਾਲਤ ਇਹ ਹੈ ਕਿ ਚਾਰਾਂ ਵਿਚੋਂ ਦੋ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖਾਲਸਾ ਆਪਣੀ ਪਾਰਟੀ ਦੇ ਖਿਲਾਫ਼ ਹੀ ਨਹੀਂ ਖੜ੍ਹੇ, ਸਗੋਂ ਉਹ ਲਗਾਤਾਰ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਦੀ ਸਖਤ ਆਲੋਚਨਾ ਵੀ ਕਰ ਰਹੇ ਹਨ। ਅੱਖਾਂ ਦੇ ਪ੍ਰਸਿੱਧ ਡਾਕਟਰ ਦਲਜੀਤ ਸਿੰਘ ਅਤੇ ਸ਼ਾਸਤਰੀ ਗਾਇਕ ਭਾਈ ਬਲਦੀਪ ਸਿੰਘ ਜੋ ਲੋਕ ਸਭਾ ਚੋਣਾਂ ਵਿਚ ਇਸ ਪਾਰਟੀ ਵੱਲੋਂ ਉਭਰੇ ਸਨ, ਅੱਜ ਨਿਰਾਸ਼ ਹੋ ਕੇ ਆਪਣੇ ਘਰਾਂ ਵਿਚ ਜਾ ਬੈਠੇ ਹਨ। ਦਿੱਲੀ ਵਿਚ ਕਦੇ ਇਸ ਪਾਰਟੀ ਨਾਲ ਜੁੜੇ ਯੋਗਿੰਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਨ ਵਰਗੇ ਵੱਡੇ ਆਗੂਆਂ ਨੂੰ ਵੀ ਪਾਰਟੀ ਤੋਂ ਵੱਖ ਕਰ ਦਿੱਤਾ ਗਿਆ ਸੀ। ਇਨ੍ਹਾਂ ਆਗੂਆਂ ਨੇ ਬਆਦ ਵਿਚ ਸਵਰਾਜ ਅਭਿਆਨ ਛੇੜ ਲਿਆ। ਪਾਰਟੀ ਵਿਚ ਸਭ ਤੋਂ ਵੱਧ ਵਿਵਾਦਾਂ ਵਿਚ ਰਹੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਭਗਵੰਤ ਮਾਨ ਪ੍ਰਤੀ ਹਾਈਕਮਾਨ ਦੀ ਮਿਹਰਬਾਨੀ 'ਤੇ ਵੀ ਸਵਾਲ ਉਠ ਰਹੇ ਹਨ। ਇਸ ਆਗੂ 'ਤੇ ਸ਼ਰੇਆਮ ਸ਼ਰਾਬ ਪੀ ਕੇ ਜਨਤਕ ਇਕੱਠਾਂ, ਇਥੋਂ ਤੱਕ ਕਿ ਸੰਸਦ ਵਿਚ ਜਾਣ ਦੇ ਦੋਸ਼ ਲੱਗੇ ਹਨ, ਪਰ ਉਨ੍ਹਾਂ ਵਿਰੁੱਧ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ।

ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਵਿਚੋਂ 32 ਲਈ ਆਪਣੇ ਉਮੀਦਵਾਰਾਂ ਦੇ ਨਾਂਵਾਂ ਦਾ ਐਲਾਨ ਕਰ ਕੇ ਭਾਵੇਂ ਦੂਜੀਆਂ ਪਾਰਟੀਆਂ ਨਾਲੋਂ ਪਹਿਲਕਦਮੀ ਕਰ ਦਿਖਾਈ ਹੈ, ਪਰ ਇਸ ਨਾਲ ਪਾਰਟੀ ਦੇ ਅੰਦਰੋਂ ਵਿਰੋਧ ਦੀਆਂ ਆਵਾਜ਼ਾਂ ਦੀ ਸੁਰ ਵੀ ਉਚੀ ਹੋ ਗਈ ਹੈ। ਐਲਾਨੇ ਗਏ ਉਮੀਦਵਾਰਾਂ ਵਿਚੋਂ ਅੱਧਿਉਂ ਬਹੁਤਿਆਂ ਪ੍ਰਤੀ ਨਾ ਸਿਰਫ ਪਾਰਟੀ ਵਰਕਰਾਂ ਤੇ ਸਮਰਥਕਾਂ ਵੱਲੋਂ, ਬਲਕਿ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਸਮੇਤ ਕਈ ਸੀਨੀਅਰ ਆਗੂਆਂ ਵੱਲੋਂ ਵੀ ਵਿਰੋਧ ਜਤਾਇਆ ਗਿਆ ਸੀ। ਆਪਣੇ ਵਰਕਰਾਂ ਨੂੰ ਅਣਗੌਲਿਆ ਕਰ ਕੇ ਦੂਜੀਆਂ ਪਾਰਟੀਆਂ ਵਿਚੋਂ ਆਏ ਰਵਾਇਤੀ ਅਤੇ ਸ਼ੋਸ਼ੇਬਾਜ਼ ਕਿਸਮ ਦੇ ਸਿਆਸਤਦਾਨਾਂ ਨੂੰ ਦਿਤੇ ਗਏ ਟਿਕਟਾਂ ਨੇ 'ਆਪ' ਦੇ ਸੱਚੇ-ਸੁੱਚੇ ਸਮਰਥਕਾਂ ਅਤੇ ਵਰਕਰਾਂ ਵਿਚ ਰੋਸ ਅਤੇ ਨਿਰਾਸ਼ਤਾ ਪੈਦਾ ਕੀਤੀ ਹੈ। ਹਲਕਿਆਂ ਤੋਂ ਬਾਹਰਲੇ ਵਿਅਕਤੀਆਂ ਨੂੰ ਉਮੀਦਵਾਰ ਬਣਾਇਆ ਜਾਣਾ ਵੀ ਵਰਕਰਾਂ ਨੂੰ ਹਜ਼ਮ ਨਹੀਂ ਹੋ ਰਿਹਾ। ਇਸ ਵਰਤਾਰੇ ਕਾਰਨ ਹੀ ਵਿਰੋਧੀ ਪਾਰਟੀਆਂ ਨੂੰ 'ਆਪ' ਆਗੂਆਂ ਉਤੇ ਟਿਕਟਾਂ ਵੇਚਣ ਦੇ ਦੋਸ਼ ਲਾਉਣ ਦਾ ਮੌਕਾ ਮਿਲ ਗਿਆ ਹੈ।

ਉਮੀਦਵਾਰਾਂ ਦੀ ਚੋਣ ਦੇ ਮੁੱਦੇ ਤੋਂ ਇਲਾਵਾ ਅਰਵਿੰਦ ਕੇਜਰੀਵਾਲ ਵੱਲੋਂ ਸ਼ਕਤੀਆਂ ਦੇ ਲੋੜੋਂ ਵੱਧ ਕੇਂਦਰੀਕਰਨ ਅਤੇ ਸੂਬਾਈ ਆਗੂਆਂ ਨੂੰ ਅਣਗੌਲਿਆ ਕਰ ਕੇ ਦਿੱਲੀਉਂ ਠੋਸੇ ਜਰਨੈਲਾਂ ਕਾਰਨ ਵਿਚ ਸੂਬਾਈ ਲੀਡਰਸ਼ਿਪ ਨਿਰਾਸ਼ ਹੈ। ਇਨ੍ਹਾਂ ਕੇਂਦਰੀ ਨੇਤਾਵਾਂ ਦਾ ਰਵੱਈਆ ਪੰਜਾਬ ਦੇ 'ਆਪ' ਆਗੂਆਂ, ਵਰਕਰਾਂ ਅਤੇ ਸਮਰਥਕਾਂ ਨੂੰ ਹਜ਼ਮ ਨਹੀਂ ਹੋ ਰਿਹਾ। ਇਸ ਸਭ ਕੁਝ ਦੇ ਬਾਵਜੂਦ ਭਾਵੇਂ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਦੇ ਸਤਾਏ ਅਤੇ ਕਾਂਗਰਸ ਨੂੰ ਪਰਖ ਚੁੱਕੇ ਪੰਜਾਬ ਦੇ ਵੱਡੀ ਗਿਣਤੀ ਲੋਕਾਂ ਦਾ ਰੁਝਾਨ 'ਆਪ' ਦੇ ਹੱਕ ਵਿਚ ਦਿਖਾਈ ਦੇ ਰਿਹਾ ਹੈ।

# ਚੋਣ ਮਾਹੌਲ ਨੇ ਭਖਾਇਆ ਸਿੱਖ ਕਤਲੇਆਮ ਦਾ ਮੁੱਦਾ

**ਨਵੀਂ ਦਿੱਲੀ:** ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਕ ਵਾਰ ਫਿਰ 1984 ਦੇ ਸਿੱਖ ਕਤਲੇਆਮ ਦੇ ਇਨਸਾਫ ਦਾ ਮਾਮਲਾ ਭਖ ਗਿਆ ਹੈ। ਚੋਣਾਂ ਦੇ ਮੱਦੇਨਜ਼ਰ ਕੇਂਦਰ ਨੇ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ 28 ਹੋਰ ਕੇਸਾਂ ਨੂੰ ਮੁੜ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਕੇਸਾਂ ਦੀ ਜਾਂਚ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਕੀਤੀ ਜਾਏਗੀ। ਇਨ੍ਹਾਂ ਕੇਸਾਂ ਨੂੰ ਜਾਂ ਤਾਂ ਬੰਦ ਕਰ ਦਿੱਤਾ ਗਿਆ ਸੀ ਜਾਂ ਸਬੂਤਾਂ ਦੀ ਘਾਟ ਕਾਰਨ ਇਨ੍ਹਾਂ ਦਾ ਕੁਝ ਹੋਇਆ ਨਹੀਂ ਸੀ। ਵਿਸ਼ੇਸ਼ ਜਾਂਚ ਟੀਮ ਵੱਲੋਂ ਹੁਣ ਕੁੱਲ ਮਿਲਾ ਕੇ 77 ਕੇਸਾਂ ਦੀ ਨਵੇਂ ਸਿਰੇ ਤੋਂ ਜਾਂਚ ਕੀਤੀ ਜਾਏਗੀ। ਦਿੱਲੀ 'ਚ ਸਿੱਖ ਕਤਲੇਆਮ ਦੇ ਦਰਜ 650 ਕੇਸਾਂ 'ਚੋਂ ਐਸ.ਆਈ.ਟੀ. ਨੇ 29 ਜੁਲਾਈ ਨੂੰ 49 ਕੇਸ ਮੁੜ ਤੋਂ ਖੋਲ੍ਹਣ ਦਾ ਫੈਸਲਾ ਕੀਤਾ ਸੀ। ਯਾਦ ਰਹੇ ਕਿ ਨਵੰਬਰ 1984 ਵਿਚ 3325 ਸਿੱਖਾਂ ਦਾ ਕਤਲ ਕੀਤਾ ਗਿਆ ਸੀ। ਇਨ੍ਹਾਂ ਵਿਚੋਂ 2733 ਸਿੱਖ ਰਾਜਧਾਨੀ ਦਿੱਲੀ ਵਿਚ ਕਤਲ ਹੋਏ ਸਨ। ਇਹ ਸਰਕਾਰੀ ਅੰਕੜੇ ਹਨ ਜਦ ਕਿ




ਮੌਤਾਂ ਦੀ ਗਿਣਤੀ ਕਿਤੇ ਵੱਧ ਸੀ। ਦਿੱਲੀ ਪੁਲਿਸ ਨੇ ਸਬੂਤਾਂ ਦੀ ਘਾਟ ਦਾ ਹਵਾਲਾ ਦੇ ਕੇ 241 ਕੇਸਾਂ ਨੂੰ ਬੰਦ ਕਰ ਦਿੱਤਾ ਸੀ।

ਭਾਰਤ ਸਮੇਤ ਸੰਸਾਰ ਭਰ ਵਿਚ ਇਸ ਕਤਲੇਆਮ ਵਿਰੁੱਧ ਉਠੀ ਆਵਾਜ਼ ਦੇ ਦਬਾਅ ਹੇਠ ਸਮੇਂ-ਸਮੇਂ ਸਰਕਾਰਾਂ ਨੇ ਇਸ ਕਤਲੇਆਮ ਦੀ ਜਾਂਚ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਕਈ ਕਮਿਸ਼ਨ ਕਮੇਟੀਆਂ ਬਣਾਈਆਂ, ਪਰ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਮੁੱਖ ਦੋਸ਼ੀਆਂ ਨੂੰ ਕੋਈ ਮਿਸਾਲੀ ਸਜ਼ਾ ਨਹੀਂ ਮਿਲੀ। ਸਿਆਸੀ ਪਾਰਟੀਆਂ ਤੋਂ ਇਲਾਵਾ ਮੁਲਕ ਦੀ ਕਾਰਜਪਾਲਿਕਾ ਅਤੇ ਨਿਆਂਪਾਲਿਕਾ ਵੀ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਹੋਏ ਇਸ ਸਭ ਤੋਂ ਕਰੂਰ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਵਿਚ ਨਾਕਾਮ ਰਹੀ ਹੈ।

ਇਸ ਕਤਲੇਆਮ ਵਿਰੁੱਧ ਫੈਲੇ ਵਿਆਪਕ ਰੋਹ ਦੇ ਮੱਦੇਨਜ਼ਰ ਭਾਵੇਂ 2005 ਵਿਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਤਤਕਾਲੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਸਿੱਖਾਂ ਸਮੇਤ ਸਮੁੱਚੇ ਮੁਲਕ ਵਾਸੀਆਂ ਤੋਂ ਮੁਆਫੀ ਮੰਗ ਲਈ ਸੀ ਅਤੇ ਪੀੜਤਾਂ ਦੀ ਨਿਸ਼ਾਨਦੇਹੀ ਕਰ ਕੇ ਕੁਝ ਹੱਦ ਤੱਕ ਮੁਆਵਜ਼ਾ ਵੀ ਦੇ ਦਿਤਾ ਗਿਆ ਸੀ, ਪਰ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣ ਕਰ ਕੇ ਇਸ ਕਤਲੇਆਮ ਦੀ ਕਸਕ ਘਟੀ ਨਹੀਂ। ਸੰਸਦ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਮੌਕੇ ਸਿੱਖ ਭਾਈਚਾਰੇ ਦੀਆਂ ਵੋਟਾਂ ਬਟੋਰਨ ਲਈ ਅਕਸਰ ਹੀ ਭਾਜਪਾ ਤੇ ਹੋਰ ਪਾਰਟੀਆਂ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਗੱਲ ਕਰਦੀਆਂ ਹਨ, ਪਰ ਅਮਲੀ ਰੂਪ ਵਿਚ ਇਹ ਸਭ ਕੁਝ ਦਾਅਵਿਆਂ ਅਤੇ ਵਾਅਦਿਆਂ ਤੱਕ ਹੀ ਸੀਮਤ ਰਿਹਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਸੈਨ ਹੋਜ਼ੇ ਵਿਚ ਨਗਰ ਕੀਰਤਨ 4 ਸਤੰਬਰ ਨੂੰ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਦਿਹਾੜੇ ਸਬੰਧੀ ਪਹਿਲੀ ਵਾਰ ਨਗਰ ਕੀਰਤਨ 4 ਸਤੰਬਰ, ਐਤਵਾਰ ਨੂੰ ਕੱਢਿਆ ਜਾ ਰਿਹਾ ਹੈ। ਨਗਰ ਕੀਰਤਨ ਸਬੰਧੀ ਗੁਰੂ ਘਰ ਵਲੋਂ 5 ਵਿਸ਼ੇਸ਼ ਫਲੋਟ ਤਿਆਰ ਕੀਤੇ ਗਏ ਹਨ।

ਪ੍ਰਬੰਧਕਾਂ ਅਨੁਸਾਰ ਨਗਰ ਕੀਰਤਨ ਸਵੇਰੇ 11 ਵਜੇ ਗੁਰੂ ਘਰ ਤੋਂ ਰਵਾਨਾ ਹੋਵੇਗਾ ਅਤੇ ਨਗਰ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਕਿਊਂਬੀ ਰੋਡ ਬੰਦ ਕਰ ਦਿੱਤੀ ਜਾਵੇਗੀ। ਪ੍ਰਬੰਧਕਾਂ ਨੇ ਸੰਗਤ ਨੂੰ ਐਵਰ ਗਰੀਨ ਹਾਈ ਸਕੂਲ ਵਿਚ ਕਾਰ ਪਾਰਕ ਕਰ ਕੇ ਗੁਰੂ ਘਰ ਵਲੋਂ ਲਾਈ ਸ਼ਟਲ ਬੱਸ ਰਾਹੀਂ ਗੁਰਦੁਆਰਾ ਸਾਹਿਬ ਪਹੁੰਚਣ ਦੀ ਬੇਨਤੀ ਕੀਤੀ ਹੈ। ਗੁਰਦੁਆਰਾ ਸਾਹਿਬ ਤੋਂ ਬਾਹਰ ਨਗਰ ਕੀਰਤਨ ਦੌਰਾਨ ਪਾਣੀ, ਜੂਸ ਅਤੇ ਲਿਫਾਫਾ ਬੰਦ ਸਨੈਕਸ ਵਗੈਰਾ ਨਾਲ ਸੰਗਤ ਦੀ ਸੇਵਾ ਕੀਤੀ ਜਾਵੇਗੀ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਅੰਦਰ ਵੱਖ ਵੱਖ ਥਾਂਵਾਂ 'ਤੇ ਛੋਲੇ-ਭਠੂਰੇ, ਚਾਹ-ਪਕੌੜੇ, ਨੂਡਲ ਅਤੇ ਜਲੇਬੀਆਂ ਦੇ ਲੰਗਰਾਂ ਲਾਏ ਜਾਣਗੇ।

ਨਗਰ ਕੀਰਤਨ ਅਰੰਭ ਹੋਣ ਤੋਂ ਪਹਿਲਾਂ ਸਵੇਰੇ 10 ਵਜੇ ਬੈਟਰੀ ਨਾਲ ਚੱਲਣ ਵਾਲੀਆਂ ਕਾਰਾਂ ਲਈ ਗੁਰੂ ਘਰ ਵਿਖੇ ਕਾਰ-ਚਾਰਜਿੰਗ ਸਟੇਸ਼ਨ ਦਾ ਉਦਘਾਟਨ ਕੀਤਾ ਜਾਵੇਗਾ। ਪ੍ਰਬੰਧਕਾਂ ਅਨੁਸਾਰ ਇਸ ਤੋਂ ਪਹਿਲਾਂ ਸੰਗਤ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ ਸੋਲਰ ਸਿਸਟਮ ਲਵਾਇਆ ਗਿਆ ਅਤੇ ਲੰਗਰ ਵਿਚ ਫੋਮ ਤੇ ਪੇਪਰ ਦੇ ਬਰਤਨ ਤਿਆਗ ਕੇ ਸਟੀਲ ਦੇ ਭਾਂਡਿਆਂ ਦਾ ਇੰਤਜ਼ਾਮ ਕੀਤਾ ਗਿਆ। ਪਾਣੀ ਦੀ ਬੱਚਤ ਲਈ ਲਾਨ (ਘਾਹ) ਲਈ ਰੀਸਾਈਕਲਡ ਪਾਣੀ ਵਰਤਿਆ ਜਾਂਦਾ ਹੈ।

ਇਸ ਦੌਰਾਨ ਗੁਰੂ ਘਰ ਵਿਖੇ 31 ਅਗਸਤ ਤੋਂ 3 ਸਤੰਬਰ ਤੱਕ ਵਿਸ਼ੇਸ਼ ਕੀਰਤਨ ਦਰਬਾਰ ਸਜੇਗਾ ਜਿਸ ਵਿਚ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਤਾਜਵਿੰਦਰ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਦਰਬਾਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਭਾਈ ਜਸਵਿੰਦਰ ਸਿੰਘ, ਭਾਈ ਭੁਪਿੰਦਰ ਸਿੰਘ, ਭਾਈ ਰਸ਼ਪਾਲ ਸਿੰਘ, ਭਾਈ ਭੁਪਿੰਦਰ ਸਿੰਘ ਗੰਗਾਨਗਰ ਵਾਲੇ, ਭਾਈ ਬਲਜੀਤ ਸਿੰਘ, ਭਾਈ ਦਲੀਪ ਸਿੰਘ ਦੇ ਜਥਿਆਂ ਤੋਂ ਇਲਾਵਾ ਬੀਬੀ ਚੰਚਲਦੀਪ ਕੌਰ ਦਾ ਢਾਡੀ ਜਥਾ ਸੰਗਤਾਂ ਨੂੰ ਗੁਰ ਸ਼ਬਦ ਤੇ ਗੁਰ ਜਸ ਸਰਵਣ ਕਰਵਾਏਗਾ।

# ਭਾਰਤ ਤੇ ਅਮਰੀਕਾ ਵਿਚਾਲੇ ਰਣਨੀਤਕ ਸਾਂਝ ਵਧੀ

**ਵਾਸ਼ਿੰਗਟਨ:** ਭਾਰਤ ਅਤੇ ਅਮਰੀਕਾ ਨੇ ਦੁਵੱਲੇ ਰਣਨੀਤਿਕ ਸਬੰਧਾਂ ਨੂੰ ਹੁਲਾਰਾ ਦਿੰਦਿਆਂ ਸਾਜ਼ੋ-ਸਾਮਾਨ ਅਦਾਨ-ਪ੍ਰਦਾਨ ਸਮਝੌਤੇ ਉਤੇ ਦਸਤਖ਼ਤ ਕੀਤੇ ਹਨ। ਇਸ ਨਾਲ ਦੋਵਾਂ ਮੁਲਕਾਂ ਦੀਆਂ ਫੌਜਾਂ ਸਾਜ਼ੋ-ਸਾਮਾਨ ਦੀ ਮੁਰੰਮਤ ਅਤੇ ਸਪਲਾਈ ਲਈ ਇਕ ਦੂਜੇ ਨੂੰ ਸਹੂਲਤਾਂ ਦੇਣ ਦੇ ਨਾਲ ਨਾਲ ਇੱਕ ਦੂਜੇ ਦੇ ਟਿਕਾਣਿਆਂ ਦੀ ਵਰਤੋਂ ਕਰ ਸਕਣਗੀਆਂ। ਇਸ ਨਾਲ ਸਾਂਝੇ ਓਪਰੇਸ਼ਨਾਂ ਦੀ ਸਮਰੱਥਾ ਵਿਚ ਵਾਧਾ ਹੋਵੇਗਾ।

ਰੱਖਿਆ ਮੰਤਰੀ ਮਨੋਹਰ ਪਰੀਕਰ ਅਤੇ ਅਮਰੀਕੀ ਰੱਖਿਆ ਮੰਤਰੀ ਐਸ਼ਟਨ ਕਾਰਟਰ ਨੇ ਇਸ 'ਸਾਜ਼ੋ-ਸਾਮਾਨ ਅਦਾਨ-ਪ੍ਰਦਾਨ ਸਹਿਮਤੀ ਕਰਾਰ' ਉਤੇ ਸਹੀ ਪਾਈ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਵਿਹਾਰਕ ਸਬੰਧ ਅਤੇ ਅਦਾਨ-ਪ੍ਰਦਾਨ ਲਈ ਮੌਕੇ ਪੈਦਾ ਹੋਣਗੇ। ਪੈਂਟਾਗਨ ਵਿਚ ਸ੍ਰੀ ਕਾਰਟਰ ਨਾਲ ਗੱਲਬਾਤ ਤੋਂ ਬਾਅਦ ਸਾਂਝੀ ਪ੍ਰੈਸ ਕਾਨਫਰੰਸ ਵਿਚ ਸ੍ਰੀ ਪਰੀਕਰ ਨੇ ਸਪਸ਼ਟ ਕੀਤਾ ਕਿ ਭਾਰਤ ਵਿਚ ਕਿਸੇ ਤਰ੍ਹਾਂ ਦਾ ਬੇਸ ਬਣਾਉਣ ਜਾਂ ਬੇਸ ਬਣਾਉਣ ਲਈ ਕਿਸੇ ਤਰ੍ਹਾਂ ਦੀ ਗਤੀਵਿਧੀ ਚਲਾਉਣ ਦੀ ਇਸ ਵਿਚ ਕੋਈ ਵਿਵਸਥਾ ਨਹੀਂ ਹੈ। ਕਰਾਰ ਨਾਲ ਭਾਰਤ ਅਤੇ ਅਮਰੀਕਾ ਵਿਚਾਲੇ ਸਾਜ਼ੋ-ਸਾਮਾਨ ਸਹਿਯੋਗ, ਸਪਲਾਈ ਅਤੇ ਸੇਵਾਵਾਂ ਦੀ ਮੁੜ ਪੂਰਤੀ ਦੇ ਆਧਾਰ 'ਤੇ ਵਿਵਸਥਾ ਹੈ ਅਤੇ ਉਨ੍ਹਾਂ ਨੂੰ ਸੰਚਾਲਿਤ ਕਰਨ ਲਈ ਢਾਂਚਾ ਵੀ ਮੁਹੱਈਆ ਕਰਵਾਇਆ ਜਾਵੇਗਾ। ਇਸ ਵਿਚ ਖਾਣਾ, ਪਾਣੀ, ਰਿਹਾਇਸ਼, ਟਰਾਂਸਪੋਰਟ, ਪੈਟਰਲੀਅਮ, ਤੇਲ, ਲੁਬਰੀਕੈਂਟ, ਕੱਪੜੇ, ਸਿਹਤ ਸੇਵਾਵਾਂ, ਕਲਪੁਰਜ਼ੇ, ਮੁਰੰਮਤ ਅਤੇ ਦੇਖਭਾਲ ਸੇਵਾਵਾਂ, ਟਰੇਨਿੰਗ ਸੇਵਾਵਾਂ ਅਤੇ ਹੋਰ ਸਾਜ਼ੋ-ਸਾਮਾਨ ਦੀਆਂ ਵਸਤਾਂ ਤੇ ਸੇਵਾਵਾਂ ਸ਼ਾਮਲ ਹਨ।

ਅਮਰੀਕੀ ਰੱਖਿਆ ਮੰਤਰੀ ਨੇ ਕਿਹਾ ਕਿ ਇਹ ਕਰਾਰ ਦੋਵਾਂ ਮੁਲਕਾਂ ਦੇ ਕੰਮ ਕਰਨ ਵਿਚ ਅਹਿਮ ਭੂਮਿਕਾ ਨਿਭਾਏਗਾ। ਇਸੇ ਦੌਰਾਨ ਭਾਰਤ ਵੱਲੋਂ ਪਾਕਿਸਤਾਨ ਤੋਂ ਅਤਿਵਾਦੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਕੀਤੀ ਜਾ ਰਹੀ ਮੰਗ ਦਾ ਅਮਰੀਕਾ ਨੇ ਪੂਰਾ ਸਮਰਥਨ ਕੀਤਾ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਜੌਹਨ ਕੈਰੀ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਹਰ ਤਰ੍ਹਾਂ ਦੇ ਅਤਿਵਾਦ ਖ਼ਿਲਾਫ਼ ਭਾਰਤ ਨਾਲ ਮਜ਼ਬੂਤ ਭਾਈਵਾਲ ਵਜੋਂ ਖੜ੍ਹਾ ਹੈ।

## ਫਰਿਜ਼ਨੋ ਵਿਚ ਨਗਰ ਕੀਰਤਨ 23 ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਬੰਧੀ ਸਾਲਾਨਾ ਨਗਰ ਕੀਰਤਨ 23 ਅਕਤੂਬਰ ਨੂੰ ਸਜਾਇਆ ਜਾਵੇਗਾ। ਇਸ ਸਬੰਧੀ ਫੈਸਲਾ ਪ੍ਰਬੰਧਕਾਂ ਦੀ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਗੁਰੂ-ਘਰ ਦੇ ਮੁੱਖ ਸੇਵਾਦਾਰ ਭਾਈ ਅਵਤਾਰ ਸਿੰਘ ਨੇ ਦੱਸਿਆ ਕਿ ਆਉਂਦੇ ਦਿਨਾਂ ਵਿਚ ਸੰਗਤ ਪਾਸੋਂ ਇਸ ਨਗਰ ਕੀਰਤਨ ਸਬੰਧੀ ਸੁਝਾਅ ਮੰਗੇ ਜਾਣਗੇ ਤਾਂ ਜੋ ਪਿਛਲੀਆਂ ਕਮੀਆਂ-ਪੇਸ਼ੀਆਂ ਦੂਰ ਕੀਤੀਆਂ ਜਾ ਸਕਣ। ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਵਿਚ ਸ਼ਾਮਲ ਹੋ ਰਹੇ ਜਥਿਆਂ ਅਤੇ ਵਿਦਵਾਨਾਂ ਸਬੰਧੀ ਵੀ ਜਾਣਕਾਰੀ ਆਉਂਦੇ ਦਿਨਾਂ ਵਿਚ ਨਸ਼ਰ ਕੀਤੀ ਜਾਵੇਗੀ।


ਰੈਸਟੋਰੈਂਟ ਵਿਕਾਊ ਹੈ

ਸਾਊਥ ਟੈਕਸਸ ਦੇ ਇਕ ਛੋਟੇ ਟਾਊਨ ਵਿਚ ਵਧੀਆ ਚਲਦਾ ਇੰਡੀਅਨ ਰੈਸਟੋਰੈਂਟ ਵਿਕਾਊ ਹੈ। ਫੁੱਲ ਕਿਚਨ, ਡਾਈਨਿੰਗ ਹਾਲ ਵਿਚ 70 ਸੀਟਾਂ

ਸੰਭਾਵਿਤ ਆਮਦਨ: $420,000

*ਸੰਪਰਕ ਕਰੋ: ਸਨੀ ਸਿੰਘ*

ਫੋਨ: 361-271-0705

**Indian Restaurant For Sale**

Small town Of South Texas

Full kitchen with 70 seater dinning hall

Projected Gross of $420,000.

Cont: Sunny Singh, Ph: 361-271-0705

36


## ਪਾਕਿਸਤਾਨੀ ਜਹਾਜ਼ ਭਾਰਤ ਵਿਚ ਵੜਿਆ

**ਜੰਮੂ:** ਪਾਕਿਸਤਾਨ ਦਾ ਇੱਕ ਜਹਾਜ਼ ਸੋਮਵਾਰ ਨੂੰ ਭਾਰਤੀ ਹਵਾਈ ਸੀਮਾ ਵਿਚ ਜੰਮੂ ਦੇ ਆਰ.ਐਸ. ਪੁਰਾ ਸੈਕਟਰ ਵਿਚ ਵੇਖਿਆ ਗਿਆ, ਪਰ ਕੁਝ ਮਿੰਟਾਂ ਬਾਅਦ ਜਹਾਜ਼ ਵਾਪਸ ਆਪਣੀ ਸੀਮਾ ਵਿਚ ਚਲਾ ਗਿਆ। ਬਹੁਤ ਹੇਠਾਂ ਉਡਾਣ ਭਰ ਰਹੇ, ਇਸ ਜਹਾਜ਼ ਨੂੰ ਕੌਮਾਂਤਰੀ ਸੀਮਾ ਦੀ ਸੁਰੱਖਿਆ ਕਰ ਰਹੇ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਨੇ ਵੇਖਿਆ।

ਸੂਤਰਾਂ ਮੁਤਾਬਕ, ਬੀ.ਐਸ.ਐਫ. ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਜਹਾਜ਼ ਨੇ ਦੁਪਹਿਰੇ ਇਕ ਵੱਜ ਕੇ 10 ਮਿੰਟ 'ਤੇ ਸੀਮਾ ਪਾਰ ਤੋਂ ਭਾਰਤੀ ਹਵਾਈ ਸੀਮਾ ਵਿਚ ਐਂਟਰੀ ਕੀਤੀ। ਇਸ ਸਬੰਧੀ ਬੀ.ਐਸ.ਐਫ. ਦੇ ਦਿੱਲੀ ਹੈੱਡਕੁਆਰਟਰ ਨੂੰ ਰਿਪੋਰਟ ਭੇਜ ਦਿਤੀ ਗਈ।

# ਬੇਵਸੀ: ਪਤਨੀ ਦੀ ਲਾਸ਼ ਚੁੱਕ ਕੇ ਚੱਲਣਾ ਪਿਆ ਪੈਦਲ



**ਭੁਵਨੇਸ਼ਵਰ:** ਭੁਵਨੇਸ਼ਵਰ ਦੇ ਪੱਛੜੇ ਜ਼ਿਲ੍ਹੇ ਕਾਲਾਹਾਂਡੀ ਵਿਚ ਇਕ ਆਦੀਵਾਸੀ ਵਿਅਕਤੀ ਨੂੰ ਆਪਣੀ ਪਤਨੀ ਦੀ ਲਾਸ਼ ਮੋਢੇ 'ਤੇ ਤਕਰੀਬਨ 10 ਕਿਲੋਮੀਟਰ ਦੂਰ ਲੈ ਕੇ ਚੱਲਣਾ ਪਿਆ। ਹਸਪਤਾਲ ਤੋਂ ਲਾਸ਼ ਘਰ ਲਿਜਾਣ ਲਈ ਉਸ ਨੂੰ ਕੋਈ ਐਂਬੂਲੈਂਸ ਨਹੀਂ ਮਿਲੀ। ਵਿਅਕਤੀ ਦੇ ਨਾਲ ਉਸ ਦੀ 12 ਸਾਲ ਦੀ ਬੇਟੀ ਵੀ ਸੀ। ਲੋਕਾਂ ਨੇ ਦਾਨਾ ਮਾਂਝੀ ਨੂੰ ਆਪਣੀ ਪਤਨੀ ਅਮੰਗ ਦੇਈ ਦੀ ਲਾਸ਼ ਨੂੰ ਮੋਢੇ 'ਤੇ ਲਿਜਾਂਦੇ ਵੇਖਿਆ। 42 ਸਾਲਾ ਅਮੰਗ ਦੀ ਭਵਾਨੀ ਪਟਨਾ ਵਿਚ ਜ਼ਿਲ੍ਹੇ ਦੇ ਹਸਪਤਾਲ ਵਿਚ ਟੀ.ਬੀ. ਨਾਲ ਮੌਤ ਹੋ ਗਈ ਸੀ।

ਜ਼ਿਕਰਯੋਗ ਹੈ ਕਿ ਅਜਿਹੀ ਸਥਿਤੀ ਲਈ ਹੀ ਨਵੀਨ ਪਟਨਾਇਕ ਸਰਕਾਰ ਨੇ ਫਰਵਰੀ ਵਿਚ 'ਮਹਾਪਰਾਇਣ' ਯੋਜਨਾ ਦੀ ਸ਼ੁਰੂਆਤ ਕੀਤੀ ਸੀ। ਇਸ ਤਹਿਤ ਮ੍ਰਿਤਕ ਦੇਹ ਨੂੰ ਸਰਕਾਰੀ ਹਸਪਤਾਲ ਤੋਂ ਪੀੜਤ ਦੇ ਘਰ ਤੱਕ ਪਹੁੰਚਾਉਣ ਲਈ ਮੁਫਤ ਗੱਡੀ ਦੀ ਸਹੂਲਤ ਦਿੱਤੀ ਜਾਂਦੀ ਹੈ। ਪੀੜਤ ਵਿਅਕਤੀ ਨੇ ਦੱਸਿਆ ਕਿ ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਵੀ ਉਸ ਨੂੰ ਹਸਪਤਾਲ ਦੇ ਅਧਿਕਾਰੀਆਂ ਤੋਂ ਕੋਈ ਮਦਦ ਨਹੀਂ ਮਿਲੀ। ਉਸ ਦਾ ਘਰ 60 ਕਿਲੋਮੀਟਰ ਦੂਰ ਸੀ। ਸੂਤਰਾਂ ਅਨੁਸਾਰ ਕੁਝ ਪੱਤਰਕਾਰਾਂ ਨੇ ਮਾਂਝੀ ਨੂੰ ਲਾਸ਼ ਲਿਜਾਂਦੇ ਵੇਖਿਆ ਤੇ ਫਿਰ ਜ਼ਿਲ੍ਹਾ ਕੁਲੈਕਟਰ ਨਾਲ ਸੰਪਰਕ ਕੀਤਾ। ਇਸ ਦੇ ਬਾਅਦ ਮਾਂਝੀ ਨੂੰ ਬਾਕੀ 50 ਕਿਲੋਮੀਟਰ ਦੀ ਯਾਤਰਾ ਲਈ ਐਂਬੂਲੈਂਸ ਦੀ ਸੇਵਾ ਮੁਹੱਈਆ ਕਰਵਾਈ ਗਈ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email: Homeomedicine@yahoo.com



**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ



Satwant Singh, CLCS, MBA

*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

Allied Insurance
a Nationwide Insurance® company

**Call today for your FREE, no-obligation quote:** **1-408-771-2438**

satwant@satwantins.com

# ਸਿੱਖ ਕਤਲੇਆਮ: 32 ਸਾਲ ਬਾਅਦ ਲੱਗੀ ਜ਼ਖਮਾਂ ਉਤੇ ਮਰਹਮ

**ਚੰਡੀਗੜ੍ਹ:** 1984 ਦੇ ਸਿੱਖ ਨਸਲਕੁਸ਼ੀ ਦੇ ਦੋ ਪੀੜਤਾਂ ਨੂੰ ਮੁਆਵਜ਼ਾ ਲੈਣ ਲਈ 32 ਸਾਲ ਦੀ ਉਡੀਕ ਕਰਨੀ ਪਈ। ਮੱਧ ਪ੍ਰਦੇਸ਼ ਦੀ ਹਾਈ ਕੋਰਟ ਨੇ 1984 ਦੇ ਦੋ ਪੀੜਤਾਂ ਨੂੰ ਮੁਆਵਜ਼ੇ ਦੇ ਨਾਲ 1984 ਤੋਂ ਲੈ ਕੇ ਅੱਜ ਤੱਕ ਪ੍ਰਤੀ ਸਾਲ 8.5 ਫੀਸਦੀ ਦੀ ਦਰ ਨਾਲ ਭੁਗਤਾਨ ਕਰਨ ਦੇ ਸੂਬਾ ਸਰਕਾਰ ਨੂੰ ਆਦੇਸ਼ ਦਿੱਤੇ ਹਨ।

ਅਦਾਲਤ ਨੇ ਇਕ ਦੁਕਾਨਦਾਰ ਸ਼ਰਨ ਸਿੰਘ ਨੂੰ 3,77,398 ਰੁਪਏ ਤੇ ਇਕ ਮਿੱਲ ਮਾਲਕ ਸੁਰਜੀਤ ਸਿੰਘ ਨੂੰ 1,04,160 ਰੁਪਏ ਅਦਾ ਕਰਨ ਦੇ ਹੁਕਮ ਜਾਰੀ ਕੀਤੇ ਹਨ। ਜੇ 90 ਦਿਨਾਂ ਦੇ ਅੰਦਰ ਸਰਕਾਰ ਇਹ ਮੁਆਵਜ਼ਾ ਰਾਸ਼ੀ ਅਦਾ ਨਹੀਂ ਕਰਦੀ ਤਾਂ ਉਸ ਨੂੰ ਪੀੜਤਾਂ ਨੂੰ ਮਿਥੀ ਰਾਸ਼ੀ ਦੇ ਨਾਲ 25,000 ਰੁਪਏ ਹੋਰ ਦੇਣੇ ਹੋਣਗੇ। 1984 ਦੀ ਸਿੱਖ ਨਸਲਕੁਸ਼ੀ ਵੇਲੇ ਦਿੱਲੀ ਦੇ ਨਾਲ ਪੰਜਾਬ, ਹਰਿਆਣਾ ਤੇ ਮੱਧ ਪ੍ਰਦੇਸ਼ ਵਿਚ ਵੱਸਦੇ ਸਿੱਖਾਂ ਦਾ ਵੀ ਕਤਲੇਆਮ ਤੇ ਉਜਾੜਾ ਕੀਤਾ ਗਿਆ ਸੀ। ਉਦੋਂ ਮਿੱਲ ਮਾਲਕ ਸੁਰਜੀਤ ਸਿੰਘ ਤੇ ਸ਼ਰਨ ਸਿੰਘ ਦੀਆਂ ਦੁਕਾਨਾਂ ਭੀੜ ਨੇ ਲੁੱਟ ਲਈਆਂ ਸਨ। ਦੋਵਾਂ ਪੀੜਤਾਂ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ, ਪਰ ਸੂਬਾ ਸਰਕਾਰ ਨੇ ਇਹ ਕਹਿ



ਕੇ ਮੁਆਵਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਸਰਕਾਰ ਕੋਲ ਮੌਜੂਦ ਪੀੜਤਾਂ ਦੀ ਸੂਚੀ ਵਿਚ ਸ਼ਰਨ ਸਿੰਘ ਤੇ ਸੁਰਜੀਤ ਸਿੰਘ ਦਾ ਨਾਂ ਦਰਜ ਨਹੀਂ ਹੈ।

2001 ਵਿਚ ਮਾਮਲਾ ਮੁੜ ਅਦਾਲਤ ਵਿਚ ਗਿਆ ਤੇ ਹੁਣ 32 ਸਾਲਾਂ ਬਾਅਦ ਜਸਟਿਸ ਐਸ.ਸੀ. ਸ਼ਰਮਾ ਦੀ ਅਦਾਲਤ ਨੇ ਪੀੜਤਾਂ ਦੇ ਹੱਕ ਵਿਚ ਫੈਸਲਾ ਸੁਣਾਇਆ ਹੈ। ਜਸਟਿਸ ਸ਼ਰਮਾ ਨੇ ਫੈਸਲਾ ਸੁਣਾਉਂਦਿਆਂ ਪੀੜਤਾਂ ਤੋਂ ਦੇਰੀ ਨਾਲ ਮੁਆਵਜ਼ਾ ਜਾਰੀ ਕੀਤੇ ਜਾਣ ਦੀ ਮੁਆਫੀ ਵੀ ਮੰਗੀ। ਜੱਜ ਨੇ ਕਿਹਾ ਕਿ 1984 ਨਸਲਕੁਸ਼ੀ ਦੌਰਾਨ ਸਿੱਖ ਭਾਈਚਾਰੇ ਨੇ ਹਿੰਸਾ ਦਾ ਡੂੰਘਾ ਦਰਦ ਹੰਢਾਇਆ, ਮੁਆਵਜ਼ਾ ਉਨ੍ਹਾਂ ਦੇ ਉਸ ਦਰਦ ਨੂੰ ਤਾਂ ਘੱਟ ਨਹੀਂ ਕਰ ਸਕਦਾ ਪਰ ਮੁਆਵਜ਼ਾ ਹੀ ਪੀੜਤਾਂ ਦੀ ਮਦਦ ਦਾ ਇਕ ਜ਼ਰੀਆ ਹੈ।

## ਚੁਰਾਸੀ ਪੀੜਤਾਂ ਨੇ ਖੋਲ੍ਹਿਆ ਬਾਦਲ ਸਰਕਾਰ ਵਿਰੁਧ ਮੋਰਚਾ

**ਅੰਮ੍ਰਿਤਸਰ:** 1984 ਦਿੱਲੀ ਸਿੱਖ ਕਤਲੇਆਮ ਦੇ ਪੀੜਤਾਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਐਲਾਨ ਕੀਤਾ ਕਿ ਪੀੜਤ ਪਰਿਵਾਰਾਂ ਦੀਆਂ ਚਾਰ ਵਿਧਵਾ ਬੀਬੀਆਂ 12 ਸਤੰਬਰ ਨੂੰ ਲੁਧਿਆਣਾ ਦੇ ਡੀ.ਸੀ. ਦਫਤਰ ਬਾਹਰ ਮਾਰਨ ਵਰਤ 'ਤੇ ਬੈਠਣਗੀਆਂ। ਇਹ ਸੰਘਰਸ਼ ਸਰਕਾਰ ਵੱਲੋਂ ਪੀੜਤਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਨਾ ਪੂਰਾ ਕਰਨ ਖਿਲਾਫ ਸ਼ੁਰੂ ਕੀਤਾ ਜਾਵੇਗਾ। ਇਸ ਦਾ ਐਲਾਨ 1984 ਸਿੱਖ ਕਤਲੇਆਮ ਪੀੜਤ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਨੇ ਅੰਮ੍ਰਿਤਸਰ ਵਿਚ ਕੀਤਾ। ਸੁਰਜੀਤ ਸਿੰਘ ਨੇ ਪੰਜਾਬ ਸਰਕਾਰ ਤੇ ਅਫਸਰਸ਼ਾਹੀ ਨੂੰ ਦੋਸ਼ੀ ਠਹਿਰਾਉਂਦਿਆਂ ਦੱਸਿਆ ਕਿ ਸਰਕਾਰ ਨੇ 1024 ਪਰਿਵਾਰਾਂ ਨੂੰ 2-2 ਲੱਖ ਰੁਪਏ ਦਾ ਐਲਾਨ ਕੀਤਾ ਸੀ। ਕਿਸੇ ਵੀ ਜ਼ਿਲ੍ਹੇ ਦੇ ਅਧਿਕਾਰੀ ਨੇ ਕਿਸੇ ਪਰਿਵਾਰ ਦੀ ਕੋਈ ਵੀ ਅਰਜ਼ੀ ਨਹੀਂ ਲਈ ਜਦਕਿ ਸਰਕਾਰ ਦੇ ਐਲਾਨ ਦੀ ਆਖਰੀ ਤਰੀਕ ਵੀ ਲੰਘ ਚੁੱਕੀ ਹੈ। ਸਰਕਾਰ ਨੇ ਇਹ ਵੀ ਕਿਹਾ ਸੀ ਕਿ ਇਨ੍ਹਾਂ ਪਰਿਵਾਰਾਂ ਦੇ ਲਾਲ ਕਾਰਡ ਬਣਾਏ ਜਾਣਗੇ। ਇਨ੍ਹਾਂ ਪਰਿਵਾਰਾਂ ਨੂੰ ਦਿੱਲੀ ਦੀ ਤਰਜ਼ ਤੇ ਪ੍ਰਧਾਨ ਮੰਤਰੀ ਨਾਲ ਗੱਲ ਕਰ ਕੇ 5-5 ਲੱਖ ਰੁਪਏ ਮੁਆਵਜ਼ਾ ਦਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਮੁਤਾਬਕ ਜਿਨ੍ਹਾਂ ਪਰਿਵਾਰਾਂ ਨੂੰ ਮਕਾਨ ਨਹੀਂ ਮਿਲੇ, ਉਨ੍ਹਾਂ ਨੂੰ ਮਕਾਨ ਦਿੱਤਾ ਜਾਵੇਗਾ ਤੇ ਪੜ੍ਹੇ-ਲਿਖੇ ਬੇਰੁਜ਼ਗਾਰ ਬੱਚਿਆਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ, ਪਰ ਸਰਕਾਰ ਦੇ ਨੌਂ ਸਾਲ ਪੂਰੇ ਹੋਣ ਤੋਂ ਬਾਅਦ ਵੀ ਪੀੜਤ ਪਰਿਵਾਰਾਂ ਦੀ ਕੋਈ ਸਾਰ ਨਹੀਂ ਲਈ ਗਈ।

## ਇੰਦੌਰ ਵਾਂਗ ਦਿੱਲੀ ਦੇ ਪੀੜਤਾਂ ਨੂੰ ਇਨਸਾਫ ਮਿਲੇ: ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੱਧ ਪ੍ਰਦੇਸ਼ ਹਾਈ ਕੋਰਟ ਵੱਲੋਂ ਇੰਦੌਰ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ 1984 ਦੇ ਦੋ ਸਿੱਖ ਪੀੜਤਾਂ ਨੂੰ ਉਨ੍ਹਾਂ ਦੇ ਮਾਲੀ ਨੁਕਸਾਨ ਦੇ ਬਦਲੇ ਵਿਆਜ ਸਮੇਤ ਮੁਆਵਜ਼ਾ ਅਦਾ ਕਰਨ ਦੇ ਸੁਣਾਏ ਗਏ ਹੁਕਮਾਂ ਦੀ ਸ਼ਲਾਘਾ ਕੀਤੀ ਹੈ। ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਇੰਦੌਰ ਦੀ ਤਰ੍ਹਾਂ ਦਿੱਲੀ ਦੇ 1984 ਦੇ ਸਿੱਖ ਨਸਲਕੁਸ਼ੀ ਦੇ ਸ਼ਿਕਾਰ ਲੋਕਾਂ ਨੂੰ ਵੀ ਅਦਾਲਤ ਵੱਲੋਂ ਜਲਦੀ ਇਨਸਾਫ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ 1984 ਦੀ ਸਿੱਖ ਨਸਲਕੁਸ਼ੀ ਵੇਲੇ ਬਰਬਾਦ ਹੋਏ ਸਨ, ਉਨ੍ਹਾਂ ਦੇ ਜਾਨੀ ਤੇ ਮਾਲੀ ਹੋਏ ਨੁਕਸਾਨ ਦੀ ਭਰਪਾਈ ਦੇ ਨਾਲ-ਨਾਲ ਦਿੱਲੀ ਸਿੱਖ ਕਤਲੇਆਮ ਦੇ ਕਾਤਲਾਂ ਨੂੰ ਸਜ਼ਾਵਾਂ ਦੇ ਕੇ ਇਨਸਾਫ ਮਿਲਣਾ ਚਾਹੀਦਾ ਹੈ।

# ਹਾਈ ਕੋਰਟ ਵੱਲੋਂ ਪੰਜਾਬ ਦੀਆਂ ਪੰਚਾਇਤਾਂ ਨੂੰ ਇਨਸਾਫ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹੁਕਮ ਦਿੱਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਗਰਾਂਟ ਸਿੱਧੀ ਗਰਾਮ ਪੰਚਾਇਤ ਫੰਡਜ਼ ਵਿਚ ਜਮ੍ਹਾਂ ਕਰਾਈ ਜਾਵੇਗੀ। ਇਸ ਅਹਿਮ ਫੈਸਲੇ ਨਾਲ ਪਿੰਡਾਂ ਵਿਚ ਵਿਕਾਸ ਕਾਰਜਾਂ ਲਈ ਰਾਸ਼ੀ ਜਾਰੀ ਕਰਨ ਅਤੇ ਵਰਤੋਂ ਕਰਨ ਦਾ ਅਧਿਕਾਰ ਪੰਚਾਇਤਾਂ ਨੂੰ ਮਿਲ ਗਿਆ ਹੈ। ਹੁਣ ਪੰਚਾਇਤਾਂ ਨੂੰ ਰਾਸ਼ੀ ਕਿਸੇ ਵੀ ਕੰਮ 'ਤੇ ਖਰਚਣ ਦੀ ਖੁੱਲ੍ਹ ਹੋਵੇਗੀ। ਹਾਈ ਕੋਰਟ ਨੇ ਪੰਜਾਬ ਦੇ ਚੀਫ ਸੈਕਟਰੀ ਨੂੰ ਇਸ ਬਾਰੇ ਸੂਬੇ ਦੇ ਸਾਰੇ ਵਿਭਾਗਾਂ ਨੂੰ ਹਦਾਇਤਾਂ ਜਾਰੀ ਕਰਨ ਲਈ ਕਿਹਾ ਹੈ।

ਖਿੱਪਾਂਵਾਲੀ ਗ੍ਰਾਮ ਪੰਚਾਇਤ ਅਤੇ ਹੋਰਾਂ ਦੀਆਂ 17 ਪਟੀਸ਼ਨਾਂ ਉਤੇ ਸੁਣਵਾਈ ਕਰਦਿਆਂ ਜਸਟਿਸ ਰਾਮੇਸ਼ਵਰ ਸਿੰਘ ਮਲਿਕ ਨੇ ਹੁਕਮ ਦਿੱਤਾ ਕਿ ਪੰਚਾਇਤ ਫੰਡ ਵਿਚੋਂ ਇਕ ਇਕ ਪੈਸਾ ਸਿਰਫ ਗਰਾਮ ਪੰਚਾਇਤ ਵੱਲੋਂ ਖਰਚਿਆ ਜਾਵੇਗਾ। ਬਲਾਕ ਵਿਕਾਸ ਤੇ ਪੰਚਾਇਤ ਅਫਸਰ (ਬੀ.ਡੀ.ਪੀ.ਓ.) ਸਮੇਤ ਸੂਬਾ ਸਰਕਾਰ ਦੀ ਕਿਸੇ ਵੀ ਏਜੰਸੀ ਜਾਂ ਅਧਿਕਾਰੀ ਨੂੰ ਪੰਚਾਇਤ ਦੀ ਮਰਜ਼ੀ ਅਤੇ ਭਾਈਵਾਲੀ ਬਗੈਰ ਪੰਚਾਇਤ ਫੰਡ ਵਿਚੋਂ ਖਰਚ ਕਰਨ ਦਾ ਅਧਿਕਾਰ ਨਹੀਂ ਹੋਵੇਗਾ। ਹਾਈ ਕੋਰਟ ਨੇ ਕਿਹਾ ਕਿ ਪਹਿਲਾਂ ਗਰਾਂਟਾਂ ਸਿੱਧੀਆਂ ਪੰਚਾਇਤ ਫੰਡ ਵਿਚ ਜਮ੍ਹਾਂ ਨਹੀਂ ਕਰਾਈਆਂ ਜਾਂਦੀਆਂ ਸਨ ਅਤੇ ਪਿੰਡਾਂ ਵਿਚ ਵਿਕਾਸ ਕਾਰਜ ਕਰਨ ਵਾਲੀਆਂ ਏਜੰਸੀਆਂ ਨੂੰ ਰਾਸ਼ੀ ਜਾਰੀ ਕੀਤੀ ਜਾਂਦੀ ਸੀ, ਜਿਸ ਕਾਰਨ ਪੰਚਾਇਤਾਂ ਪੀੜਤ ਸਨ।

ਜਸਟਿਸ ਮਲਿਕ ਨੇ ਕਿਹਾ ਕਿ ਜਵਾਬਦੇਹ ਧਿਰਾਂ ਗਰਾਂਟਾਂ ਸਿੱਧੀਆਂ ਗਰਾਮ ਪੰਚਾਇਤ ਫੰਡਜ਼ ਵਿਚ ਜਮ੍ਹਾਂ ਕਰਾਉਣਗੀਆਂ। ਉਹ ਇਸ ਗੱਲ ਦੀ ਪ੍ਰਵਾਹ ਨਹੀਂ ਕਰਨਗੀਆਂ ਕਿ ਇਹ ਗਰਾਂਟਾਂ ਕਿਹੜੇ ਸਰੋਤ ਤੋਂ ਆ ਰਹੀਆਂ ਹਨ। ਇਸ ਸਬੰਧੀ ਕਿਸੇ ਤਰ੍ਹਾਂ ਦੀ ਕੋਈ ਢਿੱਲ ਨਾ ਦਿੱਤੇ ਜਾਣ 'ਤੇ ਜ਼ੋਰ ਦੇਣ ਦੀ ਲੋੜ ਹੈ। ਇਸ ਬਾਅਦ ਪੰਚਾਇਤ ਦੇ ਹੱਥ ਹੋਵੇਗਾ ਕਿ ਉਹ ਫੰਡ ਵਿਚੋਂ ਕਿੰਨੀ ਰਾਸ਼ੀ, ਕਿਹੜੇ ਵਿਕਾਸ ਕਾਰਜ ਉਤੇ ਖਰਚ ਕਰੇਗੀ। ਪੰਚਾਇਤ ਵਿਕਾਸ ਕਾਰਜ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਇੰਜੀਨੀਅਰਿੰਗ ਵਿੰਗ ਜਾਂ ਕਿਸੇ ਪ੍ਰਾਈਵੇਟ ਏਜੰਸੀ ਤੋਂ ਵੀ ਕਰਾ ਸਕਦੀ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਅਧਿਕਾਰੀਆਂ ਨੂੰ ਪੰਚਾਇਤਾਂ ਨੂੰ ਫੰਡ ਵਿਚੋਂ ਰਾਸ਼ੀ ਖਰਚ ਕਰਨ ਜਾਂ ਕਿਸੇ ਖਾਸ ਏਜੰਸੀ ਨੂੰ ਰਾਸ਼ੀ ਜਾਰੀ ਕਰਨ ਬਾਰੇ ਹਦਾਇਤ ਦੇਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਪੰਚਾਇਤ ਕਾਨੂੰਨ ਮੁਤਾਬਕ ਖਾਸ ਵਿਕਾਸ ਕਾਰਜ ਲਈ ਕਿਸੇ ਏਜੰਸੀ ਨੂੰ ਫੰਡ ਜਾਰੀ ਕਰਨ ਸਬੰਧੀ ਮਤਾ ਪਾਸ ਕਰ ਸਕਦੀ ਹੈ।

ਗਰਾਮ ਪੰਚਾਇਤ ਵਿਸ਼ੇਸ਼ ਸਕੀਮ ਜਾਂ ਖਾਸ ਵਿਕਾਸ ਕਾਰਜ ਲਈ ਜਾਰੀ ਹੋਈ ਗਰਾਂਟ ਨੂੰ ਉਸੇ ਕਾਰਜ ਉਤੇ ਖਰਚ ਕਰਨ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਹੋਏਗੀ। ਗਰਾਂਟ ਦੇਣ ਵਾਲਾ ਵਿਭਾਗ ਪੰਚਾਇਤ ਨੂੰ ਇਸ ਰਾਸ਼ੀ ਨੂੰ ਖਾਸ ਕਾਰਜ ਉਤੇ ਖਰਚ ਕਰਨ ਲਈ ਕਹਿ ਸਕੇਗਾ। ਜਨਤਕ ਰਾਸ਼ੀ ਨੂੰ ਪੰਚਾਇਤ ਸੂਝ-ਬੂਝ ਤੇ ਸਰਗਰਮ ਹੋ ਕੇ ਖਰਚੇਗੀ। ਇਹ ਹੁਕਮ ਚੱਲ ਰਹੇ ਵਿਕਾਸ ਕਾਰਜਾਂ 'ਤੇ ਲਾਗੂ ਨਹੀਂ ਹੋਣਗੇ। ਪੰਚਾਇਤ ਫੰਡ ਵਿਚੋਂ ਵਿਕਾਸ ਕਾਰਜਾਂ ਉਤੇ ਖਰਚ ਕਰਨ ਵਾਲਾ ਹਰੇਕ ਵਿਭਾਗ ਮੁਕੰਮਲ ਪਾਰਦਰਸ਼ਤਾ ਰੱਖੇਗਾ।

# ਐਮਰਜੈਂਸੀ ਦਾ ਵਿਰੋਧ ਕਰਨ ਵਾਲਿਆਂ ਨੂੰ ਮਿਲੇਗੀ ਪੈਨਸ਼ਨ

**ਜਲੰਧਰ:** 1975 ਵਿਚ ਲੱਗੀ ਐਮਰਜੈਂਸੀ ਦਾ ਵਿਰੋਧ ਕਰਨ ਵਾਲਿਆਂ ਨੂੰ ਪੰਜਾਬ ਸਰਕਾਰ ਛੇਤੀ ਹੀ ਪੈਨਸ਼ਨ ਦੇਣ ਜਾ ਰਹੀ ਹੈ। 25-26 ਜੂਨ, 1975 ਦੀ ਰਾਤ ਨੂੰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਰਜਕਾਲ 'ਚ ਐਮਰਜੈਂਸੀ ਲਾਗੂ ਕਰ ਦਿੱਤੀ ਗਈ ਸੀ ਤੇ ਮੀਸਾ ਕਾਨੂੰਨ ਤਹਿਤ ਦੇਸ਼ ਭਰ ਵਿਚ ਲੱਖਾਂ ਲੋਕਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਸੀ।

ਐਮਰਜੈਂਸੀ ਦਾ ਵਿਰੋਧ ਕਰਨ ਵਾਲਿਆਂ ਨੂੰ ਪਹਿਲੀ ਵਾਰ ਸਰਕਾਰ ਵੱਲੋਂ ਪੈਨਸ਼ਨ ਪ੍ਰਦਾਨ ਕੀਤੀ ਜਾ ਰਹੀ ਹੈ। ਦੇਸ਼ ਭਰ 'ਚ ਕਾਂਗਰਸ ਸਰਕਾਰ ਦੇ ਇਸ ਕਦਮ ਦਾ ਤਿੱਖਾ ਵਿਰੋਧ ਹੋਇਆ ਸੀ। ਪੰਜਾਬ ਵਿਚ ਐਮਰਜੈਂਸੀ ਦਾ ਵੱਡੇ ਪੱਧਰ ਉਤੇ ਵਿਰੋਧ ਕਰਨ ਵਾਲੇ ਅਕਾਲੀ ਵਰਕਰ ਤੇ ਜਨਸੰਘ ਦੇ ਵਰਕਰਾਂ ਨੇ ਇਸ ਦਾ ਵੱਡੇ ਪੱਧਰ 'ਤੇ ਵਿਰੋਧ ਕੀਤਾ ਸੀ। ਦੱਸਿਆ ਜਾਂਦਾ ਹੈ ਕਿ ਸਰਕਾਰ ਦੀ ਹਦਾਇਤ ਮੁਤਾਬਕ ਇਸ ਤਰ੍ਹਾਂ ਦੇ ਵਿਰੋਧ ਕਰਨ ਵਾਲੇ ਵਰਕਰਾਂ ਦਾ ਸਰਕਾਰ ਵੱਲੋਂ ਸਨਮਾਨ ਕੀਤਾ ਜਾਵੇਗਾ।

ਪੰਜਾਬ 'ਚ ਐਮਰਜੈਂਸੀ ਦਾ ਵਿਰੋਧ ਕਰਨ ਵਾਲਿਆਂ ਦੀ ਗਿਣਤੀ 1000 ਤੋਂ ਜ਼ਿਆਦਾ ਹੋਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਕਈ ਜ਼ਿਲ੍ਹਿਆਂ ਵਿਚ ਐਮਰਜੈਂਸੀ ਦਾ ਵਿਰੋਧ ਕਰਨ ਵਾਲੇ ਵਰਕਰਾਂ ਦੀ ਪਛਾਣ ਥਾਣਿਆਂ ਵਿਚ ਦਰਜ ਕੇਸਾਂ ਤੋਂ ਕੀਤੀ ਜਾ ਰਹੀ ਹੈ ਅਤੇ ਇਸ ਦੇ ਨਾਲ ਪਾਰਟੀ ਵੀ ਆਪਣੇ ਤੌਰ 'ਤੇ ਮੌਜੂਦ ਵਰਕਰਾਂ ਦੀ ਪਛਾਣ ਕਰ ਰਹੀ ਹੈ। ਵਿਰੋਧ ਕਰਨ ਵਾਲੇ ਵਰਕਰਾਂ ਨੂੰ ਸਤੰਬਰ ਮਹੀਨੇ ਵਿਚ ਹਰ ਜ਼ਿਲ੍ਹੇ ਵਿਚ ਸਮਾਗਮ ਦੌਰਾਨ ਚੈੱਕ ਪ੍ਰਦਾਨ ਕਰ ਕੇ ਸਨਮਾਨ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਐਮਰਜੈਂਸੀ ਦਾ ਵਿਰੋਧ ਕਰਨ ਵਾਲਿਆਂ ਨੂੰ 1000 ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾਵੇਗੀ।

# ਗੁਰਦੁਆਰੇ ਦੀ ਪ੍ਰਧਾਨਗੀ ਲਈ ਖੂਨੀ ਝੜਪ ਵਿਚ ਦੋ ਮੌਤਾਂ

**ਜਗਰਾਉਂ:** ਇਥੋਂ ਦੇ ਪਿੰਡ ਚਕਰ ਵਿਚ ਗੁਰਦੁਆਰੇ ਦੀ ਪ੍ਰਧਾਨਗੀ ਦੇ ਵਿਵਾਦ ਕਾਰਨ ਦੋ ਵਿਅਕਤੀਆਂ ਦਾ ਕਤਲ ਹੋ ਗਿਆ। ਮਿਲੀ ਜਾਣਕਾਰੀ ਮੁਤਾਬਕ ਪਿੰਡ ਵਿਚ ਇਕ ਗੁਰਦੁਆਰਾ ਹੈ, ਜਿਸ ਦੀ ਪ੍ਰਧਾਨਗੀ ਲਈ ਦੋ-ਤਿੰਨ ਮਹੀਨੇ ਪਹਿਲਾਂ ਪਿੰਡ ਵੱਲੋਂ ਸਾਂਝੇ ਤੌਰ 'ਤੇ ਮਤਾ ਪਾਇਆ ਗਿਆ ਸੀ ਅਤੇ ਸਰਬਸੰਮਤੀ ਨਾਲ ਹੀਰਾ ਸਿੰਘ ਨੂੰ ਪ੍ਰਧਾਨ ਚੁਣ ਲਿਆ ਗਿਆ ਸੀ।

ਪਿੰਡ ਦਾ ਇਕ ਹੋਰ ਵਿਅਕਤੀ ਹਰਜੀਤ ਸਿੰਘ ਪੁੱਤਰ ਸੁਖਪਾਲ ਸਿੰਘ ਜੋ ਕਿ ਕੁਝ ਸਮਾਂ ਪਹਿਲਾ ਵਿਦੇਸ਼ ਤੋਂ ਆਇਆ ਹੈ, ਗੁਰਦੁਆਰੇ ਦੀ ਪ੍ਰਧਾਨਗੀ ਦਾ ਇੱਛੁਕ ਸੀ ਅਤੇ ਹੀਰਾ ਸਿੰਘ ਨੂੰ ਪ੍ਰਧਾਨ ਬਣਾਉਣ ਤੋਂ ਖ਼ਫ਼ਾ ਸੀ। ਗੁਰਦੁਆਰੇ ਵਿਚ ਪ੍ਰਧਾਨ ਹੀਰਾ ਸਿੰਘ ਦੀ ਅਗਵਾਈ 'ਚ ਸਫਾਈ ਦਾ ਕੰਮ ਚੱਲ ਰਿਹਾ ਸੀ। ਹਰਜੀਤ ਸਿੰਘ ਉਥੇ ਆਇਆ ਅਤੇ ਸਾਈਕਲ 'ਤੇ ਸਵਾਰ ਹੋ ਕੇ ਗੁਰਦੁਆਰੇ ਦੇ ਮੁੱਖ ਗੇਟ ਅੱਗੋਂ ਵਾਰ-ਵਾਰ ਲੰਘਣ ਲੱਗਿਆ ਤਾਂ ਸੇਵਾ ਕਰਨ ਵਾਲਿਆਂ ਨੇ ਵਰਜ ਦਿੱਤਾ। ਇਸ ਤੋਂ ਖ਼ਫ਼ਾ ਹੋ ਕੇ ਹਰਜੀਤ ਸਿੰਘ ਨੇ ਸ੍ਰੀ ਸਾਹਿਬ ਕੱਢੀ ਅਤੇ ਹੀਰਾ ਸਿੰਘ ਤੇ ਸਾਥੀਆਂ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਇਸ ਮਗਰੋਂ ਉਹ ਆਪਣੇ ਘਰ ਚਲਾ ਗਿਆ ਤੇ ਰਾਈਫਲ ਲੈ ਆਇਆ। ਉਸ ਨਾਲ ਉਸ ਦਾ ਪਿਤਾ ਸੁਖਪਾਲ ਸਿੰਘ ਤੇ ਭਰਾ ਚਰਨਜੀਤ ਸਿੰਘ ਵੀ ਪੁੱਜ ਗਏ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦੌਰਾਨ ਹੀਰਾ ਸਿੰਘ ਦਾ ਭਰਾ ਹੌਲਦਾਰ ਬਲਬੀਰ ਸਿੰਘ ਵੀ ਰਾਈਫਲ ਸਮੇਤ ਆ ਗਿਆ, ਪਰ ਇੰਨੇ ਵਿਚ ਹਰਜੀਤ ਸਿੰਘ ਅਤੇ ਚਰਨਜੀਤ ਸਿੰਘ ਨੇ ਹੀਰਾ ਸਿੰਘ ਅਤੇ ਬਲਬੀਰ ਸਿੰਘ ਨੂੰ ਗੋਲੀਆਂ ਮਾਰ ਦਿੱਤੀਆਂ, ਜਿਸ ਨਾਲ ਦੋਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਇਸ ਖੂਨੀ ਝੜਪ ਵਿਚ ਬਲਬੀਰ ਸਿੰਘ ਦਾ ਪੁੱਤ ਗੁਰਵਿੰਦਰ ਸਿੰਘ ਅਤੇ ਗੁਰਦੁਆਰੇ ਦਾ ਲਾਂਗਰੀ ਵੀਰ ਸਿੰਘ ਵੀ ਜ਼ਖ਼ਮੀ ਹੋ ਗਏ। ਪਿੰਡ ਦੇ ਲੋਕਾਂ ਨੇ ਹੀਰਾ ਸਿੰਘ ਤੇ ਬਲਬੀਰ ਸਿੰਘ ਦੀਆਂ ਲਾਸ਼ਾਂ ਅਤੇ ਗੁਰਵਿੰਦਰ ਸਿੰਘ ਤੇ ਵੀਰ ਸਿੰਘ ਨੂੰ ਸਿਵਲ ਹਸਪਤਾਲ ਪਹੁੰਚਾਇਆ। ਗੁਰਵਿੰਦਰ ਸਿੰਘ ਨੇ ਬਿਆਨਾਂ ਵਿਚ ਦੱਸਿਆ ਕਿ ਹਰਜੀਤ ਸਿੰਘ, ਚਰਨਜੀਤ ਸਿੰਘ, ਸੁਖਪਾਲ ਸਿੰਘ ਤੇ ਉਨ੍ਹਾਂ ਦੇ ਸਾਥੀ ਰਾਈਫਲ ਲੈ ਕੇ ਗਏ। ਉਸ ਨੇ ਦੱਸਿਆ ਕਿ ਸੁਖਪਾਲ ਸਿੰਘ ਕੋਲ ਰਾਈਫਲ ਤੋਂ ਬਿਨਾਂ ਉਸ ਦੇ ਅੱਧੀ ਦਰਜਨ ਦੇ ਕਰੀਬ ਸਾਥੀਆਂ ਕੋਲ ਤੇਜ਼ਧਾਰ ਹਥਿਆਰ ਸਨ, ਜਿਨ੍ਹਾਂ ਨਾਲ ਉਨ੍ਹਾਂ ਨੇ ਉਸ ਦੇ ਪਿਤਾ ਤੇ ਚਾਚੇ 'ਤੇ ਲਗਾਤਾਰ ਵਾਰ ਕੀਤੇ।

## ਈ-ਵੀਜ਼ਾ ਵਾਲੇ ਵਿਦੇਸ਼ੀਆਂ ਨੂੰ ਮਿਲੇਗਾ ਪੁੱਜਣ ਸਾਰ ਸਿਮ ਕਾਰਡ

**ਨਵੀਂ ਦਿੱਲੀ:** ਈ-ਟੂਰਿਸਟ ਵੀਜ਼ੇ ਉਤੇ ਭਾਰਤ ਆਉਣ ਵਾਲੇ ਵਿਦੇਸ਼ੀਆਂ ਨੂੰ ਸਤੰਬਰ ਦੇ ਅੰਤ ਤੋਂ ਪੁੱਜਣ ਸਾਰ ਸਿਮ ਕਾਰਡ ਮਿਲਣ ਦੀ ਸੰਭਾਵਨਾ ਹੈ। ਗ੍ਰਹਿ ਮੰਤਰਾਲੇ ਨੇ ਇਸ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਇਸ ਮੰਤਵ ਲਈ ਸਰਕਾਰੀ ਕੰਪਨੀ ਬੀ.ਐਸ.ਐਨ.ਐਲ. ਨਾਲ ਕਰਾਰ ਕੀਤਾ ਹੈ।

# ਅੰਮ੍ਰਿਤਸਰ ਹਵਾਈ ਅੱਡੇ 'ਤੇ ਵਧੀ ਯਾਤਰੀਆਂ ਦੀ ਆਮਦ

**ਰਾਜਾਸਾਂਸੀ:** ਸ੍ਰੀ ਗੁਰੂ ਰਾਮ ਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਚੜ੍ਹਤ ਨੂੰ ਖਤਮ ਕਰਨ ਲਈ ਸਮੇਂ-ਸਮੇਂ ਦੀਆਂ ਰਾਜ ਤੇ ਕੇਂਦਰ ਸਰਕਾਰਾਂ ਵੱਲੋਂ ਕੀਤੀਆਂ ਜਾਂਦੀਆਂ ਰਹੀਆਂ ਕੋਸ਼ਿਸ਼ਾਂ ਦੇ ਬਾਵਜੂਦ ਗੁਰੂਆਂ ਵੱਲੋਂ ਵਰੋਸਾਈ ਇਸ ਪਵਿੱਤਰ ਨਗਰੀ ਉਤੇ ਸਥਾਪਤ ਇਹ ਹਵਾਈ ਅੱਡਾ ਤਰੱਕੀ ਦੀਆਂ ਨਵੀਆਂ ਬੁਲੰਦੀਆਂ 'ਤੇ ਹੈ ਕਿਉਂਕਿ ਇਥੇ ਅੰਤਰਰਾਸ਼ਟਰੀ ਤੇ ਘਰੇਲੂ ਯਾਤਰੂਆਂ ਦੀ ਆਮਦ ਵਿਚ ਪਹਿਲਾਂ ਨਾਲੋਂ ਦੁੱਗਣਾ-ਤਿੱਗਣਾ ਵਾਧਾ ਹੋਇਆ ਹੈ। ਸਰਕਾਰਾਂ ਦੀ ਅਣਦੇਖੀ ਦਾ ਸੰਤਾਪ ਭੋਗ ਰਹੇ ਇਸ ਹਵਾਈ ਅੱਡੇ 'ਤੇ ਯਾਤਰੂਆਂ ਦੀ ਵਧ ਰਹੀ ਆਮਦ ਇਸ ਗੱਲ ਦਾ ਸੰਕੇਤ ਹੈ ਕਿ ਦੇਸ਼ਾਂ-ਵਿਦੇਸ਼ਾਂ ਵਿਚ ਬੈਠੇ ਲੋਕ ਅੱਜ ਵੀ ਇਸ ਗੁਰੂ ਨਗਰੀ ਨਾਲ ਦਿਲੋਂ ਜੁੜੇ ਹੋਏ ਹਨ।

ਕੇਂਦਰ ਤੇ ਰਾਜ ਸਰਕਾਰ ਵੱਲੋਂ ਪਿਛਲੇ ਸਮੇਂ 'ਚ ਅੱਡੀ ਚੋਟੀ ਦਾ ਜ਼ੋਰ ਲਾ ਕੇ ਤਿਆਰ ਕੀਤੇ ਗਏ ਮੋਹਾਲੀ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਨੂੰ ਚਲਾਉਣ ਲਈ ਕਿਸੇ ਵੀ ਵੱਡੀ ਅੰਤਰਰਾਸ਼ਟਰੀ ਏਅਰ ਲਾਈਨ ਵੱਲੋਂ ਹੁੰਗਾਰਾ ਨਾ ਭਰੇ ਜਾਣ ਕਾਰਨ ਅਖੀਰ 1400 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਇਸ ਹਵਾਈ ਅੱਡੇ ਨੂੰ ਚਲਾਉਣ ਲਈ ਉਚ ਅਦਾਲਤ ਨੂੰ ਨਿਰਦੇਸ਼ ਜਾਰੀ ਕਰਨੇ ਪਏ। ਪ੍ਰਾਪਤ ਅੰਕੜਿਆਂ ਅਨੁਸਾਰ ਅਪਰੈਲ ਤੋਂ ਜੂਨ 16 ਤੱਕ 3, 46,170 ਯਾਤਰੂ ਆਏ ਜਦਕਿ ਸਾਲ 2015 'ਚ ਅਪਰੈਲ ਤੋਂ ਜੂਨ ਮਹੀਨੇ ਤੱਕ 2,67,860 ਯਾਤਰੂ ਆਏ ਸਨ।

ਇਸ ਸਾਲ ਜੂਨ ਮਹੀਨੇ ਵਿਚ 39,582 ਯਾਤਰੂ ਆਏ ਜਦਕਿ ਪਿਛਲੇ ਸਾਲ ਜੂਨ ਮਹੀਨੇ 'ਚ 20,886 ਯਾਤਰੂ ਆਏ ਸਨ। ਇਸ ਵਾਰ ਯਾਤਰੂਆਂ ਦੀ ਗਿਣਤੀ 'ਚ ਦੁਗਣਾ ਵਾਧਾ ਹੋਇਆ ਹੈ। ਇਹ ਵਾਧਾ ਇਸ ਹਵਾਈ ਅੱਡੇ ਤੇ ਸ਼ੁਰੂ ਹੋਈਆਂ ਤਿੰਨ ਨਵੀਆਂ ਹਵਾਈ ਉਡਾਣਾਂ ਜਿਨ੍ਹਾਂ 'ਚ ਮਿਲੰਡੋ, ਸਪਾਈਸ ਜੈੱਟ ਤੇ ਸਕੂਟ ਏਅਰ ਲਾਈਨਾਂ ਸ਼ਾਮਲ ਹਨ। ਨਵੀਆਂ ਸ਼ੁਰੂ ਹੋਈਆਂ ਉਡਾਣਾਂ ਵਿਚ ਸਿੰਗਾਪੁਰ ਤੋਂ ਸਕੂਟ ਏਅਰ ਲਾਈਨ, ਮਲੇਸ਼ੀਆ ਤੋਂ ਮਿਲੰਡੋ ਏਅਰ ਲਾਈਨ ਤੇ ਸਪਾਈਸ ਜੈੱਟ ਵੱਲੋਂ ਦੁੱਬਈ ਤੋਂ ਉਡਾਣ ਸ਼ੁਰੂ ਕੀਤੀ ਗਈ ਹੈ। ਵੱਖ-ਵੱਖ ਮੁਲਕਾਂ ਵਿਚ ਬੈਠੇ ਪੰਜਾਬੀਆਂ ਵੱਲੋਂ ਮਿਲ ਰਹੇ ਵੱਡੇ ਹੁੰਗਾਰੇ ਕਾਰਨ ਹੀ ਅੱਜ ਇਹ ਹਵਾਈ ਅੱਡਾ ਸਰਕਾਰਾਂ ਦੀ ਅਣਦੇਖੀ ਦੇ ਬਾਵਜੂਦ ਵੀ ਤਰੱਕੀ ਦੀਆਂ ਪੁਲਾਂਘਾਂ ਪੁੱਟਦਾ ਹੋਇਆ ਅੱਗੇ ਵਧ ਰਿਹਾ ਹੈ।


## ਚੰਡੀਗੜ੍ਹ-ਸਿੰਗਾਪੁਰ ਉਡਾਣ ਸ਼ੁਰੂ ਕਰੇਗੀ ਏਅਰ ਇੰਡੀਆ

**ਚੰਡੀਗੜ੍ਹ:** ਏਅਰ ਇੰਡੀਆ ਚੰਡੀਗੜ੍ਹ ਤੇ ਸਿੰਗਾਪੁਰ ਵਿਚਾਲੇ ਸਿੱਧੀ ਉਡਾਣ ਸ਼ੁਰੂ ਕਰੇਗੀ। ਏਅਰ ਇੰਡੀਆ ਐਕਸਪ੍ਰੈੱਸ ਦੇ ਸੀ.ਈ.ਓ. ਕੇ ਸ਼ਿਆਮ ਸੁੰਦਰ ਨੇ ਇਹ ਜਾਣਕਾਰੀ ਦਿੱਤੀ। ਹਾਲਾਂਕਿ ਉਨ੍ਹਾਂ ਇਹ ਨਹੀਂ ਦੱਸਿਆ ਕਿ ਉਡਾਣ ਕਦੋਂ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਏਅਰ ਇੰਡੀਆ ਦੇ ਐਮ.ਡੀ. ਅਸ਼ਵਨੀ ਲੋਹਾਨੀ ਚੰਡੀਗੜ੍ਹ ਵਿਚ 15 ਸਤੰਬਰ ਨੂੰ ਉਡਾਣ ਬਾਰੇ ਐਲਾਨ ਕਰਨਗੇ। ਏਅਰ ਇੰਡੀਆ ਦੀ ਮਾਤਹਿਤ ਅਤੇ ਘੱਟ ਕਿਰਾਏ ਵਾਲੀ ਏਅਰ ਇੰਡੀਆ ਐਕਸਪ੍ਰੈੱਸ 15 ਸਤੰਬਰ ਤੋਂ ਚੰਡੀਗੜ੍ਹ ਤੋਂ ਸ਼ਾਰਜਾਹ ਲਈ ਪਹਿਲੀ ਸਿੱਧੀ ਕੌਮਾਂਤਰੀ ਉਡਾਣ ਵੀ ਚਲਾਏਗੀ। ਇਹ ਉਡਾਣ ਸੋਮਵਾਰ, ਵੀਰਵਾਰ ਤੇ ਸ਼ਨਿਚਰਵਾਰ ਨੂੰ ਜਾਏਗੀ। ਸੀ.ਈ.ਓ. ਨੇ ਦੱਸਿਆ ਕਿ ਏਅਰ ਇੰਡੀਆ ਐਕਸਪ੍ਰੈੱਸ ਪਹਿਲੀ ਏਅਰਲਾਈਨ ਹੋਵੇਗੀ, ਜੋ ਚੰਡੀਗੜ੍ਹ ਤੋਂ ਕੌਮਾਂਤਰੀ ਉਡਾਣ ਚਲਾਏਗੀ। ਏਅਰ ਇੰਡੀਆ ਐਕਸਪ੍ਰੈੱਸ ਨੇ ਇਸ ਸਾਲ ਆਪਣੇ ਬੇੜੇ ਵਿਚ ਤਿੰਨ ਨਵੇਂ ਜਹਾਜ਼ ਸ਼ਾਮਲ ਕੀਤੇ ਹਨ ਅਤੇ ਅਗਲੇ ਸਾਲ ਤਿੰਨ ਹੋਰ ਜਹਾਜ਼ ਸ਼ਾਮਲ ਕੀਤੇ ਜਾਣਗੇ।

# ਚੰਡੀਗੜ੍ਹ ਦੀ ਬੇਬੇ ਨੇ ਪੁੱਟੀਆਂ ਵੈਨਕੂਵਰ ਵਿਚ ਧੂੜਾਂ

**ਵੈਨਕੂਵਰ:** ਅਮਰੀਕਨ ਮਾਸਟਰਜ਼ ਖੇਡਾਂ ਵਿਚ ਭਾਰਤ ਦੀ ਮਾਨ ਕੌਰ ਨੇ ਇਕ ਮਿੰਟ 21 ਸੈਕਿੰਡ ਵਿਚ ਸੌ ਮੀਟਰ ਦੌੜ ਪੂਰੀ ਕਰ ਕੇ ਸੋਨ ਤਗਮਾ ਜਿੱਤ ਲਿਆ। ਇਹ ਬੀਬੀ ਸੌ ਸਾਲ ਦੀ ਬੇਬੇ ਹੈ। ਇਸ ਤੋਂ ਵੀ ਦਿਲਚਸਪ ਗੱਲ ਇਹ ਵੀ ਸੀ ਕਿ ਆਪਣੀ ਉਮਰ ਵਰਗ ਵਿਚ ਸੌ ਮੀਟਰ ਦੌੜ ਵਿਚ ਹਿੱਸਾ ਲੈਣ ਵਾਲੀ ਬੇਬੇ ਮਾਨ ਕੌਰ ਸਵਾ ਲੱਖ ਹੀ ਸੀ। ਜਦੋਂ ਇਸ ਬੇਬੇ ਨੇ ਜੇਤੂ ਪੱਟੀ ਪਾਰ ਕੀਤੀ ਤਾਂ 70-80 ਸਾਲ ਤੋਂ ਉਪਰ ਉਮਰ ਦੇ ਬਾਬਿਆਂ ਨੇ ਉਸ ਦਾ ਜ਼ੋਰਦਾਰ ਸੁਆਗਤ ਕੀਤਾ।

ਅੰਗਰੇਜ਼ੀ ਤੋਂ ਕੋਰੀ ਇਸ ਬੇਬੇ ਦੇ 78 ਸਾਲਾ ਪੁੱਤਰ ਗੁਰਦੇਵ ਸਿੰਘ ਨੇ ਦੱਸਿਆ ਕਿ ਉਸ ਦੀ ਮਾਂ ਨੂੰ ਹੁਣ ਭਾਰਤ ਛੇਤੀ ਜਾਣ ਲਈ ਕਾਹਲੀ ਹੈ, ਕਿਉਂਕਿ ਉਹ ਉਥੇ ਜਾ ਕੇ ਸਾਰੇ ਰਿਸ਼ਤੇਦਾਰਾਂ ਨੂੰ ਆਪਣੇ ਤਗਮੇ ਦਿਖਾਉਣਾ ਚਾਹੁੰਦੀ ਹੈ। ਇਸ ਤੋਂ ਪਹਿਲਾਂ ਉਹ ਜੈਵਲਿਨ ਤੇ ਸ਼ਾਟਪੁੱਟ ਵਿਚ ਸੋਨ ਤਗਮੇ ਜਿੱਤ ਚੁੱਕੀ ਹੈ। ਗੁਰਦੇਵ ਸਿੰਘ ਨੇ ਕਿਹਾ ਕਿ ਬੇਬੇ ਜਦੋਂ 93 ਸਾਲ ਦੀ ਸੀ ਤਾਂ ਉਸ ਦੇ ਕਹਿਣ 'ਤੇ ਦੌੜ ਲਾਉਣ ਲੱਗੀ ਸੀ। ਇਹ ਬੇਬੇ ਹੁਣ ਤਕ ਦੁਨੀਆ ਭਰ ਵਿਚ ਹੋਈਆਂ ਵੱਖ ਵੱਖ ਮਾਸਟਰਜ਼ ਖੇਡਾਂ ਵਿਚ 20 ਤੋਂ ਵੱਧ ਤਗਮੇ ਜਿੱਤ ਚੁੱਕੀ ਹੈ। ਚੰਡੀਗੜ੍ਹ ਵਿਚ ਵਸਦੀ ਇਹ ਬੇਬੇ ਹਰ ਸ਼ਾਮ ਦੌੜ ਲਾਉਂਦੀ ਹੈ। ਪੰਜ ਵਾਰ ਦੀ ਓਲੰਪੀਅਨ ਅਤੇ 1984 ਵਿਚ ਕੈਨੇਡਾ ਵੱਲੋਂ 4 ਗੁਣਾ 400 ਮੀਟਰ ਰਿਲੇਅ ਵਿਚ ਚਾਂਦੀ ਦਾ ਤਗਮਾ ਜੇਤੂ ਸੀ. ਕਰਕ ਨੇ ਬੇਬੇ ਮਾਨ ਕੌਰ ਦੇ ਜਜ਼ਬੇ ਦੀ ਤਾਰੀਫ਼ ਕੀਤੀ ਹੈ।



# ਸਿੱਖ ਬੀਬੀ ਨੇ ਆਸਟਰੇਲੀਆ ਵਿਚ ਝੰਡਾ ਗੱਡਿਆ

**ਮੈਲਬਰਨ:** ਬੀਬੀ ਗੁਰਿੰਦਰ ਕੌਰ ਆਸਟਰੇਲੀਆ ਵਿਚ ਸਥਾਨਕ ਚੋਣਾਂ ਲੜਨ ਵਾਲੀ ਪਹਿਲੀ ਸਿੱਖ ਬਣ ਗਈ ਹੈ। ਉਹ ਵਿਕਟੋਰੀਆ ਵਿਚ ਵ੍ਹਿਟਲੇਸੀਆ ਕੌਂਸਲ ਦੇ ਦੱਖਣੀ-ਪੱਛਮੀ ਵਾਰਡ ਦੀ ਨੁਮਾਇੰਦਗੀ ਕਰ ਰਹੀ ਹੈ। 35 ਸਾਲਾ ਗੁਰਿੰਦਰ ਕੌਰ ਅੰਮ੍ਰਿਤਸਰ ਵਿਚ ਜਨਮੀ ਤੇ ਵੱਡੀ ਹੋਈ। ਸੂਚਨਾ ਤਕਨਾਲੋਜੀ ਖੇਤਰ ਵਿਚ ਕੰਮ ਕਰਨ ਵਾਲੀ ਗੁਰਿੰਦਰ 2006 ਵਿਚ ਆਸਟਰੇਲੀਆ ਆਈ ਸੀ। ਇਸ ਪਿਛੋਂ ਉਸ ਨੇ ਕਈ ਪ੍ਰਾਈਵੇਟ ਤੇ ਸਰਕਾਰੀ ਅਦਾਰਿਆਂ ਵਿਚ ਕੰਮ ਕੀਤਾ।

ਬੀਬੀ ਗੁਰਿੰਦਰ ਕੌਰ ਸਮਾਜ ਭਲਾਈ ਦੇ ਸਾਂਝੇ ਕੰਮਾਂ ਲਈ ਕਾਫੀ ਸਰਗਰਮ ਹੈ। ਇਸੇ ਖੂਬੀ ਕਰ ਕੇ ਇਲਾਕੇ ਦੇ ਲੋਕਾਂ ਅਤੇ ਪਾਰਟੀ ਨੇ ਉਸ ਨੂੰ ਉਮੀਦਵਾਰ ਬਣਾਇਆ ਹੈ। ਗੁਰਿੰਦਰ ਕੌਰ ਆਸਟਰੇਲੀਆ ਵਿਖੇ ਵਿਕਟੋਰੀਅਨ ਸਿੱਖ ਗੁਰਦੁਆਰਾ ਕੌਂਸਲ ਦੀ ਆਜ਼ਾਦ ਮੈਂਬਰ ਵੀ ਹੈ।

# ਸਿੱਖਾਂ ਬਾਰੇ ਚੁਟਕਲੇ ਕੇਸ ਦੀ ਸੁਣਵਾਈ ਟਲੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਿੱਖ ਭਾਈਚਾਰੇ 'ਤੇ ਬਣੇ ਚੁਟਕਲਿਆਂ ਉਤੇ ਰੋਕ ਲਗਾਉਣ ਸਬੰਧੀ ਪਟੀਸ਼ਨਾਂ 'ਤੇ ਸੁਣਵਾਈ ਚਾਰ ਹਫ਼ਤਿਆਂ ਲਈ ਅੱਗੇ ਪਾ ਦਿੱਤੀ ਹੈ। ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਅਜਿਹੇ ਸੰਤਾ ਬੰਤਾ ਚੁਟਕਲਿਆਂ ਨਾਲ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ ਅਤੇ ਕੌਮਾਂਤਰੀ ਪੱਧਰ 'ਤੇ ਸਿੱਖਾਂ ਦੀ ਦਿੱਖ ਨੂੰ ਢਾਹ ਲੱਗਦੀ ਹੈ। ਪਟੀਸ਼ਨਕਰਤਾ ਨੇ ਅਦਾਲਤ ਨੂੰ ਦੱਸਿਆ ਕਿ ਇੰਟਰਨੈੱਟ 'ਤੇ ਪੰਜ ਹਜ਼ਾਰ ਦੇ ਕਰੀਬ ਵੈੱਬਸਾਈਟਾਂ ਹਨ ਜਿਨ੍ਹਾਂ 'ਤੇ ਸਿੱਖ ਭਾਈਚਾਰੇ ਬਾਰੇ ਚੁਟਕਲੇ ਹਨ, ਲਿਹਾਜ਼ਾ ਇਨ੍ਹਾਂ 'ਤੇ ਰੋਕ ਲੱਗਣੀ ਚਾਹੀਦੀ ਹੈ।

# ਦੀਵਾਲੀ ਬਾਰੇ ਡਾਕ ਟਿਕਟ ਜਾਰੀ ਕਰੇਗਾ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਦੇ ਡਾਕ ਸੇਵਾ ਵਿਭਾਗ ਨੇ ਦੱਸਿਆ ਕਿ ਭਾਰਤੀ-ਅਮਰੀਕੀ ਭਾਈਚਾਰੇ ਵੱਲੋਂ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਮੰਗ ਦੇ ਮੱਦੇਨਜ਼ਰ ਉਸ ਵੱਲੋਂ ਦੀਵਾਲੀ ਬਾਰੇ ਡਾਕ ਟਿਕਟ ਜਾਰੀ ਕੀਤੀ ਜਾਵੇਗੀ। ਅਮਰੀਕੀ ਡਾਕ ਸੇਵਾ (ਯੂ.ਐਸ.ਪੀ.ਐਸ.) ਨੇ ਇਸ ਟਿਕਟ ਦਾ ਡਿਜ਼ਾਈਨ ਜਾਰੀ ਕਰ ਦਿੱਤਾ ਹੈ, ਜਿਸ ਵਿਚ ਤੇਲ ਵਾਲੇ ਜਗਦੇ ਦੀਵੇ ਦੀ ਤਸਵੀਰ ਹੈ ਅਤੇ ਉਸ ਦੇ ਪਿਛੇ ਸੁਨਹਿਰੀ ਰੌਸ਼ਨੀ ਹੈ।

ਨਿਊ ਮਿਲਫੋਰਡ ਦੇ ਸੈਲੀ ਐਂਡਰਸਨ-ਬਰੂਸ ਨੇ ਇਸ ਦੀਵੇ ਦੀ ਤਸਵੀਰ ਖਿੱਚੀ ਸੀ। ਗ੍ਰੇਗ ਬ੍ਰੀਡਿੰਗ ਨੇ ਟਿਕਟ ਡਿਜ਼ਾਈਨ ਕੀਤੀ ਹੈ ਅਤੇ ਵਾਸ਼ਿੰਗਟਨ ਪੋਸਟਲ ਸਰਵਿਸ ਦੇ ਵਿਲੀਅਮ ਜੇ ਗਿਕਰ ਇਸ ਪ੍ਰਾਜੈਕਟ ਦਾ ਆਰਟ ਡਾਇਰੈਕਟਰ ਸੀ। ਇਹ ਟਿਕਟ 5 ਅਕਤੂਬਰ ਨੂੰ ਭਾਰਤੀ ਕੌਂਸਲੇਟ, ਨਿਊ ਯਾਰਕ ਵਿਚ ਸਮਾਗਮ ਦੌਰਾਨ ਜਾਰੀ ਕੀਤੀ ਜਾਵੇਗੀ।


## Matrimonial

### ਕੰਨਿਆ ਦੀ ਲੋੜ ਹੈ

Wanted suitable match for US citizen Jatt Sikh boy 29, 5'-11", turbaned, trims beard. Bachelors in computer info. systems. Family well settled in Bay Area, CA. Contact, Ph: 510-213-8294 or e-mail: bayarea257@gmail.com 36-39

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ, ਸਿਵਲ ਇੰਜੀਨੀਅਰ ਡਿਪਲੋਮਾ, 22 ਸਾਲਾ, 6 ਫੁੱਟ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੇ ਪਰਿਵਾਰ ਪਾਸ ਕੋਠੀ, ਜ਼ਮੀਨ-ਜਾਇਦਾਦ ਹੈ ਤੇ ਅੱਧਾ ਪਰਿਵਾਰ ਅਮਰੀਕਾ-ਕੈਨੇਡਾ ਰਹਿੰਦਾ ਹੈ। ਲੜਕੇ ਦੀ ਉਚ ਸਿਖਿਆ ਦਾ ਖਰਚਾ ਪਰਿਵਾਰ ਵਲੋਂ ਕੀਤਾ ਜਾਵੇਗਾ। ਸੰਪਰਕ ਕਰੋ, ਫੋਨ: 775-315-9955, 775-884-3401 ਜਾਂ ਈਮੇਲ: labhsinghgill@yahoo.com 35-38

### ਵਰ ਦੀ ਲੋੜ ਹੈ

U.S. citizen boy sought for U.S. citizen Jatt Sikh girl. 26 years, 5'-2", Software Engineer, Master's degree. A well educated Jatt Sikh boy with computer Science/Computer Engineering background preferred. Contact: bsinghs408@gmail.com 34-37

Wanted suitable Jatt Sikh match for a good looking US Citizen Jatt Sikh girl. 28 years, 5'-6", currently living in Detroit, MI. Contact: pamgill@yahoo.com 34-37

### ਜੀਵਨ ਸਾਥੀ ਦੀ ਲੋੜ

Wanted traditional, simple & sincere girl for a boy in late 40s, 5'- 6" teaching professional, having legal US status. Caste no bar. Radhasoamie, Fijian, Divorcee/Widow can be considered. Only serious inquiries. Email details & photo: commoncartoon@gmail.com or call Ph: 323-351-5737 35-38



**Punjab Times**
*Ph: 847-359-0746*
*Visit us on the web:*
***punjabtimesusa.com***



## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com

WEBSITE - DHOLRADIO.CO
DHOL RADIO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਨਿਊਜ਼ੀਲੈਂਡ ਵੱਲੋਂ 147 ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲਾ

**ਸਿਡਨੀ:** ਫਰਜ਼ੀ ਦਸਤਾਵੇਜ਼ਾਂ ਕਾਰਨ 147 ਭਾਰਤੀ ਵਿਦਿਆਰਥੀਆਂ ਨੂੰ ਨਿਊਜ਼ੀਲੈਂਡ ਤੋਂ ਦੇਸ਼ ਨਿਕਾਲਾ ਮਿਲਿਆ ਹੈ। ਇਨ੍ਹਾਂ ਵਿਦਿਆਰਥੀਆਂ ਉਤੇ ਨਿਊਜ਼ੀਲੈਂਡ ਇਮੀਗ੍ਰੇਸ਼ਨ ਵਿਭਾਗ ਨੇ ਧੋਖਾਧੜੀ ਕਰਨ ਦਾ ਦੋਸ਼ ਲਾਇਆ ਹੈ। ਨਿਊਜ਼ੀਲੈਂਡ ਸਰਕਾਰ ਨੇ ਇਸ ਸਾਲ ਵਿਦਿਆਰਥੀ ਵੀਜ਼ੇ 'ਤੇ ਸਖਤੀ ਵਿਖਾਈ ਹੈ। ਪੀੜਤ ਭਾਰਤੀ ਵਿਦਿਆਰਥੀਆਂ ਨੇ ਇਮੀਗ੍ਰੇਸ਼ਨ ਨੂੰ ਦੱਸਿਆ ਕਿ ਉਨ੍ਹਾਂ ਏਜੰਟ ਦੇ ਕਹਿਣ ਉਤੇ ਫਰਜ਼ੀ ਦਸਤਾਵੇਜ਼ ਬਣਾਏ ਸਨ। ਉਨ੍ਹਾਂ ਵੀਜ਼ਾ ਅਰਜ਼ੀ ਵਿਚ ਆਪਣੇ ਏਜੰਟ ਦੇ ਕਹਿਣ 'ਤੇ ਅਜਿਹੇ ਤੱਥ ਵੀ ਦਰਸਾ ਦਿੱਤੇ, ਜੋ ਅਸਲ ਨਹੀਂ ਸਨ। ਇਕ ਵਿਦਿਆਰਥੀ ਨੇ ਦੱਸਿਆ ਕਿ ਉਸ ਦੇ ਮਾਪਿਆਂ ਨੇ ਉਧਾਰ ਫੜ ਕੇ 20,000 ਡਾਲਰ ਤੋਂ ਵੱਧ ਰਕਮ ਖਰਚ ਕੀਤੀ। ਉਹ ਇਕ ਸਾਲ ਦੀ ਆਈ.ਟੀ. ਅਤੇ ਵਪਾਰ ਦੇ ਕੋਰਸ ਵਿਚ ਦਾਖਲ ਹੋਇਆ ਸੀ ਅਤੇ ਹੁਣ ਇਹ ਫੀਸ ਵੀ ਨਹੀਂ ਮੁੜਨੀ। ਕੁਝ ਵਿਦਿਆਰਥੀਆਂ ਨੇ ਕਿਹਾ ਕਿ ਸੁਨਹਿਰੇ ਭਵਿੱਖ ਦੇ ਝਾਂਸੇ 'ਚ ਆ ਕੇ ਉਹ ਹੁਣ ਫਸ ਗਏ ਹਨ।

ਸੂਤਰਾਂ ਅਨੁਸਾਰ ਨਿਊਜ਼ੀਲੈਂਡ ਨੂੰ 3.3 ਅਰਬ ਡਾਲਰ ਇੰਟਰਨੈਸ਼ਨਲ ਐਜੂਕੇਸ਼ਨ ਉਦਯੋਗ ਤੋਂ ਮਿਲਦਾ ਹੈ। ਸਰਕਾਰ ਨੂੰ ਦੋ ਸਾਲ ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸ਼ੋਸ਼ਣ ਦਾ ਪਤਾ ਲੱਗਾ ਸੀ। ਇਕ ਸਰਵੇਖਣ ਨੇ ਦਿਖਾਇਆ ਕਿ ਵਧੇਰੇ ਵਿਦਿਆਰਥੀਆਂ ਨੂੰ ਘੱਟੋ-ਘੱਟ ਉਜਰਤ ਦਾ ਭੁਗਤਾਨ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਨੂੰ ਮੁਲਕ ਅੰਦਰ ਸਸਤੀ ਲੇਬਰ ਵਾਂਗ ਵਰਤਿਆ ਜਾਂਦਾ ਹੈ। ਇੰਜ ਮੁਲਕ ਦੀ ਦਿੱਖ ਖਰਾਬ ਹੋਣ ਅਤੇ ਯੋਗ ਵਿਅਕਤੀਆਂ ਨੂੰ ਰੁਜ਼ਗਾਰ ਨਾ ਮਿਲਣ ਦੇ ਦੋਸ਼ ਸਰਕਾਰ 'ਤੇ ਲੱਗੇ ਸਨ।




## ਪਰਵਾਸੀਆਂ ਦੀ ਗਿਣਤੀ ਪੱਖੋਂ ਪੋਲੈਂਡ ਨੇ ਭਾਰਤ ਨੂੰ ਪਛਾੜਿਆ

**ਲੰਡਨ:** ਬਰਤਾਨੀਆ ਵਿਚ ਪਰਵਾਸੀਆਂ ਦੀ ਗਿਣਤੀ ਦੇ ਮਾਮਲੇ ਵਿਚ ਪਹਿਲੀ ਵਾਰ ਪੋਲੈਂਡ ਨੇ ਭਾਰਤ ਨੂੰ ਪਛਾੜ ਦਿੱਤਾ ਹੈ। ਇਹ ਦਾਅਵਾ ਪਰਵਾਸੀਆਂ ਦੀ ਕੁੱਲ ਗਿਣਤੀ ਬਾਰੇ ਜਾਰੀ ਕੀਤੇ ਅੰਕੜਿਆਂ ਵਿਚ ਹੋਇਆ। ਕੌਮੀ ਅੰਕੜਾ ਵਿਭਾਗ ਦੇ ਅਨੁਮਾਨ ਅਨੁਸਾਰ ਸਮੁੱਚੇ ਪਰਵਾਸ ਦੇ ਪੱਧਰ ਵਿਚ ਭਾਵੇਂ ਥੋੜ੍ਹੀ ਗਿਰਾਵਟ ਦਾ ਸੰਕੇਤ ਮਿਲਿਆ, ਜੋ ਮਾਰਚ 2016 ਤੱਕ 3.27 ਲੱਖ ਰਿਕਾਰਡ ਕੀਤੀ ਗਈ, ਪਰ ਯੂਰਪੀ ਯੂਨੀਅਨ ਵਿਚੋਂ ਬਰਤਾਨੀਆ ਵਿਚ ਪਰਵਾਸ ਵਿਚ ਕਾਫੀ ਵਾਧਾ ਹੋਇਆ। ਵਿਭਾਗ ਦੇ ਜਨ ਸੰਖਿਆ ਬਾਰੇ ਵਿਸ਼ਲੇਸ਼ਣਾਂ ਮੁਤਾਬਕ ਪਰਵਾਸੀਆਂ ਦੀ ਗਿਣਤੀ ਪੱਖੋਂ 2015 ਵਿਚ ਪੋਲੈਂਡ ਸਿਖਰ ਉਤੇ ਰਿਹਾ, ਜਿਸ ਦੇ ਪਰਵਾਸੀਆਂ ਦੀ ਕੁੱਲ ਗਿਣਤੀ 8.31 ਹਜ਼ਾਰ ਬਣਦੀ ਹੈ, ਜੋ ਬਰਤਾਨੀਆ ਵਿਚ ਪਰਵਾਸੀਆਂ ਦੀ ਕੁੱਲ ਆਬਾਦੀ ਦਾ 9.7 ਫੀਸਦੀ ਬਣਦਾ ਹੈ। ਇਸ ਪੱਖੋਂ ਭਾਰਤੀ ਪਰਵਾਸੀਆਂ ਦੀ ਗਿਣਤੀ 7.95 ਲੱਖ ਹੈ। ਇਸ ਮਾਮਲੇ ਵਿਚ 2004 ਤੋਂ ਭਾਰਤ ਸਿਖਰ ਉਤੇ ਸੀ।

## ਆਸਟਰੇਲੀਆ 'ਚ ਪਰਵਾਸੀਆਂ ਦੇ ਮਾਪਿਆਂ ਲਈ ਖੁਸ਼ਖਬਰੀ

**ਸਿਡਨੀ:** ਆਸਟਰੇਲੀਆ ਦੇ ਇਮੀਗ੍ਰੇਸ਼ਨ ਅਤੇ ਸਰਹੱਦੀ ਮਾਮਲਿਆਂ ਦੇ ਮੰਤਰੀ ਪੀਟਰ ਡੱਟਨ ਨੇ ਕਿਹਾ ਹੈ ਕਿ ਵਿਭਾਗ ਪਰਵਾਸੀਆਂ ਦੇ ਮਾਪਿਆਂ ਨੂੰ ਦੇਸ਼ ਵਿਚ ਲੰਬੇ ਸਮੇਂ ਤੱਕ ਰੱਖਣ ਲਈ ਵੀਜ਼ਾ ਦੇਣ 'ਤੇ ਕੰਮ ਕਰ ਰਿਹਾ ਹੈ। ਇਸ ਪ੍ਰੋਗਰਾਮ ਨੂੰ ਜਲਦੀ ਅਮਲ ਵਿਚ ਲਿਆਂਦਾ ਜਾਵੇਗਾ। ਪਰਵਾਸੀਆਂ ਨੇ ਆਸਟਰੇਲੀਆ ਦੀਆਂ ਦੋ ਜੁਲਾਈ ਨੂੰ ਹੋਈਆਂ ਸੰਘੀ ਚੋਣਾਂ ਦੌਰਾਨ ਮਾਪਿਆਂ ਲਈ ਵੀਜ਼ਾ ਸ਼ਰਤਾਂ ਨਰਮ ਕਰਨ ਅਤੇ ਦੇਸ਼ 'ਚ ਲੰਬਾ ਸਮਾਂ ਰਹਿਣ ਦੀ ਆਗਿਆ ਦੇਣ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਮਾਪੇ ਕੋਲ ਹੋਣ ਨਾਲ ਪਰਿਵਾਰਕ ਮਾਹੌਲ ਅਤੇ ਜੀਵਨ ਖੁਸ਼ਹਾਲ ਹੋਵੇਗਾ। ਇਸ ਦੇ ਨਾਲ ਹੀ ਬੱਚਿਆਂ ਦਾ ਪਾਲਣ-ਪੋਸ਼ਣ ਅਤੇ ਰੁਜ਼ਗਾਰ ਦਾ ਕੰਮ ਵੀ ਵਧੀਆ ਹੋ ਸਕੇਗਾ। ਇਸ ਦੌਰਾਨ ਲੇਬਰ ਪਾਰਟੀ ਨੇ ਸਰਕਾਰ ਬਣਨ 'ਤੇ ਮਾਪਿਆਂ ਲਈ ਤਿੰਨ ਸਾਲ ਲਗਾਤਾਰ ਰਹਿਣ ਦਾ ਵੀਜ਼ਾ ਦੇਣ ਬਾਰੇ ਕਿਹਾ ਸੀ।

ਜ਼ਿਕਰਯੋਗ ਹੈ ਕਿ ਆਸਟਰੇਲੀਆ ਵਿਚ ਵੱਡੀ ਗਿਣਤੀ ਪਰਵਾਸੀ ਰਹਿੰਦੇ ਹਨ ਅਤੇ ਭਾਰਤ ਤੋਂ ਵੀ ਬਹੁਤ ਸਾਰੇ ਲੋਕ ਇਥੇ ਰਹਿ ਰਹੇ ਹਨ। ਕੋਈ ਪੜ੍ਹਾਈ ਲਈ ਅਤੇ ਕੋਈ ਨੌਕਰੀ ਲਈ ਆਸਟਰੇਲੀਆ ਗਿਆ ਹੋਇਆ ਹੈ। ਪੀਟਰ ਡੱਟਨ ਨੇ ਦੱਸਿਆ ਕਿ ਭਾਰਤ ਅਤੇ ਚੀਨ ਸਮੇਤ ਹੋਰ ਮੁਲਕਾਂ ਦੇ ਵਿਦਿਆਰਥੀ ਅਤੇ ਹੁਨਰਮੰਦ ਕਾਮੇ ਵੀ ਆਪਣੇ ਮਾਪਿਆਂ ਨੂੰ ਇਧਰ ਬੁਲਾਉਣਾ ਚਾਹੁੰਦੇ ਹਨ। ਸਰਕਾਰ ਇਸ ਪ੍ਰੋਗਰਾਮ ਤਹਿਤ ਲੋੜਵੰਦਾਂ ਲਈ ਵੀਜ਼ਾ ਯਕੀਨੀ ਬਣਾਵੇਗੀ। ਲੋਕਾਂ ਨੂੰ ਉਮੀਦ ਹੈ ਕਿ ਜਲਦੀ ਹੀ ਸਰਕਾਰ ਆਪਣੇ ਵਾਅਦਿਆਂ ਨੂੰ ਪੂਰਾ ਕਰੇਗੀ। ਫਿਲਹਾਲ ਇਸ ਨੂੰ ਅਮਲੀ ਰੂਪ ਦੇਣ ਵਿਚ ਸਮਾਂ ਲੱਗੇਗਾ।

## ਸਤਿੰਦਰ ਸੱਤੀ ਨੂੰ ਪੰਜਾਬੀ ਕਲਾ ਪ੍ਰੀਸ਼ਦ ਦਾ ਮੁਖੀ ਬਣਾਉਣ ਦਾ ਵਿਰੋਧ

**ਫਰੀਮਾਂਟ (ਬਿਊਰੋ):** ਅੰਤਰਰਾਸ਼ਟਰੀ ਪੰਜਾਬੀ ਸਾਹਿਤ ਅਕਾਡਮੀ, ਕੈਲੀਫੋਰਨੀਆ ਦੇ ਪ੍ਰਧਾਨ ਡਾ. ਗੁਰੂਮੇਲ ਸਿੱਧੂ ਨੇ ਉਤਰੀ ਅਮਰੀਕਾ ਦੀਆਂ ਸਾਹਿਤਕ, ਸਭਿਆਚਾਰਕ ਅਤੇ ਲੋਕ-ਧਾਰਾ ਸੰਸਥਾਵਾਂ ਦੇ ਨਾਂ ਇਕ ਪ੍ਰੈਸ ਬਿਆਨ ਰਾਹੀਂ ਸਤਿੰਦਰ ਸੱਤੀ ਦਾ ਨਾਂ ਚੰਡੀਗੜ੍ਹ ਦੀ ਸਰਵੋਤਮ ਪੰਜਾਬੀ ਕਲਾ ਪ੍ਰੀਸ਼ਦ ਦੇ ਮੁਖੀ ਵਜੋਂ ਨਿਯੁਕਤ ਕਰਨ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਹੈ।

ਸ੍ਰੀ ਸਿੱਧੂ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਇਹ ਸੰਸਥਾ ਮਾਣਯੋਗ ਡਾ. ਮਹਿੰਦਰ ਸਿੰਘ ਰੰਧਾਵਾ ਨੇ ਸਥਾਪਤ ਕੀਤੀ ਸੀ ਜਿਸ ਨੂੰ ਪੰਜਾਬ ਦਾ ਛੇਵਾਂ ਦਰਿਆ ਕਿਹਾ ਜਾਂਦਾ ਹੈ। ਉਨ੍ਹਾਂ ਤੋਂ ਬਾਅਦ ਇਸ ਅਹੁਦੇ 'ਤੇ ਡਾ. ਸਰਦਾਰ ਅੰਜੁਮ, ਡਾ. ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ ਵਰਗੀਆਂ ਨਾਮਵਰ ਹਸਤੀਆਂ ਰਹੀਆਂ ਹਨ। ਸ੍ਰੀ ਸਿੱਧੂ ਅਨੁਸਾਰ ਪੰਜਾਬ ਸਰਕਾਰ ਵਲੋਂ ਇਸ ਅਹੁਦੇ 'ਤੇ ਹੁਣ ਇਕ ਸਾਧਾਰਣ ਗਾਉਣ ਵਾਲੀ ਅਤੇ ਅਦਾਕਾਰ ਸਤਿੰਦਰ ਸੱਤੀ ਦਾ ਨਾਂ ਨਾਮਜ਼ਦ ਕੀਤਾ ਗਿਆ ਹੈ। ਇਸ ਅਹੁਦੇ ਸਬੰਧੀ ਫੈਸਲਾ 5 ਸਤੰਬਰ ਨੂੰ ਹੋਵੇਗਾ। ਉਨ੍ਹਾਂ ਕਿਹਾ ਕਿ ਸਾਡਾ ਇਹ ਨੈਤਿਕ ਫਰਜ਼ ਬਣਦਾ ਹੈ ਕਿ ਇਸ ਨਿਯੁਕਤੀ ਨੂੰ ਰੋਕਿਆ ਜਾਵੇ ਅਤੇ ਇਸ ਵਿਰੁਧ ਸਰਕਾਰ ਨੂੰ ਈਮੇਲਾਂ ਜਾਂ ਸੋਸ਼ਲ ਮੀਡੀਏ ਰਾਹੀਂ ਆਪਣੀ ਅਸਹਿਮਤੀ ਅਤੇ ਰੋਸ ਜ਼ਾਹਰ ਕੀਤਾ ਜਾਵੇ।

## ਮਾਪਿਆਂ ਦੀ ਹੱਤਿਆ ਕਰ ਕੇ ਬੇਟੀਆਂ ਨਾਲ ਜਬਰ ਜਨਾਹ

**ਕੁਰੂਕਸ਼ੇਤਰ:** ਜ਼ਿਲ੍ਹਾ ਮੇਵਾਤ ਦੇ ਪਿੰਡ ਡਿੰਗਰਹੇੜੀ ਵਿਚ ਕੁਝ ਬਦਮਾਸ਼ਾਂ ਨੇ ਇਕ ਪਤੀ-ਪਤਨੀ ਦੀ ਹੱਤਿਆ ਕਰ ਦਿੱਤੀ ਤੇ ਪੀੜਤ ਪਰਿਵਾਰ ਦੀਆਂ 2 ਲੜਕੀਆਂ ਨਾਲ ਜਬਰ ਜਨਾਹ ਵੀ ਕੀਤਾ। ਬਦਮਾਸ਼ ਤੇਜ਼ਧਾਰ ਹਥਿਆਰਾਂ ਨਾਲ ਪਰਿਵਾਰ ਦੇ 6 ਮੈਂਬਰਾਂ ਨੂੰ ਜ਼ਖਮੀ ਕਰ ਕੇ ਫਰਾਰ ਹੋ ਗਏ। ਪੀੜਤ ਪਰਿਵਾਰ ਜ਼ਿਲ੍ਹਾ ਮੇਵਾਤ ਦੇ ਪਿੰਡ ਡਿੰਗਰਹੇੜੀ ਨੇੜੇ ਖੇਤਾਂ ਵਿਚ ਰਹਿੰਦਾ ਸੀ ਤੇ ਦੇਰ ਰਾਤ ਕੁਝ ਬਦਮਾਸ਼ਾਂ ਨੇ ਜਬਰਦਸਤੀ ਉਨ੍ਹਾਂ ਦੇ ਘਰ ਵਿਚ ਦਾਖਲ ਹੋ ਕੇ ਹਮਲਾ ਕਰ ਦਿੱਤਾ।

ਪਰਿਵਾਰ ਦੇ ਮੁਖੀ ਦੀ ਗੋਲੀ ਲੱਗਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦੀ ਪਤਨੀ ਦੀ ਹਸਪਤਾਲ ਲਿਜਾਂਦਿਆਂ ਮੌਤ ਹੋ ਗਈ। ਬਦਮਾਸ਼ਾਂ ਵੱਲੋਂ ਪਰਿਵਾਰਕ ਮੈਂਬਰਾਂ ਦੀ ਮਾਰਕੁੱਟ ਕਰਨ ਤੋਂ ਬਾਅਦ ਦੋ ਲੜਕੀਆਂ ਨਾਲ ਜਬਰ ਜਨਾਹ ਕੀਤਾ।

## ਨਿਜੀ ਕੰਪਨੀ ਨੇ ਗੁਟਕੇ ਪ੍ਰਕਾਸ਼ਤ ਕੀਤੇ ਤਾਂ ਹੋਵੇਗੀ ਕਾਰਵਾਈ

**ਅੰਮ੍ਰਿਤਸਰ:** ਕੋਈ ਵੀ ਨਿੱਜੀ ਫਰਮ ਗੁਰਬਾਣੀ ਦੇ ਗੁਟਕੇ ਜਾਂ ਪੋਥੀਆਂ ਦੀ ਛਪਾਈ ਨਹੀਂ ਕਰ ਸਕਦੀ। ਅਜਿਹਾ ਕਰਨ ਵਾਲਿਆਂ ਉਤੇ ਤੁਰਤ ਕਾਨੂੰਨੀ ਕਾਰਵਾਈ ਹੋਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਨਿੱਜੀ ਫਰਮਾਂ ਤੇ ਜਿਲਦਬੰਦੀ ਕਰਨ ਵਾਲੇ ਠੇਕੇਦਾਰਾਂ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਹੈ ਉਹ ਵਪਾਰ ਦੇ ਨਜ਼ਰੀਏ ਨਾਲ ਗੁਰਬਾਣੀ ਦੀ ਛਪਾਈ ਦਾ ਕੰਮ ਤੁਰਤ ਬੰਦ ਕਰ ਦੇਣ ਨਹੀਂ ਤਾਂ ਕਮੇਟੀ ਵੱਲੋਂ ਉਨ੍ਹਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਦਰਅਸਲ, ਪਿਛਲੇ ਦਿਨੀਂ ਅੰਮ੍ਰਿਤਸਰ ਦੇ ਨਿਊ ਆਜ਼ਾਦ ਨਗਰ ਸਥਿਤ ਇਕ ਜਿਲਦ ਬਾਈਂਡਰ ਵੱਲੋਂ ਗੁਰਬਾਣੀ ਦੇ ਗੁਟਕਾ ਸਾਹਿਬ ਦੀ ਬੇਅਦਬੀ ਦੀ ਸੂਚਨਾ ਮਿਲਣ ਉਤੇ ਸ਼੍ਰੋਮਣੀ ਕਮੇਟੀ ਦੀ ਇਕ ਟੀਮ ਨੇ ਉਕਤ ਦੁਕਾਨ ਉਤੇ ਅਚਨਚੇਤ ਚੈਕਿੰਗ ਕੀਤੀ। ਉਥੇ ਵੱਡੇ ਪੱਧਰ ਉਤੇ ਗੁਰਬਾਣੀ ਤੇ ਗੁਟਕਾ ਸਾਹਿਬ ਦਾ ਨਿਰਾਦਰ ਪਾਇਆ ਗਿਆ। ਉਥੇ ਗੁਰਬਾਣੀ ਦੀਆਂ ਪੋਥੀਆਂ ਬਿਨਾਂ ਸਤਿਕਾਰ ਤੋਂ ਜ਼ਮੀਨ ਤੇ ਰੱਖੀਆਂ ਹੋਈਆਂ ਸਨ ਤੇ ਉਨ੍ਹਾਂ ਵਿਚ ਚੂਹਿਆਂ ਦੀ ਗੰਦਗੀ ਵੀ ਪਾਈ ਗਈ।

ਜਿਲਦਾਂ ਬੰਨ੍ਹਣ ਵਾਲੇ ਦੋ ਵਿਅਕਤੀਆਂ ਵੀ ਪਤਿਤ ਤੇ ਸਿਰ ਢਕੇ ਬਿਨਾਂ ਇਹ ਕੰਮ ਕਰ ਰਹੇ ਸਨ। ਜਦਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਦੀ ਛਪਾਈ ਤੇ ਜਿਲਦਬੰਦੀ ਦਾ ਕਾਰਜ ਪੂਰੀ ਮਰਿਆਦਾ ਨਾਲ ਕੀਤਾ ਤੇ ਕਰਵਾਇਆ ਜਾਂਦਾ ਹੈ। ਪ੍ਰਧਾਨ ਅਵਤਾਰ ਸਿੰਘ ਨੇ ਸਮੁੱਚੀ ਸੰਗਤ ਨੂੰ ਵਪਾਰ ਦੇ ਜ਼ਰੀਏ ਅਜਿਹੇ ਪ੍ਰਕਾਸ਼ਕਾਂ ਦੀ ਸੂਚਨਾ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਜਾਣ ਦੀ ਅਪੀਲ ਕੀਤੀ ਹੈ।

## ਪੰਜਾਬ 'ਚ ਕਸੂਤੀ ਘਿਰੀ ਰਾਧੇ ਮਾਂ

**ਹੁਸ਼ਿਆਰਪੁਰ:** ਰਾਧੇ ਮਾਂ ਉਰਫ ਸੁਖਵਿੰਦਰ ਕੌਰ ਬੱਬੋ ਦੀਆਂ ਮੁਸ਼ਕਲਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ। ਮੁੰਬਈ ਤੋਂ ਆਪਣੇ ਸਹੁਰੇ ਘਰ ਆਈ ਰਾਧੇ ਨੂੰ ਅਦਾਕਾਰਾ ਡੌਲੀ ਬਿੰਦਰਾ ਨੇ ਆ ਘੇਰਿਆ। ਡੌਲੀ ਬਿੰਦਰਾ ਨੇ ਮੁਕੇਰੀਆਂ ਆ ਕੇ ਰਾਧੇ ਮਾਂ ਖਿਲਾਫ ਪ੍ਰਦਰਸ਼ਨ ਕੀਤਾ। ਉਨ੍ਹਾਂ ਜਿਥੇ ਰਾਧੇ ਮਾਂ ਦਾ ਪੁਤਲਾ ਫੂਕਿਆ, ਉਥੇ ਹੀ ਉਸ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਬਿੰਦਰਾ ਦਾ ਕਹਿਣਾ ਹੈ ਕਿ ਸੁਖਵਿੰਦਰ ਕੌਰ ਧਰਮ ਦੀ ਆੜ ਵਿਚ ਬਹੁਤ ਸਾਰੇ ਕਰਮ ਕਾਂਡ ਕਰ ਰਹੀ ਹੈ। ਉਹ ਰਾਧੇ ਮਾਂ ਦੀ ਇਸ ਹਰਕਤ ਦਾ ਵਿਰੋਧ ਕਰਦੇ ਰਹਿਣਗੇ।



ਰਾਧੇ ਮਾਂ ਦਾ ਵਿਰੋਧ ਕਰਨ ਸਮੇਂ ਹਿੰਦੋਸਤਾਨ ਸ਼ਿਵ ਸੈਨਾ ਦੇ ਵਰਕਰ ਵੀ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ 'ਚ ਰਾਧੇ ਮਾਂ ਖਿਲਾਫ ਇਕ ਅਦਾਲਤੀ ਅਪੀਲ ਵੀ ਕੀਤੀ ਹੈ ਤੇ ਉਨ੍ਹਾਂ ਦੀ ਸੁਣਵਾਈ ਨਾ ਹੁੰਦਿਆਂ ਦੇਖ ਉਹ ਰਾਧੇ ਮਾਂ ਨੂੰ ਬੇਨਕਾਬ ਕਰਨ ਆਈ ਹੈ। ਡੌਲੀ ਨੇ ਮੰਗ ਕੀਤੀ ਕਿ ਉਹ ਸੁਖਵਿੰਦਰ ਕੌਰ ਦੀ ਈ.ਡੀ. ਨੂੰ ਜਾਂਚ ਕਰਨੀ ਚਾਹੀਦੀ ਹੈ।

## ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਬਾਰੇ ਸਰਕਾਰ ਚੁੱਪ

**ਚੰਡੀਗੜ੍ਹ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਵਿਚ ਦੋ ਸਿੱਖ ਨੌਜਵਾਨਾਂ ਦੀ ਹੱਤਿਆ ਦੇ ਮਾਮਲੇ ਦੀ ਜਾਂਚ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਜ਼ੋਰਾ ਸਿੰਘ 'ਤੇ ਆਧਾਰਤ ਕਮਿਸ਼ਨ ਦੀ ਰਿਪੋਰਟ ਠੰਢੇ ਬਸਤੇ ਵਿਚ ਸੁੱਟ ਦਿੱਤੀ ਗਈ ਹੈ। ਮੁੱਖ ਮੰਤਰੀ ਵੱਲੋਂ ਰਿਪੋਰਟ ਉਤੇ ਅਮਲ ਦੇ ਦਿੱਤੇ ਬਿਆਨ ਦੇ ਬਾਵਜੂਦ ਤਕਰੀਬਨ ਦੋ ਮਹੀਨੇ ਬਾਅਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ।

ਸਰਕਾਰ ਨੇ ਲੋਕਾਂ ਦਾ ਰੋਹ ਠੰਢਾ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਨੂੰ ਉਮਰ ਕੈਦ ਤੱਕ ਦੀ ਸਖਤ ਸਜ਼ਾ ਦੇਣ ਦਾ ਕਾਨੂੰਨ ਤਾਂ ਬਣਾ ਦਿੱਤਾ, ਪਰ ਸਜ਼ਾ ਤਾਂ ਫਿਰ ਹੀ ਮਿਲੇਗੀ, ਜੇ ਮੁਲਜ਼ਮਾਂ ਦੀ ਨਿਸ਼ਾਨਦੇਹੀ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਹੋਵੇਗੀ। ਗੌਰਤਲਬ ਹੈ ਕਿ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਹਿਬਲ ਕਲਾਂ ਵਿਚ ਰੋਸ ਪ੍ਰਗਟ ਕਰ ਰਹੀ ਸੰਗਤ ਉਤੇ 14 ਅਕਤੂਬਰ 2015 ਨੂੰ ਪੁਲਿਸ ਨੇ ਗੋਲੀ ਚਲਾ ਦਿੱਤੀ ਸੀ।

ਇਸ ਗੋਲੀਬਾਰੀ ਵਿਚ ਦੋ ਸਿੱਖ ਨੌਜਵਾਨਾਂ ਦੀ ਹੱਤਿਆ ਹੋ ਗਈ। ਇਸ ਨਾਲ ਸੂਬੇ ਭਰ ਵਿਚ ਜਨਤਕ ਰੋਹ ਪੈਦਾ ਹੋ ਗਿਆ। ਰੋਹ ਨੂੰ ਸ਼ਾਂਤ ਕਰਨ ਲਈ ਸਰਕਾਰ ਨੇ ਤੁਰਤ ਮੋਗਾ ਦੇ ਤਤਕਾਲੀ ਐਸ.ਐਸ.ਪੀ. ਚਰਨਜੀਤ ਕੁਮਾਰ ਨੂੰ ਮੁਅੱਤਲ ਕਰ ਦਿੱਤਾ ਸੀ ਅਤੇ ਮੁੱਖ ਮੰਤਰੀ ਨੇ 15 ਅਕਤੂਬਰ ਨੂੰ ਹਾਈ ਕੋਰਟ ਦੇ ਸਾਬਕਾ ਜੱਜ ਉਤੇ ਆਧਾਰਤ ਨਿਆਇਕ ਕਮਿਸ਼ਨ ਬਣਾਉਣ ਦਾ ਐਲਾਨ ਕਰ ਦਿੱਤਾ। ਕਮਿਸ਼ਨ ਨੇ ਤਿੰਨ ਮਹੀਨਿਆਂ ਵਿਚ ਰਿਪੋਰਟ ਦੇਣੀ ਸੀ।



ਕਮਿਸ਼ਨ ਨੇ ਜਾਂਚ ਲਈ ਲੰਬਾ ਸਮਾਂ ਲਿਆ ਅਤੇ 30 ਜੂਨ 2016 ਨੂੰ ਰਿਪੋਰਟ ਮੁੱਖ ਸਕੱਤਰ ਨੂੰ ਸੌਂਪੀ। ਰਿਪੋਰਟ ਵਿਚ ਪੁਲਿਸ ਵੱਲੋਂ ਚਲਾਈ ਗੋਲੀ ਨੂੰ ਨਾਵਾਜਬ ਕਰਾਰ ਦਿੱਤਾ ਗਿਆ ਅਤੇ ਪੁਲਿਸ ਅਧਿਕਾਰੀਆਂ ਵਿਰੁਧ ਬਣਦੀ ਕਾਰਵਾਈ ਦੀ ਸਿਫਾਰਸ਼ ਕੀਤੀ ਗਈ। ਕਮਿਸ਼ਨ ਨੇ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇਣ ਵਾਲੇ ਤੱਕ ਪਹੁੰਚਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਬੇਅਦਬੀ ਦੇ ਦੋਸ਼ੀਆਂ ਦੀ ਕੋਈ ਸੂਹ ਲਾਈ ਜਾ ਸਕੀ। ਇਸ ਕਰ ਕੇ ਲੋਕਾਂ ਅਤੇ ਵਿਰੋਧੀ ਪਾਰਟੀਆਂ ਦੀ ਨਜ਼ਰ ਵਿਚ ਇਹ ਰਿਪੋਰਟ ਅਸਲ ਤੱਥਾਂ ਤੋਂ ਦੂਰ ਰਹੀ, ਪਰ ਇਸ ਕਮਜ਼ੋਰ ਰਿਪੋਰਟ ਨੂੰ ਵੀ ਲਾਗੂ ਕਰਨ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ। ਪੰਜਾਬ ਦੇ ਵਧੀਕ ਸਕੱਤਰ (ਗ੍ਰਹਿ) ਜਗਪਾਲ ਸਿੰਘ ਸੰਧੂ ਦਾ ਕਹਿਣਾ ਹੈ ਕਿ ਰਿਪੋਰਟ ਐਡਵੋਕੇਟ ਜਨਰਲ ਦੀ ਰਾਇ ਲਈ ਭੇਜੀ ਹੋਈ ਹੈ। ਗੌਰਤਲਬ ਹੈ ਕਿ ਇਸ ਮੁੱਦੇ ਉਤੇ ਕਈ ਪੰਥਕ ਜਥੇਬੰਦੀਆਂ ਵੱਲੋਂ ਸੁਪਰੀਮ ਕੋਰਟ ਦੇ ਸਾਬਕਾ ਜੱਜ ਮਾਰਕੰਡੇ ਕਾਟਜੂ ਉਤੇ ਆਧਾਰਤ ਬਣਾਏ ਜਨਤਕ ਕਮਿਸ਼ਨ ਨੇ ਪਹਿਲਾਂ ਹੀ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਸੀ। ਇਸ ਵਿਚ ਪੂਰੀ ਤਰ੍ਹਾਂ ਪੁਲਿਸ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਪੰਜਾਬ ਵਿਚ ਵਧਦੀ ਨਾਰਾਜ਼ਗੀ ਕਾਰਨ ਸਰਕਾਰ ਨੇ ਬੇਅਦਬੀ ਦੇ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਸੀ। ਸੀ.ਬੀ.ਆਈ. ਨੇ ਦੋਸ਼ੀ ਦਾ ਨਾਮ ਦੱਸਣ ਵਾਲੇ ਨੂੰ ਦਸ ਲੱਖ ਰੁਪਏ ਦਾ ਇਨਾਮ ਦੇਣ ਤੋਂ ਅੱਗੇ ਅਜੇ ਤੱਕ ਮਸਲੇ ਦੀ ਤਹਿ ਤੱਕ ਜਾਣ ਦਾ ਕੋਈ ਸੰਕੇਤ ਨਹੀਂ ਦਿੱਤਾ।

## ਸਿੱਖ ਖਿਡਾਰੀਆਂ ਨਾਲ ਵਿਤਕਰੇ ਦੀ ਨੀਤੀ ਖਤਮ ਕਰਨ ਦਾ ਸੱਦਾ

**ਵਾਸ਼ਿੰਗਟਨ:** ਅਮਰੀਕਾ ਦੇ ਕਾਨੂੰਨੀ ਮਾਹਿਰਾਂ ਨੇ ਦਸਤਾਰਧਾਰੀ ਸਿੱਖ ਬਾਸਕਟਬਾਲ ਖਿਡਾਰੀਆਂ ਖਿਲਾਫ ਭੇਦਭਾਵ ਦੀ ਨੀਤੀ ਖਤਮ ਕਰਨ ਦਾ ਸੱਦਾ ਦਿੱਤਾ ਹੈ। ਫੀਬਾ ਹਮੇਸ਼ਾ ਇਸ ਨਿਯਮ ਨੂੰ ਆਧਾਰ ਬਣਾ ਕੇ ਦਸਤਾਰਧਾਰੀ ਖਿਡਾਰੀਆਂ ਨੂੰ ਖੇਡਣ ਤੋਂ ਰੋਕਦਾ ਰਿਹਾ ਹੈ। ਤਰਕ ਦਿੱਤਾ ਜਾਂਦਾ ਹੈ ਕਿ ਖਿਡਾਰੀ ਅਜਿਹਾ ਕੁਝ ਨਹੀਂ ਪਹਿਨੇਗਾ ਜੋ ਸਾਥੀ ਖਿਡਾਰੀਆਂ ਦੇ ਜ਼ਖਮੀ ਹੋਣ ਦਾ ਕਾਰਨ ਬਣੇ। ਸੱਚ ਇਹ ਹੈ ਕਿ ਸਿੱਖ ਦੀ ਦਸਤਾਰ ਕਦੇ ਕਿਸੇ ਦੇ ਜ਼ਖਮੀ ਹੋਣ ਦਾ ਕਾਰਨ ਨਹੀਂ ਬਣੀ ਬਲਕਿ ਜਾਨਾਂ ਜ਼ਰੂਰ ਬਚਾਉਂਦੀ ਹੈ।

ਕਾਨੂੰਨੀ ਮਾਹਿਰਾਂ ਨੇ ਫੀਬਾ ਦੇ ਚੇਅਰਮੈਨ ਨੂੰ ਲਿਖੀ ਚਿੱਠੀ ਵਿਚ ਕਿਹਾ ਹੈ ਕਿ ਸਿੱਖ ਖਿਡਾਰੀ ਗਲੋਬਲ ਪੱਧਰ 'ਤੇ ਹਰ ਖੇਡ ਵਿਚ ਕੌਮਾਂਤਰੀ ਪੱਧਰ ਉਤੇ ਹਿੱਸਾ ਲੈਂਦੇ ਹਨ। ਕਦੇ ਵੀ ਅਜਿਹੀ ਕੋਈ ਘਟਨਾ ਸਾਹਮਣੇ ਨਹੀਂ ਆਈ ਕਿ ਕਿਸੇ ਸਿੱਖ ਖਿਡਾਰੀ ਦੀ ਦਸਤਾਰ ਨਾਲ ਕੋਈ ਦੂਜਾ ਖਿਡਾਰੀ ਜ਼ਖਮੀ ਹੋਇਆ ਹੋਵੇ ਜਾਂ ਦਸਤਾਰ ਨੇ ਦੂਜੇ ਖਿਡਾਰੀ ਦੇ ਖੇਡਣ ਵਿਚ ਕੋਈ ਅੜਿੱਕਾ ਪੈਦਾ ਕੀਤਾ ਹੋਵੇ। ਉਨ੍ਹਾਂ ਲਿਖਿਆ ਕਿ ਫੀਬਾ ਦਾ ਇਹ ਨਿਯਮ ਪੂਰੀ ਤਰ੍ਹਾਂ ਨਾਲ ਭੇਦਭਾਵ ਕਰਨ ਵਾਲਾ ਤੇ ਖੇਡ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਾਲਾ ਹੈ। ਇਨ੍ਹਾਂ ਕਿਹਾ ਕਿ ਫੀਬਾ ਨੂੰ ਸਾਡਾ ਸਿਰਫ ਇਕੋ ਸੁਨੇਹਾ ਹੈ ਕਿ 'ਖਿਡਾਰੀਆਂ ਨੂੰ ਖੇਡਣ ਦਿਉ'। ਫੀਬਾ ਨੂੰ ਲਿਖੀ ਚਿੱਠੀ ਉਤੇ 40 ਕਾਨੂੰਨ ਮਾਹਿਰਾਂ ਨੇ ਆਪਣੇ ਦਸਤਖਤ ਕੀਤੇ ਹਨ।

ਫੀਬਾ ਦੀ ਇਹ ਭੇਦਭਾਵ ਵਾਲੀ ਨੀਤੀ 2014 ਵਿਚ ਲਿਆਂਦੀ ਗਈ ਸੀ ਜਦੋਂ ਏਸ਼ੀਆ ਕੱਪ ਦੌਰਾਨ ਦੋ ਸਿੱਖ ਖਿਡਾਰੀਆਂ ਨੂੰ ਰੈਫਰੀ ਨੇ ਦਸਤਾਰ ਉਤਾਰ ਕੇ ਹੀ ਖੇਡ ਮੈਦਾਨ 'ਚ ਆਉਣ ਦੀ ਹਦਾਇਤ ਕੀਤੀ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਆਪਣੇ ਖੇਡਣ ਦੇ ਹੱਕ ਲਈ ਸਿੱਖ ਖਿਡਾਰੀਆਂ ਦੇ ਨਾਲ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਫੀਬਾ ਨੂੰ ਆਪਣਾ ਜ਼ਬਰਦਸਤੀ ਥੋਪਿਆ ਨਿਯਮ ਵਾਪਸ ਲੈਣ ਦੀ ਮੰਗ ਕੀਤੀ ਜਾ ਰਹੀ ਹੈ ਤੇ ਹੁਣ ਅਮਰੀਕਾ ਦੇ ਕਾਨੂੰਨ ਮਾਹਿਰ ਵੀ ਇਸ ਮੰਗ ਦੇ ਹੱਕ ਵਿਚ ਨਿਤਰੇ ਹਨ।

# ਜਗਦੀਸ਼ ਗਗਨੇਜਾ 'ਤੇ ਹਮਲੇ ਦੀ ਜਾਂਚ ਸੀ.ਬੀ.ਆਈ. ਹਵਾਲੇ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਰ.ਐਸ.ਐਸ. ਦੀ ਸੂਬਾ ਇਕਾਈ ਦੇ ਉਪ ਪ੍ਰਧਾਨ ਬ੍ਰਿਗੇਡੀਅਰ (ਰਿਟਾਇਰਡ) ਜਗਦੀਸ਼ ਗਗਨੇਜਾ 'ਤੇ ਹੋਏ ਜਾਨਲੇਵਾ ਹਮਲੇ ਦੇ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਹੈ।

ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਸ੍ਰੀ ਗਗਨੇਜਾ 'ਤੇ ਹਮਲੇ ਦਾ ਸਬੰਧ ਵਿਦੇਸ਼ੀ ਅਨਸਰਾਂ ਨਾਲ ਹੋਣ ਕਰ ਕੇ ਇਹ ਜਾਂਚ ਕੇਂਦਰੀ ਏਜੰਸੀ ਨੂੰ ਸੌਂਪੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸ੍ਰੀ ਗਗਨੇਜਾ 'ਤੇ ਜਲੰਧਰ ਵਿਚ ਦੋ ਮੋਟਰ ਸਾਈਕਲ ਸਵਾਰਾਂ ਨੇ ਕਾਤਲਾਨਾ ਹਮਲਾ ਕੀਤਾ ਸੀ ਜਿਸ ਕਾਰਨ ਉਹ ਬੁਰੀ ਤਰ੍ਹਾਂ ਫੱਟੜ ਹੋ ਗਏ ਸਨ। ਉਹ ਲੁਧਿਆਣਾ ਵਿਚ ਜ਼ੇਰੇ ਇਲਾਜ ਹਨ ਅਤੇ ਉਨ੍ਹਾਂ ਦੀ ਹਾਲਤ ਅਜੇ ਵੀ ਖਤਰੇ ਤੋਂ ਬਾਹਰ ਨਹੀਂ ਹੈ। ਹਮਲੇ ਤੋਂ ਬਾਅਦ ਪੰਜਾਬ ਪੁਲਿਸ ਨੇ ਹਮਲਾਵਰਾਂ ਦੀ ਸੀ.ਸੀ.ਟੀ.ਵੀ. ਫੁਟੇਜ ਜਾਰੀ ਕੀਤੀ ਸੀ, ਪਰ ਚਿਹਰੇ ਢਕੇ ਹੋਣ ਕਰ ਕੇ ਉਨ੍ਹਾਂ ਦਾ ਪਤਾ ਨਹੀਂ ਲੱਗ ਸਕਿਆ। ਪੰਜਾਬ ਪੁਲਿਸ ਨੇ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕਰ ਕੇ ਮਾਮਲਾ ਛੇਤੀ ਹੱਲ ਕਰਨ ਦਾ ਦਾਅਵਾ ਕੀਤਾ ਸੀ, ਪਰ ਉਸ ਮਗਰੋਂ ਜਾਂਚ ਕਿਸੇ ਸਿਰੇ ਨਹੀਂ ਲੱਗੀ। ਇਸੇ ਕਰ ਕੇ ਹਮਲਾਵਰਾਂ ਦੀ ਸੂਹ ਦੇਣ ਵਾਲੇ ਨੂੰ 10-10 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਸੀ।

# ਸੁਖਬੀਰ ਬਾਦਲ ਦੇ ਕਾਫਲੇ ਅੱਗੇ ਜਾਣ 'ਤੇ ਬਜ਼ੁਰਗ ਦਾ ਕੁਟਾਪਾ

**ਲੁਧਿਆਣਾ:** ਸੋਸ਼ਲ ਮੀਡੀਆ ਉਤੇ ਪੁਲਿਸ ਕਰਮੀਆਂ ਵੱਲੋਂ ਇਕ ਬਜ਼ੁਰਗ ਦੀ ਕੁੱਟਮਾਰ ਦੀ ਵਾਇਰਲ ਹੋਈ ਵੀਡੀਓ ਨੇ ਸੂਬੇ ਦੀ ਅਕਾਲੀ ਭਾਜਪਾ ਸਰਕਾਰ ਨੂੰ ਫਿਰ ਕਸੂਤਾ ਫਸਾ ਦਿੱਤਾ। ਅਸਲ ਵਿਚ ਬਜ਼ੁਰਗ ਦਾ ਕਸੂਰ ਸਿਰਫ ਇੰਨਾ ਸੀ ਕਿ ਉਸ ਨੇ ਲੁਧਿਆਣਾ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕਾਫਲੇ ਨੂੰ ਪਾਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਬਾਅਦ ਪੰਜਾਬ ਪੁਲਿਸ ਨੇ ਉਸ ਬਜ਼ੁਰਗ ਦੀ ਬੇਰਹਿਮੀ ਨਾਲ ਕੁੱਟਮਾਰ ਕਰ ਦਿੱਤੀ। ਇਸ ਦੌਰਾਨ ਕਿਸੇ ਰਾਹਗੀਰ ਨੇ ਪੂਰੀ ਘਟਨਾ ਆਪਣੇ ਕੈਮਰੇ ਵਿਚ ਕੈਦ ਕਰ ਲਈ ਜੋ ਖੂਬ ਵਾਇਰਲ ਹੋ ਰਹੀ ਹੈ। ਦੂਜੇ ਪਾਸੇ ਇਸ ਪੂਰੇ ਮਾਮਲੇ ਉਤੇ ਲੁਧਿਆਣਾ



ਪੁਲਿਸ ਨੇ ਕੁਝ ਬੋਲਣ ਤੋਂ ਇਨਕਾਰ ਕਰ ਦਿੱਤਾ ਹੈ।

# ਗੁੜਗਾਉਂ ਅਤੇ ਪਟੌਦੀ ਦੇ ਸਿੱਖ ਕਤਲੇਆਮ ਪੀੜਤਾਂ ਨੂੰ ਮੁਆਵਜ਼ਾ

**ਨਵੀਂ ਦਿੱਲੀ:** ਜਸਟਿਸ ਟੀ.ਪੀ. ਗਰਗ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਗੁੜਗਾਉਂ ਤੇ ਪਟੌਦੀ ਵਿਖੇ '84 ਦੇ ਸਿੱਖ ਕਤਲੇਆਮ ਦੇ 42 ਪੀੜਤਾਂ ਨੂੰ ਮੁਆਵਜ਼ੇ ਦੇ ਚੈਕ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੁਖੀ ਨਸੀਮ ਅਹਿਮਦ ਵੱਲੋਂ ਵੰਡੇ ਗਏ। ਇਨ੍ਹਾਂ ਦੋਹਾਂ ਖੇਤਰਾਂ ਵਿਚੋਂ ਕਰੀਬ 300 ਪਰਿਵਾਰਾਂ ਨੇ ਦਾਅਵੇ ਪੇਸ਼ ਕੀਤੇ ਸਨ, ਪਰ 150 ਦੇ ਦਾਅਵੇ ਸਹੀ ਪਾਏ ਗਏ।

ਗੁੜਗਾਉਂ ਦੇ ਮੁੱਖ ਗੁਰਦੁਆਰੇ ਵਿਖੇ ਗਰਗ ਕਮਿਸ਼ਨ ਤਹਿਤ ਮੁਆਵਜ਼ਾ ਵੰਡਣ ਦਾ ਕੰਮ ਸ਼ੁਰੂ ਕੀਤਾ ਗਿਆ। ਬਾਕੀ ਪੀੜਤਾਂ ਨੂੰ ਵੀ ਛੇਤੀ ਹੀ ਇਹ ਮੁਆਵਜ਼ਾ ਵੰਡਿਆ ਜਾਵੇਗਾ। ਰਾਈਟਸ ਐਕਸ਼ਨ ਕਮੇਟੀ ਦੇ ਉਪ ਪ੍ਰਧਾਨ ਜੇ.ਪੀ. ਸਿੰਘ ਨੇ ਕਿਹਾ ਕਿ ਹਰਿਆਣਾ ਸਰਕਾਰ ਦੀ ਪਹਿਲ 'ਤੇ ਗੁੜਗਾਉਂ ਤੋਂ ਇਹ ਰਾਸ਼ੀ ਵੰਡਣੀ ਸ਼ੁਰੂ ਹੋਈ ਹੈ। ਉਨ੍ਹਾਂ ਕਿਹਾ ਕਿ ਕਮੇਟੀ ਦੇ ਪ੍ਰਧਾਨ 80 ਸਾਲਾਂ ਦੇ ਸੰਤੋਖ ਸਿੰਘ ਨੇ ਕਮਿਸ਼ਨ ਦੀਆਂ ਸਾਰੀਆਂ 109 ਬੈਠਕਾਂ ਵਿਚ ਸ਼ਿਰਕਤ ਕੀਤੀ ਸੀ। ਡੀ.ਸੀ. ਸ੍ਰੀ ਟੀ.ਐਲ. ਸਤ ਪ੍ਰਕਾਸ਼ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਹਦਾਇਤ ਕੀਤੀ ਗਈ ਸੀ ਕਿ ਹਿਸਾਰ ਵਿਖੇ ਗਰਗ ਕਮਿਸ਼ਨ ਦੀ ਸੁਣਵਾਈ ਦੌਰਾਨ ਕਦੇ ਵੀ ਗੈਰਹਾਜ਼ਰ ਨਹੀਂ ਰਹਿਣਾ। ਗਰਗ ਕਮਿਸ਼ਨ ਨੇ 12.07 ਕਰੋੜ ਦੀ ਰਾਸ਼ੀ ਮੁਆਵਜ਼ੇ ਲਈ ਮਨਜ਼ੂਰ ਕੀਤੀ ਸੀ।

# ਸ੍ਰੀਲੰਕਾ ਕ੍ਰਿਕਟ ਟੀਮ 'ਤੇ ਹਮਲਾ ਕਰਨ ਵਾਲੇ ਅਤਿਵਾਦੀ ਹਲਾਕ

**ਲਾਹੌਰ:** ਪਾਕਿਸਤਾਨ ਵਿਚ ਸਾਲ 2009 'ਚ ਸ੍ਰੀਲੰਕਾ ਟੀਮ 'ਤੇ ਹੋਏ ਹਮਲੇ ਵਿਚ ਸ਼ਾਮਲ ਅਤਿਵਾਦੀ ਸੰਗਠਨ ਲਸ਼ਕਰ-ਏ-ਜਾਂਘਵੀ (ਐਲ.ਏ.ਜੇ.) ਦੇ ਚਾਰ ਅਤਿਵਾਦੀ ਪੁਲਿਸ ਨਾਲ ਮੁਕਾਬਲੇ 'ਚ ਮਾਰੇ ਗਏ।

ਪੰਜਾਬ ਪੁਲਿਸ ਦੇ ਅਪਰਾਧ ਜਾਂਚ ਵਿਭਾਗ ਅਨੁਸਾਰ, ਲਾਹੌਰ ਦੇ ਮਨਾਵਾਨ ਇਲਾਕੇ 'ਚ ਸੀ.ਆਈ.ਡੀ. ਦਲ 'ਤੇ ਸੱਤ ਅਤਿਵਾਦੀਆਂ ਨੇ ਹਮਲਾ ਕੀਤਾ ਸੀ। ਵਿਭਾਗ ਦੇ ਇਕ ਬੁਲਾਰੇ ਨੇ ਦੱਸਿਆ ਕਿ ਅਤਿਵਾਦੀਆਂ ਨੇ ਹਮਲੇ ਤੋਂ ਬਾਅਦ ਪੁਲਿਸ ਦਲ ਨੇ ਕਾਰਵਾਈ ਕੀਤੀ ਜਿਸ ਵਿਚ ਚਾਰ ਅਤਿਵਾਦੀ ਮਾਰੇ ਅਤੇ ਤਿੰਨ ਹਨੇਰੇ ਦਾ ਫਾਇਦਾ ਚੁੱਕ ਕੇ ਭੱਜ ਗਏ।

ਫਰਾਰ ਅਤਿਵਾਦੀਆਂ ਦਾ ਪਤਾ ਲਗਾਉਣ ਲਈ ਪੁਲਿਸ ਨੇ ਤਲਾਸ਼ੀ ਮੁਹਿੰਮ ਚਲਾਈ ਹੋਈ ਹੈ। ਮਾਰੇ ਗਏ ਅਤਿਵਾਦੀਆਂ ਦੀ ਪਛਾਣ ਜ਼ੁਬੈਰ ਉਰਫ ਨਾਇਕ ਮੁਹੰਮਦ, ਅਬਦੁੱਲ ਵਹਾਬ, ਅਦਨਾਨ ਅਰਸ਼ਦ ਅਤੇ ਅਤੀਕੁਰ ਰਹਿਮਾਨ ਦੇ ਤੌਰ 'ਤੇ ਹੋਈ ਹੈ। ਇਹ ਲੋਕ ਸਾਲ 2009 'ਚ ਸ੍ਰੀਲੰਕਾ ਦੀ ਕ੍ਰਿਕਟ ਟੀਮ 'ਤੇ ਹੋਏ ਹਮਲੇ ਅਤੇ ਸਾਲ 2008 'ਚ ਲਾਹੌਰ ਦੇ ਮੂਨ ਮਾਰਕਿਟ ਉਤੇ ਹੋਏ ਹਮਲੇ 'ਚ ਸ਼ਾਮਲ ਸਨ।

# ਪੰਜਾਬ ਵਿਚ ਜਾਅਲੀ ਵੋਟਾਂ ਦੀ ਭਰਮਾਰ

**ਬਠਿੰਡਾ:** ਪੰਜਾਬ ਵਿਚ ਤਕਰੀਬਨ ਪੌਣੇ ਦੋ ਲੱਖ ਵੋਟਰ ਸ਼ੱਕੀ ਨਿਕਲੇ ਹਨ। ਸੂਬੇ ਦੇ ਮੁੱਖ ਚੋਣ ਅਫਸਰ ਦੇ ਹੁਕਮਾਂ 'ਤੇ ਪਿਛਲੇ ਦਿਨੀਂ ਜਦੋਂ ਵੋਟਰਾਂ ਦੀ ਫੋਟੋ ਮੈਚਿੰਗ ਦੇ ਆਧਾਰ 'ਤੇ ਪੜਤਾਲ ਕਰਾਈ ਗਈ ਤਾਂ 'ਦਾਲ ਵਿਚ ਕੁਝ ਕਾਲਾ' ਨਜ਼ਰ ਆਇਆ। ਪੜਤਾਲ ਵਿਚ ਪਤਾ ਲੱਗਾ ਕਿ ਇਨ੍ਹਾਂ ਵੋਟਰਾਂ ਦੀਆਂ ਦੋਹਰੀਆਂ ਵੋਟਾਂ ਹਨ। 'ਸ਼ੱਕੀ' ਵੋਟਰਾਂ ਦੀ ਵੱਡੀ ਗਿਣਤੀ ਦੇ ਸਾਹਮਣੇ ਆਉਣ ਨਾਲ ਅਗਾਮੀ ਚੋਣਾਂ ਦੀ ਨਿਰਪੱਖਤਾ 'ਤੇ ਉਂਗਲ ਵੀ ਉਠਦੀ ਹੈ।



ਵੇਰਵਿਆਂ ਅਨੁਸਾਰ ਜਾਂਚ ਦੌਰਾਨ ਡਬਲ ਤੇ ਡੁਪਲੀਕੇਟ ਵੋਟਰ ਜ਼ਿਆਦਾ ਪਾਏ ਗਏ ਹਨ। ਹਰ ਜ਼ਿਲ੍ਹੇ ਵਿਚ ਅਜਿਹੇ ਵੋਟਰਾਂ ਦੀ ਗਿਣਤੀ ਘੱਟ-ਵੱਧ ਹੈ। ਸੂਬੇ ਵਿਚ ਕੁੱਲ 1.92 ਕਰੋੜ ਵੋਟਰ ਹਨ, ਜਿਨ੍ਹਾਂ ਵਿਚ 1.01 ਕਰੋੜ ਪੁਰਸ਼ ਤੇ 90.52 ਲੱਖ ਮਹਿਲਾ ਵੋਟਰ ਹਨ। ਥਰਡ ਜੈਂਡਰ (ਕਿੰਨਰ) ਵੋਟਰਾਂ ਦੀ ਗਿਣਤੀ 273 ਹੈ। ਇੰਜ ਜਾਪਦਾ ਹੈ ਕਿ ਇਸ ਵਾਰ ਨੌਜਵਾਨ ਵੋਟਰਾਂ ਦੀ ਭੂਮਿਕਾ ਅਹਿਮ ਰਹੇਗੀ। ਆਮ ਆਦਮੀ ਪਾਰਟੀ ਦੇ ਚੋਣ ਮੈਦਾਨ ਵਿਚ ਕੁੱਦਣ ਮਗਰੋਂ ਪੰਜਾਬ ਦੇ ਨੌਜਵਾਨ ਵੋਟਰਾਂ ਦੀ ਪੁੱਛਗਿੱਛ ਵਧ ਗਈ ਹੈ। ਹਰ ਸਿਆਸੀ ਧਿਰ ਵੱਲੋਂ ਨੌਜਵਾਨਾਂ ਨੂੰ ਚੋਗਾ ਪਾਇਆ ਜਾ ਰਿਹਾ ਹੈ। ਅਜਿਹੇ ਮਾਹੌਲ ਵਿਚ ਨਵੇਂ ਵੋਟਰਾਂ ਦੀ ਗਿਣਤੀ ਵਧਣ ਦੀ ਵੀ ਸੰਭਾਵਨਾ ਹੈ।

ਐਤਕੀਂ ਜੋ ਨੌਜਵਾਨ ਪਹਿਲੀ ਜਨਵਰੀ 2017 ਨੂੰ 18 ਸਾਲ ਦੀ ਉਮਰ ਪੂਰੀ ਕਰ ਲੈਣਗੇ, ਉਨ੍ਹਾਂ ਨੂੰ ਤਿੰਨ ਮਹੀਨੇ ਪਹਿਲਾਂ ਹੀ ਵੋਟਾਂ ਬਣਾਉਣ ਦਾ ਮੌਕਾ ਦਿੱਤਾ ਜਾ ਰਿਹਾ ਹੈ। ਵੋਟਾਂ ਦੀ ਸੁਧਾਈ ਦਾ ਕੰਮ 7 ਸਤੰਬਰ ਤੋਂ ਸ਼ੁਰੂ ਹੋ ਰਿਹਾ ਹੈ, ਜੋ 7 ਅਕਤੂਬਰ ਤੱਕ ਚੱਲੇਗਾ। ਵੋਟਰ ਸੂਚੀ ਦੀ ਆਖਰੀ ਪ੍ਰਕਾਸ਼ਨਾਂ 2 ਜਨਵਰੀ ਨੂੰ ਹੋਵੇਗੀ। ਉਸ ਤੋਂ ਪਹਿਲਾਂ ਨਵੀਆਂ ਵੋਟਾਂ ਬਣਾਉਣ, ਇਤਰਾਜ਼ ਸੁਣਨ ਤੇ ਵੋਟਾਂ ਕੱਟਣ ਦੀ ਪ੍ਰਕਿਰਿਆ ਪੂਰੀ ਕੀਤੀ ਜਾਣੀ ਹੈ। ਪੰਜਾਬ ਦੇ ਵਧੀਕ ਮੁੱਖ ਚੋਣ ਅਫਸਰ ਮਨਜੀਤ ਸਿੰਘ ਨਾਰੰਗ ਨੇ ਦੱਸਿਆ ਕਿ ਬੀ.ਐਲ.ਓਜ਼. ਨੂੰ ਸ਼ੱਕੀ ਵੋਟਰਾਂ ਦੀ ਸਰੀਰਕ ਜਾਂਚ ਕਰਨ ਵਾਸਤੇ ਆਖਿਆ ਹੈ। ਸੱਤ ਸਤੰਬਰ ਤੋਂ ਅਜਿਹੇ ਵੋਟਰਾਂ ਦੀ ਪੜਤਾਲ ਸ਼ੁਰੂ ਹੋਵੇਗੀ।

# ਦਸਤਾਰ ਉਤਾਰਨ ਲਈ ਕਹਿਣ 'ਤੇ ਵੀਜ਼ਾ ਲੈਣੋਂ ਨਾਂਹ

**ਨਵੀਂ ਦਿੱਲੀ:** ਸੁਰੱਖਿਆ ਕਾਰਨਾਂ ਲਈ ਅਮਰੀਕੀ ਸਫਾਰਤਖਾਨੇ ਵਿਚ ਦਸਤਾਰ ਉਤਾਰਨ ਲਈ ਕਹਿਣ ਮਗਰੋਂ ਭਾਜਪਾ ਦੇ ਸੰਸਦ ਮੈਂਬਰ ਵਰਿੰਦਰ ਸਿੰਘ ਨੇ ਅਮਰੀਕਾ ਦਾ ਵੀਜ਼ਾ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਦਸਤਾਰ ਉਸ ਦੀ ਰਵਾਇਤੀ ਸ਼ਾਨ ਦੀ ਪ੍ਰਤੀਕ ਹੈ ਅਤੇ ਇਸ ਨੂੰ ਉਹ ਨਹੀਂ ਉਤਾਰ ਸਕਦੇ।

ਮੌਜੂਦਾ ਸਮੇਂ ਭਦੋਹੀ (ਉਤਰ ਪ੍ਰਦੇਸ਼) ਤੋਂ ਨੁਮਾਇੰਦਗੀ ਕਰ ਰਹੇ ਤਿੰਨ ਵਾਰ ਲੋਕ ਸਭਾ ਮੈਂਬਰ ਵਰਿੰਦਰ ਸਿੰਘ ਨੇ ਕਿਹਾ ਕਿ ਅਮਰੀਕੀ ਸਫਾਰਤਖਾਨੇ ਵਿਚ ਉਸ ਦੀ ਪਹਿਲੀ ਇੰਟਰਵਿਊ ਵਿਚ ਕਿਸਾਨੀ ਮਸਲਿਆਂ ਬਾਰੇ ਪੁੱਛਿਆ ਗਿਆ ਅਤੇ ਬਾਅਦ ਵਿਚ ਉਸ ਨੂੰ ਮੁਲਕ ਜਾਣ ਲਈ ਸੱਦਿਆ ਗਿਆ। ਉਹ ਵੀਜ਼ੇ ਲਈ ਸਫਾਰਤਖਾਨੇ ਗਏ ਤਾਂ ਦਸਤਾਰ ਉਤਾਰਨ ਲਈ ਕਿਹਾ ਗਿਆ। ਉਨ੍ਹਾਂ ਦਸਤਾਰ ਨਾ ਉਤਾਰੀ ਅਤੇ ਵੀਜ਼ਾ ਲੈਣ ਤੋਂ ਇਨਕਾਰ ਕਰ ਦਿੱਤਾ।

ਅਮਰੀਕੀ ਸਫਾਰਤਖਾਨੇ ਵੱਲੋਂ ਭਾਜਪਾ ਸੰਸਦ ਮੈਂਬਰ ਵਰਿੰਦਰ ਸਿੰਘ ਨੂੰ ਦਸਤਾਰ ਉਤਾਰੇ ਜਾਣ ਲਈ ਮਜਬੂਰ ਕੀਤੇ ਜਾਣ ਦੀ ਵਾਪਰੀ ਘਟਨਾ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਜਥੇਦਾਰ ਮੱਕੜ ਨੇ ਕਿਹਾ ਕਿ ਦਸਤਾਰ ਸਿੱਖ ਦੀ ਰਵਾਇਤੀ ਸ਼ਾਨ ਦਾ ਪ੍ਰਤੀਕ ਹੋਣ ਦੇ ਨਾਲ-ਨਾਲ ਉਸ ਦੀ ਪਛਾਣ ਵੀ ਹੈ, ਜੋ ਕਦਾਚਿਤ ਵੀ ਉਤਾਰੀ ਨਹੀਂ ਜਾ ਸਕਦੀ। ਉਨ੍ਹਾਂ ਭਾਰਤ ਦੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨੂੰ ਕਿਹਾ ਕਿ ਉਹ ਅਮਰੀਕਾ ਦੇ ਸਫਾਰਤਖਾਨੇ ਨਾਲ ਗੱਲਬਾਤ ਕਰ ਕੇ ਸਿੱਖਾਂ ਦੀ ਸ਼ਖਸੀਅਤ, ਰਹਿਣੀ-ਬਹਿਣੀ ਅਤੇ ਪਹਿਰਾਵੇ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਤਾਂ ਜੋ ਅਮਰੀਕੀ ਸਫਾਰਤਖਾਨੇ ਵੱਲੋਂ ਵਾਰ-ਵਾਰ ਸਿੱਖਾਂ ਨੂੰ ਦਸਤਾਰ ਉਤਾਰਨ ਲਈ ਮਜਬੂਰ ਨਾ ਕੀਤਾ ਜਾਵੇ।

# ਪੰਜਾਬੀ ਸੂਬੇ ਦੀ 50ਵੀਂ ਵਰ੍ਹੇਗੰਢ ਦੇ ਸਮਾਗਮਾਂ ਲਈ ਰੂਪ ਰੇਖਾ ਉਲੀਕੀ

**ਚੰਡੀਗੜ੍ਹ:** ਪੰਜਾਬੀ ਸੂਬੇ ਦੀ 50ਵੀਂ ਵਰ੍ਹੇਗੰਢ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਸਬੰਧਤ ਵਿਭਾਗਾਂ ਵੱਲੋਂ ਕਰਵਾਏ ਜਾਣ ਵਾਲੇ ਆਪੋ-ਆਪਣੇ ਪ੍ਰੋਗਰਾਮਾਂ ਦੀ ਰੂਪ ਰੇਖਾ ਉਲੀਕੀ ਗਈ, ਜਿਹੜੇ ਮਹੀਨਾ ਭਰ ਚੱਲਣਗੇ। ਇਨ੍ਹਾਂ ਪ੍ਰੋਗਰਾਮਾਂ ਬਾਰੇ ਖੁੱਲ੍ਹ ਕੇ ਵਿਚਾਰਾਂ ਕਰਨ ਲਈ ਇਥੇ ਪੰਜਾਬ ਭਵਨ ਵਿਖੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਦੀ ਅਗਵਾਈ ਹੇਠ ਪ੍ਰੋਗਰਾਮ ਉਲੀਕਣ ਵਾਲੀ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਉਚ ਅਧਿਕਾਰੀਆਂ ਸਮੇਤ ਸਬੰਧਤ ਵਿਭਾਗਾਂ ਦੇ ਸਕੱਤਰ ਤੇ ਮੁਖੀ ਸ਼ਾਮਲ ਹੋਏ।

ਇਸ ਮੌਕੇ ਡਾ. ਚੀਮਾ ਨੇ ਦੱਸਿਆ ਕਿ ਪਹਿਲੀ ਨਵੰਬਰ 2016 ਨੂੰ ਪੰਜਾਬੀ ਸੂਬੇ ਬਣੇ ਨੂੰ 50 ਵਰ੍ਹੇ ਹੋ ਜਾਣਗੇ। ਇਸ ਸਬੰਧੀ ਮਹੀਨਾ ਭਰ ਸਮਾਗਮ ਕਰਵਾਏ ਜਾਣਗੇ ਜੋ ਸੂਬੇ ਦੀਆਂ ਵੱਖ-ਵੱਖ ਥਾਵਾਂ 'ਤੇ ਹੋਣਗੇ।

ਉਨ੍ਹਾਂ ਦੱਸਿਆ ਕਿ ਇਹ ਸਮਾਗਮ ਵੱਖ-ਵੱਖ ਵਿਭਾਗਾਂ ਵੱਲੋਂ ਕਰਵਾਏ ਜਾਣਗੇ ਜਿਨ੍ਹਾਂ ਵਿਚ ਸਕੂਲ ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ, ਪੇਂਡੂ ਵਿਕਾਸ ਤੇ ਪੰਚਾਇਤ, ਇਸਤਰੀ ਤੇ ਬਾਲ ਵਿਕਾਸ, ਸੂਚਨਾ ਤੇ ਲੋਕ ਸੰਪਰਕ, ਖੇਡ ਅਤੇ ਐਨ.ਆਰ.ਆਈ.ਵਿਭਾਗ ਸ਼ਾਮਲ ਹਨ। ਮੀਟਿੰਗ ਵਿਚ ਸਭ ਵਿਭਾਗਾਂ ਵੱਲੋਂ ਆਪੋ-ਆਪਣੇ ਪ੍ਰੋਗਰਾਮਾਂ ਦਾ ਵੇਰਵਾ ਵਿਸਥਾਰ ਵਿਚ ਦਿੱਤਾ ਗਿਆ ਜਿਸ ਬਾਰੇ ਖੁੱਲ੍ਹ ਕੇ ਵਿਚਾਰਾਂ ਹੋਈਆਂ। ਉਨ੍ਹਾਂ ਦੱਸਿਆ ਕਿ ਸੂਚਨਾ ਤੇ ਲੋਕ ਸੰਪਰਕ ਵਿਭਾਗ ਵੱਲੋਂ ਇਨ੍ਹਾਂ ਪ੍ਰੋਗਰਾਮਾਂ ਦਾ ਇਕ ਸਾਂਝਾ ਕੈਲੰਡਰ ਤਿਆਰ ਕੀਤਾ ਜਾਵੇਗਾ।

# ਕੈਬਨਿਟ ਵੱਲੋਂ ਮੁੱਲ ਦੀ ਕੁੱਖ ਬਾਰੇ ਬਿੱਲ ਦਾ ਖਰੜਾ ਪਾਸ

**ਨਵੀਂ ਦਿੱਲੀ:** ਕੇਂਦਰੀ ਕੈਬਨਿਟ ਨੇ ਮੁੱਲ ਦੀ ਕੁੱਖ (ਸਰੋਗੇਸੀ) ਲੈ ਕੇ ਬੱਚੇ ਨੂੰ ਜਨਮ ਦੇਣ ਵਾਲੀਆਂ ਮਾਵਾਂ ਅਤੇ ਪੈਦਾ ਹੋਣ ਵਾਲੇ ਅਜਿਹੇ ਬੱਚਿਆਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਵਾਲੇ ਬਿੱਲ ਦੇ ਖਰੜੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਬਿੱਲ ਨੂੰ ਹੁਣ ਸੰਸਦ ਵਿਚ ਪੇਸ਼ ਕੀਤਾ ਜਾਵੇਗਾ। ਸਰੋਗੇਸੀ (ਰੈਗੂਲੇਸ਼ਨ) ਬਿੱਲ 2016 ਦਾ ਖਰੜਾ ਪਾਸ ਹੋਣ ਮਗਰੋਂ ਸਿਹਤ ਵਿਭਾਗ, ਜਿਸ ਦੀ ਤਜਵੀਜ਼ 'ਤੇ ਇਹ ਖਰੜਾ ਤਿਆਰ ਕੀਤਾ ਗਿਆ ਹੈ, ਦਾ ਕਹਿਣਾ ਹੈ ਕਿ ਇਸ ਬਿੱਲ ਦਾ ਮੁੱਖ ਮਕਸਦ ਦੇਸ਼ ਵਿਚ ਸਰੋਗੇਸੀ ਬਾਰੇ ਕਾਨੂੰਨ ਨੂੰ ਸੁਚੱਜੇ ਢੰਗ ਨਾਲ ਲਾਗੂ ਕਰਨਾ ਹੈ। ਅਧਿਕਾਰਤ ਸੂਤਰਾਂ ਮੁਤਾਬਕ ਕੈਬਨਿਟ ਨੇ ਇਸ ਖਰੜੇ ਨੂੰ ਸੰਸਦ ਵਿਚ ਪੇਸ਼ ਕੀਤੇ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਯਾਦ ਰਹੇ ਕਿ ਮੰਤਰੀਆਂ ਦੇ ਸਮੂਹ ਨੇ ਹਾਲ ਹੀ ਵਿਚ ਬਿੱਲ ਨੂੰ ਹਰੀ ਝੰਡੀ ਵਿਖਾਉਂਦਿਆਂ ਆਖਰੀ ਫੈਸਲੇ ਲਈ ਕੇਂਦਰੀ ਕੈਬਨਿਟ ਕੋਲ ਭੇਜ ਦਿੱਤਾ ਸੀ। ਮੰਤਰੀਆਂ ਦਾ ਇਹ ਸਮੂਹ, ਜਿਸ ਵਿਚ ਸਿਹਤ ਮੰਤਰੀ ਜੇ.ਪੀ. ਨੱਢਾ, ਵਣਜ ਮੰਤਰੀ ਨਿਰਮਲਾ ਸੀਤਾਰਮਨ ਤੇ ਫੂਡ ਪ੍ਰੋਸੈਸਿੰਗ ਬਾਰੇ ਮੰਤਰੀ ਹਰਸਿਮਰਤ ਕੌਰ ਬਾਦਲ ਸ਼ਾਮਲ ਸਨ, ਪ੍ਰਧਾਨ ਮੰਤਰੀ ਦਫਤਰ ਦੀ ਪਹਿਲਕਦਮੀ 'ਤੇ ਗਠਿਤ ਕੀਤਾ ਗਿਆ ਸੀ।

ਸਰਕਾਰ ਨੇ ਹਾਲ ਹੀ ਵਿਚ ਇਹ ਮੰਨਿਆ ਸੀ ਕਿ ਮੌਜੂਦਾ ਸਮੇਂ ਸਰੋਗੇਸੀ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਲਈ ਕੋਈ ਸੰਵਿਧਾਨਕ ਵਿਧੀ ਨਾ ਹੋਣ ਕਾਰਨ ਸਰੋਗੇਸੀ ਦੇ ਨਾਂ 'ਤੇ ਖਾਸ ਕਰ ਕੇ ਪੇਂਡੂ ਤੇ ਕਬਾਇਲੀ ਇਲਾਕਿਆਂ 'ਚ ਔਰਤਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।

# ਪੰਜਾਬ 'ਚ ਛੇਤੀ ਖੋਲ੍ਹੇ ਜਾਣਗੇ 200 ਸਕਿੱਲ ਸੈਂਟਰ: ਸੁਖਬੀਰ

**ਮੌੜ (ਬਠਿੰਡਾ):** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਆਉਂਦੇ ਡੇਢ ਮਹੀਨੇ ਵਿਚ ਬਲਾਕ ਪੱਧਰ 'ਤੇ 200 ਸਕਿੱਲ ਸੈਂਟਰ ਖੋਲ੍ਹੇ ਜਾ ਰਹੇ ਹਨ ਤਾਂ ਜੋ ਨੌਜਵਾਨ ਆਪਣੇ ਪਸੰਦੀਦਾ ਕਿੱਤੇ ਦੀ ਸਿਖਲਾਈ ਲੈ ਕੇ ਆਪਣਾ ਕੰਮਕਾਜ ਸਥਾਪਤ ਕਰ ਸਕਣ।

ਮੌੜ ਵਿਧਾਨ ਸਭਾ ਹਲਕੇ ਵਿਚ ਲੋਕ ਨਿਰਮਾਣ ਮੰਤਰੀ ਸ. ਜਨਮੇਜਾ ਸਿੰਘ ਸੇਖੋਂ ਸਮੇਤ 200 ਕਰੋੜ ਦੀ ਲਾਗਤ ਨਾਲ ਸ਼ੁਰੂ ਕੀਤੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਤੋਂ ਪਹਿਲਾਂ ਪੁਰਾਣੀ ਦਾਣਾ ਮੰਡੀ ਵਿਚ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸ. ਬਾਦਲ ਨੇ ਕਿਹਾ ਕਿ ਇਨ੍ਹਾਂ ਸੈਂਟਰਾਂ ਤੋਂ ਸਿਖਲਾਈ ਪ੍ਰਾਪਤ ਨੌਜਵਾਨਾਂ ਨੂੰ ਆਪਣਾ ਕੰਮਕਾਜ ਸਥਾਪਤ ਕਰਨ ਲਈ ਪੰਜਾਬ ਸਰਕਾਰ ਵਲੋਂ ਵਿੱਤੀ ਮਦਦ ਵੀ ਮੁਹੱਈਆ ਕਰਵਾਈ ਜਾਵੇਗੀ ਤਾਂ ਕਿ ਉਹ ਆਪੋ ਆਪਣੇ



ਮੁਹਾਰਤੀ ਕਿੱਤੇ ਰਾਹੀਂ ਆਪਣੇ ਪੈਰੀਂ ਹੋ ਸਕਣ। ਸੂਬੇ ਵਿਚ ਚਲ ਰਹੇ ਵਿਕਾਸ ਦੀ ਗੱਲ ਕਰਦਿਆਂ ਸ. ਬਾਦਲ ਨੇ ਕਿਹਾ ਕਿ ਗਠਜੋੜ ਸਰਕਾਰ ਪਿੰਡਾਂ ਵਿਚ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਸਥਾਪਤ ਕਰਨ ਅਤੇ ਜਨਤਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਪਲਾਨ ਤਿਆਰ ਕਰ ਲਿਆ ਹੈ ਜਿਸ ਤਹਿਤ 12000 ਪਿੰਡਾਂ ਵਿਚ 30000 ਕਰੋੜ ਰੁਪਏ ਦੀ ਲਾਗਤ ਨਾਲ 100 ਫੀਸਦੀ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਆਉਂਦੇ ਸਾਲਾਂ 'ਚ ਇਨ੍ਹਾਂ ਪਿੰਡਾਂ ਵਿਚ ਪੀਣ ਵਾਲੇ ਸਾਫ ਪਾਣੀ ਦੀ ਸਪਲਾਈ, ਸੀਵਰੇਜ ਟਰੀਟਮੈਂਟ ਪਲਾਂਟ, ਗਲੀਆਂ ਦੀ ਉਸਾਰ ਆਦਿ ਨੂੰ ਅਮਲੀ ਜਾਮਾ ਪਹਿਨਾਇਆ ਜਾਵੇਗਾ।

ਪੰਜਾਬ ਟਾਈਮਜ਼

*ਸਨਿਚਰਵਾਰ, 3 ਸਤੰਬਰ 2016*

## 'ਆਪ' ਦੀ ਉਥਲ-ਪੁਥਲ

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਸਿਰ ਉਤੇ ਹਨ ਅਤੇ ਪੰਜਾਬ ਦੇ ਲੋਕਾਂ ਲਈ ਆਸ ਬਣ ਕੇ ਉਭਰੀ ਜਥੇਬੰਦੀ ਆਮ ਆਦਮੀ ਪਾਰਟੀ (ਆਪ) ਵਿਚ ਤਿੱਖੀ ਉਥਲ-ਪੁਥਲ ਹੋ ਰਹੀ ਹੈ। ਇਸ ਉਥਲ-ਪੁਥਲ ਨੇ ਸੂਬੇ ਦੇ ਸਿਆਸੀ ਮਾਹੌਲ ਨੂੰ ਹੋਰ ਮਘਾ ਦਿੱਤਾ ਹੈ ਅਤੇ ਸਿਆਸੀ ਮਾਹਿਰ ਤੇ ਆਮ ਲੋਕ ਸੂਬੇ ਦੇ ਹਾਲਾਤ ਬਾਰੇ ਆਪੋ-ਆਪਣੀ ਰਾਏ ਪ੍ਰਗਟ ਕਰਨ ਵਿਚ ਰੁਝੇ ਹੋਏ ਹਨ। ਪਾਰਟੀ ਅੰਦਰ ਅਜਿਹੇ ਹਾਲਾਤ ਬਣਨ ਦਾ ਸਿਲਸਿਲਾ ਭਾਵੇਂ ਪਾਰਟੀ ਵੱਲੋਂ ਉਮੀਦਵਾਰਾਂ ਦੀਆਂ ਦੋ ਸੂਚੀਆਂ ਜਾਰੀ ਹੋਣ ਤੋਂ ਬਾਅਦ ਹੀ ਸ਼ੁਰੂ ਹੋਇਆ ਹੈ, ਪਰ ਇਸ ਦੀਆਂ ਜੜ੍ਹਾਂ ਇਸ ਪਾਰਟੀ ਦੇ ਉਨ੍ਹਾਂ ਸਿਧਾਂਤਾਂ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਬਾਰੇ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਮ ਲੋਕਾਂ ਨਾਲ ਵਾਅਦੇ ਕੀਤੇ ਸਨ। ਸਭ ਤੋਂ ਪਹਿਲਾਂ ਯੋਗਿੰਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਨ ਵਰਗੇ ਆਗੂ ਕੁਹਜੇ ਢੰਗ ਨਾਲ ਪਾਰਟੀ ਤੋਂ ਲਾਂਭੇ ਕੀਤੇ ਗਏ। ਫਿਰ ਪੰਜਾਬ ਦੀ ਅਨੁਸ਼ਾਸਨੀ ਕਮੇਟੀ ਦੇ ਮੁਖੀ ਡਾ. ਦਲਜੀਤ ਸਿੰਘ ਨੂੰ ਪਾਰਟੀ ਤੋਂ ਵੱਖ ਕਰ ਦਿੱਤਾ ਗਿਆ। ਪਾਰਟੀ ਦੇ ਦੋ ਲੋਕ ਸਭਾ ਮੈਂਬਰ, ਡਾ. ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖਾਲਸਾ ਨੂੰ ਮੁਅੱਤਲ ਕੀਤਾ ਜਾ ਚੁੱਕਾ ਹੈ। ਕਾਫੀ ਚਿਰ ਤੋਂ ਇਨ੍ਹਾਂ ਦੀ ਮੁਅੱਤਲੀ ਬਾਰੇ ਕੋਈ ਫੈਸਲਾ ਵੀ ਨਹੀਂ ਕੀਤਾ ਜਾ ਰਿਹਾ। ਲੋਕ ਸਭਾ ਚੋਣਾਂ ਵੇਲੇ ਪੰਜਾਬ ਵਿਚ ਚੋਣ ਮੁਹਿੰਮ ਦੇ ਕਨਵੀਨਰ ਡਾ. ਸੁਮੇਲ ਸਿੰਘ ਸਿੱਧੂ ਨੂੰ ਵੀ ਚੁੱਪ-ਚੁਪੀਤੇ ਲਾਂਭੇ ਕਰ ਦਿੱਤਾ ਗਿਆ ਸੀ। ਹੁਣ ਪੰਜਾਬ ਇਕਾਈ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਅਹੁਦੇ ਤੋਂ ਲਾਹ ਦਿੱਤਾ ਗਿਆ ਹੈ।

ਇਹ ਸੱਚ ਹੈ ਕਿ ਕਿਸੇ ਆਗੂ ਜਾਂ ਵਰਕਰ ਦੇ ਪਿਛਾਂਹ ਹਟਣ ਨਾਲ ਕਿਸੇ ਪਾਰਟੀ ਨੂੰ ਕੋਈ ਬਹੁਤਾ ਫਰਕ ਨਹੀਂ ਪੈਂਦਾ, ਪਰ ਆਮ ਆਦਮੀ ਪਾਰਟੀ ਦੀ ਕਾਇਮੀ ਹੀ ਰਵਾਇਤੀ ਸਿਆਸਤ ਨੂੰ ਵੱਢ ਮਾਰਨ ਦੇ ਇਰਾਦੇ ਨਾਲ ਹੋਈ ਸੀ। ਇਸੇ ਆਧਾਰ ਉਤੇ ਦਿੱਲੀ, ਪੰਜਾਬ ਅਤੇ ਮੁਲਕ ਭਰ ਦੇ ਲੋਕਾਂ ਨੇ ਇਸ ਪਾਰਟੀ ਨੂੰ ਹੁੰਗਾਰਾ ਭਰਿਆ। ਦਿੱਲੀ ਵਿਧਾਨ ਸਭਾ ਅਤੇ ਪੰਜਾਬ ਵਿਚ ਲੋਕ ਸਭਾ ਵਾਲੀਆਂ ਚੋਣਾਂ ਵਿਚ ਲੋਕਾਂ ਨੇ ਸੱਤਾਧਾਰੀਆਂ ਨੂੰ ਲਾਂਭੇ ਕਰਨ ਦੇ ਇਰਾਦੇ ਨਾਲ ਹੀ ਪਾਰਟੀ ਨੂੰ ਵੋਟਾਂ ਪਾਈਆਂ ਸਨ। ਦਿੱਲੀ ਅਤੇ ਪੰਜਾਬ ਹੀ ਨਹੀਂ, ਮੁਲਕ ਵਿਚ ਕਈ ਥਾਂਈਂ ਪਾਰਟੀ ਨੂੰ ਖੂਬ ਹੁਲਾਰਾ ਮਿਲਿਆ ਅਤੇ ਇਸ ਦੇ ਨਾਲ ਹੀ ਮੁਲਕ ਅੰਦਰ ਨਵੀਂ ਸਿਆਸਤ ਦੀ ਗੱਲ ਚੱਲ ਪਈ ਜਿਸ ਦੇ ਕੇਂਦਰ ਵਿਚ ਆਮ ਆਦਮੀ ਅਤੇ ਉਸ ਦੇ ਫਿਕਰ ਸਨ। ਦਿੱਲੀ ਵਿਚ ਪਾਰਟੀ ਸੱਤਾ ਵਿਚ ਆ ਗਈ ਅਤੇ ਪੰਜਾਬ ਵਿਚ ਲੋਕ ਸਭਾ ਦੀਆਂ 13 ਵਿਚੋਂ 4 ਸੀਟਾਂ ਉਤੇ ਜਿੱਤ ਹਾਸਲ ਕਰ ਕੇ ਇਹ ਪਾਰਟੀ ਤੀਜੀ ਧਿਰ ਵਜੋਂ ਉਭਰੀ। ਇਸ ਤੋਂ ਬਾਅਦ ਪਾਰਟੀ ਨੂੰ ਜੋ ਹੁੰਗਾਰਾ ਪੰਜਾਬ ਵਿਚ ਮਿਲਿਆ, ਇਹ ਦਾਅਵੇ ਕੀਤੇ ਜਾਣ ਲੱਗੇ ਕਿ ਸੂਬੇ ਵਿਚ ਅਗਲੀ ਸਰਕਾਰ ਆਮ ਆਦਮੀ ਪਾਰਟੀ ਦੀ ਹੀ ਬਣੇਗੀ। ਪਿਛਲੇ ਦੋ ਸਾਲਾਂ ਅੰਦਰ ਇਸ ਪਾਰਟੀ ਬਾਰੇ ਪੰਜਾਬ ਵਿਚ ਇਹ ਗੱਲ ਘੁੰਮ ਗਈ ਕਿ ਅਗਲੀ ਸਰਕਾਰ ਬਣਾਉਣ ਦੀ ਡੋਰ ਇਸ ਪਾਰਟੀ ਦੇ ਹੱਥ ਹੀ ਹੈ ਅਤੇ ਸੂਬੇ ਦੀ ਸਿਆਸਤ ਹੁਣ ਰਵਾਇਤੀ ਪਾਰਟੀ ਦੇ ਹੱਥ ਵਿਚ ਨਹੀਂ ਰਹੇਗੀ। ਇਸ ਨਾਲ ਪੰਜਾਬ ਦੀ ਸਿਆਸਤ ਅੰਦਰ ਨਵਾਂ ਦੌਰ ਸ਼ੁਰੂ ਹੋਇਆ।

ਹੁਣ ਜਿਹੜੀ ਚਰਚਾ ਇਸ ਪਾਰਟੀ ਬਾਰੇ ਚੱਲ ਰਹੀ ਹੈ, ਉਹ ਇਹ ਹੈ ਕਿ ਪੰਜਾਬ ਉਤੇ ਦਿੱਲੀ ਦੇ ਲੀਡਰ ਥੋਪੇ ਜਾ ਰਹੇ ਹਨ। ਕੁਝ ਸਮਾਂ ਪਹਿਲਾਂ ਡਾ. ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖਾਲਸਾ ਨੇ ਵੀ ਇਹੀ ਮੁੱਦਾ ਉਠਾਇਆ ਸੀ। ਦੋਵੇਂ ਲੀਡਰ ਵਾਰ ਵਾਰ ਇਸ ਮਸਲੇ ਉਤੇ ਆਪਣੇ ਵਿਚਾਰ ਪ੍ਰਗਟਾਉਂਦੇ ਰਹੇ ਹਨ। ਇਸ ਤੋਂ ਵੀ ਪਹਿਲਾਂ ਡਾ. ਦਲਜੀਤ ਸਿੰਘ ਵੇਲੇ ਵੀ ਇਹੀ ਮੁੱਦਾ ਉਭਰਿਆ ਸੀ। ਉਸ ਵੇਲੇ ਮੁੱਦਾ ਭਾਵੇਂ ਸੁੱਚਾ ਸਿੰਘ ਛੋਟੇਪੁਰ ਦੀ ਕਨਵੀਨਰੀ ਖਿਲਾਫ ਸੀ, ਪਰ ਮੁੱਖ ਮੁਹਿੰਮ ਇਹੀ ਸੀ ਕਿ ਦਿੱਲੀ ਵਾਲੇ ਲੀਡਰ ਪੰਜਾਬ ਦੀ ਅਗਵਾਈ ਬਾਰੇ ਕੋਈ ਵੀ ਫੈਸਲਾ ਕਰਨ ਵੇਲੇ ਪੰਜਾਬ ਦੇ ਲੀਡਰਾਂ ਦੀ ਗੱਲ ਜ਼ਰੂਰ ਸੁਣਨ। ਜ਼ਾਹਰ ਹੈ ਕਿ ਪੰਜਾਬ ਵਿਚ ਮੁੱਖ ਮਸਲਾ ਲੀਡਰਸ਼ਿਪ ਦਾ ਹੈ। ਪਾਰਟੀ ਲਈ ਦਿੱਲੀ ਵਿਚ ਲੀਡਰਸ਼ਿਪ ਦਾ ਅਜਿਹਾ ਮਸਲਾ ਨਹੀਂ ਸੀ ਉਭਰਿਆ, ਕਿਉਂਕਿ ਸ੍ਰੀ ਅਰਵਿੰਦ ਕੇਜਰੀਵਾਲ ਪਾਰਟੀ ਦੇ ਲੀਡਰ ਵਜੋਂ ਸਥਾਪਿਤ ਹੋ ਚੁੱਕੇ ਸਨ। ਪੰਜਾਬ ਵਿਚ ਇਸ ਪੱਖ ਤੋਂ ਪਾਰਟੀ ਪਛੜ ਗਈ। ਕੁਝ ਸਿਆਸੀ ਮਾਹਿਰਾਂ ਦੀ ਇਹ ਰਾਏ ਵੀ ਸਾਹਮਣੇ ਆਈ ਹੈ ਕਿ ਪੰਜਾਬ ਵਿਚ ਲੀਡਰਸ਼ਿਪ ਦਾ ਮਸਲਾ ਜਾਣ-ਬੁੱਝ ਕੇ ਹੀ ਖੁੱਲ੍ਹਾ ਛੱਡਿਆ ਗਿਆ ਤਾਂ ਕਿ ਦਿੱਲੀ ਤੋਂ ਹੀ ਪੰਜਾਬ ਦੀ ਸਿਆਸਤ ਚਲਾਈ ਜਾਵੇ।

ਖੈਰ! ਇਸ ਸਭ ਦੇ ਬਾਵਜੂਦ ਪੰਜਾਬ ਅੰਦਰ ਜੋ ਸਿਆਸੀ ਮਾਹੌਲ ਬਣਿਆ ਹੋਇਆ ਹੈ, ਉਹ ਫਿਲਹਾਲ ਆਮ ਆਦਮੀ ਪਾਰਟੀ ਲਈ ਸੁਖਾਵਾਂ ਹੀ ਹੈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਵੱਲੋਂ ਆਪਣੀ ਹਰ ਤਿਕੜਮ ਲੜਾਉਣ ਦੇ ਬਾਵਜੂਦ ਗੱਡੀ ਲੀਹ ਉਤੇ ਨਹੀਂ ਪੈ ਰਹੀ। ਕਾਂਗਰਸ ਪਾਰਟੀ ਨੂੰ ਜਿਸ ਪ੍ਰਕਾਰ ਦੇ ਸੱਤਾ-ਵਿਰੋਧੀ ਹੁੰਗਾਰੇ ਅਤੇ ਹੁਲਾਰੇ ਦੀ ਆਸ ਸੀ, ਉਹ ਇਸ ਨੂੰ ਮਿਲ ਨਹੀਂ ਰਿਹਾ। ਭਾਰਤੀ ਜਨਤਾ ਪਾਰਟੀ ਪਹਿਲਾਂ ਵਾਂਗ ਅਕਾਲੀ ਦਲ ਦੇ ਪਿਛੇ ਪਿਛੇ ਚੱਲ ਰਹੀ ਹੈ ਅਤੇ ਇਸ ਦੇ ਕੇਂਦਰੀ ਲੀਡਰਾਂ ਨੇ ਪਿਛਲੀ ਵਾਰ ਜਿੰਨੀਆਂ, ਭਾਵ 23 ਸੀਟਾਂ ਉਤੇ ਚੋਣ ਲੜਨ ਦੀ ਗੱਲ ਵੀ ਆਖ ਦਿੱਤੀ ਹੈ। ਅਜਿਹੇ ਮਾਹੌਲ ਅੰਦਰ ਸੁੱਚਾ ਸਿੰਘ ਛੋਟੇਪੁਰ ਦੇ ਹੱਕ ਵਿਚ ਹਾਅ ਦਾ ਨਾਅਰਾ ਵੱਜਣ ਕਾਰਨ ਆਮ ਆਦਮੀ ਪਾਰਟੀ ਦੇ ਕੇਂਦਰੀ ਲੀਡਰਾਂ ਦੀ ਸੁਰ ਵੀ ਕੁਝ ਮੱਠੀ ਹੋ ਗਈ ਜਾਪਦੀ ਹੈ। ਪਾਰਟੀ ਦੇ ਲੀਡਰ ਇਹ ਕਤੱਈ ਨਹੀਂ ਚਾਹੁਣਗੇ ਕਿ ਪੰਜਾਬ ਵਿਚ ਸੱਤਾ ਵੱਲ ਜਾਂਦਾ ਰਾਹ ਬੰਦ ਕਰ ਲਿਆ ਜਾਵੇ। ਪਾਰਟੀ ਵਾਰ ਵਾਰ ਉਠ ਰਹੇ ਅਜਿਹੇ ਮਸਲਿਆਂ ਨੂੰ ਕਿਸ ਤਰ੍ਹਾਂ ਨਜਿੱਠਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ, ਪਰ ਪਾਰਟੀ ਨਾਲ ਜੁੜਿਆ ਕਾਡਰ ਨਿਸ਼ੰਗ ਕਹਿ ਰਿਹਾ ਹੈ ਕਿ ਇਸ ਉਥਲ-ਪੁਥਲ ਨਾਲ ਪਾਰਟੀ ਦੀ ਮੁਹਿੰਮ ਦਾ ਕੁਝ ਨਹੀਂ ਵਿਗੜਨਾ, ਕਿਉਂਕਿ ਲੋਕ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾਉਣ ਦਾ ਮਨ ਬਣਾ ਚੁੱਕੇ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਦੁਖਦਾਈ ਬੈਂਤ!*

'ਉਤਰ ਕਾਟੋ, ਮੈਂ ਚੜ੍ਹਾਂ' ਨੂੰ ਰੋਕਣਾ ਐ, ਕਹਿ ਕੇ ਦਿੱਲੀਓਂ 'ਆਪ' ਦੀ ਲਹਿਰ ਚੱਲੀ।
ਮੋਹ ਲਿਆ ਪੰਜਾਬ ਨੂੰ ਬਹੁਤ ਜਲਦੀ, ਗੱਲ 'ਨਵਿਆਂ' ਦੀ ਪਿੰਡ ਤੇ ਸ਼ਹਿਰ ਚੱਲੀ।
ਨੀਲੇ-ਚਿੱਟੇ ਤਾਂ ਹੋਏ ਭੈਅਭੀਤ ਕਹਿੰਦੇ, ਡਰ ਕੇ ਦੋਹਾਂ ਦੀ ਨਬਜ਼ ਤਾਂ ਠਹਿਰ ਚੱਲੀ।
ਰੱਫੜ ਆਪ ਦੇ ਵਿਚ ਕੋਈ ਪਿਆ ਰਹਿੰਦਾ, 'ਚਾਲ' ਦੁਸ਼ਮਣ ਨੇ ਜਾਪਦੀ ਗਹਿਰ ਚੱਲੀ।
ਟਿਕਟ-ਵੰਡ ਤੋਂ ਕਈ ਨਾਰਾਜ਼ ਹੋ ਗਏ, ਭੁੱਲੇ 'ਮਿਸ਼ਨ' ਨੂੰ ਗੱਲ ਹੁਣ ਗੁੱਸਿਆਂ ਦੀ।
'ਝਾੜੂ' ਜੂਝਦਾ ਆਇਆ ਏ ਨਾਲ 'ਦੋਂਹ' ਦੇ, ਤੀਜੀ ਧਿਰ ਬਣ ਰਹੀ ਏ ਰੁੱਸਿਆਂ ਦੀ!

# ਧਰਮ ਗੁਰੂ, ਸਿਆਸਤ ਅਤੇ ਸੰਵਿਧਾਨ

*ਹਰਿਆਣਾ ਵਿਧਾਨ ਸਭਾ ਵਿਚ ਜੈਨ ਮੁਨੀ ਦੇ ਪ੍ਰਵਚਨਾਂ ਨੇ ਨਵੀਂ ਚਰਚਾ ਛੇੜ ਦਿਤੀ ਹੈ। ਇਸ ਨੂੰ ਭਾਰਤ ਦੇ ਧਰਮ ਨਿਰਪੱਖ ਰੂਪ ਦੀ ਸਿੱਧੀ ਉਲੰਘਣਾ ਕਰਾਰ ਦਿਤਾ ਜਾ ਰਿਹਾ ਹੈ। ਚੰਡੀਗੜ੍ਹ ਤੋਂ ਛਪਦੀ ਅੰਗਰੇਜ਼ੀ ਅਖਬਾਰ 'ਦਿ ਟ੍ਰਿਬਿਊਨ' ਦੇ ਮੁੱਖ ਸੰਪਾਦਕ ਹਰੀਸ਼ ਖਰੇ ਨੇ ਇਸ ਬਾਰੇ ਤਾਂ ਆਪਣੀ ਬੇਬਾਕ ਟਿੱਪਣੀ ਕੀਤੀ ਹੀ ਹੈ, ਬਾਦਲ ਸਰਕਾਰ ਵੱਲੋਂ ਅਦਾਰੇ ਦੇ ਅਖਬਾਰਾਂ ਵਿਚ ਛਪਦੇ ਲੇਖਾਂ ਅਤੇ ਰਿਪੋਰਟਾਂ ਤੋਂ ਖਿਝ ਕੇ ਇਸ਼ਤਿਹਾਰਾਂ ਉਤੇ ਲਾਈ ਰੋਕ ਦਾ ਮਸਲਾ ਵੀ ਪਾਠਕਾਂ ਨਾਲ ਵਿਚਾਰਿਆ ਹੈ। -ਸੰਪਾਦਕ*

ਹਰਿਆਣਾ ਵਿਧਾਨ ਸਭਾ ਵਿਚ ਜੋ ਕੁਝ ਹੋਇਆ ਹੈ, ਉਸ ਨੂੰ ਸਾਡੀ ਸੰਵਿਧਾਨਕ ਵਿਵਸਥਾ ਦੇ ਧਰਮ ਨਿਰਪੇਖ ਮਾਪਦੰਡਾਂ ਤੋਂ ਅਸਾਧਾਰਨ ਢੰਗ ਨਾਲ ਲਾਂਭੇ ਜਾਣਾ ਕਿਹਾ ਜਾ ਸਕਦਾ ਹੈ। ਇੱਕ ਧਰਮ ਗੁਰੂ, ਇੱਕ ਜੈਨ ਮੁਨੀ ਜਿਨ੍ਹਾਂ ਦਾ ਆਪਣਾ ਟੈਲੀਵਿਜ਼ਨ ਸ਼ੋਅ ਵੀ ਚਲਦਾ ਹੈ, ਨੂੰ ਵਿਧਾਨ ਸਭਾ ਨੂੰ ਸੰਬੋਧਨ ਕਰਨ ਲਈ ਸੱਦਿਆ ਗਿਆ ਸੀ। ਉਸ ਸੰਨਿਆਸੀ ਨੂੰ ਰਾਜਪਾਲ (ਜਿਨ੍ਹਾਂ ਨੇ ਇਸ ਮੌਕੇ ਹਾਜ਼ਰੀ ਭਰਨੀ ਵਾਜਬ ਸਮਝੀ), ਮੁੱਖ ਮੰਤਰੀ ਅਤੇ ਸਪੀਕਰ ਤੋਂ ਵੀ ਉਚੇ ਮੰਚ 'ਤੇ ਬਿਠਾਇਆ ਗਿਆ। ਇੱਕ ਭੜਕੇ ਹੋਏ ਸਰਕਾਰੀ ਅਫ਼ਸਰ ਨੇ ਦੱਸਿਆ ਕਿ ਉਹ ਮੁਨੀ 'ਅਲਫ਼ ਨੰਗਾ' ਸੀ। ਅਖ਼ਬਾਰੀ ਰਿਪੋਰਟਾਂ ਅਨੁਸਾਰ ਉਹ ਜੈਨ ਮੁਨੀ, ਵਿਧਾਨਕਾਰਾਂ ਨੂੰ ਨਿੰਦਣ ਦੇ ਰੌਂਅ ਵਿਚ ਸੀ, ਉਹ ਸਿਆਸੀ ਸੂਤਰੀਕਰਨਾਂ ਬਾਰੇ ਉਚੀ-ਉਚੀ ਬੋਲਦਾ ਰਿਹਾ, ਕੁਝ ਅਜਿਹੀਆਂ ਸਮਾਜਿਕ ਟਿਪਣੀਆਂ ਕਰ ਗਿਆ ਜੋ ਬਦਮਜ਼ਗੀ ਪੈਦਾ ਕਰਨ ਵਾਲੀਆਂ ਸਨ ਅਤੇ ਹਰ ਇਕ ਨੂੰ ਫਟਕਾਰਦਾ ਰਿਹਾ।



**ਹਰੀਸ਼ ਖਰੇ**

ਇਹ ਸਮਝਣਾ ਔਖਾ ਹੈ ਕਿ ਅਜਿਹੇ ਤਿੱਖੇ ਵਿਆਖਿਆਨ ਤੋਂ ਬਾਅਦ ਕੋਈ ਆਪਣੇ ਆਪ ਨੂੰ ਕਿਵੇਂ ਸਿਆਣਾ ਜਾਂ ਰੂਹਾਨੀ ਤੌਰ 'ਤੇ ਵੱਧ ਸੁਘੜ ਕਿਵੇਂ ਮਹਿਸੂਸ ਕਰ ਸਕਦਾ ਹੈ।

ਹੋਰ ਵੀ ਅਹਿਮ ਗੱਲ ਇਹ ਹੈ ਕਿ ਵਿਧਾਨ ਸਭਾ ਦੀ ਅੰਦਰੂਨੀ ਖ਼ੁਦਮੁਖ਼ਤਾਰੀ ਨੂੰ ਸਾਡੀ ਸੰਵਿਧਾਨਕ ਵਿਵਸਥਾ ਦੇ ਸਭ ਤੋਂ ਵੱਧ ਕੀਮਤੀ ਸਿਧਾਂਤਾਂ ਵਿਚੋਂ ਇਕ ਸਮਝਿਆ ਜਾਂਦਾ ਹੈ। ਕਿਸੇ ਨੂੰ ਵੀ, ਇਥੋਂ ਤਕ ਕਿ ਨਿਆਂਪਾਲਿਕਾ ਨੂੰ ਵੀ ਨਹੀਂ, ਵਿਧਾਨ ਸਭਾ ਦੇ ਕੰਮਕਾਜ ਵਿਚ ਆਮ ਤੌਰ 'ਤੇ ਦਖ਼ਲ ਦੇਣ ਦਾ ਬਿਲਕੁਲ ਕੋਈ ਹੱਕ ਨਹੀਂ ਹੈ। ਇਸ ਮਾਮਲੇ ਵਿਚ ਸਦਨ ਦੀ ਮਰਯਾਦਾ ਵਾਲਾ ਪ੍ਰਸਿੱਧ ਮੁਹਾਵਰਾ ਅਕਸਰ ਵਰਤਿਆ ਜਾਂਦਾ ਹੈ ਜਿਸ ਦਾ ਮਤਲਬ ਹੈ ਕਿ ਵਿਧਾਨ ਮੰਡਲ ਦਾ ਆਪਣਾ ਸਵੈਮਾਨ ਤੇ ਜਲੌਅ ਹੁੰਦਾ ਹੈ।

ਇਸ ਤਜਰਬੇ ਤੋਂ ਨਾ ਤਾਂ ਕੋਈ ਉਚਤਾ ਵੇਖਣ ਨੂੰ ਮਿਲੀ ਤੇ ਨਾ ਹੀ ਕੋਈ ਰੂਹਾਨੀ ਸੁੱਚਤਾ ਪੱਲੇ ਪਈ। ਇਹ ਤਾਂ ਧਰਮ ਦੀ ਸਰਾਸਰ ਸਿਆਸੀ ਮੁਫ਼ਾਦਾਂ ਲਈ ਵਰਤੋਂ ਦਾ ਮਾਮਲਾ ਸੀ। ਕਮਾਲ ਹੈ! ਹੁਣ ਇਹ ਆਖਿਆ ਜਾ ਰਿਹਾ ਹੈ ਕਿ ਇਸ 'ਪ੍ਰਵਚਨ' ਨੂੰ ਹਰਿਆਣਾ ਵਿਧਾਨ ਸਭਾ ਦੀ ਕਾਰਵਾਈ ਵਿਚ ਸ਼ਾਮਲ ਨਹੀਂ ਕੀਤਾ ਜਾਵੇਗਾ। ਕੀ ਸਮੁੱਚੇ ਹਰਿਆਣਾ ਵਿਚੋਂ ਜਾਂ ਇਸ ਦੇ ਬਾਹਰੋਂ ਮੁੱਖ ਮੰਤਰੀ ਨੂੰ ਇਹ ਗੱਲ ਦੱਸਣ ਵਾਲਾ ਕੋਈ ਨਹੀਂ ਕਿ ਇਸ 'ਗੁਰੂ ਕਾਰੋਬਾਰ' ਨਾਲ ਸਬੰਧਤ ਉਨ੍ਹਾਂ ਦੀ ਪਹਿਲਕਦਮੀ ਸਿਹਤਮੰਦ ਪਿਰਤ ਨਹੀਂ? ਉਨ੍ਹਾਂ ਨੇ ਤਾਂ ਬੇਲੋੜਿਆਂ ਹੀ ਮੰਦਭਾਗੀ ਮਿਸਾਲ ਕਾਇਮ ਕਰ ਦਿਤੀ ਹੈ। ਹੋਰਨਾਂ ਲਈ ਵੀ ਬੂਹੇ ਖੋਲ੍ਹ ਦਿੱਤੇ ਗਏ ਹਨ। ਇਹ ਸਭ ਕਿਥੇ ਜਾ ਕੇ ਰੁਕੇਗਾ? ਜ਼ਾਹਿਰ ਹੈ ਕਿ ਆਉਣ ਵਾਲੇ ਦਿਨਾਂ ਵਿਚ ਮੁੱਖ ਮੰਤਰੀ 'ਤੇ ਇਹ ਦਬਾਅ ਵੀ ਪਵੇਗਾ ਕਿ ਪ੍ਰਵਚਨਾਂ ਲਈ ਇਸ ਗੁਰੂ ਜਾਂ ਉਸ ਬਾਬੇ ਨੂੰ ਸੱਦੋ। ਸਾਨੂੰ ਤਾਂ ਪਹਿਲਾਂ ਹੀ ਪਤਾ ਹੈ ਕਿ ਇਹ ਗੁਰੂ ਕਿਵੇਂ ਆਪਣੇ 'ਰੂਹਾਨੀ ਹੁਨਰ' ਤੋਂ ਤੇਜ਼ੀ ਨਾਲ ਧਨ ਇਕੱਠਾ ਕਰਨ ਲਈ ਆਪਣੇ ਸ਼ਰਧਾਲੂਆਂ ਦੇ ਵਿਸ਼ਵਾਸ ਤੇ ਉਨ੍ਹਾਂ ਵੱਲੋਂ ਪ੍ਰਗਟਾਏ ਜਾਣ ਵਾਲੇ ਸਤਿਕਾਰ ਨੂੰ ਵਰਤਦੇ ਹਨ।

ਉਸੇ ਸ਼ਾਮ ਟੈਲੀਵਿਜ਼ਨ ਦੇ ਪੇਸ਼ਕਾਰ ਮੁਸਲਿਮ ਮੁਲਾਣਿਆਂ ਦੀ ਇਸ ਕਰ ਕੇ ਨਿਖੇਧੀ ਕਰ ਰਹੇ ਸਨ, ਕਿਉਂਕਿ ਉਨ੍ਹਾਂ ਨੇ ਬੰਬਈ ਹਾਈ ਕੋਰਟ ਵੱਲੋਂ ਹਾਜੀ ਅਲੀ ਦੀ ਦਰਗਾਹ ਵਿਚ ਔਰਤਾਂ ਨੂੰ ਦਾਖ਼ਲ ਹੋਣ ਦੀ ਇਜਾਜ਼ਤ ਦੇਣ ਖ਼ਿਲਾਫ਼ ਨਾਰਾਜ਼ਗੀ ਪ੍ਰਗਟਾਈ ਸੀ। ਰੋਹ ਵਿਚ ਆਏ ਉਹ ਪੇਸ਼ਕਾਰ ਇਹ ਜਾਣਨਾ ਚਾਹ ਰਹੇ ਸਨ ਕਿ ਭਾਰਤ ਵਰਸ਼ ਨੂੰ ਸੰਵਿਧਾਨ ਦੀ ਹਕੂਮਤ ਚੱਲੇਗੀ ਜਾਂ ਸ਼ਰੀਅਤ ਦੀ? ਇਹੋ ਸੁਆਲ ਹਰਿਆਣਾ ਦੇ ਸੱਤਾਧਾਰੀਆਂ ਬਾਰੇ ਵੀ ਪੁੱਛੇ ਜਾ ਸਕਦੇ ਹਨ।

**ਸਿਆਸਤਦਾਨ ਤੇ ਇਮਾਨਦਾਰ ਪੱਤਰਕਾਰੀ:** ਪੰਜਾਬ ਜਿਵੇਂ ਜਿਵੇਂ ਅਗਲੇ ਸਾਲ ਦੇ ਸ਼ੁਰੂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵੱਲ ਵਧ ਰਿਹਾ ਹੈ, ਤਿਵੇਂ ਤਿਵੇਂ ਸਾਰੇ ਸਿਆਸੀ ਆਗੂ, ਪਾਰਟੀਆਂ ਤੇ ਸਿਆਸੀ ਗਰੁੱਪ, ਮੀਡੀਆ ਨਾਲ ਨਵਾਂ ਰਿਸ਼ਤਾ ਬਣਾਉਣ ਦੇ ਰਾਹ ਪਏ ਹੋਏ ਹਨ। ਉਹ ਆਪਣਾ ਸੁਨੇਹਾ ਕਿਉਂਕਿ ਸਾਰੇ ਵੋਟਰਾਂ ਤੱਕ ਪਹੁੰਚਾਉਣਾ ਚਾਹੁੰਦੇ ਹਨ, ਇਸ ਲਈ ਉਨ੍ਹਾਂ ਦੇ ਫਿਕਰ ਤੇ ਤਰਕੀਬਾਂ ਜਾਇਜ਼ ਵੀ ਹਨ। ਇਹ ਵੀ ਸੁਭਾਵਿਕ ਹੈ ਕਿ ਉਹ ਬੇਚੈਨ ਤੇ ਫ਼ਿਕਰਮੰਦ ਹੋ ਜਾਣ ਅਤੇ ਪੱਤਰਕਾਰਾਂ ਤੇ ਅਖ਼ਬਾਰਾਂ ਤੋਂ ਕੁਝ ਵਾਜਬ ਅਤੇ ਜ਼ਿਆਦਾਤਰ ਨਾਵਾਜਬ ਮੰਗਾਂ ਕਰਨ ਲੱਗ ਪੈਣ। ਅਜਿਹੇ ਆਲਮ ਵਿਚ 'ਟ੍ਰਿਬਿਊਨ ਅਖ਼ਬਾਰ ਸਮੂਹ' ਵਾਲੇ ਖ਼ੁਦ ਨੂੰ ਸਗੋਂ ਖ਼ੁਸ਼ ਹੀ ਮਹਿਸੂਸ ਕਰਦੇ ਹਨ, ਕਿਉਂਕਿ ਲਗਭਗ ਸਾਰੀਆਂ ਹੀ ਸਿਆਸੀ ਧਿਰਾਂ ਇਨ੍ਹਾਂ ਤੋਂ ਇਕੋ ਜਿੰਨੀਆਂ ਨਾਖ਼ੁਸ਼ ਹਨ।

ਅਕਾਲੀ ਦਲ ਦੇ ਚੌਧਰੀਆਂ ਨੂੰ ਉਨ੍ਹਾਂ ਦੀ ਪਾਰਟੀ ਤੇ ਸਰਕਾਰ ਬਾਰੇ ਅਦਾਰੇ ਦੀਆਂ ਬੇਬਾਕ ਟਿਪਣੀਆਂ ਅਤੇ ਰਿਪੋਰਟਾਂ ਹਜ਼ਮ ਨਹੀਂ ਹੋ ਰਹੀਆਂ। ਉਹ ਬਹੁਤ ਨਾਰਾਜ਼ ਹਨ। ਇਹੀ ਆਗੂ, ਜਿਹੜੇ ਪੰਜਾਬ ਸਰਕਾਰ ਨੂੰ ਨਿੱਜੀ ਜਾਇਦਾਦ ਸਮਝਦੇ ਹਨ, ਇੰਨੇ ਜ਼ਿਆਦਾ ਔਖੇ-ਭਾਰੇ ਹਨ ਕਿ ਉਨ੍ਹਾਂ ਨੇ ਆਪਣੀ ਇਕੋ-ਇਕ 'ਤਾਕਤ' ਦੀ ਵਰਤੋਂ ਕਰਦਿਆਂ ਫ਼ਰਮਾਨ ਜਾਰੀ ਕਰ ਕੇ ਅਦਾਰੇ ਨੂੰ ਇਸ਼ਤਿਹਾਰ ਦੇਣੇ ਬੰਦ ਕਰਵਾ ਦਿਤੇ ਹਨ। ਉਂਜ, ਸੱਚੀ ਗੱਲ ਤਾਂ ਇਹ ਹੈ ਕਿ ਬਾਦਲ ਅਜਿਹਾ ਸੋਚਣ ਵਾਲੇ ਪਹਿਲੇ ਹੁਕਮਰਾਨ ਨਹੀਂ ਹਨ ਕਿ ਉਹ ਅਜਿਹਾ ਕਰ ਕੇ 'ਟ੍ਰਿਬਿਊਨ ਪ੍ਰਕਾਸ਼ਨਾਵਾਂ' ਨੂੰ ਡਰਾ-ਧਮਕਾ ਲੈਣਗੇ। ਹੋਰ ਬਹੁਤ ਸਾਰੇ 'ਤਾਕਤਵਰ' ਮੁੱਖ ਮੰਤਰੀ ਵੀ ਇਹੋ ਚਾਲ ਪਹਿਲਾਂ ਖੇਡ ਚੁੱਕੇ ਹਨ, ਪਰ ਬਾਅਦ ਵਿਚ ਇਸੇ ਕਾਰਵਾਈ ਨੂੰ ਲੈ ਕੇ ਪਛਤਾਉਂਦੇ ਵੀ ਰਹੇ।

ਅਕਾਲੀਆਂ ਤੋਂ ਬਾਅਦ ਕਾਂਗਰਸ ਪਾਰਟੀ ਦੇ ਚੌਧਰੀ ਹਨ ਜਿਹੜੇ ਆਪਣੀ ਚੋਣ ਮੁਹਿੰਮ ਵਿਚ ਪੁਰਾਣਾ ਜੋਸ਼ ਪੈਦਾ ਹੁੰਦਾ ਨਾ ਵੇਖ ਕੇ ਉਸ ਦਾ ਇਲਜ਼ਾਮ ਅਕਸਰ ਮੀਡੀਆ ਸਿਰ ਮੜ੍ਹਦੇ ਰਹਿੰਦੇ ਹਨ। ਉਨ੍ਹਾਂ ਦੀ ਨਾਖ਼ੁਸ਼ੀ ਇਸ ਗੱਲ ਤੋਂ ਹੈ ਕਿ ਮੀਡੀਆ ਉਨ੍ਹਾਂ ਦੀ ਅੰਦਰੂਨੀ ਖਹਿਬਾਜ਼ੀ ਨੂੰ ਕਿਉਂ ਉਭਾਰਦਾ ਹੈ। ਉਨ੍ਹਾਂ ਵਿਚੋਂ ਕੁਝ ਇਸ ਕਰ ਕੇ ਵੀ ਖ਼ਫ਼ਾ ਹਨ ਕਿ ਅਦਾਰਾ ਆਮ ਆਦਮੀ ਪਾਰਟੀ ਦੀ ਗੱਲ ਕਰਦਾ ਹੈ। ਮੈਨੂੰ ਇਹ ਗੱਲ ਕੁਝ ਨਾਇਨਸਾਫ਼ੀ ਵਾਲੀ ਜਾਪਦੀ ਹੈ। ਇਹ ਤਾਂ ਉਵੇਂ ਹੀ ਹੈ, ਜਿਵੇਂ ਆਖਿਆ ਜਾਂਦਾ ਹੈ- 'ਜ਼ਬਰਦਸਤੀ ਦਾ ਸੌਦਾ'। ਅਜੇ ਤਾਂ ਉਹ ਸੱਤਾ ਵਿਚ ਆਏ ਵੀ ਨਹੀਂ, ਪਰ ਮਹਿਸੂਸ ਇਉਂ ਕਰ ਰਹੇ ਹਨ ਕਿ ਉਨ੍ਹਾਂ ਬਾਰੇ ਜਾਂ ਹੋਰਨਾਂ ਬਾਰੇ ਅਸੀਂ ਜੋ ਕੁਝ ਛਾਪਦੇ ਹਾਂ, ਉਸ ਉਤੇ ਉਨ੍ਹਾਂ ਨੂੰ ਗ਼ਿਲਾ ਕਰਨ ਤੇ ਗੁੱਸੇ ਹੋਣ ਦਾ ਪੂਰਾ ਹੱਕ ਹੈ! ਇਥੇ ਹੀ ਬਸ ਨਹੀਂ, ਆਮ ਆਦਮੀ ਪਾਰਟੀ ਦਾ ਹਜੂਮ ਅਤੇ ਉਸ ਅੰਦਰਲੇ 'ਤਾਕਤ' ਦੇ ਅਣਗਿਣਤ ਕੇਂਦਰ ਵੀ ਦੂਜਿਆਂ ਤੋਂ ਪਿਛੇ ਨਹੀਂ। ਇਹ ਠੇਕੇਦਾਰ ਇਸ ਕਰ ਕੇ ਖਿਝ ਜਾਂਦੇ ਹਨ ਕਿ ਜੋ ਵੀ ਉਹ ਬੋਲਦੇ ਹਨ, ਉਸ ਦਾ ਇਕ-ਇਕ ਸ਼ਬਦ ਪ੍ਰਕਾਸ਼ਿਤ ਕਿਉਂ ਨਹੀਂ ਕੀਤਾ ਜਾਂਦਾ! ਇਹ ਖ਼ੁਸ਼ੀ ਦੀ ਗੱਲ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਆਪਣੀ ਤਕਦੀਰ ਤੇ ਅਕਸ ਦੇ ਫ਼ੈਸਲੇ ਆਪਣੇ ਭਾਈਵਾਲ (ਅਕਾਲੀ ਦਲ) 'ਤੇ ਛੱਡੇ ਹੋਏ ਹਨ।

**ਬਲੋਚਿਸਤਾਨ ਬਾਰੇ:** ਹੁਣ ਅਚਾਨਕ ਬਲੋਚਿਸਤਾਨ ਬਾਰੇ ਨਵਾਂ ਚਾਅ ਜਿਹਾ ਉਭਰ ਆਇਆ ਹੈ। ਮੈਨੂੰ ਨਹੀਂ ਲਗਦਾ ਕਿ ਬਹੁਤੇ ਲੋਕ ਬਲੋਚਿਸਤਾਨ ਦੇ ਕਿਸੇ ਇਕ ਜਾਂ ਦੋ ਵੱਡੇ ਸ਼ਹਿਰਾਂ ਦੇ ਨਾਂ ਵੀ ਲੈ ਸਕਣ। ਪਾਕਿਸਤਾਨ ਬਾਰੇ ਚਰਚਾ ਕਰਦਿਆਂ ਅਸੀਂ ਕੇਵਲ ਲਾਹੌਰ, ਕਰਾਚੀ ਅਤੇ ਇਸਲਾਮਾਬਾਦ ਜਿਹੇ ਨਾਂ ਹੀ ਲੈਂਦੇ ਹਾਂ। ਇਨ੍ਹਾਂ ਤੋਂ ਬਾਅਦ ਪਿਸ਼ਾਵਰ ਦਾ ਵੀ ਨਾਂ ਲਿਆ ਜਾਂਦਾ ਹੈ। ਹੋਟਲਾਂ ਤੇ ਰੈਸਤਰਾਵਾਂ ਦੇ ਪਕਵਾਨਾਂ ਦੀ ਸੂਚੀ ਵਿਚ ਅਕਸਰ 'ਪਿਸ਼ਾਵਰੀ ਨਾਨ' ਵੀ ਸ਼ਾਮਲ ਹੁੰਦਾ ਹੈ। ਸਾਡੇ ਪੰਜ-ਤਾਰਾ ਹੋਟਲਾਂ ਵਿਚ ਕਿਤੇ ਇਕ 'ਬਲੋਚ' ਨਾਂ ਵਾਲਾ ਰੈਸਤਰਾਂ ਦਾ ਵੀ ਆ ਜਾਂਦਾ ਹੈ। ਬੱਸ ਇਸ ਤੋਂ ਵੱਧ ਕੁਝ ਨਹੀਂ। ਕੋਈ ਕੋਇਟਾ ਸ਼ਹਿਰ ਦੀ ਗੱਲ ਨਹੀਂ ਕਰਦਾ। ਬਾਲੀਵੁੱਡ ਫਿਲਮਾਂ ਵਿਚ ਕਦੇ ਜ਼ਿਕਰ ਨਹੀਂ ਹੁੰਦਾ। ਸਾਡੇ ਦੇਸੀ ਜੇਮਜ਼ ਬਾਂਡਾਂ ਨੂੰ ਕਦੇ ਆਪਣੇ ਜਾਦੂਮਈ ਕ੍ਰਿਸ਼ਮੇ ਵਿਖਾਉਣ ਲਈ ਕੋਇਟਾ ਨਹੀਂ ਭੇਜਿਆ ਜਾਂਦਾ। ਬਲੋਚਿਸਤਾਨ ਬਾਰੇ ਮੋਦੀ ਦੇ ਬਿਆਨ ਤੋਂ ਬਾਅਦ ਜਾਪਦਾ ਹੈ, ਅਸੀਂ ਹੁਣ ਬਲੋਚਿਸਤਾਨ ਬਾਰੇ 'ਫ਼ਰਜ਼ੀ' ਕਹਾਣੀ ਵਿਚ ਉਲਝਣ ਰਹੇ ਹਾਂ।

ਮੈਂ ਅਮਰੀਕੀ ਵਿਦੇਸ਼ ਨੀਤੀ ਬਾਰੇ ਹਾਲ ਹੀ ਵਿਚ ਛਪੀ ਮਾਰਕ ਲੈਂਡਲਰ ਦੀ ਕਿਤਾਬ 'ਆਲਟਰ ਈਗੋਜ਼' ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਇਹ ਕਿਤਾਬ ਰਾਸ਼ਟਰਪਤੀ ਓਬਾਮਾ ਦੇ ਵ੍ਹਾਈਟ ਹਾਊਸ ਵਿਚਲੇ ਕੰਮਕਾਰ ਅਤੇ ਉਨ੍ਹਾਂ ਦੇ ਪ੍ਰਸ਼ਾਸਨ ਵਿਚ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨਾਲ ਉਨ੍ਹਾਂ ਦੀ ਭਾਈਵਾਲੀ ਬਾਰੇ ਹੈ। ਕਿਤਾਬ ਦੱਸਦੀ ਹੈ ਕਿ ਕਿਵੇਂ ਓਬਾਮਾ ਨੇ ਹਿਲੇਰੀ ਨਾਲ ਮਿਲ ਕੇ ਅਮਰੀਕੀ ਵਿਦੇਸ਼ ਨੀਤੀ ਅਤੇ ਖੇਤਰੀ ਰਣਨੀਤੀਆਂ ਨੂੰ ਮੁੜ ਉਲੀਕਿਆ ਸੀ। ਮਾਰਕ ਲੈਂਡਲਰ ਇਕ ਦ੍ਰਿਸ਼ ਦਾ ਵਰਣਨ ਕਰਦੇ ਹਨ: ਰਾਸ਼ਟਰਪਤੀ ਓਬਾਮਾ ਐਵੇਂ ਟਹਿਲਦੇ ਹੋਏ 'ਏਅਰ ਫ਼ੋਰਸ ਵਨ' (ਅਮਰੀਕੀ ਰਾਸ਼ਟਰਪਤੀ ਨੂੰ ਲਿਜਾਣ ਵਾਲਾ ਹਵਾਈ ਫ਼ੌਜ ਦਾ ਵਿਸ਼ੇਸ਼ ਜਹਾਜ਼) ਦੇ ਪ੍ਰੈੱਸ ਸੈਕਸ਼ਨ ਵੱਲ ਚਲੇ ਗਏ ਅਤੇ ਉਥੇ ਪੱਤਰਕਾਰਾਂ ਨਾਲ ਇਸ ਸੁਆਲ ਉਤੇ ਗਰਮਾ-ਗਰਮ ਬਹਿਸ ਛਿੜ ਗਈ ਕਿ ਉਹ ਉਨ੍ਹਾਂ ਦੀ ਵਿਦੇਸ਼ ਨੀਤੀ ਦੀ ਸ਼ਲਾਘਾ ਕਰਨ ਤੋਂ ਨਾਕਾਮ ਕਿਉਂ ਰਹੇ ਹਨ, ਤੇ ਫਿਰ ਓਬਾਮਾ ਨੇ ਆਪਣੇ ਕੰਮਕਾਜੀ ਫ਼ਲਸਫ਼ੇ ਨੂੰ ਸੰਖੇਪ ਜਹੇ ਫਿਕਰੇ ਨਾਲ ਸਮੇਟ ਦਿਤਾ, "ਇਸ ਮੂਰਖਾਨਾ ਕੂੜ ਵਿਚ ਆਪਾਂ ਨਹੀਂ ਪੈਣਾ।"

ਇਤਿਹਾਸ ਵਿਚ ਇਕ ਵਿਚਾਰ ਜਾਂ ਨਜ਼ਰੀਆ ਮੌਜੂਦ ਹੈ। ਇਸ ਅਨੁਸਾਰ ਨੀਤੀਵੇਤਾ ਉਹ ਸਾਧਾਰਨ ਸਿਆਸੀ ਆਗੂ ਹੀ ਹਨ ਜੋ ਅਹਿਮਕਾਨਾ ਗ਼ਲਤੀਆਂ ਕਰਨ ਤੋਂ ਬਚਦੇ ਹਨ। ਇਹ ਗੱਲ ਬਲੋਚਿਸਤਾਨ ਬਾਰੇ ਭਾਰਤ ਦੇ ਸਟੈਂਡ ਵਿਚ ਅਚਾਨਕ ਤਬਦੀਲੀ ਦੇ ਪ੍ਰਸੰਗ ਵਿਚ ਬਹੁਤ ਵਾਜਬ ਜਾਪਦੀ ਹੈ। ਬਲੋਚਿਸਤਾਨ ਬਾਰੇ ਭਾਰਤ ਦੀ ਸੁਰ-ਬਦਲੀ ਬਹੁਤ ਅਸਪਸ਼ਟ ਤੇ ਬਹੁਤ ਜ਼ਿਆਦਾ ਭੇਤਭਰੀ ਹੈ। ਕਿਸੇ ਨਾਲ ਕੋਈ ਵਿਚਾਰ-ਵਟਾਂਦਰਾ ਨਹੀਂ, ਕੋਈ ਕੌਮੀ ਬਹਿਸ ਨਹੀਂ। ਅਜਬ ਗੱਲ ਤਾਂ ਇਹ ਹੈ ਕਿ ਵਿਦੇਸ਼ ਨੀਤੀ ਬਾਰੇ ਪੇਸ਼ੇਵਰਾਨਾ ਮਾਹਿਰ ਵੀ ਇਕ-ਦੂਜੇ ਤੋਂ ਵਧ-ਚੜ੍ਹ ਕੇ ਇਹ ਸੁਝਾਉਣ ਵਿਚ ਰੁੱਝੇ ਹੋਏ ਹਨ ਕਿ ਅਸੀਂ ਕਿੰਨਾ ਧੜੱਲੇਦਾਰ ਅਤੇ ਸਾਹਸੀ ਕਦਮ ਚੁੱਕਿਆ ਹੈ!

ਮੈਨੂੰ ਯਕੀਨ ਹੈ ਕਿ ਸਾਊਥ ਬਲਾਕ (ਵਿਦੇਸ਼ੀ ਦਫ਼ਤਰ) ਦੇ ਕੁਝ ਲੋਕਾਂ ਨੇ 'ਆਲਟਰ ਈਗੋਜ਼' ਪੁਸਤਕ ਪੜ੍ਹੀ ਹੋਵੇਗੀ, ਪਰ ਮੈਂ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਕਿਸੇ ਨੇ ਵੀ 'ਇਸ ਕੂੜ ਵਿਚ ਆਪਾ ਨਹੀਂ ਪੈਣਾ' ਵਰਗੀ ਸਲਾਹ ਦੇਣ ਦਾ ਯਤਨ ਕੀਤਾ ਹੋਵੇ। ਉਂਜ, ਕਿਸੇ ਨੂੰ ਰਾਸ਼ਟਰਪਤੀ ਓਬਾਮਾ ਦਾ ਇਹ 'ਮਨਪਸੰਦ ਮੁਹਾਵਰਾ' ਪ੍ਰਧਾਨ ਮੰਤਰੀ ਮੋਦੀ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ। ਆਖ਼ਿਰ 'ਬਰਾਕ' ਉਨ੍ਹਾਂ ਦਾ ਦੋਸਤ ਹੈ!

# ਸੰਘ ਪਰਿਵਾਰ ਦਾ ਇਕ ਹੋਰ ਰੁਝੇਵਾਂ

## ਲੋਕ ਭਲਾਈ ਦੇ ਨਾਂ ਹੇਠ ਬੱਚੀਆਂ ਨੂੰ ਵਰਗਲਾਉਣ ਦੀ ਰਣਨੀਤੀ

***ਆਰ.ਐਸ.ਐਸ. ਅਤੇ ਇਸ ਦੀਆਂ ਸਹਿਯੋਗੀ ਜਥੇਬੰਦੀਆਂ ਆਪਣਾ ਖਾਸ ਏਜੰਡਾ ਲਾਗੂ ਕਰਨ ਲਈ ਕਿਸ ਪ੍ਰਕਾਰ ਪੱਬਾਂ ਭਾਰ ਹੋਈਆਂ ਪਈਆਂ ਹਨ, ਇਸ ਦਾ ਖੁਲਾਸਾ ਮੀਡੀਆ ਵਿਚ ਆ ਰਹੀਆਂ ਖਬਰਾਂ ਵਿਚ ਲਗਾਤਾਰ ਹੋ ਰਿਹਾ ਹੈ। ਉਂਜ ਤਾਂ ਆਰ.ਐਸ.ਐਸ. ਦਾ ਇਹ ਕਾਰਜ ਦਹਾਕਿਆਂ ਤੋਂ ਜਾਰੀ ਹੈ, ਪਰ ਮੋਦੀ ਸਰਕਾਰ ਦੀ ਕਾਇਮੀ ਤੋਂ ਬਾਅਦ ਇਸ ਵਿਚ ਤੇਜ਼ੀ ਆਈ ਹੈ। ਅਜਿਹੇ ਮਾਮਲਿਆਂ ਵਿਚ ਸੱਤਾ ਦੇ ਦਖਲ ਦਾ ਪਤਾ ਇਸ ਤੱਥ ਤੋਂ ਵੀ ਲਗਦਾ ਹੈ ਕਿ ਅਜਿਹੀਆਂ ਰਿਪੋਰਟਾਂ ਛਾਪਣ ਦੇ 'ਦੋਸ਼' ਵਿਚ 'ਆਊਟਲੁੱਕ' ਵਰਗੇ ਵੱਕਾਰੀ ਅੰਗਰੇਜ਼ੀ ਹਫਤਾਵਾਰੀ ਪਰਚੇ ਦੇ ਸੰਪਾਦਕ ਨੂੰ ਹਟਾ ਦਿੱਤਾ ਗਿਆ। ਇਨ੍ਹਾਂ ਸਭ ਹਾਲਾਤ ਬਾਰੇ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਹ ਲੇਖ ਉਚੇਚਾ ਭੇਜਿਆ ਹੈ। -ਸੰਪਾਦਕ***

ਹਾਲ ਹੀ ਵਿਚ ਹਫਤਾਵਾਰ ਅੰਗਰੇਜ਼ੀ ਰਸਾਲੇ 'ਆਊਟਲੁੱਕ' ਨੇ ਓਪਰੇਸ਼ਨ 'ਬੇਟੀ ਉਠਾਓ' ਰਾਹੀਂ ਕਬਾਇਲੀ ਬੱਚੀਆਂ ਦੀ ਤਸਕਰੀ ਦਾ ਖੁਲਾਸਾ ਕੀਤਾ ਹੈ ਜਿਸ ਵਿਚ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਵਸੀਹ ਪੈਮਾਨੇ 'ਤੇ ਜੁਟੀਆਂ ਹੋਈਆਂ ਹਨ। ਸਟਿੰਗ ਵੈੱਬਸਾਈਟ 'ਕੋਬਰਾ ਪੋਸਟ' ਵਲੋਂ ਵੀ ਇਸ ਦੇ ਬਰਾਬਰ 'ਓਪਰੇਸ਼ਨ ਸ਼ੁੱਧੀਕਰਨ' ਨਾਂ ਦੀ ਸਟਿੰਗ ਜਾਂਚ ਕੀਤੀ ਗਈ ਜੋ ਆਊਟਲੁੱਕ ਵਲੋਂ ਸਾਹਮਣੇ ਲਿਆਂਦੀ ਡੂੰਘੀ ਸਾਜ਼ਿਸ਼ ਦੀ ਤਸਦੀਕ ਹੈ।

'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰੇ ਦੇ ਕੇ ਮੋਦੀ ਸਰਕਾਰ ਇਹ ਸਾਬਤ ਕਰਨ ਦਾ ਯਤਨ ਕਰ ਰਹੀ ਹੈ ਕਿ ਉਸ ਨੂੰ ਮੁਲਕ ਦੀਆਂ ਬੱਚੀਆਂ ਦੇ ਭਵਿੱਖ ਦਾ ਬਹੁਤ ਫ਼ਿਕਰ ਹੈ। ਜੁਮਲਾ ਸਰਕਾਰ ਦੀ ਧਿਆਨ ਭਟਕਾਊ ਪ੍ਰਚਾਰ ਮੁਹਿੰਮ ਦੇ ਪਰਦੇ ਓਹਲੇ ਸੰਘ ਪਰਿਵਾਰ ਦੀਆਂ ਹੋਰ ਸੰਸਥਾਵਾਂ ਆਰ.ਐਸ.ਐਸ. ਦਾ ਸਾਜ਼ਿਸ਼ੀ ਏਜੰਡਾ ਹੋਰ ਵੀ ਜ਼ੋਰ-ਸ਼ੋਰ ਨਾਲ ਲਾਗੂ ਕਰਦੇ ਹੋਏ ਬੱਚੀਆਂ ਦੇ ਦਿਮਾਗਾਂ ਵਿਚ ਹਿੰਦੂਤਵੀ ਜ਼ਹਿਰ ਦੇ ਟੀਕੇ ਲਾ

**ਬੂਟਾ ਸਿੰਘ**
ਫੋਨ: +91-94634-74342

ਰਹੀਆਂ ਹਨ ਅਤੇ ਧੜਾਧੜ ਆਪਣੇ ਪ੍ਰਚਾਰਕ ਤਿਆਰ ਕਰ ਰਹੀਆਂ ਹਨ। ਆਪਣੀ ਆਦਤ ਅਨੁਸਾਰ ਸੰਘੀਆਂ ਨੇ ਪੱਤਰਕਾਰ ਵਲੋਂ ਡੂੰਘੀ ਖੋਜ ਕਰ ਕੇ ਜੁਟਾਏ ਤੱਥਾਂ ਨੂੰ ਰੱਦ ਨਹੀਂ ਕੀਤਾ, ਸਗੋਂ ਰਿਪੋਰਟ ਛਪਦੇ ਸਾਰ ਸੰਘ ਦਾ ਤਾਣਾ-ਬਾਣਾ ਫਾਸ਼ੀਵਾਦੀ ਹਮਲਿਆਂ 'ਤੇ ਉਤਰ ਆਇਆ। ਇਸ ਦੇ ਕਾਨੂੰਨੀ ਮਾਹਿਰ, ਵਕੀਲ ਅਤੇ ਹੋਰ ਕਾਰਕੁਨ ਇਕਦਮ ਸਰਗਰਮ ਹੋ ਗਏ। ਇਕ ਪਾਸੇ ਰਸਾਲੇ ਦੇ ਖ਼ਿਲਾਫ਼ ਸੋਸ਼ਲ ਮੀਡੀਆ ਉਪਰ ਧੂੰਆਂਧਾਰ ਹਮਲੇ ਸ਼ੁਰੂ ਕਰ ਦਿੱਤੇ ਗਏ, ਦੂਜੇ ਪਾਸੇ ਰਸਾਲੇ ਦੀ ਮੈਨੇਜਮੈਂਟ ਉਪਰ ਦਬਾਓ ਪਾਉਣਾ ਸ਼ੁਰੂ ਕਰ ਦਿੱਤਾ ਗਿਆ। ਨਤੀਜਾ ਸਭ ਦੇ ਸਾਹਮਣੇ ਸੀ। 13 ਅਗਸਤ ਨੂੰ 'ਆਊਟਲੁੱਕ' ਵਲੋਂ ਬਿਨਾ ਕੋਈ ਵਿਆਖਿਆ ਦਿੱਤੇ ਸੰਪਾਦਕ ਕ੍ਰਿਸ਼ਨਾ ਪ੍ਰਸਾਦ ਨੂੰ ਹਟਾ ਕੇ ਰਾਜੇਸ਼ ਰਾਮਚੰਦਰਨ ਨੂੰ ਮੁੱਖ ਸੰਪਾਦਕ ਬਣਾ ਦਿੱਤਾ ਗਿਆ। ਇਹ ਰੱਦੋਬਦਲ ਸੁਭਾਵਿਕ ਨਹੀਂ ਸੀ। ਭਾਜਪਾ ਵਰਕਰਾਂ ਨੇ ਸੰਘ ਦੇ ਇਸ਼ਾਰੇ 'ਤੇ ਅਦਾਲਤਾਂ ਅਤੇ ਕਾਨੂੰਨੀ ਮਸ਼ੀਨਰੀ ਦੀ ਦੁਰਵਰਤੋਂ ਕਰਦੇ ਹੋਏ 4 ਅਗਸਤ ਨੂੰ ਗੁਹਾਟੀ ਵਿਚ ਪੱਤਰਕਾਰ ਨੇਹਾ ਦੀਕਸ਼ਿਤ, ਸੰਪਾਦਕ ਕ੍ਰਿਸ਼ਨਾ ਪ੍ਰਸਾਦ ਅਤੇ 'ਆਊਟਲੁੱਕ' ਦੇ ਪ੍ਰਕਾਸ਼ਕ ਖ਼ਿਲਾਫ਼ ਐਫ.ਆਈ.ਆਰ. ਦਰਜ ਕਰਵਾ ਦਿੱਤੀ ਸੀ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰਨ ਦੀ ਥਾਂ ਇਸ ਤਸਕਰੀ ਨੂੰ ਬੇਨਕਾਬ ਕਰਨ ਵਾਲੀ ਪੱਤਰਕਾਰ ਅਤੇ ਰਸਾਲੇ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਸੀ।

**ਆਊਟਲੁੱਕ ਦਾ ਖ਼ੁਲਾਸਾ ਕੀ ਸੀ:** ਤਿੰਨ ਮਹੀਨੇ ਦੀ ਡੂੰਘੀ ਖੋਜ ਤੋਂ ਬਾਅਦ ਇਨਾਮ-ਸਨਮਾਨ ਜੇਤੂ ਪੱਤਰਕਾਰ ਨੇਹਾ ਦੀਕਸ਼ਿਤ ਨੇ ਸਾਹਮਣੇ ਲਿਆਂਦਾ ਕਿ 9 ਜੂਨ 2015 ਨੂੰ ਰਾਸ਼ਟਰ ਸੇਵਿਕਾ ਸਮਿਤੀ ਅਤੇ ਸੇਵਾ ਭਾਰਤੀ ਨਾਂ ਦੀਆਂ ਦੋ ਸੰਸਥਾਵਾਂ ਦੀਆਂ ਦੋ ਔਰਤ ਕਾਰਕੁਨ ਕੋਰੋਬੀ ਬਸੁਮਾਤਾਰੀ ਅਤੇ ਸੰਧਿਆਬੇਨ ਟਿਕੜੇ ਵਲੋਂ ਅਸਾਮ ਦੇ ਪੰਜ ਸਰਹੱਦੀ ਜ਼ਿਲ੍ਹਿਆਂ-ਕੋਕਰਾਝਾਰ, ਗੋਲਪਾਰਾ, ਧੁਬਰੀ, ਚਿਰੰਗ ਤੇ ਬੋਂਗਾਈਗਾਓਂ, ਤੋਂ 3 ਸਾਲ ਤੋਂ ਲੈ ਕੇ ਤੇਰਾਂ ਸਾਲ ਦੀਆਂ 31 ਬੱਚੀਆਂ ਨੂੰ ਇਸ ਵਾਅਦੇ ਨਾਲ ਉਨ੍ਹਾਂ ਦੇ ਮਾਪਿਆਂ ਕੋਲੋਂ ਅਲੱਗ ਕੀਤਾ ਗਿਆ ਕਿ ਉਨ੍ਹਾਂ ਨੂੰ ਪੰਜਾਬ ਅਤੇ ਗੁਜਰਾਤ ਵਿਚ ਬਿਹਤਰ ਸਹੂਲਤਾਂ ਵਾਲੇ ਸਕੂਲਾਂ ਵਿਚ ਪੜ੍ਹਾਇਆ ਜਾਵੇਗਾ।

ਜਦੋਂ ਇਸ ਤਸਕਰੀ ਦੀ ਭਿਣਕ ਪਈ ਤਾਂ ਇਸ ਤੋਂ ਹਫਤੇ ਬਾਅਦ ਹੀ ਅਸਾਮ ਦੇ ਬੱਚਿਆਂ ਦੇ ਹੱਕਾਂ ਲਈ ਕਮਿਸ਼ਨ ਨੇ ਐਡੀਸ਼ਨਲ ਡੀ.ਜੀ.ਪੀ., ਸੀ.ਆਈ.ਡੀ., ਅਸਾਮ ਪੁਲਿਸ ਨੂੰ ਚਿੱਠੀ ਲਿਖੀ ਅਤੇ ਬਾਲ ਹੱਕਾਂ ਦੀ ਸੁਰੱਖਿਆ ਬਾਰੇ ਕੌਮੀ ਕਮਿਸ਼ਨ ਨੂੰ ਵੀ ਇਹ ਚਿੱਠੀ ਮਾਰਕ ਕਰ ਦਿੱਤੀ ਗਈ। ਕਮਿਸ਼ਨ ਨੇ ਸੰਘ ਪਰਿਵਾਰ ਦੀਆਂ ਇਨ੍ਹਾਂ ਸੰਸਥਾਵਾਂ ਦੀ ਇਸ ਮੁਹਿੰਮ ਨੂੰ 'ਨਾਬਾਲਗ ਜਸਟਿਸ ਐਕਟ 2000 ਦੀ ਵਿਵਸਥਾ ਵਿਰੁੱਧ' ਕਾਰਵਾਈ ਅਤੇ 'ਬੱਚਿਆਂ ਦੀ ਤਸਕਰੀ ਦੇ ਤੁਲ' ਕਰਾਰ ਦੇ ਕੇ ਪੁਲਿਸ ਨੂੰ ਮਾਮਲੇ ਦੀ ਤਫ਼ਤੀਸ਼ ਕਰਨ ਅਤੇ '31 ਬੱਚੀਆਂ ਨੂੰ ਵਾਪਸ ਅਸਾਮ ਲਿਆਉਣ ਲਈ ਸਾਰੇ ਜ਼ਰੂਰੀ ਕਦਮ ਚੁੱਕਣ' ਲਈ ਕਿਹਾ। ਪੰਜਾਬ ਅਤੇ ਗੁਜਰਾਤ ਦੀਆਂ ਸੂਬਾ ਸਰਕਾਰਾਂ ਦੀ ਮਦਦ ਨਾਲ ਸੰਘ ਦੀਆਂ ਜਥੇਬੰਦੀਆਂ ਵਲੋਂ ਇਨ੍ਹਾਂ ਬੱਚੀਆਂ ਨੂੰ ਅਸਾਮ ਵਾਪਸ ਭੇਜਣ ਦੇ ਹੁਕਮਾਂ ਨੂੰ ਪੈਰਾਂ ਥੱਲੇ ਰੋਲ ਦਿੱਤਾ ਗਿਆ, ਕਿਉਂਕਿ ਇਨ੍ਹਾਂ ਦੋਹਾਂ ਸੂਬਿਆਂ ਅੰਦਰ ਭਾਜਪਾ ਸੱਤਾ ਵਿਚ ਹੈ। ਪੰਜ ਦਿਨ ਦੀ ਮੋਹਲਤ ਦੇਣ ਦੇ ਬਾਵਜੂਦ ਪੁਲਿਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ, ਕਿਉਂਕਿ ਕੌਮੀ ਕਮਿਸ਼ਨ ਭਾਜਪਾ ਦੀ ਕੇਂਦਰ ਸਰਕਾਰ ਦੇ ਅਧੀਨ ਹੈ। ਸੇਵਾ ਭਾਰਤੀ, ਵਿਦਿਆ ਭਾਰਤੀ ਅਤੇ ਰਾਸ਼ਟਰ ਸੇਵਿਕਾ ਸਮਿਤੀ ਵਲੋਂ ਇਨ੍ਹਾਂ ਬੱਚੀਆਂ ਨੂੰ ਬਾਲ ਭਲਾਈ ਕਮਿਸ਼ਨ ਅੱਗੇ ਪੇਸ਼ ਨਹੀਂ ਕੀਤਾ ਗਿਆ, ਨਾ ਹੀ ਅਸਾਮ ਵਿਚੋਂ ਲੈ ਕੇ ਜਾਣ ਤੋਂ ਪਹਿਲਾਂ ਐਨ.ਓ.ਸੀ. ਲਿਆ ਗਿਆ ਸੀ ਜੋ ਲਾਜ਼ਮੀ ਹੈ।

ਜਦੋਂ ਮਾਮਲੇ ਤੋਂ ਪਰਦਾ ਉਠਦਾ ਨਜ਼ਰ ਆਇਆ ਤਾਂ ਸੰਘ ਦੀਆਂ ਇਨ੍ਹਾਂ ਸੰਸਥਾਵਾਂ ਨੇ ਨੋਟਰੀ ਪਬਲਿਕ ਅਤੇ ਜੁਡੀਸ਼ਲ ਮੈਜਿਸਟਰੇਟ ਅੱਗੇ ਸਾਰੇ ਬੱਚੀਆਂ ਦੇ ਮਾਪਿਆਂ ਤੋਂ ਗੁੰਮਰਾਹਕੁਨ ਹਲਫ਼ੀਆ ਬਿਆਨ ਇਹ ਸਾਬਤ ਕਰਨ ਲਈ ਲੈ ਲਏ ਕਿ ਸੰਸਥਾਵਾਂ ਵਲੋਂ ਲੋੜਵੰਦ ਪਰਿਵਾਰਾਂ ਦੀ ਰਜ਼ਾਮੰਦੀ ਨਾਲ ਬੱਚੀਆਂ ਨੂੰ ਲਿਜਾਇਆ ਗਿਆ ਹੈ। ਸਾਰੇ ਹਲਫ਼ੀਆ ਬਿਆਨਾਂ ਦੀ ਇਬਾਰਤ ਇਕ ਹੀ ਸੀ। ਇਸ ਵਿਚ ਕਿਹਾ ਗਿਆ ਸੀ ਕਿ 'ਉਹ ਰਾਹਤ ਕੈਂਪਾਂ ਵਿਚ ਰਹਿ ਰਹੇ ਸ਼ਰਨਾਰਥੀ ਹਨ, ਦੰਗਾ ਪੀੜਤ ਹੋਣ ਕਰ ਕੇ ਆਮਦਨੀ ਦਾ ਕੋਈ ਵਸੀਲਾ ਨਾ ਹੋਣ ਕਾਰਨ ਉਹ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ; ਸੋ ਆਪਣੀ ਇੱਛਾ ਨਾਲ ਬਿਹਤਰ ਪੜ੍ਹਾਈ ਲਈ ਬੱਚੀ ਨੂੰ ਗੁਜਰਾਤ ਭੇਜ ਰਹੇ ਹਨ।' ਕਮਿਸ਼ਨ ਵਲੋਂ ਜਾਂਚ ਕਰਨ 'ਤੇ ਇਨ੍ਹਾਂ ਵਿਚੋਂ ਕੋਈ ਵੀ ਪਰਿਵਾਰ 'ਦੰਗਾ ਪੀੜਤ' ਨਹੀਂ ਮਿਲਿਆ। ਹਲਫ਼ੀਆ ਬਿਆਨ ਵਿਚ ਦਰਜ ਬੋਡੋ ਹਿੰਸਾ ਦਾ ਸਮਾਂ ਵੀ ਸਹੀ ਨਹੀਂ ਸੀ। ਜਦੋਂ ਜਾਂਚ ਨਾਲ ਇਨ੍ਹਾਂ ਦਾ ਝੂਠ ਬੇਨਕਾਬ ਹੋਣਾ ਸ਼ੁਰੂ ਹੋ ਗਿਆ ਤਾਂ ਸੰਘ ਦੇ ਉਸ ਵਰਕਰ ਵਲੋਂ ਜਾਂਚ ਅਫ਼ਸਰ ਨੂੰ ਧਮਕੀਆਂ ਦਿੱਤੀਆਂ ਗਈਆਂ ਜਿਸ ਦਾ ਕੁੜੀਆਂ ਨੂੰ ਭੇਜਣ ਵਿਚ ਹੱਥ ਸੀ। ਇਸ ਦੀ ਰਪਟ ਦਰਜ ਕਰਾਏ ਜਾਣ ਦੇ ਬਾਵਜੂਦ ਪੁਲਿਸ ਵਲੋਂ ਧਮਕੀਆਂ ਦੇਣ ਵਾਲੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਮਾਪਿਆਂ ਕੋਲ ਹੁਣ ਆਪਣੀਆਂ ਬੱਚੀਆਂ ਨੂੰ ਇਨ੍ਹਾਂ ਸੰਸਥਾਵਾਂ ਦੇ ਸਪੁਰਦ ਕੀਤੇ ਜਾਣ ਦਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਹੈ। ਜਾਂਚ ਸ਼ੁਰੂ ਹੋਣ 'ਤੇ ਸੰਘ ਦੇ ਪ੍ਰਚਾਰਕਾਂ ਨੇ ਬੱਚਿਆਂ ਦੇ ਘਰਾਂ ਵਿਚ ਜਾ ਕੇ ਧੋਖੇ ਨਾਲ ਉਨ੍ਹਾਂ ਦੀਆਂ ਉਹ ਤਸਵੀਰਾਂ ਵੀ ਆਪਣੇ ਕਬਜ਼ੇ ਵਿਚ ਕਰ ਲਈਆਂ ਜੋ ਉਨ੍ਹਾਂ ਦੇ ਘਰਾਂ ਵਿਚ ਸਨ ਤਾਂ ਜੋ ਕੋਈ ਸਬੂਤ ਬਾਕੀ ਨਾ ਰਹੇ।

ਸੰਘ ਪਰਿਵਾਰ ਦੀਆਂ ਇਹ ਕਾਰਵਾਈਆਂ ਸੁਪਰੀਮ ਕੋਰਟ ਦੇ ਉਸ ਫ਼ੈਸਲੇ ਦੀ ਵੀ ਉਲੰਘਣਾ ਹਨ ਜਿਸ ਨੇ ਪਹਿਲੀ ਸਤੰਬਰ 2010 ਨੂੰ 'ਸਟੇਟ ਆਫ ਤਾਮਿਲਨਾਡੂ ਬਨਾਮ ਯੂਨੀਅਨ ਆਫ ਇੰਡੀਆ ਐਂਡ ਅਦਰਜ਼' ਮਾਮਲੇ ਵਿਚ ਇਕ ਸੂਬੇ ਤੋਂ ਦੂਜੇ ਸੂਬੇ ਵਿਚ ਬੱਚੇ ਵੱਡੇ ਪੈਮਾਨੇ 'ਤੇ ਭੇਜੇ ਜਾਣ ਦੇ ਮੱਦੇਨਜ਼ਰ "ਮਨੀਪੁਰ ਅਤੇ ਅਸਾਮ ਰਾਜਾਂ ਨੂੰ ਇਹ ਯਕੀਨੀ ਬਣਾਉਣ ਦਾ ਨਿਰਦੇਸ਼ ਦਿੱਤਾ ਸੀ ਕਿ ਅਗਲੇ ਹੁਕਮਾਂ ਤਕ 12 ਸਾਲ ਤੋਂ ਘੱਟ ਜਾਂ ਪ੍ਰਾਇਮਰੀ ਸਕੂਲ ਪੱਧਰ ਦੇ ਕਿਸੇ ਬੱਚੇ ਨੂੰ ਹੋਰ ਸੂਬਿਆਂ ਵਿਚ ਪੜ੍ਹਨ ਲਈ ਨਾ ਭੇਜਿਆ ਜਾਵੇ।" ਇਹ ਫ਼ੈਸਲਾ ਇਨ੍ਹਾਂ ਦੋਹਾਂ ਰਾਜਾਂ ਤੋਂ 76 ਬੱਚਿਆਂ ਦੀ ਤਸਕਰੀ ਦੇ ਮਾਮਲੇ ਦੀ ਜਾਂਚ ਪਿੱਛੋਂ ਦਿੱਤਾ ਗਿਆ ਸੀ ਜਿਨ੍ਹਾਂ ਨੂੰ ਤਾਮਿਲਨਾਡੂ ਵਿਚ ਈਸਾਈ ਮਿਸ਼ਨਰੀਆਂ ਵਲੋਂ ਚਲਾਏ ਜਾਂਦੇ 'ਆਸ਼ਰਮਾਂ' ਵਿਚ ਭੇਜਿਆ ਗਿਆ ਸੀ। ਇਸ ਆਦੇਸ਼ ਦੇ ਬਾਵਜੂਦ ਅਸਾਮ ਸੀ.ਆਈ.ਡੀ. ਦੀ ਰਿਪੋਰਟ ਅਨੁਸਾਰ 2012-2015 ਦਰਮਿਆਨ ਅਸਾਮ ਵਿਚੋਂ 5000 ਤੋਂ ਉਪਰ ਬੱਚੇ ਲਾਪਤਾ ਹੋਏ। 2015 ਵਿਚ ਇਸ ਤਰ੍ਹਾਂ ਦੇ ਘੱਟੋ-ਘੱਟ 800 ਬੱਚੇ ਲਾਪਤਾ ਹੋਏ। ਇਹ ਤਾਦਾਦ ਪੜ੍ਹਾਈ ਅਤੇ ਰੋਜ਼ਗਾਰ ਦੇ ਬਹਾਨੇ ਤਸਕਰੀ ਕੀਤੇ ਬੱਚਿਆਂ ਦੀ ਗਿਣਤੀ ਨਾਲ ਮੇਲ ਖਾਂਦੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਬੱਚਿਆਂ ਦੇ ਲਾਪਤਾ ਹੋਣ ਪਿੱਛੇ ਸੰਘ ਪਰਿਵਾਰ ਦਾ ਬੱਚਿਆਂ ਨੂੰ ਧੋਖੇ ਨਾਲ ਦੂਜੇ ਸੂਬਿਆਂ ਅੰਦਰ ਆਪਣੇ ਅਖੌਤੀ ਸਕੂਲਾਂ ਵਿਚ ਭੇਜਣ ਲਈ ਸਰਗਰਮ ਤਾਣੇ-ਬਾਣੇ ਦਾ ਹੱਥ ਹੈ।



***ਪੱਤਰਕਾਰ ਨੇਹਾ ਦੀਕਸ਼ਿਤ ਨੇ ਸਾਹਮਣੇ ਲਿਆਂਦਾ ਕਿ 9 ਜੂਨ 2015 ਨੂੰ ਰਾਸ਼ਟਰ ਸੇਵਿਕਾ ਸਮਿਤੀ ਅਤੇ ਸੇਵਾ ਭਾਰਤੀ ਦੀਆਂ ਦੋ ਕਾਰਕੁਨ ਕੋਰੋਬੀ ਬਸੁਮਾਤਾਰੀ ਅਤੇ ਸੰਧਿਆਬੇਨ ਟਿਕੜੇ ਵਲੋਂ ਅਸਾਮ ਦੇ ਪੰਜ ਸਰਹੱਦੀ ਜ਼ਿਲ੍ਹਿਆਂ-ਕੋਕਰਾਝਾਰ, ਗੋਲਪਾਰਾ, ਧੁਬਰੀ, ਚਿਰੰਗ ਤੇ ਬੋਂਗਾਈਗਾਓਂ, ਤੋਂ 3 ਤੋਂ 13 ਸਾਲ ਦੀਆਂ 31 ਬੱਚੀਆਂ ਨੂੰ ਇਸ ਵਾਅਦੇ ਨਾਲ ਮਾਪਿਆਂ ਕੋਲੋਂ ਅਲੱਗ ਕੀਤਾ ਗਿਆ ਕਿ ਉਨ੍ਹਾਂ ਨੂੰ ਪੰਜਾਬ ਅਤੇ ਗੁਜਰਾਤ ਵਿਚ ਬਿਹਤਰ ਸਹੂਲਤਾਂ ਵਾਲੇ ਸਕੂਲਾਂ ਵਿਚ ਪੜ੍ਹਾਇਆ ਜਾਵੇਗਾ।***

ਅਸਾਮ ਦੇ ਸਰਹੱਦੀ ਇਲਾਕਿਆਂ ਵਿਚ ਸੰਘ ਦੀਆਂ ਜਥੇਬੰਦੀਆਂ ਨੇ ਵਿਆਪਕ ਜਾਲ ਵਿਛਾਇਆ ਹੋਇਆ ਹੈ। ਸੇਵਾ ਭਾਰਤੀ ਨਾਂ ਦੀ ਸੰਸਥਾ ਮੈਡੀਕਲ ਕੈਂਪ, ਖੇਡ ਕੈਂਪ ਆਦਿ ਸਮਾਜ ਭਲਾਈ ਦੇ ਕੰਮ ਕਰਦੀ ਹੈ। ਵਿਦਿਆ ਭਾਰਤੀ ਅਤੇ ਏਕਲ ਵਿਦਿਆਲਿਆ ਬੱਚਿਆਂ ਨੂੰ ਹਿੰਦੂ ਰਾਸ਼ਟਰਵਾਦੀ ਪੜ੍ਹਾਈ ਕਰਾਉਂਦੇ ਹਨ। ਵਣਵਾਸੀ ਕਲਿਆਣ ਆਸ਼ਰਮ ਅਤੇ ਵਣਬੰਧੂ ਪ੍ਰੀਸ਼ਦ ਕਬਾਇਲੀਆਂ ਦੀ 'ਭਲਾਈ' ਦਾ ਕੰਮ ਦੇਖਦੀਆਂ ਹਨ। ਇਨ੍ਹਾਂ ਸੰਸਥਾਵਾਂ ਰਾਹੀਂ ਸੰਘ ਦੇ ਪ੍ਰਚਾਰਕ ਹਿੰਦੂਤਵੀ ਵਿਚਾਰਧਾਰਾ ਨੂੰ ਦੂਰ-ਦੁਰਾਡੇ ਇਲਾਕਿਆਂ ਵਿਚ ਫੈਲਾ ਰਹੇ ਹਨ। ਸੇਵਾ ਭਾਰਤੀ ਦੀ ਵੈੱਬਸਾਈਟ ਅਨੁਸਾਰ ਉਸ ਵਲੋਂ ਹਿੰਦੁਸਤਾਨ ਵਿਚ 1.5 ਲੱਖ ਭਲਾਈ ਪ੍ਰੋਜੈਕਟ ਚਲਾਏ ਜਾ ਰਹੇ ਹਨ। ਉਹ ਨੌਜਵਾਨ ਕਬਾਇਲੀ ਕੁੜੀਆਂ ਅਤੇ ਮੁੰਡਿਆਂ ਲਈ ਹੋਸਟਲ ਅਤੇ ਗ਼ੈਰਰਸਮੀ ਸਿਖਿਆ ਕੇਂਦਰ ਵੀ ਚਲਾਉਂਦੇ ਹਨ।

ਸੇਵਾ ਭਾਰਤੀ 1978 ਵਿਚ ਆਰ.ਐਸ.ਐਸ. ਦੇ ਤੀਜੇ ਸਰਸੰਘਚਾਲਕ ਬਾਲਾਸਾਹਿਬ ਦਿਓਰਸ ਵਲੋਂ ਸਮਾਜ ਦੇ ਹਾਸ਼ੀਆਗ੍ਰਸਤ ਹਿੱਸਿਆਂ ਉਪਰ ਧਿਆਨ ਕੇਂਦਰਤ ਕਰਨ ਲਈ ਬਣਾਈ ਗਈ ਸੀ। ਆਰ.ਐਸ.ਐਸ. ਦਾ ਇਕ ਚੋਟੀ ਦਾ ਅਧਿਕਾਰੀ ਅਖਿਲ ਭਾਰਤੀਆ ਸਹਿਸੇਵਾ ਪ੍ਰਮੁੱਖ ਇਸ ਜਥੇਬੰਦੀ ਦਾ ਮਾਰਗ-ਦਰਸ਼ਨ ਕਰਦਾ ਹੈ। ਇਸ ਨੂੰ ਆਰ.ਐਸ.ਐਸ. ਦੇ ਸਰਵਉਚ ਫ਼ੈਸਲੇ ਲੈਣ ਵਾਲੇ ਅਦਾਰੇ, ਅਖਿਲ ਭਾਰਤੀਆ ਪ੍ਰਤੀਨਿਧੀ ਸਭਾ, ਵਿਚ ਨੁਮਾਇੰਦਗੀ ਦਿੱਤੀ ਗਈ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸੇਵਾ ਭਾਰਤੀ ਦੀ ਸੰਘ ਦੀਆਂ ਜਥੇਬੰਦੀਆਂ ਅੰਦਰ ਕਿੰਨੀ ਬਾਰਸੂਖ਼ ਥਾਂ ਹੈ।

***ਸੇਵਾ ਭਾਰਤੀ 1978 ਵਿਚ ਆਰ.ਐਸ.ਐਸ. ਦੇ ਤੀਜੇ ਸਰਸੰਘਚਾਲਕ ਬਾਲਾਸਾਹਿਬ ਦਿਓਰਸ ਵਲੋਂ ਸਮਾਜ ਦੇ ਹਾਸ਼ੀਆਗ੍ਰਸਤ ਹਿੱਸਿਆਂ ਉਪਰ ਧਿਆਨ ਕੇਂਦਰਤ ਕਰਨ ਲਈ ਬਣਾਈ ਗਈ ਸੀ। ਆਰ.ਐਸ.ਐਸ. ਦਾ ਚੋਟੀ ਦਾ ਅਧਿਕਾਰੀ ਅਖਿਲ ਭਾਰਤੀਆ ਸਹਿਸੇਵਾ ਪ੍ਰਮੁੱਖ ਇਸ ਜਥੇਬੰਦੀ ਦਾ ਮਾਰਗ-ਦਰਸ਼ਨ ਕਰਦਾ ਹੈ।***

ਸੰਘ ਦੀ ਕਿਸੇ ਸਮਾਜ ਅੰਦਰ ਘੁਸਪੈਠ ਕਰਨ ਦੀ ਆਮ ਯੁੱਧਨੀਤੀ ਬਹੁਤ ਹੀ ਵਿਉਂਤਬੱਧ ਹੈ। ਪਹਿਲਾਂ, ਭਲਾਈ ਵਾਲੀ ਸੰਸਥਾ ਉਸ ਇਲਾਕੇ ਵਿਚ ਪੈਰ ਧਰਦੀ ਹੈ। ਉਹ ਜਨਤਕ ਆਧਾਰ ਤਿਆਰ ਕਰਦੇ ਹਨ, ਸੰਭਾਵੀ ਸਿਖਾਂਦਰੂਆਂ ਦੀ ਨਿਸ਼ਾਨਦੇਹੀ ਕਰਦੇ ਹਨ। ਇਉਂ ਉਹ ਦੂਰ-ਦੁਰਾਡੇ ਪਿੰਡਾਂ ਵਿਚ ਜਾ ਕੇ, ਲਾਕਟ, ਪੈਂਫਲੈਟ ਅਤੇ ਹਿੰਦੂ ਸਾਹਿਤ ਵੰਡ ਕੇ ਮੁਕੰਮਲ ਘੁਸਪੈਠ ਦਾ ਰਾਹ ਤਿਆਰ ਕਰਦੇ ਹਨ। ਫਿਰ ਸਥਾਨਕ ਰਾਸ਼ਟਰ ਸੇਵਾ ਸਮਿਤੀ ਅਤੇ ਆਰ.ਐਸ.ਐਸ. ਦੇ ਕੁਲਵਕਤੀ ਉਥੇ ਆ ਪਹੁੰਚਦੇ ਹਨ। ਸੇਵਾ ਭਾਰਤੀ ਦਾ ਕੰਮ ਉਨ੍ਹਾਂ ਇਲਾਕਿਆਂ ਵਿਚ ਖ਼ਾਸ ਤੌਰ 'ਤੇ ਪ੍ਰਭਾਵੀ ਹੈ ਜਿਥੇ ਹਿੰਦੁਸਤਾਨੀ ਸਟੇਟ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਵਿਚ ਨਾਕਾਮ ਰਿਹਾ ਹੈ। ਸੇਵਾ ਭਾਰਤੀ ਇਨ੍ਹਾਂ ਸਰਗਰਮੀਆਂ ਲਈ ਮਹਿਫੂਜ਼ ਮੁਹਾਜ਼ ਦੇ ਤੌਰ 'ਤੇ ਕੰਮ ਕਰਦੀ ਹੈ। ਜ਼ਿਆਦਾਤਰ ਪੇਂਡੂ ਅਤੇ ਬੱਚਿਆਂ ਦੇ ਮਾਪੇ ਇਹੀ ਸੋਚਦੇ ਹਨ ਕਿ ਬੱਚਿਆਂ ਨੂੰ ਲੋਕ ਭਲਾਈ ਦਾ ਕੰਮ ਕਰ ਰਹੀ ਸੰਸਥਾ ਸੇਵਾ ਭਾਰਤੀ ਵਲੋਂ ਪੜ੍ਹਾਈ ਕਰਾਉਣ ਲਈ ਲਿਜਾਇਆ ਗਿਆ ਹੈ। ਸੰਘ ਨਾਲ ਰਿਸ਼ਤੇ ਅਤੇ ਹਿੰਦੂਤਵੀ ਵਿਚਾਰਧਾਰਾ ਦਿਮਾਗ 'ਚ ਭਰੇ ਜਾਣ ਦੀ ਸਾਜ਼ਿਸ਼ ਆਮ ਪੇਂਡੂ ਦੀ ਸਮਝ ਤੋਂ ਬਾਹਰ ਦੀ ਗੱਲ ਹੈ। ਅਸਾਮ ਵਰਗੇ ਬੋਡੋ-ਮੁਸਲਿਮ ਜਾਂ ਬੋਡੋ-ਆਦਿਵਾਸੀ ਨਸਲੀ-ਸਭਿਆਚਾਰ ਹਿੰਸਾ ਤੋਂ ਗ੍ਰਸਤ ਇਲਾਕਿਆਂ ਦੇ ਜੰਮ-ਪਲ ਲੋਕ ਆਪਣੀ ਪਛਾਣ ਬਾਰੇ ਬਹੁਤ ਸੰਵੇਦਨਸ਼ੀਲ ਹਨ ਅਤੇ ਆਪਣੀ ਪਛਾਣ ਨੂੰ ਬੁਰੀ ਤਰ੍ਹਾਂ ਚਿੰਬੜੇ ਰਹਿੰਦੇ ਹਨ। ਇਸ ਤਰ੍ਹਾਂ ਦੇ ਥਾਂਵਾਂ ਉਪਰ ਸਹੀ ਅਤੇ ਗਲਤ ਦਰਮਿਆਨ ਵਖਰੇਵਾਂ ਕਰਨ ਦੀ ਸੰਭਾਵਨਾ ਘਟ ਜਾਂਦੀ ਹੈ। ਜਨੂੰਨ ਭਾਰੂ ਰਹਿੰਦਾ ਹੈ ਜੋ ਹਿੰਦੂਤਵੀ ਪ੍ਰਚਾਰ ਲਈ ਰਾਹ ਪੱਧਰਾ ਕਰਦਾ ਹੈ।

ਅਸਾਮ ਵਿਚ ਕੰਮ ਕਰਦੀਆਂ ਸੰਘ ਪ੍ਰਚਾਰਕ ਔਰਤਾਂ ਨੇ 'ਆਊਟਲੁੱਕ' ਦੀ ਪੱਤਰਕਾਰ ਨੂੰ ਦੱਸਿਆ ਕਿ ਸੇਵਾ ਭਾਰਤੀ ਵਲੋਂ ਜਥੇਬੰਦ ਕੀਤੇ ਜਾਂਦੇ ਕੈਂਪਾਂ ਵਿਚ 'ਪ੍ਰਮੁੱਖ ਤੌਰ 'ਤੇ ਨੌਜਵਾਨ ਕੁੜੀਆਂ ਨੂੰ ਸੰਸਕਾਰ ਸਿਖਾਏ ਜਾਂਦੇ ਹਨ।' 'ਕੁੜੀਆਂ ਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੀ ਸੰਸਕ੍ਰਿਤੀ ਭੁਲਾ ਦਿੱਤੀ ਹੈ, ਜਿਥੇ 'ਨਮਸਕਾਰ' ਦੀ ਜਗ੍ਹਾ 'ਹੈਲੋ' ਨੇ ਅਤੇ ਸਾਡੀ ਰਵਾਇਤੀ ਪੁਸ਼ਾਕ ਦੀ ਜਗ੍ਹਾ ਲੰਮੀ ਪੈਂਟ ਨੇ ਲੈ ਲਈ ਹੈ। ਇਹ ਸਭ ਕੁਝ ਈਸਾਈ ਜੀਵਨ-ਸ਼ੈਲੀ ਦੇ ਪ੍ਰਭਾਵ ਕਾਰਨ ਹੈ। ਉਨ੍ਹਾਂ ਨੂੰ ਆਪਣੀ ਸੰਸਕ੍ਰਿਤੀ ਵਿਚ ਵਾਪਸ ਪਰਤਣਾ ਚਾਹੀਦਾ ਹੈ ਅਤੇ ਰਾਸ਼ਟਰ ਦੀਆਂ ਚੰਗੀਆਂ ਸੁਆਣੀਆਂ ਬਣਨਾ ਚਾਹੀਦਾ ਹੈ।'

ਅਜਿਹੀ ਮਨੋਵਿਗਿਆਨਕ ਸਿਖਲਾਈ ਨਾਲ ਨੌਜਵਾਨ ਕੁੜੀਆਂ ਹਿੰਦੂ ਰਾਸ਼ਟਰ ਅੰਦਰ ਔਰਤਾਂ ਦੀ ਇੱਛਤ ਭੂਮਿਕਾ ਬਾਰੇ ਹਿੰਦੂਤਵੀ ਸੋਚ ਪ੍ਰਤੀ ਅੰਨ੍ਹੇ ਯਕੀਨ ਨਾਲ ਵੱਡੀਆਂ ਹੁੰਦੀਆਂ ਹਨ। ਕੈਂਪਾਂ ਵਿਚ ਲੋਕਧਾਰਾ, ਭਾਸ਼ਾ ਅਤੇ ਇਤਿਹਾਸ ਦੇ ਗੁਣਗਾਣ ਉਪਰ ਕੇਂਦਰਤ ਕਰਦੇ ਹੋਏ ਜੋ ਵਿਆਖਿਆ ਪੜ੍ਹਾਈ ਜਾਂਦੀ ਹੈ, ਉਹ ਮੁਸਲਿਮ ਤੇ ਈਸਾਈ ਵਿਰੋਧੀ ਹੈ। ਬੋਡੋ ਲੋਕ ਸੇਵਾ ਭਾਰਤੀ ਦੀਆਂ ਸਰਗਰਮੀਆਂ ਨੂੰ ਲੈ ਕੇ ਕੋਈ ਸ਼ੱਕ ਨਹੀਂ ਕਰਦੇ, ਕਿਉਂਕਿ ਉਥੇ ਜਿਹੜੀਆਂ ਪ੍ਰਚਾਰਕ ਔਰਤਾਂ ਤਿਆਰ ਕੀਤੀਆਂ ਗਈਆਂ ਹਨ, ਉਨ੍ਹਾਂ ਦੀ ਉਸੇ ਭਾਈਚਾਰੇ ਵਿਚੋਂ ਹੋਣ ਕਾਰਨ ਬਹੁਤ ਪੈਂਠ ਹੈ, ਉਨ੍ਹਾਂ ਦਾ ਅਕਸ ਬਲਵਾਨ ਔਰਤਾਂ ਦਾ ਹੈ। ਬੱਚੀਆਂ ਨੂੰ ਕੁਆਰੀਆਂ ਰਹਿਣ ਅਤੇ ਹਿੰਦੂ ਰਾਸ਼ਟਰ ਦੇ ਨਿਰਮਾਣ ਵਿਚ ਯੋਗਦਾਨ ਲਈ ਜ਼ਿੰਦਗੀਆਂ ਸਮਰਪਿਤ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਬੱਚੀਆਂ ਨੂੰ ਬਲਵਾਨ ਬਣਾਉਣ ਦਾ ਇਹ ਦਾਅਪੇਚ ਨਿੱਕੀਆਂ ਬੱਚੀਆਂ ਦੇ ਉਨ੍ਹਾਂ ਮਾਪਿਆਂ ਨੂੰ ਬਹੁਤ ਟੁੰਬਦਾ ਹੈ ਜੋ ਸਾਧਨਹੀਣ ਅਭਿਲਾਸ਼ੀ ਹਨ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਵੱਡੇ ਸੁਪਨੇ ਪਾਲਦੇ ਹਨ। ਇਹ ਕੁੜੀ ਦੀ ਮਾਰਫ਼ਤ ਅੱਗੇ ਹੋਰ ਕੁੜੀ ਭਰਤੀ ਕਰਨ ਦੀ ਆਰ.ਐਸ.ਐਸ. ਦੀ ਯੁੱਧਨੀਤੀ ਹੈ। ਕੋਰੋਬੀ ਅਤੇ ਕਾਂਚਾਈ ਬ੍ਰਹਮਾ ਵਰਗੀਆਂ ਜੋ ਬੋਡੋ ਔਰਤਾਂ ਹੁਣ ਉਥੇ ਬੱਚੀਆਂ ਦੀ ਤਸਕਰੀ ਵਿਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ, ਉਨ੍ਹਾਂ ਨੂੰ ਇਸੇ ਵਿਧੀ ਦੁਆਰਾ ਤਿਆਰ ਕੀਤਾ ਗਿਆ ਸੀ।

ਕਾਂਚਾਈ ਨੂੰ ਤਿੰਨ ਹੋਰ ਕੁੜੀਆਂ ਸਮੇਤ ਉਤਰ ਪ੍ਰਦੇਸ਼ ਦੇ ਇਕ ਹੋਸਟਲ ਵਿਚ ਸਿਖਲਾਈ ਲਈ ਭੇਜਿਆ ਗਿਆ। ਜਿਥੇ ਇਕ ਸਾਲ ਦੀ ਸਿਖਲਾਈ ਤੋਂ ਬਾਅਦ ਉਹ ਆਪਣੇ ਜ਼ਿਲ੍ਹੇ ਵਿਚ ਵਾਪਸ ਆ ਗਈਆਂ। ਦੋ ਸਾਲ ਵਿਚ ਹੀ ਉਨ੍ਹਾਂ ਨੇ ਤਿੰਨ ਜ਼ਿਲ੍ਹਿਆਂ ਵਿਚ ਆਪਣੇ ਸੰਪਰਕ ਬਣਾ ਲਏ। ਉਹ 500 ਕਬਾਇਲੀ ਕੁੜੀਆਂ ਨੂੰ ਹੋਸਟਲ ਵਿਚ ਭੇਜਣ ਵਿਚ ਕਾਮਯਾਬ ਹੋ ਗਈਆਂ। ਉਨ੍ਹਾਂ ਵਿਚੋਂ ਜਿਨ੍ਹਾਂ ਨੇ ਵਾਪਸ ਆ ਕੇ ਵਿਆਹ ਕਰਵਾ ਲਏ, ਉਹ ਗ੍ਰਹਿਸਥੀ ਜੀਵਨ ਜਿਉਂਦੇ ਹੋਏ ਗ੍ਰਹਿਣੀ ਸੇਵਕਾ ਜਾਂ ਜੁਜ਼ਵਕਤੀ ਵਜੋਂ ਕੰਮ ਕਰ ਰਹੀਆਂ ਹਨ। ਏਕਲ ਵਿਦਿਆਲਿਆ (ਆਰ.ਐਸ.ਐਸ. ਦੇ ਇਕ ਅਧਿਆਪਕ ਵਾਲੇ ਗ਼ੈਰਰਸਮੀ ਸਕੂਲ ਜਿਥੇ ਸੋਇਮਸੇਵਕ ਵਲੋਂ 40 ਵਿਦਿਆਰਥੀਆਂ ਦੀ ਰੋਜ਼ਾਨਾ ਤਿੰਨ ਘੰਟੇ ਜਮਾਤ ਲਗਾਈ ਜਾਂਦੀ ਹੈ) ਇਨ੍ਹਾਂ ਪ੍ਰਚਾਰਕ ਔਰਤਾਂ ਦੀ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਜਾਲ ਵਿਚ ਫਸਾਉਣ ਦੇ ਮਿਸ਼ਨ ਵਿਚ ਬਹੁਤ ਸਹਾਇਤਾ ਕਰਦੇ ਹਨ।

ਇਸ ਤਰੀਕੇ ਨਾਲ ਆਰ.ਐਸ.ਐਸ. ਬਹੁਤ ਹੀ ਸੂਖਮ ਯੁੱਧਨੀਤੀ ਨਾਲ ਕਬਾਇਲੀ ਅਤੇ ਹੋਰ ਖੇਤਰਾਂ ਵਿਚ ਡੂੰਘੀ ਘੁਸਪੈਠ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਹਿੰਦੂਤਵੀ ਸੰਸਕ੍ਰਿਤੀ ਨਾਲ ਜੋੜ ਰਿਹਾ ਹੈ। ਇਹ ਮੁਹਿੰਮ ਮਹਿਜ਼ ਕਬਾਇਲੀ ਖੇਤਰਾਂ ਤਕ ਮਹਿਦੂਦ ਨਹੀਂ ਹੈ, ਹਰ ਥਾਂ ਹੀ ਵੱਖ-ਵੱਖ ਨਾਂਵਾਂ ਹੇਠ ਆਰ.ਐਸ.ਐਸ. ਦਾ ਤਾਣਾ-ਬਾਣਾ ਬਹੁਤ ਸਰਗਰਮ ਹੈ। 'ਆਊਟਲੁੱਕ' ਅਤੇ 'ਕੋਬਰਾਪੋਸਟ' ਦੇ ਸਟਿੰਗ ਓਪਰੇਸ਼ਨ ਬੇਸ਼ਕ ਬੱਚੀਆਂ ਦੀ ਤਸਕਰੀ ਦੇ ਇਕ ਖ਼ਾਸ ਵਰਤਾਰੇ ਬਾਬਤ ਹਨ, ਪਰ ਇਹ ਵੱਡੇ ਖ਼ਤਰੇ ਵੱਲ ਇਸ਼ਾਰਾ ਕਰਦੇ ਹਨ। -0-


# ਚੰਡੀਗੜ੍ਹ ਵਿਚ ਫਿਲਮਾਂ ਵਾਲੇ ਗੁਲਜ਼ਾਰ ਦੀ ਬੁਲੰਦੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਇਸ ਹਫਤੇ ਚੰਡੀਗੜ੍ਹ ਵਿਚ ਫਿਲਮਾਂ ਵਾਲੇ ਗੁਲਜ਼ਾਰ ਦੀ ਫੇਰੀ ਨੇ ਇਸ ਸ਼ਹਿਰ ਨੂੰ ਗੁਲ-ਓ-ਗੁਲਜ਼ਾਰ ਕਰ ਛੱਡਿਆ। ਉਸ ਨੂੰ ਪੰਜਾਬ ਯੂਨੀਵਰਸਟੀ, ਚੰਡੀਗੜ੍ਹ ਨੇ ਟੈਗੋਰ ਚੇਅਰ ਪ੍ਰਦਾਨ ਕੀਤੀ ਹੈ। ਯੂਨੀਵਰਸਟੀ ਵਿਖੇ ਆਪਣਾ ਸ਼ੁਕਰਾਨਾ ਅਦਾ ਕਰਦਿਆਂ ਉਸ ਨੇ ਮੰਨਿਆ ਕਿ ਉਹ ਵਿਦਿਆਰਥੀਆਂ ਨਾਲ ਕਲਾਸਾਂ ਤਾਂ ਨਹੀਂ ਲੈ ਸਕਦਾ ਪਰ ਉਹ ਟੈਗੋਰ ਦੇ ਸੁਪਨਿਆਂ ਨੂੰ ਪੂਰੇ ਪੰਜਾਬ ਵਿਚ ਸਾਕਾਰ ਕਰੇਗਾ। ਉਸ ਨੇ ਦੱਸਿਆ




ਗੁਲਜ਼ਾਰ

ਕਿ ਟੈਗੋਰ ਦੇ ਸਥਾਪਤ ਕੀਤੇ ਸ਼ਾਂਤੀ ਨਿਕੇਤਨ ਵਿਚ ਸਾਂਝੀ ਵਿਦਿਆ ਦਾ ਪੂਰਨ ਪ੍ਰਬੰਧ ਸੀ ਤੇ ਟੈਗੋਰ ਵਿਦਿਆ ਦੀ ਦੇਵੀ ਨੂੰ ਦੇਸ਼ ਦੇ ਕੋਨੇ-ਕੋਨੇ ਵਿਚ ਲਿਜਾਣ ਦਾ ਚਾਹਵਾਨ ਸੀ।

ਉਸ ਨੇ ਰਾਬਿੰਦਰ ਨਾਥ ਟੈਗੋਰ ਦੀ ਕਵਿਤਾ 'ਅਤਿਥੀ' ਦਾ ਹਿੰਦੀ ਅਨੁਵਾਦ ਵੀ ਸਰੋਤਿਆਂ ਨਾਲ ਸਾਂਝਾ ਕੀਤਾ, ਜਿਹੜਾ ਉਸ ਨੇ ਮੂਲ ਬੰਗਲਾ ਭਾਸ਼ਾ ਤੋਂ ਕੀਤਾ ਹੈ। 'ਅਤਿਥੀ' ਦੇ ਟੈਗੋਰ ਵੱਲੋਂ ਅੰਗਰੇਜ਼ੀ ਭਾਸ਼ਾ ਵਿਚ ਕੀਤੇ ਅਨੁਵਾਦ ਦਾ ਹਵਾਲਾ ਦਿੰਦਿਆਂ ਗੁਲਜ਼ਾਰ ਨੇ ਇਹ ਵੀ ਸਾਬਤ ਕੀਤਾ ਕਿ ਕਿਸੇ ਵੀ ਭਾਰਤੀ ਭਾਸ਼ਾ ਨੂੰ ਕਿਸੇ ਦੂਜੀ ਭਾਰਤੀ ਭਾਸ਼ਾ ਵਿਚ ਉਲਥਾਉਣਾ ਤਾਂ ਬਣਦਾ ਹੈ ਪਰ ਅੰਗਰੇਜ਼ੀ ਵਿਚ ਨਹੀਂ। ਟੈਗੋਰ ਦੇ ਆਪਣੇ ਅੰਗਰੇਜ਼ੀ ਅਨੁਵਾਦ ਦੀਆਂ ਟੂਕਾਂ ਸੁਣਾ ਕੇ ਗੁਲਜ਼ਾਰ ਨੇ ਜਿਹੜੇ ਸ਼ਬਦ ਕਹੇ, ਉਹ ਬੜੇ ਭਾਵ ਪੂਰਤ ਸਨ: 'ਉਸ ਨੇ ਅਪਣੀ ਮੂਲ ਕਵਿਤਾ... ਨਾਲ ਬੜਾ ਜ਼ੁਲਮ ਕੀਤਾ ਹੈ।' ਗੁਲਜ਼ਾਰ ਨੇ ਭਾਰਤੀ ਭਾਸ਼ਾਵਾਂ ਵਿਚ ਬਾਲ ਸਾਹਿਤ ਦੀ ਘਾਟ ਉਤੇ ਵੀ ਡੂੰਘੀ ਚਿੰਤਾ ਪ੍ਰਗਟ ਕੀਤੀ। ਉਸ ਨੇ ਦੱਸਿਆ ਕਿ ਬੰਗਾਲੀ, ਮਰਾਠੀ ਤੇ ਮਲਿਆਲਮ ਤੋਂ ਬਿਨਾ ਭਾਰਤ ਦੀ ਕਿਸੇ ਵੀ ਭਾਸ਼ਾ ਨੇ ਬਾਲ ਸਾਹਿਤ ਰਚਣ ਵੱਲ ਧਿਆਨ ਨਹੀਂ ਦਿੱਤਾ। ਪੰਜਾਬੀ ਤੇ ਉਰਦੂ ਨੇ ਤਾਂ ਉੱਕਾ ਹੀ ਨਹੀਂ, ਜਦੋਂ ਤੱਕ ਮੂਲ ਪੰਜਾਬੀ ਭਾਸ਼ਾ ਵਿਚ ਅਜਿਹਾ ਸਾਹਿਤ ਰਚਣ ਦੀ ਪਿਰਤ ਨਹੀਂ ਪੈਂਦੀ। ਗੁਲਜ਼ਾਰ ਦੇ ਵਿਚਾਰ ਅਨੁਸਾਰ ਦੂਜੀਆਂ ਭਾਸ਼ਾਵਾਂ ਤੋਂ ਅਨੁਵਾਦ ਕਰਨਾ ਬਣਦਾ ਹੈ। ਇਸ ਪ੍ਰਸੰਗ ਵਿਚ ਉਸ ਨੇ ਟੈਗੋਰ ਦੀ ਬੰਗਲਾ ਭਾਸ਼ਾ ਵਿਚ ਲਿਖੀ ਬਾਲ ਕਵਿਤਾ ਦਾ ਹਿੰਦੀ ਅਨੁਵਾਦ ਸੁਣਾ ਕੇ ਸਾਰਾ ਮਾਹੌਲ ਹੀ ਬਦਲ ਦਿੱਤਾ।

ਸ਼ਾਮ ਨੂੰ ਚੰਡੀਗੜ੍ਹ ਸਾਹਿਤ ਅਕਾਡਮੀ ਵੱਲੋਂ ਟੈਗੋਰ ਥੀਏਟਰ ਵਿਚ ਰਚਾਏ ਭਰਪੂਰ ਸਮਾਗਮ ਵਿਚ ਉਸ ਨੇ ਆਪਣੀਆਂ ਕਵਿਤਾਵਾਂ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਉਸ ਦੀ ਹਰ ਕਵਿਤਾ ਦੇ ਅੰਤ ਉਤੇ ਸਾਰਾ ਹਾਲ ਤਾੜੀਆਂ ਦੀ ਗੂੰਜ ਨਾਲ ਭਰ ਜਾਂਦਾ।

ਗੁਲਜ਼ਾਰ ਨੇ ਇਹ ਵੀ ਕਿਹਾ ਕਿ ਉਹ ਮਿਰਜ਼ਾ ਗਾਲਿਬ ਦੀ ਸ਼ਖ਼ਸੀਅਤ ਅਤੇ ਸ਼ਾਇਰੀ



ਰਾਬਿੰਦਰ ਨਾਥ ਟੈਗੋਰ

ਦਾ ਬੜਾ ਮੱਦਾਹ ਹੈ। ਆਪਣੇ ਮਨ ਵਿਚ ਮਿਰਜ਼ਾ ਗਾਲਿਬ ਦੀ ਸ਼ਾਇਰੀ ਨੂੰ ਪੂਰੀ ਤਰ੍ਹਾਂ ਚਮਕਾਉਣ ਵਿਚ ਉਹ ਜਗਜੀਤ ਸਿੰਘ ਤੇ ਨਸੀਰਉਦੀਨ ਦਾ ਵੱਡਾ ਹੱਥ ਮੰਨਦਾ ਹੈ। ਗੁਲਜ਼ਾਰ ਦੀ ਆਪਣੀ ਕਵਿਤਾ ਵਿਚ ਵੀ ਉਸ ਮਹਾਨ ਕਵੀ ਵਾਲੀ ਇਸ਼ਕ, ਨਾ ਉਮੀਦੀ ਤੇ ਉਮੀਦ ਪ੍ਰਧਾਨ ਹੈ।

**ਆਮ ਆਦਮੀ ਦਾ ਰਾਜਪਾਲ ਵੀ ਪੀ ਸਿੰਘ ਬਦਨੌਰ:** ਪੰਜਾਬ ਦਾ ਨਵਾਂ ਰਾਜਪਾਲ ਸ੍ਰੀ ਵੀ ਪੀ ਸਿੰਘ ਬਦਨੌਰ ਸੱਚ ਮੁੱਚ ਹੀ ਆਮ ਆਦਮੀ ਦੇ ਹਿੱਤ ਪਾਲਣ ਵਾਲਾ ਹੈ। ਉਸ ਨੇ ਸਹੁੰ ਚੁੱਕ ਸਮਾਗਮ ਤੋਂ ਤੁਰੰਤ ਪਿੱਛੋਂ ਚੰਡੀਗੜ੍ਹ ਪ੍ਰਸ਼ਾਸਨ ਦੇ ਮੁੱਖ ਅਧਿਕਾਰੀਆਂ ਨਾਲ ਜਿਹੜੀ ਮੀਟਿੰਗ ਕੀਤੀ, ਉਸ ਵਿਚ ਆਮ ਲੋਕਾਂ ਦੀਆਂ ਔਕੜਾਂ ਜਾਣਨ ਲਈ ਸੰਪਰਕ ਕੇਂਦਰਾਂ ਉਤੇ ਸੁਝਾਓ ਬਕਸੇ ਰਖਣ ਦਾ ਐਲਾਨ ਕੀਤਾ ਤਾਂ ਕਿ ਸ਼ਹਿਰ ਦਾ ਹਰ ਵਸਨੀਕ ਉਨ੍ਹਾਂ ਦੀ ਵਰਤੋਂ ਕਰ ਸਕੇ। ਮੁੱਖ ਮੰਤਵ ਵਸਨੀਕਾਂ ਦੀਆਂ ਲੋੜਾਂ ਤੇ ਇੱਛਾਵਾਂ ਨੂੰ ਮਾਨਵੀ ਚਿਹਰਾ ਪ੍ਰਦਾਨ ਕਰਨਾ ਹੈ। ਭਾਵੇਂ ਆਮ ਲੋਕ ਅਪਣੀਆਂ ਸ਼ਿਕਾਇਤਾਂ ਬਿਜਲਈ ਯੰਤਰਾਂ ਰਾਹੀਂ ਆਨਲਾਈਨ ਵੀ ਦਰਸਾ ਸਕਦੇ ਹਨ ਪਰ ਸੁਝਾਓ ਬਕਸਿਆਂ ਦੀ ਵਰਤੋਂ ਬਹੁਤ ਸਰਲ ਤੇ ਸੌਖੀ ਹੈ।

ਆਮ ਆਦਮੀ ਦੀਆਂ ਔਕੜਾਂ ਪ੍ਰਤੀ ਉਨ੍ਹਾਂ ਦੇ ਅਹਿਸਾਸ ਦਾ ਪਤਾ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ ਉਨ੍ਹਾਂ ਨੇ ਪਹਿਲੀ ਮੀਟਿੰਗ ਵਿਚ ਹੀ ਪੁਲਿਸ ਨੂੰ ਹਦਾਇਤ ਕੀਤੀ ਹੈ ਕਿ ਉਨ੍ਹਾਂ ਦੇ ਸ਼ਹਿਰ ਵਿਚ



ਵੀ ਪੀ ਸਿੰਘ ਬਦਨੌਰ

ਆਉਣ-ਜਾਣ ਸਮੇਂ ਟਰੈਫਿਕ ਪੁਲਿਸ ਵਾਲੇ ਕਿਸੇ ਕਿਸਮ ਦੀਆਂ ਵਿਸ਼ੇਸ਼ ਰੋਕਾਂ ਤੇ ਰੁਕਾਵਟਾਂ ਨਾ ਲਾਉਣ ਕਿਉਂਕਿ ਇਨ੍ਹਾਂ ਰੋਕਾਂ ਨਾਲ ਆਮ ਆਦਮੀ ਨੂੰ ਸਫਰ ਕਰਨਾ ਔਖਾ ਹੋ ਜਾਂਦਾ ਹੈ। ਉਹ ਸ਼ਹਿਰ ਨੂੰ ਹਰਿਆਲੀ ਭਰਿਆ, ਪ੍ਰਦੂਸ਼ਣ ਰਹਿਤ ਤੇ ਸਾਫ ਸੁਥਰਾ ਵੇਖਣਾ ਚਾਹੁੰਦੇ ਹਨ। ਉਨ੍ਹਾਂ ਨੇ ਬਜ਼ੁਰਗਾਂ ਤੇ ਸਿਹਤ ਵਲੋਂ ਲਾਚਾਰ ਬੰਦਿਆਂ ਦੀਆਂ ਲੋੜਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਆਦੇਸ਼ ਦਿੱਤਾ। ਉਨ੍ਹਾਂ ਦੇ ਚੰਡੀਗੜ੍ਹ ਦੇ ਵਿਕਾਸ ਪ੍ਰਤੀ ਪ੍ਰਗਟਾਏ ਇਹ ਵਿਚਾਰ ਕਲ ਨੂੰ ਪੰਜਾਬ ਦੇ ਸ਼ਹਿਰਾਂ 'ਤੇ ਵੀ ਲਾਗੂ ਹੋਣ ਦੀ ਆਸ ਰੱਖਣੀ ਚਾਹੀਦੀ ਹੈ।

ਸੁਭਾਅ ਵਜੋਂ ਸ੍ਰ ਬਦਨੌਰ ਦੀ ਬੇਤਕੁਲਫੀ ਤੇ ਸਾਦਗੀ ਦਾ ਅੰਦਾਜ਼ਾ ਇਸ ਗੱਲੋਂ ਲਗ ਜਾਂਦਾ ਹੈ ਕਿ ਚੰਡੀਗੜ੍ਹ ਸਾਹਿਤ ਅਕਾਡਮੀ ਵੱਲੋਂ ਗੁਲਜ਼ਾਰ ਲਈ ਰਚਾਏ ਵਿਸ਼ੇਸ਼ ਸਮਾਗਮ ਵਿਚ ਉਹ ਬਿਨ ਬੁਲਾਏ ਟੈਗੋਰ ਥੀਏਟਰ ਵਿਚ ਪਹੁੰਚ ਗਏ ਤੇ ਉਨ੍ਹਾਂ ਨੇ ਸਾਰਾ ਪ੍ਰੋਗਰਾਮ ਸਰੋਤਿਆਂ ਤੇ ਦਰਸ਼ਕਾਂ 'ਚ ਬੈਠ ਕੇ ਅੰਤ ਤੱਕ ਮਾਣਿਆ।

**ਅੰਤਿਕਾ:** ਮਿਰਜ਼ਾ ਗਾਲਿਬ

ਮੁਨਹਸਰ ਮਰਨੇ ਪੇ ਹੋ ਜਿਸ ਕੀ ਉਮੀਦ,
ਨਾ ਉਮੀਦੀ ਉਸ ਕੀ ਦੇਖਾ ਚਾਹੀਏ।
ਚਾਹੀਏ ਅੱਛੋਂ ਕੋ ਜਿਤਨਾ ਚਾਹੀਏ,
ਯਹ ਅਗਰ ਚਾਹੇਂ ਤੋਂ ਫਿਰ ਕਿਆ ਚਾਹੀਏ।

## ਗੁਲਜ਼ਾਰ ਦੀ ਸ਼ਾਇਰੀ ਦੇ ਨਜ਼ਾਰੇ

(1)

ਇਨ ਕਾਲੀ ਸਦੀਓ ਕੇ ਸਰ ਸੇ
ਜਬ ਰਾਤ ਕਾ ਆਂਚਲ ਢਲਕੇਗਾ।
ਜਬ ਦੁਖ ਕੇ ਬਾਦਲ ਪਿਘਲੇਂਗੇ
ਜਬ ਸੁਖ ਕਾ ਸਾਗਰ ਛਲਕੇਗਾ।
ਜਬ ਅੰਬਰ ਝੂਮ ਕੇ ਨਾਚੇਗਾ
ਜਬ ਧਰਤੀ ਨਗਮੇ ਗਾਏਗੀ
ਵੁਹ ਸੁਬਹ ਕਭੀ ਤੋ ਆਏਗੀ...।

ਜਿਸ ਸੁਬਹ ਕੀ ਖਾਤਿਰ ਯੁਗ ਯੁਗ ਸੇ
ਹਮ ਸਭ ਮਰ ਮਰ ਕਰ ਜੀਤੇ ਹੈਂ।
ਜਿਸ ਸੁਬਹ ਕੇ ਅਮ੍ਰਿਤ ਕੀ ਧੁਨ ਮੇਂ
ਹਮ ਜ਼ਹਰ ਕੇ ਪਿਆਲੇ ਪੀਤੇ ਹੈਂ।
ਇਨ ਭੂਖੀ ਪਿਆਸੀ ਰੂਹੋਂ ਪਰ
ਇਕ ਦਿਨ ਤੋ ਕਰਮ ਫਰਮਾਏਗੀ
ਵੁਹ ਸੁਬਹ ਕਭੀ ਤੋ ਆਏਗੀ...।

ਮਾਨਾ ਕਿ ਅਭੀ ਤੇਰੇ ਮੇਰੇ ਅਰਮਾਨੋਂ ਕੀ
ਕੀਮਤ ਕੁਛ ਭੀ ਨਹੀਂ।
ਮਿਟੀ ਕਾ ਭੀ ਹੈ ਮੋਲ ਮਗਰ,
ਇਨਸਾਨੋਂ ਕੀ ਕੀਮਤ ਕੁਛ ਭੀ ਨਹੀਂ।
ਇਨਸਾਨੋਂ ਕੀ ਇੱਜ਼ਤ
ਜਬ ਸਿੱਕੋਂ ਮੇਂ ਨਾ ਤੋਲੀ ਜਾਏਗੀ
ਵੁਹ ਸੁਬਹ ਕਭੀ ਤੋ ਆਏਗੀ...।

(2)

ਸ਼ਾਮ ਸੇ ਆਂਖ ਮੇਂ ਨਮੀ ਸੀ ਹੈ
ਆਜ ਫਿਰ ਆਪ ਕੀ ਕਮੀ ਸੀ ਹੈ।

ਦਫਨ ਕਰ ਦੋ ਹਮੇਂ ਕਿ ਸਾਂਸ ਮਿਲੇ
ਨਬਜ਼ ਕੁਛ ਦੇਰ ਸੇ ਥਮੀ ਸੀ ਹੈ।

ਵਕਤ ਰਹਤਾ ਨਹੀਂ ਕਹੀਂ ਛੁਪ ਕਰ
ਇਸ ਕੀ ਆਦਤ ਭੀ ਆਦਮੀ ਸੀ ਹੈ।

ਕੋਈ ਰਿਸ਼ਤਾ ਨਹੀਂ ਰਹਾ ਫਿਰ ਭੀ
ਏਕ ਤਸਲੀਮ ਲਾਜ਼ਮੀ ਸੀ ਹੈ।

(3)

ਰਾਤ ਚੁਪਚਾਪ ਦਬੇ ਪਾਂਵ ਚਲੀ ਜਾਤੀ ਹੈ
ਰਾਤ ਖਾਮੋਸ਼ ਹੈ ਰੋਤੀ ਨਹੀਂ ਹਸਤੀ ਭੀ ਨਹੀਂ
ਕਾਂਚ ਕਾ ਨੀਲਾ ਸਾ ਗੁੰਬਦ ਹੈ, ਉੜਾ ਜਾਤਾ ਹੈ
ਖਾਲੀ ਖਾਲੀ ਕੋਈ ਬਜਰਾ ਸਾ ਬਹਾ ਜਾਤਾ ਹੈ
ਚਾਂਦ ਕੀ ਕਿਰਨੋਂ ਮੇ ਵੁਹ ਰੋਜ ਸਾ ਰੇਸ਼ਮ ਭੀ ਨਹੀਂ
ਚਾਂਦ ਕੀ ਚਿਕਨੀ ਡਲੀ ਹੈ ਕਿ ਘੁਲੀ ਜਾਤੀ ਹੈ
ਔਰ ਸੱਨਾਟੋਂ ਕੀ ਏਕ ਧੂਲ ਸੀ ਉੜੀ ਜਾਤੀ ਹੈ
ਕਾਸ਼ ਏਕ ਬਾਰ ਨੀਂਦ ਸੇ ਉਠ ਕੇ ਤੁਮ ਭੀ
ਹਿਜ਼ਰ ਕੀ ਰਾਤੋਂ ਮੇਂ ਯੇ ਦੇਖੋ ਤੋ ਕਯਾ ਹੋਤਾ ਹੈ।

(4)

ਖਾਲੀ ਕਾਗਜ਼ ਪੇ ਕਯਾ ਤਲਾਸ਼ ਕਰਤੇ ਹੋ
ਏਕ ਖਾਮੋਸ਼ ਸਾ ਜਵਾਬ ਤੋ ਹੈ।
ਡਾਕ ਸੇ ਆਯਾ ਹੈ ਤੋ ਕੁਛ ਕਹਾ ਹੋਗਾ
ਕੋਈ ਵਾਯਦਾ ਨਹੀਂ... ਲੇਕਿਨ
ਦੇਖੇਂ ਕਲ ਵਕਤ ਕਯਾ ਤਹਰੀਰ ਕਰਤਾ ਹੈ।

ਯਾ ਕਹਾ ਹੋ ਕਿ... ਖਾਲੀ ਹੋ ਚੁਕੀ ਹੂੰ ਮੈਂ
ਅਬ ਤੁਮਹੇ ਦੇਨੇ ਕੋ ਬਚਾ ਕਯਾ ਹੈ?
ਸਾਮਨੇ ਰਖ ਕੇ ਦੇਖਤੇ ਹੋ ਜਬ
ਸਰ ਪੇ ਲਹਰਾਤਾ ਸ਼ਾਖ ਕਾ ਸਾਯਾ
ਹਾਥ ਹਿਲਾਤਾ ਹੈ ਜਾਨੇ ਕਿਉਂ?
ਕਹ ਰਹਾ ਹੋ ਸ਼ਾਇਦ ਵੋ
ਧੂਪ ਸੇ ਉਠ ਕੇ ਦੂਰ ਛਾਂਵ ਮੇ ਬੈਠੋ।

ਸਾਮਨੇ ਰੌਸ਼ਨੀ ਕੇ ਰਖ ਕੇ ਦੇਖੋ ਤੋ
ਸੂਖੇ ਪਾਨੀ ਕੀ ਕੁਛ ਲਕੀਰੇਂ ਬਹਤੀ ਹੈਂ।
ਇਕ ਜ਼ਮੀਦੋਜ਼ ਦਰੀਆ, ਯਾਦ ਹੋ ਸ਼ਾਯਦ
ਸ਼ਹਿਰ-ਏ-ਮੋਹੰਜਾਦੜੋ ਸੇ ਗੁਜ਼ਰਤਾ ਥਾ।

ਉਸ ਨੇ ਭੀ ਵਕਤ ਕੇ ਹਵਾਲੇ ਸੇ
ਉਸ ਮੇਂ ਕੋਈ ਇਸ਼ਾਰਾ ਰਖਾ ਹੋ... ਯਾ
ਉਸ ਨੇ ਸ਼ਾਯਦ ਤੁਮਹਾਰਾ ਖਤ ਪਾ ਕਰ
ਸਿਰਫ ਇਤਨਾ ਕਹਾ ਕਿ ਲਾਜਵਾਬ ਹੂੰ ਮੈਂ।

(5)

ਪਾਨੀ ਸੇ ਤਸਵੀਰ ਕਹਾਂ ਬਨਤੀ ਹੈ
ਖਵਾਬੋਂ ਸੇ ਤਕਦੀਰ ਕਹਾਂ ਬਨਤੀ ਹੈ।
ਕਿਸੀ ਭੀ ਰਿਸ਼ਤੇ ਕੋ ਸੱਚੇ ਦਿਲ ਸੇ ਨਿਭਾਓ
ਯੇ ਜ਼ਿੰਦਗੀ ਫਿਰ ਵਾਪਸ ਕਹਾਂ ਮਿਲਦੀ ਹੈ।
ਕੌਨ ਕਿਸ ਸੇ ਚਾਹ ਕਰ ਦੂਰ ਹੋਤਾ ਹੈ
ਹਰ ਕੋਈ ਅਪਨੇ ਹਾਲਾਤ ਸੇ ਮਜਬੂਰ ਹੋਤਾ ਹੈ।
ਹਮ ਤੋ ਬਸ ਇਤਨਾ ਜਾਨਤੇ ਹੈਂ
ਹਰ ਰਿਸ਼ਤਾ ਮੋਤੀ ਔਰ
ਦੋਸਤ ਕੋਹਿਨੂਰ ਹੋਤਾ ਹੈ।

# ਬੀਬੀ ਅਲਾਲੇ ਕਾਮਰਾਨ ਦਾ ਲਿਨਸੇ ਗ੍ਰਾਹਮ ਵਲ ਭੇਜਿਆ ਖਤ

ਅਲਾਲੇ, ਈਰਾਨੀ ਮੂਲ ਦੀ ਅਮਰੀਕੀ ਵਕੀਲ ਹੈ ਅਤੇ ਗ੍ਰਾਹਮ ਅਮਰੀਕੀ ਪਾਰਲੀਮੈਂਟ ਮੈਂਬਰ, ਰਿਪਬਲਿਕ ਪਾਰਟੀ ਦਾ ਲੀਡਰ। ਚੋਣ ਜਲਸੇ ਵਿਚ ਬੋਲਦਿਆਂ ਉਸ ਨੇ ਕਹਿ ਦਿੱਤਾ ਕਿ ਈਰਾਨੀ ਗੱਪੀ ਹੁੰਦੇ ਹਨ। ਅਲਾਲੇ ਨੇ ਗ੍ਰਾਹਮ ਨੂੰ



ਅਲਾਲੇ ਕਾਮਰਾਨ

ਖੁਲ੍ਹਾ ਖਤ ਲਿਖਿਆ,

ਲਿਨਸੇ ਗ੍ਰਾਹਮ ਸਰ, ਈਰਾਨੀ ਮੂਲ ਦੀ ਜ਼ਿੰਮੇਵਾਰ ਅਮਰੀਕੀ ਨਾਗਰਿਕ, ਪਤਨੀ, ਮਾਂ, ਵਕੀਲ, ਸੰਵਿਧਾਨ ਦੀ ਪਹਿਰੇਦਾਰ, ਈਰਾਨੀ ਸਮਾਜ ਦੀ ਨੇਤਾ, ਮੈਂ ਟੈਕਸ ਅਦਾ ਕਰਨ ਵਾਲੀ ਔਰਤ ਹਾਂ। ਤੇ ਤੁਹਾਡੇ ਪਾਸ ਸਰ ਜਾਣਕਾਰੀ ਦੀ ਘਾਟ ਹੈ। ਈਰਾਨੀਆਂ ਬਾਰੇ ਤੁਹਾਡੀ ਟਿਪਣੀ ਜ਼ਹਿਰੀਲੀ ਅਤੇ ਭੜਕਾਊ ਤਾਂ ਹੈ ਹੀ, ਜਾਪਦਾ ਹੈ ਕਿ ਤੁਹਾਨੂੰ ਈਰਾਨੀ ਸਭਿਆਚਾਰ ਅਤੇ ਇਤਿਹਾਸ ਦਾ ਉਕਾ ਗਿਆਨ ਹੀ ਨਹੀਂ।

ਸ੍ਰੀਮਾਨ ਜੀ, ਤੁਹਾਡੇ ਕੋਲ ਗਲਤ ਸੂਚਨਾ ਹੈ। ਅਜ ਤੋਂ 2500 ਸਾਲ ਪਹਿਲਾਂ ਸਾਈਰਸ ਮਹਾਨ ਨੇ ਦੁਨੀਆਂ ਨੂੰ ਧਾਰਮਿਕ ਸਹਿਨਸ਼ੀਲਤਾ ਬਾਰੇ ਦਸਿਆ ਸੀ। ਜਦੋਂ ਯੂਰਪ ਹਨੇਰਿਆਂ ਦੀ ਧੁੰਦ ਵਿਚ ਲਿਪਟਿਆ ਹੋਇਆ ਸੀ, ਉਦੋਂ ਐਵੀਸਿਨਾ ਨੇ ਵਿਗਿਆਨ ਅਤੇ ਦਵਾ ਵਿਗਿਆਨ ਦੇ ਸ਼ਾਹ ਰਾਹ ਖੋਲ੍ਹ ਕੇ ਦੁਨੀਆਂ ਨੂੰ ਅੰਧਵਿਸ਼ਵਾਸਾਂ ਵਿਚੋਂ ਕਢਿਆ ਸੀ।

ਜਦੋਂ ਸੰਸਾਰ ਜੰਗਾਂ ਯੁਧਾਂ ਵਿਚ ਉਲਝਿਆ ਵੱਢ-ਟੁਕ ਵਿਚ ਮਸਰੂਫ ਸੀ, ਮੌਲਾਨਾ ਰੂਮ ਰਾਹੀਂ ਈਰਾਨ ਨੇ ਮਨੁਖਤਾ ਨੂੰ ਰੂਹਾਨੀਅਤ ਅਤੇ ਮੁਹਬਤ ਨਾਲ ਸ਼ਰਸਾਰ ਕੀਤਾ ਸੀ। ਤੇ ਤੁਸੀਂ ਸਰ ਅਗਿਆਨੀ ਹੋ। ਤੁਹਾਨੂੰ ਪਤਾ ਨਹੀਂ ਪਹਿਲੀ ਪੁਲਾੜ-ਖੋਜੀ ਔਰਤ ਅਨੁਸ਼ੇ ਅਨਸਾਰੀ ਈਰਾਨੀ ਸੀ ਜਿਸ ਨੇ ਆਮ ਨਾਗਰਿਕਾਂ ਵਾਸਤੇ ਪੁਲਾੜ ਦੇ ਦਰ ਖੋਲ੍ਹੇ।

ਪੀਅਰੀ ਉਮੀਦਵਾਰ, ਈ-ਬੇਅ ਦਾ ਪਹਿਲਾ ਚੀਫ, ਈਰਾਨੀ-ਅਮਰੀਕਨ ਹੈ, ਉਸ ਨੇ ਆਮ ਬੰਦੇ ਤੱਕ ਪਹੁੰਚਾਣ ਵਾਸਤੇ ਇੰਟਰਨੈਟ ਦੀ ਤਾਨਾਸ਼ਾਹੀ ਤੋੜੀ ਸੀ। ਦਾਰਾ ਖੁਸਰੋਸ਼ਾਹੀ ਐਕਸਪੀਡੀਆ ਦਾ ਚੀਫ ਹੈ ਜਿਸ ਨੇ ਸੰਸਾਰ ਦੁਆਲੇ ਨਵੇਂ ਸਿਰੇ ਤੋਂ ਹਵਾਈ-ਪੰਧ ਉਲੀਕੇ।

ਅਤੋਸਾ ਸੁਲਤਾਨੀ ਨੇ ਐਮਾਜ਼ੋਨ ਵਾਚ ਦੀ ਸਥਾਪਨਾ ਕੀਤੀ, ਇਸ ਦੀ ਪ੍ਰਧਾਨ ਵਜੋਂ ਔਰਤਾਂ ਨੂੰ ਕਾਰਪੋਰੇਟ ਸੈਕਟਰ ਦੇ ਡਾਕਿਆਂ ਤੋਂ ਬਚਾਇਆ। ਪਾਰਸੀ ਖੁਸਰਵੀ ਸੀ.ਐਨ.ਐਨ. ਚੈਨਲ ਦਾ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਹੈ ਜਿਸ ਨੇ ਦੁਨੀਆਂ ਨੂੰ ਸਿਖਾਇਆ ਸੰਤੁਲਿਤ ਪੱਤਰਕਾਰੀ ਕਿਵੇਂ ਕਰੀਦੀ ਹੈ।

ਫਿਰੋਜ਼ ਮਿਸ਼ੇਲ ਨਾਦਿਰ, ਨਾਸਾ ਸੂਰਜੀ ਖੋਜ



ਲਿਨਸੇ ਗ੍ਰਾਹਮ

ਕੇਂਦਰ ਦਾ ਡਾਇਰੈਕਟਰ ਸੰਸਾਰ ਪ੍ਰਸਿਧ ਵਿਗਿਆਨੀ ਹੈ। ਪ੍ਰੋ. ਸਮਾਈ ਦੁਨੀਆਂ ਦਾ ਸ਼੍ਰੋਮਣੀ ਨਿਉਰੋ-ਸਰਜਨ ਹੈ ਜਿਸ ਨੂੰ ਵਿਸ਼ਵ ਅਕਾਦਮੀ ਨੇ ਸੋਨ-ਤਮਗਾ ਦੇ ਕੇ ਸਨਮਾਨਿਆ।

ਤੇ ਤੁਸੀਂ ਸਰ ਅਨਪੜ੍ਹ ਹੋਣ ਕਰਕੇ ਗੱਪਾਂ ਦਾ ਸਹਾਰਾ ਲੈਂਦੇ ਹੋ। ਅਮਰੀਕਾ ਵਿਚਲੇ ਕੁਝ ਹੋਰ ਈਰਾਨੀਆਂ ਬਾਰੇ ਵੀ ਜਾਣੂ ਕਰਵਾ ਦਿਆਂ। ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ੀਰੀਂ ਇਬਾਦੀ ਨੂੰ ਨੋਬਲ-ਇਨਾਮ ਮਿਲਿਆ। ਗੋਲੀ ਅਮੇਰੀ ਅਮਰੀਕਾ ਦੇ ਸਿਖਿਆ ਤੇ ਸਭਿਆਚਾਰ ਮਹਿਕਮੇ ਦਾ ਡਿਪਟੀ ਮੰਤਰੀ ਹੈ। ਜਿਮੀ ਦਿਲਸ਼ਾਦ, ਬੇਵਰਲੀ ਹਿੱਲਜ਼ ਦਾ ਮੇਅਰ ਹੈ। ਸ਼ਾਹਲਾ ਸਾਬੇਤ ਮਾਨਯੋਗ ਜੱਜ ਹਨ। ਇਨ੍ਹਾਂ ਸਾਰਿਆਂ ਨੇ ਕਾਨੂੰਨ, ਮਨੁੱਖੀ ਅਧਿਕਾਰ ਅਤੇ ਸਿਆਸਤ ਦੇ ਰਾਹ ਰੁਸ਼ਨਾਏ ਹਨ।

ਤੇ ਸਰ ਤੁਸੀਂ ਲਕੀਰ ਦੇ ਫਕੀਰ ਤਾਂ ਹੋ ਹੀ, ਫੁੱਟ ਪਾਉਣ ਦੇ ਸ਼ੌਕੀਨ ਵੀ ਹੋ। ਸਿਆਸਤ ਦੀ ਪੌੜੀ ਦੇ ਡੰਡਿਆਂ ਉਪਰ ਚੜ੍ਹਨ ਵਾਸਤੇ ਤੁਸੀਂ ਅਮੀਰ ਕੌਮ ਦੀ ਬੇਇਜ਼ਤੀ ਕਰਨ ਦਾ ਯਤਨ ਕੀਤਾ ਹੈ। ਗੱਪੀ ਤਾਂ ਸਰ ਤੁਸੀਂ ਸਾਬਤ ਹੋ ਗਏ! ਜਿੰਨੀ ਛੇਤੀ ਆਪਣੀ ਕਰਤੂਤ ਦੀ ਮਾਫੀ ਮੰਗ ਲਉ, ਉਨਾ ਹੀ ਠੀਕ ਰਹੇਗਾ।

ਸਾਡੇ ਆਦਿ ਨਬੀ ਜ਼ਰਤੁਸ਼ਤ ਨੇ ਕਿਹਾ:
ਚੰਗੇ ਖਿਆਲ॥
ਚੰਗੇ ਬੋਲ॥
ਚੰਗੇ ਕੰਮ॥

ਤੁਹਾਨੂੰ ਇਜ਼ਤ ਦੇਣਗੇ। ਹਨੇਰੇ ਵਿਰੁਧ ਲੜਨਾ ਹੋਵੇ, ਤਲਵਾਰ ਨਾ ਸੂਤੋ, ਦੀਵਾ ਬਾਲੋ। ਜੇਬਾਂ ਵਿਚੋਂ ਹੱਥ ਬਾਹਰ ਨਾ ਕੱਢੇ, ਪੌੜੀ ਦੇ ਡੰਡਿਆਂ ਉਪਰ ਕਿਵੇਂ ਚੜ੍ਹੋਗੇ? ਮੈਂ ਹਾਂ- ਅਲਾਲੇ ਕਾਮਰਾਨ। ਅਟਾਰਨੀ ਐਟ ਲਾਅ।

**ਪੇਸ਼ਕਸ਼: ਪ੍ਰੋ. ਹਰਪਾਲ ਸਿੰਘ ਪੰਨੂ**
**ਫੋਨ: 91-94642-51454**


## ਝੁੰਮਰ ਨਚਾਰ ਜੱਟ

ਨੱਚ ਓ ਜੱਟਾ ਝੁੰਮਰ ਪਾ,
ਭੁੱਖਾ ਭਾਵੇਂ ਢਿੱਡ ਵਜਾ।
ਮੈਰਿਜ ਪੈਲਿਸ ਵਿਆਹ ਕਰਾ,
ਨੱਚ ਓ ਜੱਟ ਝੁੰਮਰ ਪਾ।
ਆੜ੍ਹਤੀਏ ਤੋਂ ਕਰਜ਼ਾ ਲੈ,
ਵਾਪਸੀ ਵੇਲੇ ਫਾਂਸੀ ਲਾ?
ਬਾਹਰੋਂ ਡਾਲਰ, ਪੌਂਡ ਮੰਗਾ,
ਪਿੰਡ 'ਚ ਉਚੀ ਕੋਠੀ ਪਾ?
ਕੋਠੀ ਉਤੇ ਜਹਾਜ਼ ਬਣਾ,
ਦਾਰੂ ਪੀ ਕੇ ਬੱਕ ਬੁਲਾ।
ਗੁਆਂਢੀ ਕੋਲੋਂ ਸਿਰ ਪੜਵਾ,
ਰਿਸ਼ਵਤ ਦੇਣ ਨੂੰ ਥਾਣੇ ਜਾਹ?
ਨੇਤਾ ਕੋਲੋਂ ਫੋਨ ਕਰਵਾ,
ਗੱਲ ਨਾ ਬਣੇ ਕਚਹਿਰੀ ਜਾ?
ਵਕੀਲ ਨੂੰ ਫੀਸ ਜਮ੍ਹਾਂ ਕਰਾ,
ਜੱਜ ਦੇ ਕੋਲੋਂ ਤਰੀਕ ਪੁਆ?
ਸਜ਼ਾ ਕਰਾ ਜਾਂ ਬਰੀ ਕਰਾ,
ਪਿੰਡ ਦੇ ਵਿਚ ਦੁਸ਼ਮਣੀ ਪਾ?
ਉਸ ਨੂੰ ਮਾਰ ਜਾਂ ਗੋਲੀ ਖਾ,
ਖਾਨਦਾਨੀ ਦੁਸ਼ਮਣੀ ਪਾ?
ਕਿੱਲੇ ਬੈਂਕ ਨੂੰ ਗਹਿਣੇ ਪਾ,
ਜੱਟ ਜਥੇਬੰਦੀ ਬਣਾ?
ਵਸੂਲੀ ਵੇਲੇ ਨਾਹਰੇ ਲਾ,
ਖੁਦ ਨੂੰ ਹੱਥਕੜੀ ਲੁਆ?
ਕੁਝ ਦਿਨ ਜੇਲ੍ਹ 'ਚ ਲਾ ਕੇ,
ਵਾਪਸ ਆ ਨੇਤਾ ਅਖਵਾ?
ਨੱਚ ਓ 'ਗਿੱਲਾ' ਝੁੰਮਰ ਪਾ, ਭੁੱਖਾ ਭਾਵੇਂ...।

**-ਜੁਗਰਾਜ ਗਿੱਲ, ਸ਼ਾਰਲਟ**
**ਫੋਨ: 704-257-6693**

# ਨਹਿਰੂ ਤੋਂ ਮੋਦੀ ਤਕ ਉਹੋ ਪੁਰਾਣਾ ਰਾਗ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਪੰਜਾਬੀ ਲੋਕ ਜਿਹੜੇ ਮੁਹਾਵਰੇ ਭੁੱਲਦੇ ਜਾਂਦੇ ਹਾਂ, ਉਨ੍ਹਾਂ ਵਿਚੋਂ ਇੱਕ ਹੈ: ਉਹੋ ਪੁਰਾਣੀ ਤੁਣਤੁਣੀ ਤੇ ਉਹੋ ਪੁਰਾਣਾ ਰਾਗ। ਪਿਛਲੇ ਹਫਤੇ ਇਹ ਮੁਹਾਵਰਾ ਸਾਨੂੰ ਭਾਰਤ ਦੀ ਰਾਜਨੀਤੀ ਤੇ ਭਾਰਤੀ ਫੌਜਾਂ ਦੇ ਨਾਲ ਸਬੰਧਤ ਵਿਵਾਦਾਂ ਨੇ ਇੱਕ ਵਾਰ ਫਿਰ ਚੇਤੇ ਕਰਵਾ ਦਿੱਤਾ। ਇਸ ਵਾਰੀ ਮਾਮਲਾ ਪਣਡੁੱਬੀਆਂ ਦਾ ਹੈ। ਉਂਜ ਇਨ੍ਹਾਂ ਪਣਡੁੱਬੀਆਂ ਦਾ ਤਾਜ਼ਾ ਮੁੱਦਾ ਭਾਵੇਂ ਨਵਾਂ ਹੈ, ਪਰ ਇਨ੍ਹਾਂ ਬਾਰੇ ਇਹ ਪਹਿਲਾ ਵਿਵਾਦ ਨਹੀਂ। ਇਨ੍ਹਾਂ ਹੀ ਪਣਡੁੱਬੀਆਂ ਦਾ ਰੌਲਾ ਬਹੁਤ ਪਹਿਲਾਂ ਵੱਖਰੇ ਰੰਗ ਵਿਚ ਵੀ ਪੈ ਚੁੱਕਾ ਹੈ। ਉਦੋਂ ਵਾਲੇ ਰੌਲੇ ਵਿਚ ਫਸਿਆ ਇੱਕ ਬੰਦਾ ਇਸ ਵੇਲੇ ਜੇਲ੍ਹ ਵਿਚ ਹੈ ਅਤੇ ਉਸੇ ਦੇ ਬਿਆਨਾਂ ਕਾਰਨ ਦਿੱਲੀ ਦੇ 1984 ਵਾਲੇ ਕਤਲੇਆਮ ਦੇ ਕੇਸ ਵਿਚ ਜਗਦੀਸ਼ ਟਾਈਟਲਰ ਹੋਰ ਵੀ ਫਸ ਗਿਆ ਹੈ। ਅਭਿਸ਼ੇਕ ਵਰਮਾ ਨਾਂ ਦੇ ਉਸ ਬੰਦੇ ਨੇ ਸੀ ਬੀ ਆਈ ਨੂੰ ਇਹ ਬਿਆਨ ਦਿੱਤੇ ਸਨ ਕਿ ਭਾਰਤ ਨੂੰ ਪਣਡੁੱਬੀਆਂ ਦੀ ਸਪਲਾਈ ਵਿਚ ਕਮਾਈ ਕਰਨ ਵੇਲੇ ਜਗਦੀਸ਼ ਟਾਈਟਲਰ ਦੀ ਸਾਂਝ ਦੇ ਕਾਰਨ ਉਸ ਨੂੰ ਪਤਾ ਲੱਗਾ ਕਿ ਦਿੱਲੀ ਦੇ ਇੱਕ ਕਤਲ ਕੇਸ ਦੇ ਗਵਾਹ ਨੂੰ ਮੁਕਰਾਉਣ ਲਈ ਮੋਟੀ ਮਾਇਆ ਨਾਜਾਇਜ਼ ਢੰਗ ਨਾਲ ਟਾਈਟਲਰ ਨੇ ਉਸ ਨੂੰ ਅਮਰੀਕਾ ਵਿਚ ਭੇਜੀ ਸੀ। ਜਿਸ ਕਾਰਨ ਅਭਿਸ਼ੇਕ ਵਰਮਾ ਜੇਲ੍ਹ ਵਿਚ ਹੈ, ਉਹ ਭਾਰਤੀ ਸਮੁੰਦਰੀ ਫੌਜ ਦੀਆਂ ਸਕਾਰਪੀਅਨ ਪਣਡੁੱਬੀਆਂ ਹੀ ਸਨ, ਜਿਨ੍ਹਾਂ ਦੇ ਸਾਰੇ ਵੇਰਵੇ ਹੁਣ ਆਸਟਰੇਲੀਆ ਵਿਚ ਲੀਕ ਹੋਏ ਦੱਸੇ ਜਾਂਦੇ ਹਨ।

ਇਸ ਹਫਤੇ ਜਦੋਂ ਪਹਿਲੀ ਖਬਰ ਆਈ ਕਿ ਫਰਾਂਸ ਦੀ ਕੰਪਨੀ ਨਾਲ ਹੋਏ ਸੌਦੇ ਹੇਠ ਭਾਰਤੀ ਸਮੁੰਦਰੀ ਫੌਜ ਲਈ ਬਣਾਈ ਜਾਣ ਵਾਲੀ ਸਕਾਰਪੀਅਨ ਪਣਡੁੱਬੀ ਦਾ ਡਿਜ਼ਾਈਨ ਹੁਣ ਆਸਟਰੇਲੀਆ ਦੇ ਇੱਕ ਅਖਬਾਰ ਵਿਚ ਛਪ ਗਿਆ ਹੈ ਤਾਂ ਇਸ ਤੋਂ ਭਾਰਤ ਦੇ ਲੋਕਾਂ ਨੂੰ ਝਟਕਾ ਲੱਗਾ ਸੀ। ਦੇਸ਼ ਦੇ ਰੱਖਿਆ ਮੰਤਰੀ ਦਾ ਵਿਹਾਰ ਇਸ ਕੇਸ ਵਿਚ ਹੱਦੋਂ ਵੱਧ ਗੈਰ-ਜ਼ਿੰਮੇਵਾਰਾਨਾ ਸੀ।



*ਅਭਿਸ਼ੇਕ ਵਰਮਾ*

ਉਸ ਨੇ ਪਹਿਲਾ ਇਹ ਪ੍ਰਭਾਵ ਦਿੱਤਾ ਕਿ ਜਿੰਨੀ ਸੂਚਨਾ ਲੀਕ ਹੋਈ ਹੈ, ਭਾਰਤ ਤੋਂ ਲੀਕ ਨਹੀਂ ਕੀਤੀ ਗਈ ਤੇ ਫਿਰ ਇਹ ਕਹਿਣ ਲੱਗ ਪਿਆ ਕਿ ਮੈਂ ਫੌਜ ਦੀ ਹਾਈ ਕਮਾਨ ਨੂੰ ਇਸ ਦੀ ਪੂਰੀ ਜਾਂਚ ਕਰਨ ਅਤੇ ਰਿਪੋਰਟ ਦੇਣ ਨੂੰ ਕਹਿ ਦਿੱਤਾ ਹੈ। ਸਮੁੰਦਰੀ ਫੌਜ ਦੇ ਅਫਸਰ ਵੀ ਇੱਕ ਤਾਂ ਇਹ ਆਖਦੇ ਰਹੇ ਕਿ ਜਾਂਚ ਤੋਂ ਬਾਅਦ ਸਾਰੀ ਗੱਲ ਦਾ ਪਤਾ ਲੱਗੇਗਾ ਤੇ ਦੂਸਰਾ ਇਹ ਦਾਅਵਾ ਕਰੀ ਗਏ ਕਿ ਏਦਾਂ ਦੀ ਲੀਕ ਭਾਰਤ ਵਿਚੋਂ ਨਹੀਂ ਹੋ ਸਕਦੀ। ਇਹ ਵਿਹਾਰ ਵੀ ਸੱਚਾਈ ਤੋਂ ਅੱਖਾਂ ਚੁਰਾਉਣ ਦਾ ਪ੍ਰਭਾਵ ਦਿੰਦਾ ਸੀ।

ਜਿਹੜੀ ਕੰਪਨੀ ਭਾਰਤ ਵਾਸਤੇ ਸਕਾਰਪੀਅਨ ਪਣਡੁੱਬੀਆਂ ਬਣਾ ਰਹੀ ਹੈ, ਇਹੋ ਜਿਹੀਆਂ ਪਣਡੁੱਬੀਆਂ ਉਹ ਕੁਝ ਹੋਰ ਦੇਸ਼ਾਂ ਲਈ ਵੀ ਬਣਾਉਂਦੀ ਹੈ। ਗਿਆਰਾਂ ਸਾਲ ਪਹਿਲਾਂ ਦੇ ਸਮਝੌਤੇ ਮੁਤਾਬਕ ਇੱਕ ਪਣਡੁੱਬੀ ਪਿਛਲੇ ਸਾਲ ਮੁਕੰਮਲ ਹੋ ਗਈ ਸੀ ਤੇ ਪਰਖ ਵਿਚੋਂ ਲੰਘ ਕੇ ਆਉਂਦੇ ਸਤੰਬਰ ਮਹੀਨੇ ਸਮੁੰਦਰੀ ਫੌਜ ਨੂੰ ਸੌਂਪੀ ਜਾਣੀ ਸੀ। ਉਸ ਤੋਂ ਪਹਿਲਾਂ ਉਸ ਦੇ ਸਾਰੇ ਗੁਪਤ ਭੇਦ ਲੀਕ ਹੋਣ ਵਾਲਾ ਰੱਫੜ ਪੈ ਗਿਆ ਹੈ। ਇਸ ਨਾਲ ਸਮੁੰਦਰੀ ਫੌਜ ਵਿਚ ਪਣਡੁੱਬੀ ਦੀ ਭਰੋਸੇਯੋਗਤਾ ਬਾਰੇ ਇਹ ਸ਼ੱਕ ਪੈਦਾ ਹੋ ਸਕਦੇ ਹਨ ਕਿ ਆਸਟਰੇਲੀਅਨ ਅਖਬਾਰ ਨੇ ਜਿੰਨੇ ਵੇਰਵੇ ਛਾਪੇ ਹਨ, ਉਨ੍ਹਾਂ ਨਾਲ ਦੁਸ਼ਮਣ ਤਾਕਤਾਂ ਨੂੰ ਇਸ ਦੀ ਸਮਰੱਥਾ ਦਾ ਭੇਦ ਪਹੁੰਚ ਗਿਆ ਹੋਵੇਗਾ। ਜਿਹੜੇ ਫੌਜੀ ਕਮਾਂਡਰਾਂ ਤੇ ਜਵਾਨਾਂ ਨੇ ਇਹ ਪਣਡੁੱਬੀ ਲੋੜ ਪਈ ਤੋਂ ਵਰਤਣੀ ਹੈ, ਉਨ੍ਹਾਂ ਦੇ ਮਨ ਵਿਚ ਇਹ ਡਰ ਬਣਿਆ ਰਹੇਗਾ ਕਿ ਇਸ ਦੇ ਵੇਰਵੇ ਜਾਣਨ ਪਿੱਛੋਂ ਦੁਸ਼ਮਣ ਨੇ ਇਸ ਦਾ ਕੋਈ ਨਾ ਕੋਈ ਤੋੜ ਕੱਢ ਲਿਆ ਹੋ ਸਕਦਾ ਹੈ।



ਸਕਾਰਪੀਅਨ ਪਣਡੁੱਬੀ

ਜਦੋਂ ਭਾਰਤ ਦੇ ਰੱਖਿਆ ਮੰਤਰੀ ਤੇ ਸਮੁੰਦਰੀ ਫੌਜ ਜਾਂ ਇਸ ਪਣਡੁੱਬੀ ਦੇ ਪ੍ਰਾਜੈਕਟ ਨਾਲ ਜੁੜੇ ਹੋਏ ਲੋਕਾਂ ਦੇ ਇਹ ਬਿਆਨ ਆਏ ਕਿ ਭਾਰਤ ਵਿਚੋਂ ਲੀਕੇਜ ਨਹੀਂ ਹੋ ਸਕਦੀ, ਉਸ ਤੋਂ ਉਨ੍ਹਾਂ ਦੀ ਗੈਰ-ਜ਼ਿੰਮੇਵਾਰੀ ਇਸ ਗੱਲ ਨਾਲ ਦਿੱਸ ਪਈ ਕਿ ਇਸੇ ਪਣਡੁੱਬੀ ਦਾ ਪਿਛਲਾ ਇਤਿਹਾਸ ਵੀ ਉਹ ਚੇਤੇ ਨਹੀਂ ਰੱਖ ਸਕੇ। ਜਿਸ ਪਣਡੁੱਬੀ ਨੂੰ ਬਣਾਉਣ ਦਾ ਸਾਰਾ ਪ੍ਰਾਜੈਕਟ ਹੁਣ ਵਾਲੀ ਲੀਕੇਜ ਨਾਲ ਸ਼ੱਕ ਹੇਠ ਆਇਆ ਹੈ, ਉਸ ਪ੍ਰਾਜੈਕਟ ਬਾਰੇ ਭਾਰਤ ਨਾਲ ਫਰਾਂਸ ਦੀ ਉਸੇ ਕੰਪਨੀ ਦਾ ਸਮਝੌਤਾ ਕਰਾਉਣ ਵਿਚ ਕਮਿਸ਼ਨ ਖਾਣ ਦਾ ਦੋਸ਼ ਉਸੇ ਅਭਿਸ਼ੇਕ ਵਰਮਾ ਉਤੇ ਹੈ, ਜਿਹੜਾ ਤਿਹਾੜ ਜੇਲ੍ਹ ਵਿਚ ਹੈ ਤੇ ਉਸ ਉਤੇ ਭਾਰਤੀ ਸਮੁੰਦਰੀ ਫੌਜ ਦੇ 'ਵਾਰ ਰੂਮ' ਦੀ ਲੀਕੇਜ ਦਾ ਕੇਸ ਵੀ ਹੈ। ਇਹੋ ਕੇਸ ਸਮੁੰਦਰੀ ਫੌਜ ਵਿਚ ਮੈਡਲਾਂ ਨਾਲ ਸਨਮਾਨਤ ਹੋ ਚੁੱਕੇ ਸਾਬਕਾ ਲੈਫਟੀਨੈਂਟ ਕਮੋਡੋਰ ਰਵੀ ਸ਼ੰਕਰਨ ਉੱਤੇ ਹੈ, ਜਿਹੜਾ ਹੁਣ ਭਾਰਤ ਦੀ ਪਹੁੰਚ ਤੋਂ ਪਰੇ ਇੰਗਲੈਂਡ ਬੈਠਾ ਹੈ। ਕੇਸ ਵਿਚ ਮੁੱਖ ਦੋਸ਼ੀ ਰਵੀ ਸ਼ੰਕਰਨ ਹੈ, ਪਰ ਉਸ ਤੋਂ ਕੁਝ ਉੱਪਰਲੇ ਤੇ ਕੁਝ ਹੇਠਲੇ ਅਫਸਰ ਵੀ ਇਸ ਕੇਸ ਵਿਚ ਫਸੇ ਹਨ। ਡਾ. ਮਨਮੋਹਨ ਸਿੰਘ ਦੀ ਦੂਜੀ ਵਾਰ ਸਰਕਾਰ ਬਣਦੇ ਸਾਰ ਸ਼ੁਰੂ ਹੋਇਆ ਕੇਸ ਅਜੇ ਤੱਕ ਚੱਲੀ ਜਾਂਦਾ ਹੈ। ਇਹ ਕਿਸੇ ਸਿਰੇ ਨਹੀਂ ਲੱਗਾ, ਤੇ ਸ਼ਾਇਦ ਲੱਗਣਾ ਵੀ ਨਹੀਂ।

ਕਿਸੇ ਸਿਰੇ ਇਹ ਕੇਸ ਨਾ ਲੱਗਣ ਦੀ ਗੱਲ ਇਸ ਲਈ ਕਹੀ ਜਾਂਦੀ ਹੈ ਕਿ ਇਸ ਤੋਂ ਪਹਿਲੇ ਕੇਸਾਂ ਵਾਂਗ ਇਸ ਵਿਚ ਵੀ ਕਾਂਗਰਸੀ ਅਗਵਾਈ ਵਾਲੀ ਪਿਛਲੀ ਸਰਕਾਰ ਤੇ ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਦਾ ਰੁਖ ਇੱਕੋ ਜਿਹਾ ਦਿੱਸ ਰਿਹਾ ਹੈ। ਪਿਛਲੀ ਸਰਕਾਰ ਵੇਲੇ ਜਾਂਚ ਚੱਲਦੀ ਰੱਖ ਕੇ ਲੋਕਾਂ ਨੂੰ ਬੇਵਕੂਫ ਬਣਾਇਆ ਜਾਂਦਾ ਤੇ ਜਦੋਂ ਅਦਾਲਤੀ ਪੇਸ਼ੀ ਹੁੰਦੀ ਤਾਂ ਹਰ ਵਾਰ ਅਗਲੀ ਤਰੀਕ ਲੈ ਲੈਂਦੇ। ਮੋਦੀ ਸਰਕਾਰ ਬਣਨ ਪਿੱਛੋਂ ਵੀ ਇਹੋ ਕੰਮ ਚੱਲ ਪਿਆ ਤੇ ਖਿਝ ਕੇ ਅਦਾਲਤ ਨੇ ਇੱਕ ਮੌਕੇ ਸੀ ਬੀ ਆਈ ਨੂੰ ਮੋਟਾ ਜੁਰਮਾਨਾ ਇਸ ਗੱਲ ਲਈ ਕੀਤਾ ਸੀ ਕਿ ਤੁਸੀਂ ਸਿਰਫ ਤਰੀਕਾਂ ਮੰਗਣ ਆਉਂਦੇ ਹੋ। ਇਹ ਜੁਰਮਾਨਾ ਮੋਦੀ ਸਰਕਾਰ ਵੇਲੇ ਹੋਇਆ ਹੈ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਜਦੋਂ ਰਾਜੀਵ ਗਾਂਧੀ ਦੇ ਵਕਤ ਬੋਫੋਰਜ਼ ਕੰਪਨੀ ਦੀ ਹਾਵਿਟਜ਼ਰ ਤੋਪ ਖਰੀਦਣੀ ਸੀ ਤਾਂ ਉਸ ਦੀ ਦਲਾਲੀ ਦਾ ਰੌਲਾ ਪਿਆ ਸੀ। ਪਹਿਲਾ ਦੋਸ਼ ਰਾਜੀਵ ਗਾਂਧੀ ਉੱਤੇ ਲੱਗਦਾ ਸੀ, ਜਿਸ ਨਾਲ ਪਰਿਵਾਰਕ ਸਾਂਝ ਵਾਲੇ ਓਤਾਵੀਓ ਕੁਆਤਰੋਚੀ ਨੂੰ ਉਸ ਕੇਸ ਦਾ ਮੁੱਖ ਦੋਸ਼ੀ ਮੰਨਿਆ ਜਾਂਦਾ ਸੀ, ਪਰ ਬਾਅਦ ਵਿਚ ਤਿੰਨ ਹਿੰਦੂਜਾ ਭਰਾ ਵੀ ਇਸ ਦੀ ਲਪੇਟ ਵਿਚ ਆ ਗਏ। ਹਿੰਦੂਜਾ ਭਰਾ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨਾਲ ਨੇੜ ਵਾਲੇ ਸਨ। ਕੁਆਤਰੋਚੀ ਬਚਦਾ ਤਾਂ ਹਿੰਦੂਜਾ ਬਚਦੇ ਸਨ ਤੇ ਹਿੰਦੂਜਾ ਬਚਦੇ ਤਾਂ ਕੁਆਤਰੋਚੀ ਦੇ ਬਚਣ ਦਾ ਰਾਹ ਨਿਕਲਦਾ ਸੀ। ਵਾਜਪਾਈ ਸਰਕਾਰ ਵੇਲੇ ਹਿੰਦੂਜਾ ਭਰਾਵਾਂ ਦੇ ਖਿਲਾਫ ਕੇਸ ਢਿੱਲਾ ਕਰਨ ਦੇਣ ਕਾਰਨ ਉਹ ਤਿੰਨੇ ਬਚ ਗਏ ਅਤੇ ਕੁਆਤਰੋਚੀ ਨੂੰ ਵੀ ਇੱਕ ਤਰ੍ਹਾਂ ਨਿਕਲ ਗਿਆ ਮੰਨਿਆ ਗਿਆ। ਉਦੋਂ ਵਾਜਪਾਈ ਸਰਕਾਰ ਵੇਲੇ ਹੀ ਅਦਾਲਤ ਵਿਚੋਂ ਇਹ ਫੈਸਲਾ ਵੀ ਆਇਆ ਸੀ ਕਿ ਬੋਫੋਰਜ਼ ਤੋਪ ਸੌਦੇ ਦੇ ਕਮਿਸ਼ਨ ਵਿਚੋਂ ਰਾਜੀਵ ਗਾਂਧੀ ਜਾਂ ਉਸ ਦੇ ਟੱਬਰ ਦੇ ਕਿਸੇ ਵਿਅਕਤੀ ਨੂੰ ਕੁਝ ਨਹੀਂ ਸੀ ਮਿਲਿਆ। ਇਹ ਅਦਾਲਤੀ ਫੈਸਲਾ ਇੱਕ ਤਰ੍ਹਾਂ ਦੋ ਮੁੱਖ ਰਾਜਸੀ ਧਿਰਾਂ ਦੀ ਸੌਦੇਬਾਜ਼ੀ ਦਾ ਸਿੱਟਾ ਸੀ, ਜਿਸ ਵਿਚ ਸਾਰੇ ਕੇਸ ਦੇ ਕੂੜੇ ਨੂੰ ਡੂੰਘੇ ਖੱਡੇ ਵਿਚ ਦੱਬ ਦਿੱਤਾ ਗਿਆ ਸੀ।

ਸਕਾਰਪੀਅਨ ਪਣਡੁੱਬੀਆਂ ਦੀ ਖਰੀਦ ਤੇ ਇਸ ਦੌਰਾਨ ਕਮਿਸ਼ਨ ਖਾਣ ਵਾਲੇ ਅਭਿਸ਼ੇਕ ਵਰਮਾ ਤੇ ਕੁਝ ਹੋਰ ਦਲਾਲਾਂ ਦਾ ਕੇਸ ਵੀ ਜਿਵੇਂ ਪਿਛਲੀ ਕਾਂਗਰਸੀ ਅਗਵਾਈ ਵਾਲੀ ਸਰਕਾਰ ਢਿੱਲਾ ਕਰਦੀ ਰਹੀ, ਉਵੇਂ ਨਰਿੰਦਰ ਮੋਦੀ ਸਰਕਾਰ ਦੇ ਵਕਤ ਢਿੱਲਾ ਕੀਤਾ ਜਾ ਰਿਹਾ ਹੈ। ਜੂੰਅ ਦੀ ਤੋਰ ਚੱਲਦੀ ਜਾਂਚ ਤੇ ਅਗਲੀ ਪ੍ਰਕਿਰਿਆ ਤੋਂ ਸਾਫ ਲੱਗਦਾ ਹੈ ਕਿ ਇਹ ਵੀ ਮਾਮਲਾ ਅਗਲੀਆਂ ਲੋਕ ਸਭਾ ਚੋਣਾਂ ਤੱਕ ਕਿਸੇ ਪਾਸੇ ਨਹੀਂ ਲੱਗਣ ਵਾਲਾ।

ਇਹ ਕੇਸ ਕਿਸੇ ਪਾਸੇ ਲਾਉਣ ਦੀ ਆਸ ਵੀ ਮੋਦੀ ਸਰਕਾਰ ਤੋਂ ਕਿਸ ਤਰ੍ਹਾਂ ਕੀਤੀ ਜਾਵੇ? ਮੋਦੀ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਭਾਰਤ-ਚੀਨ ਜੰਗ ਬਾਰੇ ਇੱਕ ਜਾਂਚ ਰਿਪੋਰਟ ਬਹੁਤ ਚਿਰ ਦੀ ਦੱਬੀ ਹੋਈ ਕਿਤਿਓਂ ਕੱਢ ਕੇ ਆਸਟਰੇਲੀਆ ਦੇ ਮੀਡੀਏ ਨੇ ਛਾਪ ਦਿੱਤੀ ਸੀ। ਮਨਮੋਹਨ ਸਿੰਘ ਸਰਕਾਰ ਕਹਿੰਦੀ ਸੀ ਕਿ ਇਸ ਵਿਚ ਸੱਚਾਈ ਨਹੀਂ, ਤੱਥਾਂ ਨੂੰ ਭੰਨ-ਤੋੜ ਕੇ ਅਤੇ ਪ੍ਰਸੰਗਾਂ ਨਾਲੋਂ ਕੱਟ ਕੇ ਛਾਪਿਆ ਗਿਆ ਹੈ। ਭਾਜਪਾ ਆਗੂ ਕਹਿੰਦੇ ਸਨ ਕਿ ਜੇ ਇਸ ਤਰ੍ਹਾਂ ਦੀ ਗੱਲ ਹੈ ਤਾਂ ਮਨਮੋਹਨ ਸਿੰਘ ਸਰਕਾਰ ਇਸ ਪੂਰੀ ਰਿਪੋਰਟ ਨੂੰ ਛਾਪ ਦੇਵੇ। ਮਨਮੋਹਨ ਸਿੰਘ ਸਰਕਾਰ ਨੇ ਉਹ ਰਿਪੋਰਟ ਜਾਰੀ ਨਹੀਂ ਸੀ ਕੀਤੀ। ਫਿਰ ਭਾਜਪਾ ਆਗੂਆਂ ਨੇ ਕਿਹਾ



*ਰਵੀ ਸ਼ੰਕਰਨ*

ਸੀ ਕਿ ਜਦੋਂ ਸਾਡੀ ਸਰਕਾਰ ਬਣੀ ਤਾਂ ਅਸੀਂ ਰਿਪੋਰਟ ਜਾਰੀ ਕਰ ਕੇ ਦੇਸ਼ ਦੇ ਲੋਕਾਂ ਨੂੰ ਦੱਸ ਦਿਆਂਗੇ ਕਿ ਪੰਡਤ ਨਹਿਰੂ ਦੇ ਵਕਤ ਕਿਸ ਆਗੂ ਤੋਂ ਕਿਹੜੀ ਨਾਲਾਇਕੀ ਹੋਈ ਸੀ, ਪਰ ਸਵਾ ਦੋ ਸਾਲ ਲੰਘ ਗਏ ਹਨ, ਉਹ ਰਿਪੋਰਟ ਭਾਜਪਾ ਆਗੂ ਜਾਰੀ ਨਹੀਂ ਕਰ ਸਕੇ, ਤੇ ਕਰਨਗੇ ਵੀ ਨਹੀਂ। ਕਾਰਨ ਇਹ ਹੈ ਕਿ ਰਿਪੋਰਟ ਜਾਰੀ ਹੋਈ ਤੋਂ ਸਿਰਫ ਨਹਿਰੂ ਦੇ ਖਾਨਦਾਨ ਤੇ ਸਿਆਸੀ ਚੇਲਿਆਂ ਦਾ ਹੀ ਜਲੂਸ ਨਹੀਂ ਨਿਕਲਣਾ, ਉਸ ਵੇਲੇ ਭਾਜਪਾ ਨਾਲ ਅੰਦਰ-ਖਾਤੇ ਹੇਜ ਵਿਖਾਉਣ ਵਾਲਿਆਂ ਦੇ ਚਿਹਰੇ ਵੀ ਨੰਗੇ ਹੋ ਜਾਣੇ ਹਨ। ਇਸ ਕਰ ਕੇ ਦੋਵਾਂ ਧਿਰਾਂ ਵਾਸਤੇ ਵਧੀਆ ਦਾਅ ਇਹੋ ਹੈ ਕਿ ਰੌਲਾ ਵੀ ਪਾਈ ਜਾਓ ਤੇ ਕੂੜਾ ਲੁਕਾਉਣ ਲਈ ਆਪਸੀ ਸਾਂਝ ਵੀ ਪੁਗਾਈ ਜਾਓ।

ਜਿੱਥੋਂ ਤੱਕ ਏਡਾ ਵੱਡਾ ਦਾਅਵਾ ਕਰਨ ਦਾ ਮਾਮਲਾ ਹੈ ਕਿ ਭਾਰਤ ਵਿਚ ਕੋਈ ਸੂਚਨਾ ਲੀਕ ਕਰਨ ਦਾ ਕੰਮ ਕਰਨ ਵਾਲਾ ਬੰਦਾ ਨਹੀਂ ਲੱਭ ਸਕਦਾ, ਇਸ ਨੂੰ ਸੁਣ ਕੇ ਸਿਰਫ ਹੱਸਿਆ ਜਾ ਸਕਦਾ ਹੈ। ਬਿਨਾਂ ਸ਼ੱਕ ਫਰਾਂਸ ਵਿਚ ਕੰਪਨੀ ਦੇ ਮੁੱਖ ਦਫਤਰ ਤੇ ਰਾਹ ਵਾਲੀਆਂ ਕੜੀਆਂ ਵਿਚੋਂ ਵੀ ਕੋਈ ਸੰਨ੍ਹ ਲਾਈ ਗਈ ਹੋ ਸਕਦੀ ਹੈ, ਪਰ ਭਾਰਤ ਵਿਚ ਜਦੋਂ ਕਦੀ ਕੋਈ ਅਭਿਸ਼ੇਕ ਵਰਮਾ ਅਤੇ ਕਦੀ ਕੋਈ ਰਵੀ ਸ਼ੰਕਰਨ ਪੈਸਿਆਂ ਖਾਤਰ ਜ਼ਮੀਰ ਵੇਚਣ ਦਾ ਧੰਦਾ ਕਰਦੇ ਨੰਗੇ ਹੋ ਚੁੱਕੇ ਹਨ, ਉਸ ਪਿੱਛੋਂ ਇਹੋ ਜਿਹਾ ਦਾਅਵਾ ਕਰਨਾ ਬੇਵਕੂਫੀ ਹੈ। ਕੇਂਦਰੀ ਮੰਤਰੀ ਬਣਨ ਤੋਂ ਪਹਿਲਾਂ ਹੁਣ ਵਾਲਾ ਰੱਖਿਆ ਮੰਤਰੀ ਸਾਡੇ ਪੰਜਾਬ ਦੇ ਜਲੰਧਰ ਜ਼ਿਲ੍ਹੇ ਜਿੰਨੀ ਆਬਾਦੀ ਵਾਲੇ ਗੋਆ ਵਿਚ ਮੁੱਖ ਮੰਤਰੀ ਹੁੰਦਾ ਸੀ ਤੇ ਇਹ ਕਹਿ ਇੱਕ ਸੌ ਤੀਹ ਕਰੋੜ ਆਬਾਦੀ ਵਾਲੇ ਦੇਸ਼ ਦਾ ਰੱਖਿਆ ਮੰਤਰੀ ਬਣਾਇਆ ਗਿਆ ਸੀ ਕਿ ਇਹ ਗੋਆ ਵਿਚ ਬੜਾ ਸਫਲ ਰਿਹਾ ਸੀ। ਜਲੰਧਰ ਦੀ ਜ਼ਿਲ੍ਹਾ ਪ੍ਰੀਸ਼ਦ ਦੀ ਪ੍ਰਧਾਨਗੀ ਜਿੰਨੇ ਗੋਆ ਦੇ ਮੁੱਖ ਮੰਤਰੀ ਦੇ ਅਹੁਦੇ ਵਾਲੀ ਕਾਮਯਾਬੀ ਦੇ ਸਰਟੀਫਿਕੇਟ ਨਾਲ ਉਹ ਇਸ ਵੱਡੇ ਦੇਸ਼ ਦੀਆਂ ਫੌਜਾਂ ਤੇ ਸਰਹੱਦਾਂ ਦੇ ਹਾਣ ਦਾ ਨਹੀਂ ਸੀ ਬਣ ਸਕਦਾ ਤੇ ਇਹੋ ਕਾਰਨ ਹੈ ਕਿ ਉਹ ਆਏ ਦਿਨ ਕਿਸੇ ਨਾ ਕਿਸੇ ਵੱਡੇ ਵਿਵਾਦ ਵਿਚ ਫਸਿਆ ਰਹਿੰਦਾ ਹੈ।

ਇਹ ਗੱਲ ਵੱਡੀ ਨਹੀਂ ਕਿ ਰੱਖਿਆ ਮੰਤਰੀ ਦਾ ਅਹੁਦਾ ਕਿੰਨਾ ਵੱਡਾ ਅਤੇ ਸਿਆਸੀ ਕੱਦ ਕਿੰਨਾ ਕੁ ਛੋਟਾ ਹੈ, ਸਗੋਂ ਵੱਡੀ ਗੱਲ ਇਹ ਹੈ ਕਿ ਦੇਸ਼ ਦੇ ਰੱਖਿਆ ਪ੍ਰਬੰਧਾਂ ਨੂੰ ਹੁਣ ਫਿਰ ਸੰਨ੍ਹ ਲੱਗੀ ਸੁਣੀ ਗਈ ਹੈ। ਭਾਰਤ ਦੇ ਇਤਿਹਾਸ ਵਿਚ ਜਦੋਂ ਵੀ ਇਸ ਤਰ੍ਹਾਂ ਦੀ ਸੰਨ੍ਹ ਲੱਗਣ ਦੀ ਖਬਰ ਆਈ, ਹਰ ਵਾਰ ਇੱਕੋ ਗੱਲ ਕਹੀ ਗਈ ਕਿ ਜਾਂਚ ਕਰਵਾਈ ਜਾਵੇਗੀ। ਹੁਣ ਵੀ ਇਹੋ ਕਿਹਾ ਜਾ ਰਿਹਾ ਹੈ। ਨਹਿਰੂ ਦੇ ਸਮੇਂ ਦੀ ਜੀਪਾਂ ਦੀ ਖਰੀਦ ਤੋਂ ਰਾਜੀਵ ਦੇ ਵਕਤ ਬੋਫੋਰਜ਼ ਤੋਪਾਂ ਅਤੇ ਮਨਮੋਹਨ ਸਿੰਘ ਦੇ ਵਕਤ ਪਣਡੁੱਬੀ ਦੇ ਸੌਦੇ ਤੋਂ ਮੋਦੀ ਦੇ ਵਕਤ ਪਣਡੁੱਬੀ ਦੇ ਵੇਰਵੇ ਲੀਕ ਹੋਣ ਤੱਕ ਹਰ ਵਾਰ 'ਉਹੋ ਪੁਰਾਣੀ ਤੁਣਤੁਣੀ ਤੇ ਉਹੋ ਪੁਰਾਣਾ ਰਾਗ' ਛਣਕਦਾ ਸੁਣਾਈ ਦਿੰਦਾ ਰਹਿੰਦਾ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
**National Truck Driving School**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਦਿੱਲੀ 'ਚ 'ਆਪ' ਲੋਕਾਂ ਦੀ ਆਸ 'ਤੇ ਪੂਰੀ ਉਤਰੇਗੀ: ਆਦਰਸ਼ ਸ਼ਾਸਤਰੀ

*ਪਿਛਲੇ ਦਿਨੀਂ ਆਪਣੇ ਅਮਰੀਕੀ ਦੌਰੇ ਦੌਰਾਨ ਆਮ ਆਦਮੀ ਪਾਰਟੀ (ਆਪ) ਦੇ ਆਗੂ-ਦਿੱਲੀ ਤੋਂ ਵਿਧਾਇਕ ਆਦਰਸ਼ ਸ਼ਾਸਤਰੀ (ਜੋ ਭਾਰਤ ਦੇ ਹਰਮਨ ਪਿਆਰੇ ਆਗੂ ਸਵਰਗੀ ਲਾਲ ਬਹਾਦੁਰ ਸ਼ਾਸਤਰੀ ਦੇ ਪੋਤਰੇ ਹਨ) ਅਤੇ ਆਮ ਆਦਮੀ ਪਾਰਟੀ (ਪੰਜਾਬ) ਦੇ ਸਪੋਕਸਮੈਨ ਤੇ ਕੋਆਰਡੀਨੇਟਰ ਕਰਨਲ (ਰਿਟਾਇਰਡ) ਸੀ.ਡੀ. ਸਿੰਘ ਕੰਬੋਜ ਸ਼ਿਕਾਗੋ ਪਹੁੰਚੇ। ਉਨ੍ਹਾਂ ਦੀ ਸ਼ਿਕਾਗੋ ਫੇਰੀ ਦੌਰਾਨ ਇਨ੍ਹਾਂ ਦੋਹਾਂ ਆਗੂਆਂ ਨਾਲ 'ਪੰਜਾਬ ਟਾਈਮਜ਼' ਵਲੋਂ ਪਾਰਟੀ ਅਤੇ ਪੰਜਾਬ ਦੇ ਹਾਲਾਤ ਬਾਰੇ ਗੱਲਬਾਤ ਹੋਈ। ਪੇਸ਼ ਹਨ, ਇਸ ਗੱਲਬਾਤ ਦੇ ਕੁਝ ਅੰਸ਼। -ਸੰਪਾਦਕ*



*ਆਦਰਸ਼ ਸ਼ਾਸਤਰੀ*

**ਆਦਰਸ਼ ਸ਼ਾਸਤਰੀ ਜੀ ਆਪਣੇ ਪਿਛੋਕੜ ਬਾਰ ਦੱਸੋ?**

-ਮੈਂ ਲੰਦਨ ਤੋਂ ਐਮ ਬੀ ਏ ਕੀਤੀ। ਦਿੱਲੀ 'ਚ 18 ਸਾਲ ਨੌਕਰੀ ਕੀਤੀ ਅਤੇ ਐਪਲ ਦੇ ਇੰਡੀਆ, ਬੰਗਲਾਦੇਸ਼, ਸ੍ਰੀਲੰਕਾ ਆਦਿ ਦਾ ਸੀ.ਈ.ਓ. ਰਿਹਾਂ। ਅਕਤੂਬਰ 2013 'ਚ ਨੌਕਰੀ ਛੱਡ ਦਿੱਤੀ।

**ਸਿਆਸਤ ਵਿਚ ਆਉਣ ਦਾ ਸਬੱਬ ਕਿਵੇਂ ਬਣਿਆ?**

-ਸ਼ਾਸਤਰੀ ਪਰਿਵਾਰ 'ਚੋਂ ਹੋਣ ਕਰ ਕੇ ਜ਼ਿੰਮੇਵਾਰੀ ਦਾ ਅਹਿਸਾਸ ਤਾਂ ਸੀ ਪਰ ਰਾਜਨੀਤੀ ਵਿਚ ਆਉਣ ਦਾ ਸਬੱਬ ਅੰਨਾ ਹਜ਼ਾਰੇ ਅੰਦੋਲਨ 'ਚ ਅਰਵਿੰਦ ਕੇਜਰੀਵਾਲ ਨੂੰ ਮਿਲਣ ਪਿਛੋਂ ਬਣਿਆ। ਕੇਜਰੀਵਾਲ ਦੀ ਇਮਾਨਦਾਰੀ ਦੀ ਰਾਜਨੀਤੀ ਅਤੇ ਦੇਸ਼ ਲਈ ਕੁਝ ਕਰਨ ਦੀ ਇਛਾ ਹੀ ਮੈਨੂੰ ਸਿਆਸਤ ਵਿਚ ਖਿੱਚ ਲਿਆਈ।

**ਸਿਆਸਤ ਵਿਚ ਆਉਣ ਦਾ ਵਿਚਾਰ ਕੇਜਰੀਵਾਲ ਨੂੰ ਮਿਲਣ ਪਿਛੋਂ ਹੀ ਕਿਉਂ?**

-ਕੇਜਰੀਵਾਲ ਜੀ ਸੱਚਾਈ ਅਤੇ ਇਮਾਨਦਾਰੀ ਦੀ ਰਾਜਨੀਤੀ ਦੀ ਮਿਸਾਲ ਹਨ। ਉਨ੍ਹਾਂ ਦੀ ਸੋਚ ਆਮ ਲੀਡਰਾਂ ਤੋਂ ਹਟ ਕੇ ਹੈ। ਉਹ ਦੇਸ਼ ਦੇ ਲੋਕਾਂ ਨੂੰ ਨਵਾਂ ਨਿਜ਼ਾਮ ਦੇਣਾ ਚਾਹੁੰਦੇ ਹਨ ਅਤੇ ਅਸਲ ਲੋਕ-ਨੁਮਾਇੰਦੇ ਹਨ।

**ਆਮ ਆਦਮੀ ਪਾਰਟੀ ਵਿਚ ਤੁਹਾਡਾ ਰੋਲ?**

-ਪਾਰਟੀ (ਆਪ) ਬਣਨ ਪਿਛੋਂ ਪਾਰਟੀ ਦੀ ਸਕਰੀਨਿੰਗ ਕਮੇਟੀ 'ਚ ਕੰਮ ਕੀਤਾ ਅਤੇ ਪਾਰਟੀ ਦੀ ਫੰਡ ਰੇਜ਼ਿੰਗ ਕਮੇਟੀ ਦਾ ਮੈਂਬਰ ਰਿਹਾਂ। ਦਿੱਲੀ ਦੇ ਦਵਾਰਕਾ ਹਲਕੇ ਤੋਂ ਵਿਧਾਇਕ ਚੁਣਿਆ ਗਿਆ। ਦਿੱਲੀ ਸਰਕਾਰ 'ਚ ਪਾਰਲੀਮਾਨੀ ਸਕੱਤਰ (ਆਈ ਟੀ) ਦਾ ਚਾਰਜ ਸੰਭਾਲਿਆ। ਪਾਰਟੀ ਦੇ ਨੈਸ਼ਨਲ ਸਪੋਕਸਮੈਨ ਵਜੋਂ ਸੇਵਾ ਕਰ ਰਿਹਾ ਹਾਂ।

**ਦਿੱਲੀ ਵਿਚ 'ਆਪ' ਸਰਕਾਰ ਦੀਆਂ ਪ੍ਰਾਪਤੀਆਂ ਬਾਰੇ...?**

-ਚੋਣਾਂ ਤੋਂ ਪਹਿਲਾਂ ਅਸੀਂ 'ਦਿੱਲੀ ਡਾਇਲਾਗ' ਸ਼ੁਰੂ ਕੀਤਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ, ਜਿਸ ਦੇ ਆਧਾਰ 'ਤੇ ਮੈਨੀਫੈਸਟੋ ਤਿਆਰ ਕੀਤਾ। ਦਿੱਲੀ ਸਰਕਾਰ ਦੇ 17 ਮਹੀਨਿਆਂ ਦੇ ਕਾਰਜਕਾਲ ਦੌਰਾਨ 70 ਵਾਅਦਿਆਂ ਵਿਚੋਂ 23 ਪੂਰੇ ਕਰ ਦਿੱਤੇ ਹਨ। ਦਿੱਲੀ ਪਹਿਲਾ ਰਾਜ ਹੈ ਜਿਸ ਨੂੰ ਮੁਹੱਲਾ ਸਭਾਵਾਂ ਵਿਚ ਵੰਡਿਆ ਗਿਆ ਜੋ ਵਿਕਾਸ ਕਾਰਜਾਂ ਲਈ ਸਹਾਈ ਸਾਬਤ ਹੋਈਆਂ ਹਨ। ਸਿਹਤ ਸਹੂਲਤਾਂ ਸਬੰਧੀ 105 ਮੁਹੱਲਾ ਕਲਿਨਿਕਾਂ ਖੋਲ੍ਹੀਆਂ ਗਈਆਂ। ਇਸ ਸਬੰਧੀ ਵਿਦੇਸ਼ੀ ਅਖਬਾਰਾਂ ਨੇ ਵੀ ਖਬਰਾਂ ਤੇ ਰਿਪੋਰਟਾਂ ਛਾਪੀਆਂ, ਜੋ ਆਪਣੇ ਆਪ ਵਿਚ ਇਕ ਮਿਸਾਲ ਹੈ। ਵਿਦਿਅਕ ਮਿਆਰ ਉਚਾ ਚੁੱਕਣ ਅਤੇ ਵਿਦਿਅਕ ਢਾਂਚੇ ਨੂੰ ਦਰਪੇਸ਼ ਸਮੱਸਿਆਵਾਂ ਲਈ ਕਈ ਕਾਰਜ ਕੀਤੇ ਜਿਸ ਕਾਰਨ ਸਕੂਲਾਂ ਦਾ ਨਤੀਜਾ 87.2% ਰਿਹਾ। ਦਿੱਲੀ ਵਿਚ 'ਆਪ' ਸਰਕਾਰ ਬਣਨ ਨਾਲ ਭ੍ਰਿਸ਼ਟਾਚਾਰ ਘਟਿਆ ਹੈ। ਆਨ ਲਾਈਨ ਸੁਵਿਧਾ ਸ਼ੁਰੂ ਕੀਤੀ ਅਤੇ ਕੋਈ 140 ਫਾਰਮ ਆਨ ਲਾਈਨ ਕੀਤੇ। 13 ਜਿਲ੍ਹਿਆਂ ਨੂੰ ਈ-ਸਰਵਿਸ ਮੁਹੱਈਆ ਕੀਤੀ।

**ਦਿੱਲੀ ਵਾਸੀਆਂ ਦਾ 'ਆਪ' ਸਰਕਾਰ ਪ੍ਰਤੀ ਰਵੱਈਆ?**

-70 ਸਾਲ ਦੀ ਆਜ਼ਾਦੀ ਦੇ ਸਮੇਂ ਦੌਰਾਨ ਦਿੱਲੀ ਵਾਸੀਆਂ ਨੂੰ ਉਹ ਸਹੂਲਤਾਂ ਨਹੀਂ ਮਿਲੀਆਂ ਸਨ ਜੋ ਦਿੱਲੀ ਵਿਚ 'ਆਪ' ਦੀ ਸਰਕਾਰ ਬਣਨ ਬਾਅਦ ਆਸਾਨੀ ਨਾਲ ਮਿਲੀਆਂ। ਕਰੀਬ 70% ਲੋੜਵੰਦ ਲੋਕਾਂ ਨੂੰ ਅਸਲ ਮਾਅਨਿਆਂ ਵਿਚ ਸਹੂਲਤਾਂ ਮਿਲੀਆਂ ਹਨ। ਜਿਨ੍ਹਾਂ ਲੋਕਾਂ ਨੂੰ ਪਿਛਲੀਆਂ ਸਰਕਾਰਾਂ ਦੌਰਾਨ ਪੀਣ ਅਤੇ ਹੋਰ ਘਰੇਲੂ ਲੋੜਾਂ ਲਈ ਪਾਣੀ ਹੀ ਪੂਰਾ ਨਹੀਂ ਸੀ ਮਿਲਦਾ, 'ਆਪ' ਸਰਕਾਰ ਨੇ ਉਨ੍ਹਾਂ ਦੀ ਇਹ ਜ਼ਰੂਰਤ ਪੂਰੀ ਕੀਤੀ ਹੈ। ਇੰਜ ਦਿੱਲੀ ਵਿਚ ਸਰਗਰਮ ਟੈਂਕਰ ਮਾਫੀਆ ਨੂੰ ਵੀ ਨੱਥ ਪਾਈ। ਲੋਕ ਖੁਸ਼ ਹਨ ਅਤੇ ਸਰਕਾਰ ਨੂੰ ਆਪਣੇ ਸੁਝਾਅ ਵੀ ਭੇਜਦੇ ਹਨ।

**ਕੇਂਦਰ ਅਤੇ ਦਿੱਲੀ ਸਰਕਾਰ ਦੀ ਆਪਸੀ ਖਿੱਚੋਤਾਣ ਬਾਰੇ ਕੀ ਕਹੋਗੇ?**

-ਕੇਂਦਰ ਵਿਚ ਭਾਜਪਾ ਦੀ ਸਰਕਾਰ ਹੋਣ ਕਾਰਨ ਉਹ ਦਿੱਲੀ ਸਰਕਾਰ ਵਿਚ ਬੇ-ਮਾਅਨਾ ਦਖਲ ਦੇ ਰਹੀ ਹੈ, ਦਿੱਲੀ ਦੇ ਗਵਰਨਰ ਵਾਲਾ ਮੁੱਦਾ ਵੀ ਇਨ੍ਹਾਂ ਵਿਚੋਂ ਇਕ ਹੈ। ਚੰਗੇ ਅਫਸਰਾਂ ਦਾ ਤਬਾਦਲਾ ਦਿੱਲੀ ਵਿਚੋਂ ਤੁਰਤ ਕਰ ਦਿੱਤਾ ਜਾਂਦਾ ਹੈ। ਕੇਂਦਰ ਨੇ ਲੋਕ ਭਲਾਈ ਨਾਲ ਸਬੰਧਤ ਦਿੱਲੀ ਸਰਕਾਰ ਦੇ 14 ਬਿਲ ਰੋਕੇ ਹੋਏ ਹਨ। ਕੇਂਦਰ ਸਰਕਾਰ ਸਿਰਫ ਸਰਮਾਏਦਾਰਾਂ ਦਾ ਪੱਖ ਪੂਰ ਰਹੀ ਹੈ ਅਤੇ ਆਮ ਲੋਕਾਂ ਦੇ ਭਲਾਈ ਕਾਰਜਾਂ ਵਿਚ ਅੜਿੱਕੇ ਡਾਹੁੰਦੀ ਹੈ, ਪਰ ਭਵਿੱਖ ਵਿਚ ਇਹ ਸਭ ਮੋਦੀ ਸਰਕਾਰ ਦੇ ਉਲਟ ਜਾਵੇਗਾ ਕਿਉਂਕਿ ਲੋਕ ਜਾਣਦੇ ਹਨ ਕਿ ਅਸਲੀਅਤ ਕੀ ਹੈ।

**ਦਿੱਲੀ ਵਿਚ ਪਾਰਟੀ 'ਚ ਮਤਭੇਦ ਬਾਰੇ ਕੀ ਕਹਿਣਾ ਚਾਹੋਗੇ?**

-ਕੇਜਰੀਵਾਲ ਖੁੱਲ੍ਹੇ ਮਨ ਨਾਲ ਗੱਲ ਕਰਦੇ ਹਨ ਅਤੇ ਉਹ ਹਰ ਇਕ ਦਾ ਪੱਖ ਸੁਣਦੇ ਹਨ, ਪਰ ਪਾਰਟੀ ਨੀਤੀਆਂ ਦੀ ਮੁਖਾਲਫਤ ਬਰਦਾਸ਼ਤ ਨਹੀਂ ਕਰਦੇ। ਉਂਜ ਮਿਲ-ਬੈਠ ਕੇ ਮਸਲੇ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ।

**ਆਮ ਆਦਮੀ ਪਾਰਟੀ ਦੀ ਪੰਜਾਬ 'ਚ ਕੀ ਸਥਿਤੀ ਹੈ?**

-ਪਾਰਟੀ ਦੀ ਮਕਬੂਲੀਅਤ ਤੋਂ ਰਵਾਇਤੀ ਸਿਆਸੀ ਪਾਰਟੀਆਂ-ਕਾਂਗਰਸ, ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਘਬਰਾਈਆਂ ਹੋਈਆਂ ਹਨ। ਇਨ੍ਹਾਂ ਪਾਰਟੀਆਂ ਨੂੰ ਕੁਝ ਨਹੀਂ ਸੁੱਝ ਰਿਹਾ ਕਿ 'ਆਪ' ਨਾਲ ਕਿਵੇਂ ਨਜਿੱਠੀਏ। ਪੰਜਾਬ ਵਿਚ ਲੋਕ ਇਨ੍ਹਾਂ ਪਾਰਟੀਆਂ ਤੋਂ ਅੱਕੇ ਬੈਠੇ ਹਨ ਅਤੇ ਪੰਜਾਬ ਵਿਚ ਦਿੱਲੀ ਵਾਲਾ ਇਤਿਹਾਸ ਦੋਹਰਾਇਆ ਜਾਵੇਗਾ ਅਤੇ ਪਾਰਟੀ ਦੀ ਵੱਡੀ ਜਿੱਤ ਹੋਵੇਗੀ, ਕਿਉਂਕਿ ਲੋਕਾਂ ਨੂੰ 'ਆਪ' ਤੋਂ ਉਮੀਦਾਂ ਹਨ। ਉਹ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਇਸ ਗੱਲ ਦੀ ਵੀ ਤਸੱਲੀ ਹੈ ਕਿ ਦੇਸ਼ ਵਿਚ 'ਆਪ' ਰਵਾਇਤੀ ਪਾਰਟੀਆਂ-ਕਾਂਗਰਸ ਅਤੇ ਭਾਜਪਾ ਪਿਛੋਂ ਤੀਜੀ ਧਿਰ ਵਜੋਂ ਉਭਰੀ ਹੈ।

# ਪੰਜਾਬ 'ਚ ਵਧੀਆ ਸਿਸਟਮ ਡਿਵੈਲਪ ਕਰਨਾ ਸਾਡਾ ਟੀਚਾ: ਸੀ.ਡੀ. ਕੰਬੋਜ

**ਕੰਬੋਜ ਜੀ, ਆਪਣੇ ਪਿਛੋਕੜ ਬਾਰੇ ਕੁਝ ਦੱਸੋ?**

-ਪਹਿਲਾਂ ਬਹੁਜਨ ਸਮਾਜ ਪਾਰਟੀ (ਬਸਪਾ) ਦਾ ਸੂਬਾ ਪ੍ਰਧਾਨ ਰਿਹਾਂ। ਫਿਰ 1998 ਵਿਚ ਕਾਂਗਰਸ ਦਾ ਸੂਬਾ ਮੀਤ ਪ੍ਰਧਾਨ ਬਣਿਆ ਅਤੇ ਸਮੇਂ ਸਮੇਂ ਹੋਰ ਅਹੁਦਿਆਂ 'ਤੇ ਰਿਹਾਂ ਪਰ ਸਿਆਸਤ ਵਿਚ ਆਉਣ ਦਾ ਮਕਸਦ ਪੂਰਾ ਨਹੀਂ ਹੋਇਆ, ਇਸ ਲਈ ਆਮ ਆਦਮੀ ਪਾਰਟੀ (ਆਪ) ਨਾਲ ਜੁੜ ਗਿਆਂ।

**'ਆਪ' ਵਿਚ ਸ਼ਾਮਲ ਹੋਣ ਦਾ ਖਾਸ ਕਾਰਨ?**

-'ਆਪ' ਦੀ ਪਹੁੰਚ ਹੈ ਕਿ ਪੰਜਾਬ ਵਿਚ ਵਧੀਆ ਸਿਸਟਮ ਡਿਵੈਲਪ ਹੋਵੇ ਅਤੇ ਕਾਨੂੰਨ ਦੀ ਵਿਵਸਥਾ ਸੁਧਰੇ। 'ਆਪ' ਇਹ ਵਿਚਾਰ ਲੈ ਕੇ ਤੁਰੀ ਹੈ ਕਿ ਪੰਜਾਬ ਨੂੰ ਰੋਲ ਮਾਡਲ ਬਣਾਇਆ ਜਾ ਸਕੇ ਕਿਉਂਕਿ ਪੰਜਾਬ ਚੋਣਾਂ 'ਆਪ' ਲਈ ਪੂਰੇ ਦੇਸ਼ ਉਤੇ ਰਾਜ ਲਈ ਦਰਵਾਜ਼ਾ ਖੋਲ੍ਹੇਗਾ।

**ਤੁਹਾਡੇ ਖਿਆਲ ਨਾਲ ਪੰਜਾਬ ਚੋਣਾਂ 'ਚ 'ਆਪ' ਕਿਸ ਹੱਦ ਤੱਕ ਸਫਲ ਰਹੇਗੀ?**

-ਪੰਜਾਬ ਵਿਚ 'ਆਪ' ਦੀ ਚੜ੍ਹਤ ਤੋਂ ਘਬਰਾਈਆਂ ਵਿਰੋਧੀ ਪਾਰਟੀਆਂ ਇਸ ਬਾਰੇ ਝੂਠਾ ਪ੍ਰਚਾਰ ਕਰ ਰਹੀਆਂ ਹਨ। 'ਆਪ' ਦੀ ਲੜਾਈ ਉਨ੍ਹਾਂ ਤਾਕਤਵਰ ਲੋਕਾਂ ਨਾਲ ਹੈ, ਜਿਨ੍ਹਾਂ ਕੋਲ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਹੈ। ਸਾਨੂੰ ਪਤਾ ਹੈ ਕਿ ਵਿਰੋਧੀ ਨੀਵੇਂ ਪੱਧਰ ਦੀ ਰਾਜਨੀਤੀ ਕਰਨਗੇ ਪਰ 'ਆਪ' ਦੀ ਸੋਚ ਅਜਿਹੀ ਨਹੀਂ ਹੈ, ਕਿਉਂਕਿ ਪਾਰਟੀ ਦਾ ਮਕਸਦ ਲੋਕ ਭਲਾਈ ਹੈ ਅਤੇ ਸਾਨੂੰ ਲੋਕਾਂ ਦਾ ਸਮਰਥਨ ਹਾਸਲ ਹੈ ਜੋ 'ਆਪ' ਦੀ ਤਾਕਤ ਹੈ। ਬੇਸ਼ੱਕ ਇੰਡੀਆ ਵਿਚ ਮੀਡੀਆ ਦੁਕਾਨਾਂ ਵਾਂਗ ਹੈ ਪਰ ਲੋਕ ਰਵਾਇਤੀ ਪਾਰਟੀਆਂ ਦੇ ਮਨਸੂਬਿਆਂ ਤੋਂ ਜਾਣੂੰ ਹੋ ਚੁਕੇ ਹਨ ਅਤੇ ਉਨ੍ਹਾਂ ਦੇ ਝੂਠੇ ਪ੍ਰਚਾਰ 'ਤੇ ਯਕੀਨ ਨਹੀਂ ਕਰਨਗੇ। ਇਤਿਹਾਸ ਗਵਾਹ ਹੈ ਕਿ ਤਬਦੀਲੀ ਜਰੂਰ ਆਉਂਦੀ ਹੈ ਜੋ 'ਆਪ' ਦੇ ਆਉਣ ਨਾਲ ਪੰਜਾਬ ਦੀ ਸਿਆਸਤ ਵਿਚ ਆ ਚੁਕੀ ਹੈ ਅਤੇ ਲੋਕਾਂ ਦੀ ਤਾਕਤ ਨੇ ਭ੍ਰਿਸ਼ਟ ਨੇਤਾ ਪਾਸੇ ਕਰ ਦੇਣੇ ਹਨ। ਲੜਖੜਾ ਚੁਕੇ ਅਤੇ ਭ੍ਰਿਸ਼ਟ ਹੋ ਚੁਕੇ ਸਿਸਟਮ ਨੂੰ ਲੋਕ ਬਦਲਣਾ ਚਾਹੁੰਦੇ ਹਨ। ਲੋਕ ਅਕਾਲੀਆਂ ਤੇ ਕਾਂਗਰਸੀਆਂ ਨੂੰ ਮੂੰਹ ਨਹੀਂ ਲਾਉਂਦੇ ਕਿਉਂਕਿ ਉਹ ਜਾਣਦੇ ਹਨ ਕਿ ਇਨ੍ਹਾਂ ਪਾਰਟੀਆਂ ਨੇ ਪੁਲਿਸ ਨੂੰ ਕਠਪੁਤਲੀ ਵਾਂਗ ਹੱਥਾਂ 'ਤੇ ਨਚਾਇਆ ਹੈ।

**ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਲੈ ਕੇ ਕਾਫੀ ਰੌਲ-ਘਚੋਲਾ ਹੈ। ਇਸ ਬਾਰੇ ਤੁਸੀਂ ਕੀ ਕਹੋਗੇ?**

-ਦਿੱਲੀ 'ਚ ਕੋਈ ਰੌਲਾ ਨਹੀਂ ਪਿਆ, ਪੰਜਾਬ ਵਿਚ ਵੀ ਅਜਿਹੀ ਕੋਈ ਮੁਸ਼ਕਿਲ ਨਹੀਂ ਆਵੇਗੀ। ਪੰਜਾਬ ਦੇ 'ਆਪ' ਆਗੂਆਂ ਦਾ ਅਰਵਿੰਦ ਕੇਜਰੀਵਾਲ ਦੀ ਲੀਡਰਸ਼ਿਪ ਵਿਚ ਪੂਰਾ ਭਰੋਸਾ ਹੈ, ਪਰ ਪਾਰਟੀ ਦਾ ਏਜੰਡਾ ਸਭ ਤੋਂ ਉਤੇ ਹੈ। ਪੰਜਾਬ ਵਿਚ ਟਿਕਟਾਂ ਦੇ ਮਾਮਲੇ 'ਤੇ ਵੀ ਕੋਈ ਰੌਲਾ ਨਹੀਂ ਪੈਣਾ। ਉਂਜ ਚੋਣ ਲੜਨ ਦੇ ਚਾਹਵਾਨ ਕਈ ਹਨ ਪਰ ਉਹ ਚੱਲਣਗੇ ਪਾਰਟੀ ਮੁਤਾਬਕ ਹੀ, ਇਸ ਕਰ ਕੇ ਟਿਕਟਾਂ ਸਬੰਧੀ ਰੌਲਾ ਕੋਈ ਵੱਡੀ ਗੱਲ ਨਹੀਂ।

**ਚੋਣਾਂ ਤੋਂ ਬਾਅਦ ਮੁੱਖ ਮੰਤਰੀ ਦੇ ਅਹੁਦੇ ਲਈ ਅਜੇ ਤੱਕ ਕਿਸੇ ਉਮੀਦਵਾਰ ਬਾਰੇ ਕੋਈ ਸਪਸ਼ਟਤਾ ਨਹੀਂ ਹੈ। ਇਸ ਮਾਮਲੇ ਬਾਰੇ ਤੁਹਾਡੇ ਕੀ ਵਿਚਾਰ ਹਨ?**

-ਵਿਧਾਨ ਸਭਾ ਚੋਣਾਂ ਲਈ ਸਾਡੇ ਕੋਲ ਕਈ ਚਿਹਰੇ ਹਨ ਜੋ ਸਾਫ ਅਕਸ ਵਾਲੇ ਹਨ। ਇਸ ਕਰ ਕੇ ਪੰਜਾਬ ਵਿਚ 'ਆਪ' ਸਰਕਾਰ ਬਣਨ ਦੀ ਉਮੀਦ ਰੱਖਣਾ ਗਲਤ ਨਹੀਂ ਹੈ। ਮੁੱਖ ਮੰਤਰੀ ਅਹੁਦੇ ਲਈ ਫੈਸਲਾ ਪਾਰਟੀ ਹਾਈ ਕਮਾਂਡ ਦੇ ਹੱਥ ਹੈ। ਉਧਰ ਕਾਂਗਰਸ ਤੇ ਅਕਾਲੀਆਂ ਕੋਲ ਭ੍ਰਿਸ਼ਟ ਚਿਹਰੇ ਹਨ, ਜਿਨ੍ਹਾਂ ਤੋਂ ਲੋਕ ਜਾਣੂੰ ਹਨ।

**ਕੀ ਤੁਹਾਨੂੰ ਪਾਰਟੀ ਤੋਂ ਟਿਕਟ ਦੀ ਤਵੱਕੋ ਹੈ?**

-ਪਾਰਟੀ ਤੋਂ ਟਿਕਟ ਦੀ ਕੋਈ ਡਿਮਾਂਡ ਨਹੀਂ, ਪਰ ਹਾਈ ਕਮਾਂਡ ਦਾ ਜੋ ਹੁਕਮ ਹੋਊ, ਉਸ 'ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਾਂਗਾ।

**ਹਾਲ ਹੀ 'ਚ ਭਗਵੰਤ ਮਾਨ ਦੇ ਮਾਮਲੇ 'ਤੇ ਪਾਰਟੀ ਦੇ ਆਪਣੇ ਹੀ ਇਕ ਐਮ. ਪੀ. ਨੇ ਉਸ ਵਿਰੁਧ ਬਿਆਨ ਦਿੱਤਾ। ਪਾਰਟੀ ਦਾ ਇਸ ਬਾਰੇ ਕੀ ਰਵੱਈਆ ਹੈ?**

-ਭਗਵੰਤ ਮਾਨ ਲੋਕਾਂ ਦਾ ਪਿਆਰਾ ਹੈ, ਇਸ ਲਈ ਵਿਰੋਧੀ ਧਿਰ ਉਸ ਦੇ ਲੋਕਾਂ ਵਿਚ ਬਣੇ ਅਕਸ ਤੋਂ ਘਬਰਾ ਗਈ ਹੈ। ਜਿਵੇਂ ਚੈੱਸ 'ਚ ਰਾਜੇ ਨੂੰ ਮਾਤ ਪਾ ਦਿਓ ਤਾਂ ਖੇਡ ਖਤਮ, ਇੰਜ ਹੀ ਭਗਵੰਤ ਮਾਨ ਦੇ ਮਾਮਲੇ ਵਿਚ ਹੋ ਰਿਹਾ ਹੈ। ਹਰਿੰਦਰ ਸਿੰਘ ਖਾਲਸਾ ਤਾਂ ਐਂਵੇਂ ਰੌਲਾ ਪਾ ਰਹੇ ਹਨ। ਇਸ ਤੋਂ ਇਲਾਵਾ ਸੰਸਦ ਵੀਡੀਓ ਵਾਲਾ ਮੁੱਦਾ ਬਿਨਾ ਵਜ੍ਹਾ ਲਮਕਾਇਆ ਜਾ ਰਿਹਾ ਹੈ, ਪਰ ਮਾਨ ਦੀ ਲੋਕਾਂ 'ਚ ਇਮੇਜ ਜਿਉਂ ਦੀ ਤਿਉਂ ਹੈ।

**ਦਿੱਲੀ ਵਿਚ ਸੱਚ-ਮੁੱਚ ਹੀ ਲੋਕਾਂ ਤੋਂ ਪਾਰਟੀ ਨੂੰ ਲਾਮਿਸਾਲ ਹੁੰਗਾਰਾ ਮਿਲਿਆ। ਕੀ ਤੁਹਾਡੇ ਖਿਆਲ ਵਿਚ ਅਜਿਹਾ ਹੀ ਹੁੰਗਾਰਾ ਪੰਜਾਬ ਵਿਚ ਵੀ ਮਿਲ ਸਕੇਗਾ?**

-ਬਿਲਕੁਲ ਮਿਲੇਗਾ। ਜੇ ਅੰਗਰੇਜਾਂ ਤੇ ਮੁਗਲਾਂ ਦਾ ਰਾਜ ਚਲਿਆ ਗਿਆ ਤਾਂ ਰਹਿਣਾ ਬਾਦਲਾਂ ਦਾ ਵੀ ਨਹੀਂ। ਬਾਦਲਾਂ ਨੇ ਸਿੱਖ ਧਰਮ ਦੀ ਰਾਜਨੀਤੀ ਕਰ ਕੇ ਸਿੱਖ ਧਰਮ ਦੀਆਂ ਮਰਿਆਦਾਵਾਂ ਅਤੇ ਪਰੰਪਰਾਵਾਂ ਖਤਮ ਕਰ ਦਿੱਤੀਆਂ ਹਨ। ਲੋਕ ਪੰਜਾਬ ਵਿਚ ਬਦਲਾਓ ਚਾਹੁੰਦੇ ਹਨ ਤੇ ਪੰਜਾਬ ਵਿਚ ਹਵਾ ਆਮ ਆਦਮੀ ਪਾਰਟੀ ਦੇ ਹੱਕ ਵਿਚ ਹੈ। ਹਾਲਾਤ ਦੇ ਮੱਦੇਨਜ਼ਰ ਪੰਜਾਬ ਵਿਚ ਵਧੀਆ ਸਰਕਾਰ ਬਣਾਉਣੀ 'ਆਪ' ਦੀ ਮਜਬੂਰੀ ਹੈ।



*ਸੀ.ਡੀ. ਸਿੰਘ ਕੰਬੋਜ*

**ਪੰਜਾਬ ਚੋਣਾਂ ਜਿੱਤਣ ਤੋਂ ਬਾਅਦ ਪੰਜਾਬ ਲਈ ਤੁਹਾਡੇ ਮਨ ਵਿਚ ਕੁਝ ਖਾਸ ਖਿਆਲ। ਪਾਰਟੀ ਦਾ ਕੋਈ ਖਾਸ ਪ੍ਰੋਗਰਾਮ?**

-'ਆਪ' ਦਾ ਪੰਜਾਬ ਲਈ ਲੋਕ-ਪੱਖੀ ਏਜੰਡਾ ਹੈ, ਜਿਵੇਂ ਨਸ਼ਾ ਖਤਮ ਕਰਨਾ, ਜੋ ਵੱਡਾ ਮੁੱਦਾ ਹੈ। ਇਸ ਤੋਂ ਬਿਨਾ ਖੇਤੀ ਖੇਤਰ ਲਈ ਨਵੀਆਂ ਨੀਤੀਆਂ ਅਪਨਾ ਕੇ ਤੇ ਤਬਦੀਲੀਆਂ ਲਿਆ ਕੇ ਇਸ ਨੂੰ ਥਾਂ ਸਿਰ ਕਰਨਾ, ਕਿਸਾਨਾਂ ਨੂੰ ਕਣਕ-ਝੋਨੇ ਦੇ ਫਸਲੀ ਚੱਕਰ 'ਚੋਂ ਕੱਢਣਾ ਤੇ ਉਨ੍ਹਾਂ ਫਸਲਾਂ ਲਈ ਉਤਸ਼ਾਹਿਤ ਕਰਨਾ ਜੋ ਵਿਦੇਸ਼ਾਂ ਨੂੰ ਭੇਜੀਆਂ ਜਾ ਸਕਣ। ਅਸੀਂ ਜਾਣਦੇ ਹਾਂ ਕਿ ਪੰਜਾਬ ਦੀ ਧਰਤੀ ਦੀ ਆਬੋ-ਹਵਾ ਖੇਤੀ ਲਈ ਅਨੁਕੂਲ ਹੈ। ਸਨਅਤ ਪੰਜਾਬ ਵਿਚੋਂ ਖਤਮ ਹੋ ਚੁਕੀ ਹੈ ਪਰ ਸਨਅਤ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ ਕਿਉਂਕਿ ਇਥੋਂ ਖੇਤੀਬਾੜੀ ਅਤੇ ਹੋਰ ਵਸੀਲਿਆਂ ਨਾਲ ਰਾਅ ਮਟੀਰੀਅਲ ਵਾਧੂ ਉਪਲਬਧ ਹੋ ਸਕਦਾ ਹੈ, ਬਸ ਧਿਆਨ ਦੇਣ ਦੀ ਲੋੜ ਹੈ। ਸਨਅਤ ਆਉਣ ਨਾਲ ਰੁਜ਼ਗਾਰ ਵਧੇਗਾ। ਜਾਅਲੀ ਦਵਾਈਆਂ ਨੂੰ ਕੰਟਰੋਲ ਕਰਾਂਗੇ, ਖਾਦਾਂ ਅਤੇ ਮੰਡੀਕਰਨ ਵਿਚ ਸੁਧਾਰ ਲਿਆਵਾਂਗੇ। ਇੰਜ ਕਿਸਾਨ ਖੁਦਕੁਸ਼ੀਆਂ ਵੀ ਘਟਣਗੀਆਂ। ਪੰਜਾਬ ਵਿਚ ਖੇਤੀਬਾੜੀ ਵਿਚ ਸੁਧਾਰ ਲਿਆਉਣ ਨਾਲ ਹੀ ਬੜਾ ਕੁਝ ਬਦਲ ਜਾਵੇਗਾ।

**ਪਰਵਾਸੀ ਪੰਜਾਬੀਆਂ ਨੂੰ ਕੋਈ ਸੁਨੇਹਾ?**

-ਸੁਨੇਹਾ ਇਹੋ ਹੈ ਕਿ ਪੰਜਾਬ ਨੇ ਬਹੁਤ ਸੰਤਾਪ ਹੰਢਾ ਲਿਆ ਹੈ। ਰਵਾਇਤੀ ਪਾਰਟੀਆਂ ਨੇ ਪੰਜਾਬ ਨੂੰ ਨਸ਼ਿਆਂ 'ਚ ਡੋਬ ਦਿੱਤਾ ਹੈ ਅਤੇ ਪੰਜਾਬ ਨੂੰ ਲੁੱਟ ਲਿਆ ਹੈ ਤੇ ਇਸ ਨੂੰ ਬਰਬਾਦੀ ਦੇ ਕੰਢੇ ਖੜ੍ਹਾ ਕਰ ਦਿੱਤਾ ਹੈ। ਆਉਂਦੀਆਂ ਪੰਜਾਬ ਚੋਣਾਂ ਇਕ ਮੌਕਾ ਹੈ ਪੰਜਾਬ ਵਿਚ 'ਆਪ' ਦੀ ਸਰਕਾਰ ਬਣਾਉਣ ਦਾ, ਤਾਂ ਜੋ ਪੰਜਾਬ ਨੂੰ ਮੁੜ ਖੁਸ਼ਹਾਲ ਕੀਤਾ ਜਾ ਸਕੇ। ਦੇਸ਼ ਲਈ, ਆਪਣੀ ਧਰਤੀ ਲਈ ਅਤੇ ਆਪਣੇ ਲੋਕਾਂ ਲਈ ਪਾਰਟੀ ਦੀ ਤਨ, ਮਨ ਤੇ ਧਨ ਨਾਲ ਮਦਦ ਕਰੋ।

# ਸੈਨ ਹੋਜ਼ੇ ਗੁਰਦੁਆਰਾ ਸਾਹਿਬ

***ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵਲੋਂ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀਆਂ ਸੰਗਤਾਂ ਲਈ ਵਿਸ਼ੇਸ਼ ਕੀਰਤਨ ਸਮਾਗਮ***













## ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਕੀਰਤਨ ਸਮਾਗਮਾਂ ਦਾ ਵੇਰਵਾ:

**ਸਨਿਚਰਵਾਰ ਸਤੰਬਰ 10, 2016 7pm – 9pm,**

**ਐਤਵਾਰ ਸਤੰਬਰ 11, 2016 12pm – 2pm,**

**ਸੋਮਵਾਰ ਸਤੰਬਰ 12, 2016 7pm – 9pm**

**ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰਦੁਆਰਾ ਸਾਹਿਬ ਸਮੇਂ ਸਿਰ ਪਹੁੰਚ ਕੇ ਮਹਾਪੁਰਸ਼ਾਂ ਦੇ ਕੀਰਤਨ ਦਾ ਲਾਹਾ ਲਓ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**






**ਜਾਰੀ ਕਰਤਾ: ਸੈਨ ਹੋਜ਼ੇ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ** 3636 Murillo Ave, San Jose CA 95148

Phone: 408-274-9373, website: www.sanjosegurdwara.org

# ਦਿੱਲੀ 'ਤੇ ਲਾਹੌਰ ਕਦੇ ਤਾਂ ਗਲਵੱਕੜੀ ਹੋਣਗੇ ਹੀ:ਆਰਿਫ ਲੋਹਾਰ

ਫਰੀਮਾਂਟ (ਬਿਊਰੋ): ਲਹਿੰਦੇ ਪੰਜਾਬ ਦੇ ਜੁਗਨੀ ਫੇਮ ਗਾਇਕ ਆਰਿਫ ਲੋਹਾਰ ਨੇ ਇੱਥੇ ਪੰਨੂ ਡੈਂਟਲ ਕੇਅਰ ਵਿਖੇ ਇਕ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੀ ਸੰਗੀਤਕ ਸਾਂਝ ਦੋਹਾਂ ਦੇਸ਼ਾਂ ਵਿਚ ਹਮੇਸ਼ਾ ਇਕ ਪੁਲ ਵਾਂਗ ਬਣੀ ਰਹੇਗੀ ਅਤੇ ਇਹੀ ਇਕ ਸਾਂਝ ਹੈ ਜੋ ਭਾਰਤ ਅਤੇ ਪਾਕਿਸਤਾਨ ਦੀ ਮੁਹੱਬਤ ਵਿਚ ਸਭ ਤੋਂ ਅਹਿਮ ਰੋਲ ਅਦਾ ਕਰ ਰਹੀ ਹੈ। ਜੇ ਲਹਿੰਦੇ ਪੰਜਾਬ ਦੇ ਲੋਕ ਸੁਰਿੰਦਰ ਕੌਰ, ਯਮਲਾ ਜੱਟ, ਗੁਰਦਾਸ ਮਾਨ ਅਤੇ ਕੁਲਦੀਪ ਮਾਣਕ ਦੀ ਗਾਇਕੀ ਦੇ ਮੁਰੀਦ ਹਨ ਤਾਂ ਚੜ੍ਹਦੇ ਪੰਜਾਬ ਵਿਚ ਮੇਰੇ ਵਾਲਿਦ ਆਲਮ ਲੋਹਾਰ, ਮਰਹੂਮ ਨੁਸਰਤ ਫਤਿਹ ਅਲੀ ਖਾਨ ਅਤੇ ਮੇਰੇ ਕੁਝ ਗੀਤਾਂ ਨੂੰ ਰੱਜ ਕੇ ਪਿਆਰ ਦਿੱਤਾ ਜਾਂਦਾ ਰਿਹਾ ਹੈ ਤਾਂ ਮੰਨ ਹੀ ਲੈਣਾ ਚਾਹੀਦਾ ਹੈ ਕਿ ਸੰਗੀਤ ਦੇ ਕੋਈ ਹੱਦ-ਬੰਨੇ ਨਹੀਂ ਹੁੰਦੇ।



ਆਰਿਫ ਲੋਹਾਰ (ਵਿਚਾਲੇ), ਡਾ. ਕਮਲ ਫਿਰੋਜ਼ ਸ਼ਾਹਬਾਦ ਤੇ ਡਾ. ਦਲਵੀਰ ਪੰਨੂੰ

ਇੱਥੇ ਪੰਨੂ ਡੈਂਟਲ ਕੇਅਰ ਦੇ ਮਾਲਕ ਡਾ. ਦਲਵੀਰ ਸਿੰਘ ਪੰਨੂ ਦੇ ਵਿਸ਼ੇਸ਼ ਸੱਦੇ 'ਤੇ ਸੰਖੇਪ ਮੁਲਾਕਾਤ ਲਈ ਪਹੁੰਚੇ ਆਰਿਫ ਲੋਹਾਰ ਨਾਲ ਲਾਹੌਰ ਤੋਂ ਪੱਤਰਕਾਰ ਡਾ. ਕਮਲ ਫਿਰੋਜ਼ ਸ਼ਾਹਦਾਬ ਵੀ ਹਾਜ਼ਰ ਸਨ। ਉਨ੍ਹਾਂ ਪੰਜਾਬੀਆਂ ਦੀ ਮੁਹੱਬਤ ਅਤੇ ਸੰਗੀਤ ਪ੍ਰਤੀ ਸੁਹਿਰਦਤਾ ਦੀ ਗੱਲ ਕਰਦਿਆਂ ਕਿਹਾ ਕਿ ਦੋਵੇਂ ਪੰਜਾਬ ਆਪਣੀ ਵਿਰਾਸਤ ਕਰਕੇ ਜਿਉਂਦੇ ਰਹਿਣਗੇ ਤੇ ਕਦੇ ਵਕਤ ਆਏਗਾ ਕਿ ਵੀਜ਼ੇ ਦੀਆਂ ਸ਼ਰਤਾਂ ਮੁੱਕ ਜਾਣਗੀਆਂ ਅਤੇ ਦਿੱਲੀ ਤੇ ਲਾਹੌਰ ਗਲਵੱਕੜੀ ਹੋਣਗੇ।



ਡਾ. ਦਲਵੀਰ ਪੰਨੂ ਨੇ ਇਸ ਘੜੀ ਨੂੰ ਅਹਿਮ ਦੱਸਦਿਆਂ ਕਿਹਾ ਕਿ ਉਨ੍ਹਾਂ ਦੀ ਤਮੰਨਾ ਸੀ ਕਿ ਅਮਰੀਕਾ ਫੇਰੀ 'ਤੇ ਆਏ ਆਰਿਫ ਲੋਹਾਰ ਨਾਲ ਕੁਝ ਪਲ ਗੁਜ਼ਾਰਨ ਦਾ ਮੌਕਾ ਮਿਲੇ ਅਤੇ ਦੋਹਾਂ ਹੀ ਪੰਜਾਬਾਂ ਦੇ ਜ਼ਿੰਮੇਵਾਰ ਲੋਕਾਂ ਨਾਲ ਮੁਖਾਤਿਬ ਹੋਣ। ਇਸ ਮੌਕੇ ਅਸ਼ੋਕ ਭੌਰਾ ਨੇ ਆਲਮ ਲੁਹਾਰ ਤੇ ਕੁਲਦੀਪ ਮਾਣਕ ਦੀ ਪੁਰਾਣੀ ਸਾਂਝ ਦਾ ਜ਼ਿਕਰ ਕਰ ਕੇ ਉਸ ਨੂੰ ਭਾਵੁਕ ਕਰ ਦਿੱਤਾ।

ਇਸ ਮੌਕੇ ਆਰਿਫ ਲੋਹਾਰ ਨੇ ਆਪਣੀਆਂ ਕੁਝ ਚੋਣਵੀਆਂ ਰਚਨਾਵਾਂ ਅਤੇ ਲੋਕ ਸ਼ਾਇਰੀ ਦਾ ਕੁਝ ਰੰਗ ਵੀ ਪੇਸ਼ ਕੀਤਾ। ਸਰੋਤਿਆਂ ਦੀ ਸਿਫਾਰਿਸ਼ 'ਤੇ ਉਨ੍ਹਾਂ ਕੁਝ ਟੋਟਕੇ ਗਾ ਕੇ ਸੁਣਾਏ। 'ਕਲਮਾਂ ਫੜਾਈਆਂ ਮੈਨੂੰ ਤੂੰ, ਕੱਤਿਆ ਕਰੂੰ ਤੇਰਾ ਰੂੰ...' ਅਤੇ 'ਸ਼ੀਸ਼ੇ ਉਤੇ ਧੂੜਾਂ ਜੰਮੀਆਂ ਕੰਧਾਂ ਝਾੜੀ ਜਾਂਦੇ ਨੇ, ਜਿਲਦਾਂ ਸਾਂਭ ਰਹੇ ਨੇ ਵਰਕੇ ਪਾੜੀ ਜਾਂਦੇ ਨੇ' ਤੋਂ ਸਰੋਤੇ ਖੂਬ ਪ੍ਰਭਾਵਿਤ ਹੋਏ।

ਚਰਨਜੀਤ ਸਿੰਘ ਪੰਨੂ ਨੇ ਹਿੰਦ-ਪਾਕ ਸਾਂਝੀਵਾਲਤਾ ਵਾਸਤੇ ਕਾਮਨਾ ਕਰਦੀ ਇੱਕ ਕਵਿਤਾ ਦੇ ਕੁਝ ਬੰਦ ਕਹੇ, 'ਦੇ ਦਿਓ ਸੁਨੇਹਾ ਹੱਦ ਪਾਰ ਬੇਲੀਓ, ਹਿੰਦ ਪਾਕ ਭਾਈ ਭਾਈ ਯਾਰ ਬੇਲੀਓ, ਪੁੱਟ ਦਿਓ ਕੰਡੇ ਵਾਲੀ ਤਾਰ ਬੇਲੀਓ...' ਜੋ ਬਹੁਤ ਸਲਾਹੀ ਗਈ। ਜਸਲੀਨ ਖਨੂਜਾ ਟੀ.ਵੀ. ਹੋਸਟ ਨੇ ਆਰਿਫ ਨੂੰ ਚਿਮਟੇ ਦੀ ਕਰਾਮਾਤ ਬਾਰੇ ਸੁਆਲ ਕੀਤੇ ਜੋ ਉਨ੍ਹਾਂ ਬੜੇ ਹਸਮੁਖ ਅੰਦਾਜ਼ ਵਿਚ ਜੁਆਬ ਦਿੱਤੇ।

ਆਰਿਫ ਨੇ ਡਾ. ਦਲਵੀਰ ਪੰਨੂ ਦੀ ਤਾਰੀਫ ਕਰਦਿਆਂ ਅਸ਼ੀਰਵਾਦ ਦਿੱਤੀ ਕਿ ਉਸ ਦਾ ਮਿਲਾਪੜਾ ਸੁਭਾ ਦੁਖਦੇ ਦੰਦਾਂ ਵਾਲੇ ਮਰੀਜ਼ ਨੂੰ ਵੀ ਪਸੀਜ ਲੈਂਦਾ ਹੈ ਤੇ ਉਹ ਹੱਸਦਾ ਜਾਂਦਾ ਹੈ। ਉਸ ਨੇ ਦਲਵੀਰ ਪੰਨੂ ਦਾ ਧੰਨਵਾਦ ਕੀਤਾ ਜਿਸ ਨੇ ਪਾਕਿਸਤਾਨ ਦੇ ਬੁੱਧੀਜੀਵੀ ਹਲਕਿਆਂ ਵਿਚ ਵੀ ਆਪਣੀ ਦੋਸਤੀ ਦੀ ਖੁਸ਼ਬੂ ਖਿਲਾਰ ਛੱਡੀ ਹੈ।

ਇਸ ਮੌਕੇ ਹਾਜ਼ਰ ਉਘੀਆਂ ਸ਼ਖਸੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਜਸਵੰਤ ਸਿੰਘ ਘਰਿੰਡਾ, ਜਸਜੀਤ ਸਿੰਘ, ਤਾਰਾ ਸਿੰਘ ਸਾਗਰ, ਪਰਮਿੰਦਰ ਸਿੰਘ, ਰੀਤ ਮਾਨ, ਰਾਜ ਕਮਲਦੀਪ ਸਿੰਘ ਪੰਨੂ, ਅਸ਼ੋਕ ਟਾਂਗਰੀ, ਅਨਮੋਲ ਭੌਰਾ, ਬਲਬੀਰ ਸਿੰਘ ਐਮ. ਏ, ਕੁਲਦੀਪ ਸਿੰਘ ਢੀਂਡਸਾ, ਹਰਬੰਸ ਸਿੰਘ ਲੌਂਗੀਆ, ਸੁਖਵੀਰ ਸਿੰਘ ਪੰਨੂ, ਗੁਰਸ਼ਾਨ, ਜੈਸਮੀਨ, ਰਵਨੀਤ ਪੰਨੂ, ਜੈਦੀਪ ਪੰਨੂ, ਸ਼ਾਹਬਾਜ ਸਿੰਘ ਪੰਨੂ, ਅਜੀਤ ਕੌਰ ਅਟਵਾਲ, ਡਾ. ਕੰਵਲ ਸੀਰੋਜ਼, ਆਜ਼ਮੀ ਗਿੱਲ ਅਤੇ ਸੰਜੀਵ ਸ਼ੇਰਾ ਸ਼ਾਮਲ ਸਨ। ਕੁਝ ਪਲਾਂ ਦਾ ਇਹ ਸਮਾਗਮ ਅਣਵੰਡੇ ਪੰਜਾਬ ਦੀ ਇਕ ਤਰ੍ਹਾਂ ਨਾਲ ਸੰਗੀਤਕ ਨਿਸ਼ਾਨੀ ਬਣ ਗਿਆ।

M.K. Nijjar DDS
Ruchi Nijjar DDS

Laser Dentistry
No shots, No Drill,
No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM

(Across From Washigton Hospital & Bart)
1895 Mowry Ave. Ste 104 Fremont






ਮਹਾਨ ਸੂਫੀ ਬਾਬਾ ਸ਼ੇਖ ਫਰੀਦ (1173-1266 ਈਸਵੀ) ਦਾ ਆਗਮਨ ਪੁਰਬ
ਗੁਰਦੁਆਰਾ ਸਾਹਿਬ ਫਰੀਮਾਂਟ (300 Gurdwara Road, Fremont, CA 94536) ਵਿਖੇ
ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ

ਪ੍ਰੋਗਰਾਮ

23 ਸਤੰਬਰ 2016 (ਸ਼ੁੱਕਰਵਾਰ) ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10 ਵਜੇ
24 ਸਤੰਬਰ 2016 (ਸਨਿਚਰਵਾਰ) ਬੱਚਿਆਂ ਦੀਆਂ ਖੇਡਾਂ, ਸਮਾਂ: 1 ਤੋਂ 6 ਵਜੇ ਤੱਕ
25 ਸਤੰਬਰ 2016 (ਐਤਵਾਰ) ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

ਆਪ ਸਮੂਹ ਸੰਗਤ ਨੂੰ ਮੌਕੇ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ

ਹੋਰ ਜਾਣਕਾਰੀ ਲਈ ਸੰਪਰਕ ਕਰੋ: ਸਤਪਾਲ ਸਿੰਘ ਢਿੱਲਵਾਂ ਕਲਾਂ, ਫੋਨ: 510-952-6702
ਤਰਸੇਮ ਭਲਵਾਨ ਫਰੀਦਕੋਟ, ਫੋਨ: 510-258-9266; ਜਸਵੀਰ ਸਿੰਘ ਸੰਧੂ, ਫੋਨ: 510-303-8789
ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ, ਫੋਨ: 408-368-2143; ਕਮਲ ਸਿੱਧੂ (ਦੌਧਰੀਆ), ਫੋਨ: 510-717-9555


ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ
ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ
12ਵਾਂ ਵਿਸ਼ਵ ਕਬੱਡੀ ਕੱਪ
ਮਿਤੀ 18 ਸਤੰਬਰ 2016 ਦਿਨ ਐਤਵਾਰ ਨੂੰ
(Logan High School 1800 H Street, Union City, California 94587)
ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ
ਤੀਰਥ ਗਾਖਲ
ਰੰਗ ਕਬੱਡੀ ਦੇ
ਅਮੋਲਕ ਸਿੰਘ ਗਾਖਲ
ਸਰਪ੍ਰਸਤ
ਯੂਨਾਈਟਡ ਸਪੋਰਟਸ ਕਲੱਬ
18 ਸਤੰਬਰ ਦਾ ਦਿਨ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਰਾਖਵਾਂ ਰੱਖ ਕੇ ਸਾਰਾ ਦਿਨ ਕਬੱਡੀ ਦੇ ਰੰਗ ਵੇਖਣ ਲਈ ਜੇਮਸ ਲੋਗਨ ਹਾਈ ਸਕੂਲ ਪਹੁੰਚੋ।
ਮੱਖਣ ਸਿੰਘ ਬੈਂਸ ਚੇਅਰਮੈਨ
ਇਕਬਾਲ ਸਿੰਘ ਗਾਖਲ ਉਪ ਚੇਅਰਮੈਨ
ਬਲਵੀਰ ਸਿੰਘ ਭਾਟੀਆ ਪ੍ਰਧਾਨ
ਪਲਵਿੰਦਰ ਸਿੰਘ ਗਾਖਲ ਡਾਇਰੈਕਟਰ
ਜੁਗਰਾਜ ਸਿੰਘ ਸਹੋਤਾ ਉਪ ਪ੍ਰਧਾਨ
ਗੁਰਦਾਵਰ ਸਿੰਘ ਮਹੇੜੂ ਜਨਰਲ ਸਕੱਤਰ
ਐੱਸ ਅਸ਼ੋਕ ਭੌਰਾ ਮੀਡੀਆ ਇੰਚਾਰਜ
ਪਿੰਕੀ ਅਟਵਾਲ ਡਾਇਰੈਕਟਰ
ਪਰਮਜੀਤ ਸਿੰਘ ਪੰਮੀ ਕਬੱਡੀ ਕੋਚ
ਸਾਧੂ ਸਿੰਘ ਸਲਾਹਕਾਰ
ਨਰਿੰਦਰ ਸਿੰਘ ਸਹੋਤਾ ਖਜ਼ਾਨਚੀ
ਦਲਵਿੰਦਰ ਪੰਢਾ ਡਾਇਰੈਕਟਰ
ਨੱਥਾ ਸਿੰਘ ਗਾਖਲ ਸਲਾਹਕਾਰ
ਦੇਬੀ ਸੋਹਲ ਡਾਇਰੈਕਟਰ
ਬਖਤਾਵਰ ਸਿੰਘ ਗਾਖਲ ਡਾਇਰੈਕਟਰ
ਜਸਵੀਰ ਸਿੰਘ ਗਾਖਲ ਡਾਇਰੈਕਟਰ
ਗੁਰਪ੍ਰੀਤ ਸਿੰਘ ਗਾਖਲ ਡਾਇਰੈਕਟਰ
ਪਹਿਲੇ ਇਨਾਮ ਦੇ ਸਪਾਂਸਰ
ਡਾਇਮੰਡ ਟਰੱਕਿੰਗ ਸਟਾਕਟਨ ਦੇ
ਕੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ 'ਤੇ ਪਿੰਕੀ ਅਟਵਾਲ
ਦੂਜੇ ਇਨਾਮ ਦੇ ਸਪਾਂਸਰ
ਸਹੋਤਾ ਪਰਿਵਾਰ ਦੇ
ਜੁਗਰਾਜ ਸਿੰਘ ਸਹੋਤਾ 'ਤੇ
ਨਰਿੰਦਰ ਸਿੰਘ ਸਹੋਤਾ
(ਪਿਤਾ ਸ੍ਵ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)
ਵਿਸ਼ਵ ਕਬੱਡੀ ਕੱਪ ਦੇ ਮੀਡੀਆ ਇੰਚਾਰਜ
ਐੱਸ ਅਸ਼ੋਕ ਭੌਰਾ
Phone: 510 415 3315, Email: ashokbhaura@gmail.com
ਖੇਡ ਮੇਲੇ ਵਿਚ ਭਾਗ ਲੈਣ ਵਾਲੀਆਂ ਕਲੱਬਾਂ
• ਬੇ ਏਰੀਆ ਸਪੋਰਟਸ ਕਲੱਬ
• ਸੈਂਟਰਲ ਵੈਲੀ ਸਪੋਰਟਸ ਕਲੱਬ
• ਸ਼ਹੀਦ ਊਧਮ ਸਿੰਘ 'ਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ
• ਫਤਿਹ ਸਪੋਰਟਸ ਕਲੱਬ
ਕਬੱਡੀ ਲਈ ਪਾਏ ਵਿਸ਼ੇਸ਼ ਯੋਗਦਾਨ ਬਦਲੇ ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਸਮੂਹ ਅਹੁਦੇਦਾਰਾਂ ਅਤੇ ਕਬੱਡੀ ਨੂੰ ਸਮਰਪਿਤ ਰਹੀਆਂ ਸਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ
ਖੇਡ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ
ਦਾਖਲਾ ਮੁਫਤ
ਹਰ ਵਾਰ ਦੀ ਤਰ੍ਹਾਂ ਰਾਜਾ ਸਵੀਟਸ ਦਾ ਲਜ਼ੀਜ਼ ਫੂਡ ਵੀ ਉਪਲਬਧ ਹੋਵੇਗਾ
ਵਿਸ਼ਵ ਕਬੱਡੀ ਕੱਪ ਦੇ ਉਦਘਾਟਨ ਮੌਕੇ ਬੱਚਿਆਂ ਦੀ ਪਰੇਡ ਹੋਵੇਗੀ
ਉੱਘੇ ਪੱਤਰਕਾਰ ਅਤੇ ਲੇਖਕ ਅਜਮੇਰ ਚਾਨਾ ਦਾ ਹੋਵੇਗਾ ਵਿਸ਼ੇਸ਼ ਸਨਮਾਨ
ਗੋਲਡ ਮੈਡਲ ਨਾਲ ਸਨਮਾਨਿਤ ਹੋਣ ਵਾਲੀਆਂ ਸਖਸ਼ੀਅਤਾਂ
ਮੇਜਰ ਸਿੰਘ ਗਾਖਲ ਸਾਬਕਾ ਕਬੱਡੀ ਖਿਡਾਰੀ (ਯੂਨਾਈਟਡ ਸਪੋਰਟਸ ਕਲੱਬ ਵਲੋਂ)
ਬੇ-ਏਰੀਆ ਸਪੋਰਟਸ ਕਲੱਬ ਦੇ ਬਲਜੀਤ ਸਿੰਘ ਸੰਧੂ (ਯੂਨਾਈਟਡ ਸਪੋਰਟਸ ਕਲੱਬ ਵਲੋਂ)
ਰਾਣਾ ਢੰਡ ਸਾਬਕਾ ਕਬੱਡੀ ਖਿਡਾਰੀ (ਕੁਲਵੰਤ ਸਿੰਘ ਨਿੱਝਰ ਤੇ ਸੁਖਬੀਰ ਸਿੰਘ ਨਿੱਝਰ ਵਲੋਂ)
ਦੀਪਾ ਮੁਠੱਡਾ ਸਾਬਕਾ ਕਬੱਡੀ ਖਿਡਾਰੀ (ਤੀਰਥ ਗਾਖਲ ਵਲੋਂ)
ਨੱਥਾ ਸਿੰਘ ਗਾਖਲ (ਤੀਰਥ ਗਾਖਲ ਵਲੋਂ)
ਸੰਦੀਪ ਲੁੱਧੜ (ਬੇ-ਏਰੀਆ ਸਪੋਰਟਸ ਕਲੱਬ ਵਲੋਂ)
-:Sponsors:-
Surjit Singh Tutt, Ranjit Singh Tutt, Aman Truck Line, Tirath S. Gakhal, Randhir Singh Nijjar, Paramjit Singh Lidher, Surinder Singh Atwal, Harduman Singh, Billa Sanghera, Sant Singh Hothi, Sukhwant S. Klair, Baljinder S. Klair, Kashmir S. Dhoot, Inderjit Singh Thind, Gurcharan Singh Maan, Raj Bhanot (Hindu Temple Sunnyvale).
Lachhar Bros., Mike Boparai Winco Truck Stop & Plaza, Kulwant Singh Nijjar, Sukhvir Singh Nijjar, Baljit Singh Sahota, Pappu Kala, Sodhi Indiana, Pargan Singh, Natomas Liquior, Mangal Singh Bhandal, Amrik Chand Lakha CPA, S S Trucking, Sewa Singh Randhawa Canada, Jatinder Pannu.
Lakhvir Singh Patwari, Rana Atwal, Sukhminder Machhiana, Mehnga Singh Sarpanch, Manjit Singh, Kuldip Singh Dhaliwal, Jinder Johal, Sarbjit Singh Dhaliwal, Jack Ram & Paul Ram, National Transport, Travel for less, Tirath Singh Sallh, Bill Bains, Jasvir Takhar, Major Singh Gakhal, Jagtar Singh, Harbhajan Singh Gakhal, TS Badwal, Ranvir Singh, Gurmej Singh Gakhal, Sohan Singh Gakhal, Avtar Singh, Bhupinder Singh Parmar, Shankar Singh, Such Ram Bharta, Darshan Aujla, Kashmir Dhugha, Jaswant Singh Sra, Santokh Singh Takhar, Shashi Pal, Jasvir Singh Sohal, Sewa Singh Sidhwan, Boota Singh Sidhwan, Parmjit Singh Khehra, Jaswinder Shergill, Balwinder Virk, Bittu Rai, Malagher Khehra, Ravinder Johal, Baljit Bassi.

# ਮਹਿਫਿਲ-ਏ-ਗੁਲਜ਼ਾਰ

## ਬੁਲੰਦ ਸ਼ਾਇਰ ਬੁਲੰਦ ਸ਼ਾਇਰੀ



### ਕਲਾ ਪਰਿਕਰਮਾ

ਸਿਮਰਨ ਕੌਰ

*ਮੈਂ ਦੌੜ ਦੌੜ ਕੇ ਕਦਮ ਮਿਲਾਤਾ ਹੂੰ,*
*ਯਿਹ ਜ਼ਿੰਦਗੀ ਕਿਤਨੀ ਤੇਜ਼ ਚਲਤੀ ਹੈ...*

ਇਹ ਹੈ ਸ਼ਾਇਰ ਗੁਲਜ਼ਾਰ ਦੀ ਸ਼ਾਇਰੀ ਦਾ ਰੰਗ ਜਿਸ ਨੇ ਹਾਲ ਹੀ ਵਿਚ, ਚੰਡੀਗੜ੍ਹ ਵਿਚ ਹੋਏ ਦੋ ਸਮਾਗਮਾਂ ਦੌਰਾਨ ਸਰੋਤਿਆਂ/ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੱਤਾ। ਪੰਜਾਬ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਰਾਬਿੰਦਰ ਨਾਥ ਟੈਗੋਰ ਚੇਅਰ ਦਾ ਮੁਖੀ ਬਣਾਇਆਂ ਤਾਂ ਚਿਰ ਹੋ ਚੁੱਕਾ ਹੈ, ਪਰ ਇਸ ਨਿਯੁਕਤੀ ਤੋਂ ਬਾਅਦ ਇਹ ਉਨ੍ਹਾਂ ਦਾ ਪਲੇਠੀ ਚੰਡੀਗੜ੍ਹ ਗੇੜਾ ਸੀ। ਜਾਪਦਾ ਸੀ, ਸਾਰਾ ਚੰਡੀਗੜ੍ਹ ਉਨ੍ਹਾਂ ਦੀ ਸ਼ਾਇਰੀ ਅਤੇ ਉਨ੍ਹਾਂ ਦਾ ਨਿਵੇਕਲਾ ਅੰਦਾਜ਼ ਸੁਣਨ/ਮਾਣਨ ਲਈ ਉਮੜ ਪਿਆ ਹੈ। ਸਾਹਿਤ ਅਤੇ ਕਲਾ ਰਸੀਏ, ਸਮਾਗਮ ਸ਼ੁਰੂ ਹੋਣ ਤੋਂ ਦੋ-ਢਾਈ ਘੰਟੇ ਪਹਿਲਾਂ ਹੀ ਪੁੱਜੇ ਹੋਏ ਸਨ। ਆਪਣੀ ਨਿਯੁਕਤੀ ਬਾਰੇ ਗੁਲਜ਼ਾਰ ਐਨ ਸਪਸ਼ਟ ਹੈ। ਉਨ੍ਹਾਂ ਦਾ ਆਖਣਾ ਹੈ ਕਿ ਹੁਣ ਉਹ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਤਾਂ ਪੜ੍ਹਾ ਨਹੀਂ ਸਕਣਗੇ, ਪਰ ਟੈਗੋਰ ਚੇਅਰ ਦੇ ਮੁਖੀ ਵਜੋਂ ਉਹ ਟੈਗੋਰ ਦਾ ਸੁਨੇਹਾ ਵਿਦਿਆਰਥੀਆਂ ਤੱਕ ਤਾਂ ਅਪੜਾ ਹੀ ਸਕਦੇ ਹਨ। ਇਸੇ ਦਾਈਏ ਨਾਲ ਉਨ੍ਹਾਂ ਇਹ ਨਿਯੁਕਤੀ ਸਵੀਕਾਰ ਕੀਤੀ ਹੈ। ਉਹ ਆਖਦੇ ਹਨ: ਟੈਗੋਰ ਚਾਹੁੰਦੇ ਸਨ ਕਿ ਵਿਦਿਆ ਦਾ ਪਸਾਰ ਐਨ ਹੇਠਾਂ ਤੱਕ ਹੋਣਾ ਚਾਹੀਦਾ ਹੈ, ਤਾਂ ਹੀ ਬੱਚੇ ਉਚੀ ਉਡਾਣ ਭਰ ਸਕਣਗੇ। ਫਿਰ ਗੱਲਾਂ-ਗੱਲਾਂ ਵਿਚ ਉਹ ਟੈਗੋਰ ਦੇ ਆਪਣੀਆਂ ਕਵਿਤਾਵਾਂ ਦੇ ਤਰਜਮੇ ਉਤੇ ਟਕੋਰ ਕਰ ਜਾਂਦੇ ਹਨ। ਕਹਿੰਦੇ ਹਨ: ਬੜਾ ਜ਼ੁਲਮ ਕੀਆ ਉਨਹੋਂ ਨੇ ਅਪਨੀ ਨਜ਼ਮ ਕੇ ਸਾਥ। ਫਿਰ ਵਿਆਖਿਆ ਕਰਦੇ ਹਨ: ਟੈਗੋਰ ਚੰਗੇ ਤਰਜਮਾਕਾਰ ਨਹੀਂ ਸਨ। ਅੰਗਰੇਜ਼ੀ ਵਿਚ ਤਾਂ ਉਹ ਤਰਜਮਾ ਕਰ ਹੀ ਨਹੀਂ ਸਨ ਸਕਦੇ। ਉਨ੍ਹਾਂ ਦੇ ਤਰਜਮੇ ਬਹੁਤੇ ਚੰਗੇ ਨਹੀਂ...। ਬਾਬੇ ਗੁਲਜ਼ਾਰ ਦੀਆਂ ਗੱਲਾਂ ਨਿਰਾਲੀਆਂ ਸਨ, ਰੰਗ ਨਿਰਾਲਾ ਸੀ। ਇਸ ਨਿਰਾਲੇ ਰੰਗ ਅਤੇ ਗੱਲਾਂ ਦਾ ਆਨੰਦ ਸਰੋਤਿਆਂ ਨੇ ਖੂਬ ਮਾਣਿਆ। ਯਾਦ ਰਹੇ ਕਿ ਗੁਲਜ਼ਾਰ ਨੇ ਵੱਖ ਵੱਖ ਖੇਤਰਾਂ ਅਤੇ ਭਾਸ਼ਾਵਾਂ ਨਾਲ ਸਬੰਧਤ 272 ਸ਼ਾਇਰਾਂ ਦੇ ਕਲਾਮ ਦਾ ਤਰਜਮਾ ਕੀਤਾ ਹੋਇਆ ਹੈ।

ਆਮ ਵਾਂਗ ਗੁਲਜ਼ਾਰ ਚਿੱਟੇ ਕੁੜਤੇ-ਪਜਾਮੇ ਵਿਚ ਸਜੇ-ਫਬੇ ਹੋਏ ਸਨ, ਪੈਰੀਂ ਪਾਈ ਨੋਕ ਵਾਲੀ ਤਿੱਲੇਦਾਰ ਜੁੱਤੀ ਉਸੇ ਤਰ੍ਹਾਂ ਚਿਰਕੂੰ ਚਿਰਕੂੰ ਕਰ ਰਹੀ ਸੀ ਅਤੇ ਗੁਲਜ਼ਾਰ ਆਪਣੇ ਉਸੇ ਜਾਣੇ-ਪਛਾਣੇ ਅੰਦਾਜ਼ ਵਿਚ ਸਰੋਤਿਆਂ ਦੇ ਰੂ-ਬਰੂ ਹੋ ਰਹੇ ਸਨ। ਗੱਲਾਂ ਕਰਦਿਆਂ ਉਨ੍ਹਾਂ ਸਾਹਿਤ ਬਾਰੇ ਚਰਚਾ ਛੇੜੀ। ਸਾਹਿਤ ਤੋਂ ਵੀ ਅਗਾਂਹ ਬਾਲ ਸਾਹਿਤ ਦੀ ਗੱਲ ਕੀਤੀ। ਜਦੋਂ ਉਨ੍ਹਾਂ ਕਿਹਾ ਕਿ ਮਰਾਠੀ, ਬੰਗਲਾ ਤੇ ਮਲਿਆਲਮ ਨੂੰ ਛੱਡ ਕੇ ਕਿਸੇ ਹੋਰ ਭਾਸ਼ਾ ਵਿਚ ਬਾਲ ਸਾਹਿਤ ਬਾਰੇ ਬਹੁਤੀਆਂ ਉਮਦਾ ਕਿਤਾਬਾਂ ਨਹੀਂ ਮਿਲਦੀਆਂ ਤਾਂ ਉਨ੍ਹਾਂ ਦੇ ਚਿਹਰੇ ਦਾ ਦਰਦ ਪੜ੍ਹਨ ਹੀ ਵਾਲਾ ਸੀ। ਪੰਜਾਬੀ ਬਾਰੇ ਵੀ ਉਨ੍ਹਾਂ ਇਹੀ ਆਖਿਆ। ਗੱਲਾਂ ਦੌਰਾਨ ਜਦੋਂ ਕਿਸੇ ਨੇ ਇਹ ਕਿਹਾ ਕਿ ਸੋਸ਼ਲ ਮੀਡੀਆ ਨੇ ਕਿਤਾਬਾਂ ਦਾ 'ਕਤਲ' ਕਰ ਦਿੱਤਾ ਹੈ ਤਾਂ ਗੁਲਜ਼ਾਰ ਨੇ ਅਸਹਿਮਤੀ ਪ੍ਰਗਟਾਈ ਅਤੇ ਕਿਹਾ- ਤੁਸੀਂ ਕਿਸੇ ਵੀ ਭਾਸ਼ਾ ਦਾ ਸਾਹਿਤ ਚੁੱਕ ਕੇ ਦੇਖ ਲਓ, ਕਿਤਾਬਾਂ ਦੀ ਗਿਣਤੀ ਵਧ ਰਹੀ ਹੈ। ਅਗਾਂਹ ਫਰਮਾਇਆ: ਸਭ ਨੂੰ ਲਿਖਣਾ ਚਾਹੀਦਾ ਹੈ। ਜੇ ਤੁਹਾਡੀ ਰਚਨਾ ਵਿਚ ਦਮ ਹੋਇਆ ਤਾਂ ਇਹ ਪਾਠਕਾਂ ਤੱਕ ਜ਼ਰੂਰ ਅੱਪੜ ਜਾਵੇਗੀ। ਜਿਸ ਉਮਰ ਵਿਚੋਂ ਅੱਜ ਸਾਹਿਤ ਅਤੇ ਕਲਾ ਦਾ ਇਹ ਗੁਲਜ਼ਾਰ ਲੰਘ ਰਿਹਾ ਹੈ, ਉਸ ਉਮਰ ਤੱਕ ਪੁੱਜਦਿਆਂ ਬਹੁਤੇ, ਨਵੀਂ ਪੀੜ੍ਹੀ ਨੂੰ ਕੋਸਦੇ ਹੀ ਨਜ਼ਰ ਆਉਂਦੇ ਹਨ: ਅਖੇ, ਆਹ ਨਹੀਂ ਕਰ ਰਹੇ... ਅਹੁ ਨਹੀਂ ਕਰ ਰਹੇ... ਪਰ ਗੁਲਜ਼ਾਰ ਦਾ ਆਖਣਾ ਹੈ: ਮੇਰੀਆਂ ਤਾਂ ਸਭ ਡੋਰੀਆਂ ਨਵੀਂ ਪੀੜ੍ਹੀ ਉਤੇ ਹੀ ਹਨ। ਮੇਰਾ ਛੇ ਵਰ੍ਹਿਆਂ ਦਾ ਦੋਹਤਾ ਮੇਰਾ ਮੋਬਾਈਲ ਫੋਨ ਝੱਟ ਰਵਾਂ ਕਰ ਦਿੰਦਾ ਹੈ। ਸਾਨੂੰ ਇਨ੍ਹਾਂ ਉਤੇ ਯਕੀਨ ਕਰਨਾ ਪਵੇਗਾ, ਤਾਂ ਹੀ ਕੋਈ ਗੱਲ ਬਣ ਸਕੇਗੀ। ਸੰਤਾਲੀ ਵਾਲੀ ਵੰਡ ਦਾ ਦਰਦ ਗੁਲਜ਼ਾਰ ਦੇ ਕਿਤੇ ਧੁਰ ਅੰਦਰ ਬੈਠਾ ਹੋਇਆ ਹੈ।



ਵੰਡ ਵੇਲੇ ਉਹ 13 ਵਰ੍ਹਿਆਂ ਦਾ ਸੀ ਅਤੇ ਉਸ ਵੇਲੇ ਦੀ ਵੱਢ-ਟੁੱਕ ਦੇ ਨਿਸ਼ਾਨ ਅਜੇ ਵੀ ਉਸ ਦੇ ਜ਼ਿਹਨ ਉਤੇ ਦਿਖਾਈ ਦੇ ਜਾਂਦੇ ਹਨ। ਉਦੋਂ ਉਹ ਸੰਪੂਰਨ ਸਿੰਘ ਹੁੰਦਾ ਸੀ। ਫਿਰ ਸੰਪੂਰਨ ਸਿੰਘ ਕਾਲੜਾ, ਫਿਰ ਗੁਲਜ਼ਾਰ ਦੀਨਵੀ ਅਤੇ ਫਿਰ ਇਕੱਲਾ ਗੁਲਜ਼ਾਰ। ਉਹਦਾ ਜਨਮ ਸਾਂਝੇ ਪੰਜਾਬ ਦੇ ਜ਼ਿਲ੍ਹੇ ਜਿਹਲਮ ਵਿਚ ਦੀਨਾ ਵਿਖੇ 18 ਅਗਸਤ 1934 ਨੂੰ ਹੋਇਆ ਸੀ। ਹੁਣ ਸੰਪੂਰਨ ਸਿੰਘ ਕਾਲੜਾ ਭਾਵੇਂ ਬਹੁਤ ਪਿਛਾਂਹ ਛੁੱਟ ਗਿਆ ਹੈ, ਪਰ ਵੰਡ ਦਾ ਦਰਦ ਸਦਾ ਉਸ ਦੇ ਨਾਲ ਨਾਲ ਤੁਰਿਆ ਹੈ। ਇਹ ਦਰਦ ਉਸ ਦੀ ਕਾਨੀ ਅੰਦਰ ਲੋਹੜੇ ਦਾ ਸੇਕ ਭਰਦਾ ਹੈ। ਅਜਿਹੀਆਂ ਗੱਲਾਂ ਕਰਦਿਆਂ ਗੁਲਜ਼ਾਰ ਅੰਤਾਂ ਦਾ ਉਦਾਸ ਹੋ ਜਾਂਦਾ ਹੈ। ਫਿਰ ਅਚਾਨਕ ਉਹ ਕਿਸੇ ਹੋਰ ਸ਼ਾਇਰ ਦੀ ਰਚਨਾ ਉਚਾਰਦਾ ਹੈ: ਉਮੀਦ ਕੀ ਕਿਰਨ ਕੇ ਸਿਵਾ ਕੁਛ ਨਹੀਂ ਯਹਾਂ/ਇਸ ਘਰ ਮੇਂ ਰੌਸ਼ਨੀ ਕਾ ਯਹੀ ਇੰਤਜ਼ਾਮ ਹੈ। ਸੱਚਮੁੱਚ ਉਮੀਦ ਦੀ ਇਹ ਕਿਰਨ ਗੁਲਜ਼ਾਰ ਦੀਆਂ ਸਮੁੱਚੀਆਂ ਕਲਾਕਿਰਤਾਂ ਦੇ ਆਰ-ਪਾਰ ਫੈਲੀ ਦਿਖਾਈ ਦਿੰਦੀ ਹੈ; ਇਹ ਭਾਵੇਂ ਸ਼ਬਦ ਸੰਸਾਰ ਹੈ ਤੇ ਭਾਵੇਂ ਫਿਲਮਾਂ। ਲਗਦਾ ਹੈ, ਇਹ ਕਿਰਤਾਂ ਤੁਹਾਡੇ ਨਾਲ ਹਰ ਵਕਤ ਸੰਵਾਦ ਰਚਾ ਰਹੀਆਂ ਹਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਸਤੰਬਰ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-237



*ਗਊ ਦਾ ਜਾਇਆ ਤੇ ਮੈਂ ਬੈਠੇ ਸਭ ਨੂੰ ਲਈਏ ਮੋਹ।*
*ਦੇਖ ਕੇ ਸਾਨੂੰ ਦੱਸਿਉ ਤਾਂ ਜੀ ਮੈਂ ਸੋਹਣਾ ਕਿ ਉਹ?*

## ਕੈਪਸ਼ਨ ਮੁਕਾਬਲਾ-235



ਤਿੰਨ ਤਾਂ ਅਸਾਂ ਟਰੈਕਟਰ ਰੱਖੇ
ਨਹੀਂ ਕਿਸੇ ਤੋਂ ਘੱਟ ਬਈ।
ਛੱਤੀ ਦਸ ਨੇ ਨਵੇਂ ਲਿਆਂਦੇ
ਕੱਢ ਦਿੰਦੇ ਨੇ ਵੱਟ ਬਈ।
ਲੋੜ ਪਈ ਤਾਂ ਦੱਸ ਦਿਓ
ਲੈ ਆਵਾਂਗੇ ਝੱਟ ਬਈ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਘਾਹੀ ਦਾ ਪੁੱਤ ਘਾਹੀ ਹੁੰਦਾ
ਕਹਿੰਦੇ ਸੀ ਲੋਕ ਸਿਆਣੇ।
ਬਾਪੂ ਕਿਸਾਨ ਜਾਂ ਮਿਸਤਰੀ ਹੋਵੇ
ਤਾਂ ਟਰੈਕਟਰ ਚਲਾਉਣ ਨਿਆਣੇ।
ਖੇਡਾਂ ਵੀ ਸਨ ਕਿੱਤੇ ਨਾਲ ਜੁੜੀਆਂ
ਹੁਣ ਸਭ ਕੁਝ ਉਲਟਾ ਹੋਇਆ।
ਨਵੇਂ ਯੁਗ ਦੇ ਨਵੇਂ ਖਿਡੌਣੇ
ਹੁਣ ਹਲ-ਪੰਜਾਲੀ ਅਲੋਪ ਹੋਇਆ।
ਕਲਯੁਗ ਨੇ ਕਲਾ ਐਸੀ ਵਰਤਾਈ
ਬਦਲੀ ਸੋਚ ਹੁਣ ਬੰਦੇ ਨੇ।
ਜੱਟ ਦਾ ਪੁੱਤ ਮਰਾਸੀ ਬਣ ਗਾਵੇ
ਮਰਾਸੀਆਂ ਵੀ ਬਦਲੇ ਧੰਦੇ ਨੇ।
ਪਾਪੀ ਪੇਟ ਲਈ ਮਜਬੂਰੀ ਵੱਸ
ਕੰਮ ਜੋ ਮਿਲਿਆ ਕਰਨਾ ਪਊ।
'ਮਨੂੰ' ਦੀ ਜਾਤ-ਪਾਤ ਦੀ ਵੰਡ ਨੂੰ
ਹੁਣ ਇਥੋਂ ਵਿਦਾ ਕਰਨਾ ਪਊ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---


ਫੋਟੋ ਵਿਚ ਤੱਕ ਕੇ ਨਜ਼ਾਰਾ
ਬਚਪਨ ਚੇਤੇ ਆ ਗਿਆ ਸਾਰਾ।
ਮੇਲੇ-ਮੱਸਿਆ 'ਤੇ ਜਦ ਜਾਣਾ
ਜ਼ਿਦ ਕਰਨੀ, ਬੇਬੇ ਟਰੈਕਟਰ ਲੈਣਾ।
ਪਰ ਬੀਬੀ ਕਰਦੀ ਇਹੋ ਗੱਲ
ਅਗਲੀ ਵਾਰ ਲੈ ਦਊਂ ਚੱਲ।
ਪਿੰਡ ਸਾਡੇ ਜਦ ਛਿੰਜ ਪੈਣੀ
ਮੇਰੀ ਅੜੀ ਟਰੈਕਟਰ ਵਾਲੀ ਰਹਿਣੀ।
ਬੇਬੇ ਆਖਰੀ ਦੁਕਾਨ ਵੀ ਚੱਲੀ
ਮੈਂ ਆਪਣੀ ਅੜੀ ਬੈਠਾ ਸੀ ਮੱਲੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਉਮਰ ਵੀ ਇਹ ਹੈ ਸੁਨਹਿਰੀ
ਜਦ ਮਨ ਦਾ ਰਾਂਝਾ ਰਾਜੀ ਹੋਵੇ।
ਸੁਰਖਰੂ ਸਭ ਸੋਚਾਂ ਤੋਂ
ਮਾਨਸਿਕਤਾ ਅਤੇ ਬਚਪਨਾ।
ਵੱਡੀ ਮਸ਼ੀਨਰੀ ਕਰਜ਼ ਮੰਗਦੀ
ਮੰਗਦੀ ਨਾਲੇ ਗਿੱਦੜ-ਪ੍ਰਵਾਨਾ
ਆਖਦੇ ਜਿਹਨੂੰ ਡਰਾਈਵਿੰਗ ਲਾਇਸੈਂਸ।
ਹੈ ਤਾਂ ਇਹ ਵੀ ਟਰੈਕਟਰ
ਚਲਾ ਸਕਦੇ ਹੋ ਜਿਸ ਨੂੰ
ਘਰ ਦੀ ਚਾਰ-ਦੀਵਾਰੀ 'ਚ
ਜਾਂ ਨੇੜੇ-ਤੇੜੇ,
ਪਾਊ ਧਮਾਲਾਂ ਉਵੇਂ ਹੀ
ਜੀ.ਟੀ. ਰੋਡ ਉਤੇ
ਬੁੱਕਦਾ ਜਿਵੇਂ ਜਾ ਰਿਹਾ।
ਖੁਸ਼ੀ ਦੀ ਕੋਈ ਹੱਦ ਨਹੀਂ
ਚੜ੍ਹ ਗਿਆ ਜਦ ਟੀਸੀ 'ਤੇ।
ਟਰੈਕਟਰ ਤਾਂ ਟਰੈਕਟਰ ਹੀ ਹੈ
ਛੋਟੇ ਹੋਵੇ ਜਾਂ ਵੱਡਾ,
ਛੋਟੇ ਨੂੰ ਬੱਚਾ ਚਲਾਵੇ, ਵੱਡੇ ਨੂੰ ਗੱਭਰੂ।

***-ਦਰਸ਼ਨਪਾਲ ਦੋਸਾਂਝ***


PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS
Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ
Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
www.Transportationfunding.com
Transportation Funding Group, Inc.
Minneapolis , MN 55426


HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080

# 'ਕੰਧਾਂ ਰੇਤ ਦੀਆਂ' ਨਾਟਕ ਨੇ ਦਰਸ਼ਕ ਕੀਤੇ ਚਕਾਚੌਂਧ

**ਟੋਰਾਂਟੋ:** ਪੰਜਾਬੀ ਆਰਟਸ ਐਸੋਸੀਏਸ਼ਨ, ਟੋਰਾਂਟੋ ਦੇ ਉਦਮ ਨਾਲ ਰੋਜ਼ ਥਿਏਟਰ ਬਰੈਪਟਨ ਵਿਖੇ ਪਿਛਲੇ ਦਿਨੀਂ ਸਰਬਜੀਤ ਸਿੰਘ ਅਰੋੜਾ ਦੇ ਨਿਰਦੇਸ਼ਨ ਹੇਠ ਖੇਡੇ ਗਏ ਨਾਟਕ 'ਕੰਧਾਂ ਰੇਤ ਦੀਆਂ' ਨੂੰ ਵੇਂਹਦਿਆਂ ਮਨ ਵਿਚ ਕਈ ਸਵਾਲ ਉਠੇ, ਕਲਾ ਕੀ ਹੈ, ਕਿਉਂ ਹੈ! ਕਲਾ ਅਤੇ ਮਨੁੱਖੀ ਜ਼ਿੰਦਗੀ ਦਾ ਸਬੰਧ ਕੀ ਹੈ? ਸ਼ਾਇਰੀ ਜਾਂ ਸੰਗੀਤ ਦਾ ਜ਼ਿੰਦਗੀ ਵਿਚ ਰੋਲ ਕੀ ਹੈ? ਕੀ ਕਲਾ ਜ਼ਿੰਦਗੀ ਦਾ ਮਹਿਜ਼ ਅਨੁਕਰਨ ਹੈ ਜਾਂ ਇਸ ਦੇ ਜੀਵਨ ਤੋਂ ਪਾਰਗਾਮੀ ਸਰੋਕਾਰ ਵੀ ਹੁੰਦੇ ਹਨ ਜਿਨ੍ਹਾਂ ਤੋਂ ਇਨਸਾਨ ਨੇ ਪ੍ਰੇਰਨਾ ਲੈਣੀ ਹੁੰਦੀ ਹੈ?

ਨਾਟਕ ਦਾ ਥੀਮ ਕੈਨੇਡਾ ਦੇ ਸ਼ਹਿਰ ਵੈਨਕੂਵਰ ਰਹਿੰਦੇ ਜੱਗਾ ਸਿੰਘ ਦੇ ਸਿੱਖ ਪਰਿਵਾਰ 'ਤੇ ਕੇਂਦਰਿਤ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਇਥੇ ਰਹਿੰਦਿਆਂ ਵੀ ਪੁਰਾਣੀਆਂ ਕਦਰਾਂ-ਕੀਮਤਾਂ ਜਾਂ ਸੰਸਕਾਰਾਂ ਤੋਂ ਸੁਰਖ਼ਰੂ ਨਾ ਹੋ ਸਕਣ ਕਾਰਨ ਬੁਰੀ ਤਰ੍ਹਾਂ ਸੰਤਾਪਿਆ ਹੋਇਆ ਹੈ।

ਜੱਗੇ ਦੇ ਵੱਡੇ ਲੜਕੇ ਨੇ ਕਈ ਵਰ੍ਹੇ ਪਹਿਲਾਂ ਮਿਸ਼ੈਲ ਨਾਂ ਦੀ ਗੋਰੀ ਲੜਕੀ ਨਾਲ ਵਿਆਹ ਕਰਵਾਇਆ ਅਤੇ ਉਹ ਪਰਿਵਾਰ ਵਿਚ ਰਚੀ ਮਿਚੀ ਵੀ ਹੋਈ ਹੈ-ਇਸ ਪੱਖੋਂ ਉਹ ਖੁਸ਼ ਹੈ, ਕੋਈ ਰੌਲਾ ਨਹੀਂ ਹੈ। ਹੁਣ ਧੀ ਰੂਬੀ ਦਾ ਵਿਆਹ ਹੈ ਜੋ ਕਿ ਮਨਮਰਜ਼ੀ ਦੀ ਮਾਲਕ ਹੈ ਅਤੇ ਪ੍ਰੰਪਰਕ ਸੰਵੇਦਨਾ ਵਿਚ ਰੁਟਿਡ ਬਿਲਕੁਲ ਵੀ ਨਹੀਂ ਹੈ। ਜੱਗੇ ਦੀ ਪਤਨੀ ਰਾਣੀ ਨੂੰ ਆਪਣੀ ਧੀ ਦੇ ਮਨੋ ਸੰਸਾਰ ਦੀ ਕੋਈ ਖ਼ਬਰ ਨਹੀਂ ਹੈ। ਉਸ ਦਾ ਸਾਰਾ ਜ਼ੋਰ ਉਸ ਨੂੰ ਆਪਣੇ ਭਾਈਚਾਰਕ ਪਿਛੋਕੜ ਵਾਲੇ ਮੁੰਡੇ ਨਾਲ ਵਿਆਹੁਣ 'ਤੇ ਲੱਗਾ ਹੋਇਆ ਹੈ। ਅਖੀਰ ਉਸ ਦੀ ਧੀ ਦੇਸੀ ਮੁੰਡੇ ਨਾਲ ਫੇਰੇ ਲੈਣ ਲਈ ਰਜ਼ਾਮੰਦ ਹੋ ਗਈ ਹੈ। ਰਾਣੀ ਦੇ ਚਾਅ ਦੀ ਹੁਣ ਕੋਈ ਸੀਮਾ ਨਹੀਂ ਹੈ; ਖਰਚੇ ਦੀ ਉਸ ਨੂੰ ਜ਼ਰਾ ਵੀ ਪ੍ਰਵਾਹ ਨਹੀਂ ਹੈ।

ਨਾਟਕ ਦਾ ਅਰੰਭ 'ਜਾਗੋ' ਦੀ ਝਾਕੀ ਨਾਲ ਹੁੰਦਾ ਹੈ ਜਿਸ ਨੂੰ ਨਿਰਦੇਸ਼ਕ ਨੇ ਅਜਿਹੇ ਸੁਚੱਜੇ ਅੰਦਾਜ਼ ਵਿਚ ਵਿਉਂਤਿਆ ਹੈ ਕਿ ਪੰਜਾਬ ਦੇ ਕਿਸੇ ਧਨੀ ਕਿਸਾਨੀ ਪਰਿਵਾਰ ਦੇ ਘਰੇ ਵਿਆਹ ਦਾ ਮੁਕੰਮਲ ਮਾਹੌਲ ਉਜਾਗਰ ਹੋ ਜਾਂਦਾ ਹੈ। ਉਦੋਂ ਹੀ ਸਟੇਜ 'ਤੇ ਜੱਗੇ ਦੇ ਮਾਮੇ ਦਾ ਪੁੱਤਰ ਤਾਰੀ ਅਤੇ ਰਾਣੀ ਦੇ ਮਾਮੇ ਦੀ ਧੀ ਪੰਮੀ ਆ ਪਹੁੰਚਦੇ ਹਨ। ਭਾਂਤ ਭਾਂਤ ਦੇ ਪਕਵਾਨਾਂ ਬਾਰੇ ਉਨ੍ਹਾਂ ਵਿਚ ਦਿਲਚਸਪ ਨੋਕ-ਝੋਕ ਹੁੰਦੀ ਹੈ। ਫਿਰ ਜੱਗਾ ਅਤੇ ਉਸ ਦੀ ਪਤਨੀ ਰਾਣੀ ਸਟੇਜ 'ਤੇ ਆ ਜਾਂਦੇ ਹਨ। ਰਾਣੀ ਇਕ ਪਿਛੋਂ ਇਕ ਪ੍ਰੋਗਰਾਮ ਛਾਪੀ ਚਲੀ ਜਾਂਦੀ ਹੈ ਜਿਨ੍ਹਾਂ 'ਤੇ ਹੋਣ ਵਾਲੇ ਬੇਸਿਰਪੈਰ ਖਰਚਿਆਂ ਨੇ ਅਗਲੇ ਦਿਨਾਂ ਵਿਚ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਲੀਹੋਂ ਲਾਹ ਦੇਣਾ ਹੈ; ਨੀਂਦਾਂ ਵਿਚ ਸਦੀਵੀ ਖਲਲ ਪਾ ਦੇਣਾ ਹੈ।



ਨਾਟਕ ਦਾ ਇਕ ਦ੍ਰਿਸ਼

ਜੱਗਾ ਆਪਣੀ ਸਾਥਣ ਰਾਣੀ ਵੱਲੋਂ ਵਿਛਾਈ ਜਾ ਰਹੀ ਫਜ਼ੂਲ ਦੇ ਅਡੰਬਰਾਂ ਦੀ ਬਸਾਤ ਨਾਲ ਅਜੇ ਖੌਜਲ ਹੀ ਰਿਹਾ ਹੈ ਕਿ ਉਸ ਦੀ 'ਧੀ ਰਾਣੀ' ਰੂਬੀ ਸਟੇਜ 'ਤੇ ਪ੍ਰਗਟ ਹੁੰਦੀ ਹੈ ਅਤੇ ਆਉਂਦਿਆਂ ਹੀ ਡਾਇਲਾਗ ਮਾਰਦੀ ਹੈ, "ਵੱਟਸ ਗੋਇੰਗ ਆਨ ਡੈਡ! ਕੀ ਗੱਲ ਹੈ, ਇਜ਼ ਮੌਮ ਅੱਪਸੈਟ?" ਅਤੇ ਨਾਲ ਹੀ "ਓ ਡੈਡ! ਆਈ ਲਵ ਯੂ ਵੈਰੀ ਮੱਚ ਡੈਡ" ਕਹਿੰਦਿਆਂ ਉਸ ਨੂੰ ਜੱਫੀ ਪਾ ਲੈਂਦੀ ਹੈ।

ਰੂਬੀ ਆਪਣੇ ਬਾਪ ਕੋਲੋਂ ਵੀਜ਼ਾ ਕਾਰਡ ਮੰਗਦੀ ਹੈ। ਅਖੇ ਉਸ ਨੇ ਆਪਣੀਆਂ ਸਾਥਣਾਂ ਨੂੰ ਬਾਹਰ ਕਿਸੇ ਮਹਿੰਗੇ ਰੈਸਟੋਰੈਂਟ ਵਿਚ ਲਿਜਾ ਕੇ ਲੰਚ ਕਰਵਾਉਣਾ। ਇਹ ਸੁਣਦਿਆਂ ਹੀ ਜੱਗਾ ਸਿੰਘ ਦਾ ਸਿਰ ਚਕਰਾ ਜਾਂਦਾ ਹੈ। ਉਹ ਧੀ ਅੱਗੇ ਤਰਲਾ ਮਾਰਦਾ ਹੈ ਕਿ ਘਰੇ ਭਾਂਤ ਭਾਂਤ ਦੇ ਪਕਵਾਨ ਜੋ ਬਣੇ ਹੋਏ ਹਨ, ਉਹ ਕਿਹਨੇ ਖਾਣੇ ਨੇ? ਜੱਗਾ ਅਜੇ ਸੰਭਲ ਹੀ ਰਿਹਾ ਹੈ ਕਿ ਰੂਬੀ ਉਸ ਦੇ ਸਿਰ 'ਤੇ ਅਗਲਾ ਹੋਰ ਵੀ ਵੱਡਾ ਗੋਲਾ ਇਹ ਕਹਿੰਦਿਆਂ ਦਾਗ ਦਿੰਦੀ ਹੈ, "(ਐਂਡ) ਆਈ ਫਾਰਗਾਟ ਟੂ ਟੈਲ ਯੂ, ਪਰਸੋਂ ਮੈਂ ਮੰਮੀ ਦੇ ਵੀਜ਼ੇ ਤੋਂ ਮੂਵੀ ਵਾਲਿਆਂ ਨੂੰ ਦਸ ਹਜ਼ਾਰ ਡਾਲਰ ਪੇ ਕੀਤੇ ਸਨ!"

ਇਹ 'ਗੋਲਾ' ਵੱਜਦਿਆਂ ਹੀ ਜੱਗੇ ਦੀ ਜਾਨ ਨਿਕਲ ਜਾਂਦੀ ਹੈ। ਉਸ ਦੇ ਮੂੰਹੋਂ 'ਦਸ ਹਜ਼ਾਰ! ਫੋਟੋ ਤੇ ਮੂਵੀ ਵਾਸਤੇ!' ਬੜੀ ਮੁਸ਼ਕਿਲ ਨਾਲ ਉਹ ਕਹਿੰਦਾ ਹੈ, "ਪੁੱਤ ਐਨੇ ਪੈਸੇ! ਮੂਵੀਆਂ ਅੱਜ ਕੱਲ ਕੌਣ ਵੇਂਹਦਾ; ਕਿਸੇ ਕੋਲ ਟੈਮ ਹੀ ਨਹੀਂ ਹੁੰਦਾ। ਘਰ ਵਾਲੇ ਵੀ ਇੱਕ ਵਾਰੀ ਹੀ ਤਾਂ ਵੇਂਹਦੇ ਹਨ!"

ਪ੍ਰੰਤੂ ਰੂਬੀ ਆਪਣੀ ਧੁਨ ਦੀ ਪੱਕੀ ਹੈ, ਉਹ ਕਹਿੰਦੀ ਹੈ, "ਡੈਡ ਵਿਆਹ ਵੀ ਤਾਂ ਜ਼ਿੰਦਗੀ ਵਿਚ ਇੱਕੋ ਵਾਰ ਹੁੰਦੈ।" ਇਸ ਘਾਤਕ ਡਾਇਲਾਗ ਨਾਲ ਉਹ ਆਪਣੇ ਪਿਉ ਤੋਂ ਹਥਿਆਰ ਸੁਟਵਾ ਲੈਂਦੀ ਹੈ।

ਖੈਰ, ਰੂਬੀ ਦਾ ਵਿਆਹ ਪੂਰੇ ਧੂਮ ਧੜੱਕੇ ਨਾਲ ਹੋ ਜਾਂਦਾ ਹੈ। ਪਰ ਉਹ ਜ਼ਿੱਦਲ ਬੜੀ ਹੈ। ਨਵੇਂ ਘਰ 'ਚ ਉਸ ਦੀ ਬਿਜਦੀ ਨਹੀਂ ਹੈ। ਮਹੀਨਾ-ਖੰਡ ਉਹ ਸਹੁਰੇ ਘਰੇ ਕੱਟਦੀ ਹੈ ਅਤੇ ਵਾਪਸ ਮਾਪਿਆਂ ਕੋਲ ਆ ਕੇ ਐਲਾਨ ਕਰ ਦਿੰਦੀ ਹੈ ਕਿ ਉਸ ਹੁਣ ਉਥੇ ਕਦੀ ਵੀ ਵਾਪਸ ਨਹੀਂ ਜਾਣਾ।

ਜੱਗੇ ਅਤੇ ਰਾਣੀ ਦੀ ਜ਼ਿੰਦਗੀ ਦੀ ਤ੍ਰਾਸਦੀ ਦਾ ਸਿਖਰ ਉਦੋਂ ਆਉਂਦਾ ਹੈ, ਜਦੋਂ ਉਨ੍ਹਾਂ ਦੀ ਧੀ-ਰਾਣੀ ਦੱਸਦੀ ਹੈ ਕਿ ਉਹ ਤਾਂ ਡੇਢ ਮਹੀਨਾ ਕੈਦ ਕੱਟ ਕੇ ਆਈ ਹੈ ਅਤੇ ਨਾਲ ਹੀ ਕਹਿੰਦੀ ਹੈ ਕਿ ਉਨ੍ਹਾਂ ਨੂੰ ਕੀ ਪਤੈ ਕਿ ਉਸ ਨੇ ਉਹ ਨਰਕ ਭੋਗਿਆ ਕਿਵੇਂ ਹੈ।

ਇਹ ਅੰਤਿਮ ਸੀਨ ਨਰਕ ਦਾ ਸਿਖਰ ਸੀ। ਰੂਬੀ ਤਾਂ ਇਸ ਸੀਨ ਵਿਚ ਮਾਨੋ ਚੰਡੀ ਦਾ ਰੂਪ ਧਾਰੀ ਖੜ੍ਹੀ ਸੀ, ਜੱਗਾ ਅਤੇ ਉਸ ਦੀ ਨਿਕਰਮੀ ਸਾਥਣ ਰਾਣੀ ਸੰਤਾਪ ਦੀ ਸਾਖਸ਼ਾਤ ਮੂਰਤ ਬਣੇ ਹੋਏ ਹਨ। ਉਹ ਵਿਲਕਦੇ ਹਨ ਪ੍ਰੰਤੂ ਨਾਲ ਹੀ ਨਾਲ ਖੁਦ ਆਪਣੀ ਜ਼ਿੰਦਗੀ 'ਤੇ ਝਾਤ ਪਾਉਂਦਿਆਂ ਇੱਕ ਤੋਂ ਬਾਅਦ ਇੱਕ ਇਕਬਾਲ ਕਰੀ ਆਉਂਦੇ ਹਨ ਕਿ ਕਿਤੇ ਵਿਰਾਸਤੀ ਕਦਰਾਂ ਨੂੰ ਉਨ੍ਹਾਂ ਖੁਦ ਵੀ ਤਾਂ ਮੰਨਿਆ ਨਹੀਂ ਸੀ! ਤੇ ਫਿਰ ਵਿਰਾਸਤੀ ਮੁੱਲਾਂ ਦੀਆਂ ਮਜ਼ਬੂਤ ਨੀਂਹਾਂ ਤੋਂ ਬਿਨਾ ਰੇਤ ਦੀਆਂ ਕੰਧਾਂ 'ਤੇ ਉਸਰੀ ਪਰਿਵਾਰਕ ਇਮਾਰਤ ਜਦੋਂ ਕਿਰਦੀ ਹੈ ਤਾਂ ਨਿਰਦੇਸ਼ਕ ਜਾਂ ਕਥਾਕਾਰ ਦਾ ਸਾਰਾ ਮਨੋਰਥ, ਪ੍ਰਯੋਜਨ ਜਾਂ ਸੰਦੇਸ਼ ਸਸ਼ਕਤ ਰੂਪ ਵਿਚ ਦਰਸ਼ਕਾਂ ਨੂੰ ਸਮਝ ਆਈ ਜਾਂਦਾ ਹੈ।

ਬਰੈਂਪਟਨ ਭਾਈਚਾਰੇ ਦੇ ਜਾਣੇ-ਪਛਾਣੇ ਸ਼ਾਇਰ ਓਂਕਾਰਪ੍ਰੀਤ ਦਾ ਗੀਤ

ਕੰਧਾਂ ਰੇਤ ਦੀਆਂ
ਇਹ ਕੰਧਾਂ ਰੇਤ-ਲੀਆਂ
ਹੁਣ ਵੀ ਗਈਆਂ। ਹੁਣ ਵੀ ਢਹੀਆਂ।
ਮੋਹ ਦੀ ਥਾਂ ਮਤਲਬ ਬੁਨਿਆਦਾਂ
ਉਨ੍ਹਾਂ ਘਰਾਂ ਦੀਆਂ ਕੀ ਮੁਨਿਆਦਾਂ
ਹੁਣ ਵੀ ਢਹੀਆਂ। ਹੁਣ ਵੀ ਗਈਆਂ।
---
ਦੋ ਜਿਸਮਾਂ ਨੇ ਲਾਵਾਂ ਲਈਆਂ
ਧੁਰ ਅੰਦਰੋਂ ਨਾ ਸਾਂਝਾਂ ਪਈਆਂ
ਹੁਣ ਵੀ ਗਈਆਂ। ਹੁਣ ਵੀ ਢਹੀਆਂ।

ਬਹੁਤ ਹੀ ਸਾਰਥਿਕ ਲੈਅ ਵਿਚ ਸਾਰੇ ਨਾਟਕ ਦੇ ਆਰ-ਪਾਰ ਫੈਲਿਆ ਹੋਇਆ ਹੈ ਜੋ ਕਿ ਨਿਸਚੇ ਹੀ ਨਾਟਕ ਦੇ ਸੰਦੇਸ਼ ਨੂੰ ਭਾਵਪੂਰਤ ਰੂਪ ਵਿਚ ਉਜਾਗਰ ਕਰਨ ਵਿਚ ਸਹਾਈ ਹੁੰਦਾ ਹੈ।

ਨਾਟਕ ਦੇ ਅਖੀਰ ਵਿਚ ਕੋਰਸ:

ਆਉ ਮੇਰੇ ਸਾਥੀਓ ਆਉ ਮੇਰੇ ਬੇਲੀਓ
ਜ਼ਿੰਦਗੀ ਨੂੰ ਜਸ਼ਨ ਬਣਾ ਲਈਏ
ਜ਼ਿੰਦਗੀ ਦਾ ਜਸ਼ਨ ਮਨਾ ਲਈਏ।

ਨਾਟਕ ਦੇ ਉਸੇ ਸੰਦੇਸ਼ ਨੂੰ ਹੋਰ ਵੀ ਪਰਪੱਕ ਕਰ ਜਾਂਦਾ ਹੈ।

ਇਹ ਨਾਟਕ ਕੈਨੇਡਾ ਰਹਿੰਦੇ ਨਾਮੀ ਕਹਾਣੀਕਾਰ ਹਰਪ੍ਰੀਤ ਸਿੰਘ ਸੇਖਾ ਦੀ ਕਹਾਣੀ 'ਤੇ ਆਧਾਰਤ ਸੀ ਅਤੇ ਨਾਟਕੀ ਰੂਪਾਂਤਰਣ ਇਸ ਦਾ ਐਡਮਿੰਟਨ ਰਹਿੰਦੇ ਪਰਮਜੀਤ ਸਿੰਘ ਗਿੱਲ ਵੱਲੋਂ ਕੀਤਾ ਗਿਆ ਸੀ। ਨਾਟਕ ਦੌਰਾਨ ਜੱਗੇ ਦੀ ਭੂਮਿਕਾ ਜਗਵਿੰਦਰ ਜੱਜ, ਰਾਣੀ ਦੀ ਭੂਮਿਕਾ ਰਮਨ ਵਾਲੀਆ, ਰੂਬੀ ਦੀ ਭੂਮਿਕਾ ਮੋਹਰ ਚੀਮਾ ਨੇ ਬਹੁਤ ਖ਼ੂਬਸੂਰਤੀ ਨਾਲ ਨਿਭਾਈ। ਗੋਰੀ ਨੂੰਹ ਦੀ ਭੂਮਿਕਾ ਵਿਚ ਕੁਮਾਰੀ ਜਸਲੀਨ ਨੇ ਵੀ ਕਮਾਲ ਕੀਤੀ ਹੋਈ ਸੀ। ਜੱਗੇ ਦੀ ਭੂਆ ਦੇ ਰੂਪ ਵਿਚ ਹਰਮਿੰਦਰ ਗਰੇਵਾਲ ਦਾ ਅਭਿਨੈ ਵੀ ਨਿਸਚੇ ਹੀ ਠੁਕਦਾਰ ਸੀ।

**-ਗੁਰਦਿਆਲ ਸਿੰਘ ਬੱਲ**
**ਫੋਨ: 647-982-6091**

## ਰਿਵੀਊ

# ਇਸ਼ਤਿਹਾਰ ਵਾਲੇ ਬਾਬੇ ਨੇ ਖੋਲ੍ਹੀ ਸਰਕਾਰ ਦੀ ਪੋਲ



**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਵਿਕਾਸ ਬਾਰੇ ਦਾਅਵਿਆਂ ਦੀ ਪੋਲ ਖੁੱਲ੍ਹ ਗਈ ਹੈ। ਸਰਕਾਰੀ ਸਕੀਮਾਂ ਬਾਰੇ ਦਿੱਤੇ ਇਸ਼ਤਿਹਾਰਾਂ ਵਿਚ ਸਰਕਾਰ ਬਾਰੇ ਵੱਡਾ ਸੱਚ ਲੋਕਾਂ ਸਾਹਮਣੇ ਆ ਗਿਆ ਹੈ। ਪੰਜਾਬ ਸਰਕਾਰ ਵੱਲੋਂ ਪੈਨਸ਼ਨ ਸਕੀਮ ਵਿਚ ਦੋ ਬਜ਼ੁਰਗਾਂ ਦੀ ਫੋਟੋ ਲਾਈ ਗਈ ਹੈ। ਇਸ ਦੇ ਨਾਲ ਲਿਖਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਸਾਰੀਆਂ ਪੈਨਸ਼ਨਾਂ 250 ਤੋਂ ਵਧਾ ਕੇ 500 ਰੁਪਏ ਕਰ ਦਿੱਤੀਆਂ ਗਈਆਂ ਹਨ।

ਇਸ਼ਤਿਹਾਰ ਵਿਚ ਛਪੀਆਂ ਤਸਵੀਰਾਂ ਵਿਚੋਂ ਇਕ ਬਜ਼ੁਰਗ ਦਾ ਦਾਅਵਾ ਹੈ ਕਿ ਪਿਛਲੇ ਕਈ ਸਾਲਾਂ ਤੋਂ ਉਸ ਨੂੰ ਪੈਨਸ਼ਨ ਨਹੀਂ ਮਿਲ ਰਹੀ। ਇਹ ਬਜ਼ੁਰਗ ਫਰੀਦਕੋਟ ਦੇ ਪਿੰਡ ਰਹਿਣ ਕਲਾਂ ਦਾ ਰਹਿਣ ਵਾਲਾ ਹੈ। ਉਸ ਦਾ ਨਾਮ ਸ਼ੈਲਾ ਸਿੰਘ ਹੈ। ਉਸ ਨੇ ਕਿਹਾ ਕਿ ਉਹ ਕਈ ਵਾਰ ਪੈਨਸ਼ਨ ਦਾ ਫਾਰਮ ਭਰ ਚੁੱਕਾ ਹੈ, ਪਰ ਸਰਕਾਰ ਵੱਲੋਂ ਉਸ ਨੂੰ ਕੋਈ ਪੈਨਸ਼ਨ ਨਹੀਂ ਦਿੱਤੀ ਜਾ ਰਹੀ। ਇਸ ਬਾਰੇ ਲੋਕ ਸੰਪਰਕ ਵਿਭਾਗ ਦੀ ਡਾਇਰੈਕਟਰ ਸੇਨੂੰ ਦੁੱਗਲ ਦਾ ਕਹਿਣਾ ਹੈ ਕਿ ਪੈਨਸ਼ਨ ਦੇ ਲਾਭਪਾਤਰੀ ਦੀ ਫੋਟੋ ਡਿਪਾਰਟਮੈਂਟ ਰਾਹੀਂ ਮਿਲੀ ਹੈ, ਪਰ ਜੇਕਰ ਅਜਿਹੀ ਕੋਈ ਗੱਲ ਹੈ ਤਾਂ ਉਹ ਵਿਭਾਗ ਤੋਂ ਇਸ ਬਾਰੇ ਪਤਾ ਕਰਨਗੇ। ਹੁਣ ਪਤਾ ਲੱਗਿਆ ਹੈ ਕਿ ਸ਼ੈਲਾ ਸਿੰਘ ਅਤੇ ਉਸ ਦੀ ਪਤਨੀ ਦੀ ਪੈਨਸ਼ਨ ਲਾ ਦਿੱਤੀ ਗਈ ਹੈ। ਸਰਕਾਰੀ ਅਫਸਰ ਖੁਦ ਜਾ ਕੇ ਇਹ ਕਾਰਜ ਕਰ ਕੇ ਆਏ ਹਨ।

## ਨਵਤੇਜ ਸਰਨਾ ਹੋਣਗੇ ਅਮਰੀਕਾ 'ਚ ਭਾਰਤੀ ਰਾਜਦੂਤ

**ਨਵੀਂ ਦਿੱਲੀ:** ਬਰਤਾਨੀਆ ਵਿਚ ਭਾਰਤ ਦੇ ਹਾਈ ਕਮਿਸ਼ਨਰ ਨਵਤੇਜ ਸਰਨਾ ਅਮਰੀਕਾ ਵਿਚ ਦੇਸ਼ ਦੇ ਨਵੇਂ ਰਾਜਦੂਤ ਹੋਣਗੇ। ਸ੍ਰੀ ਅਰੁਣ ਸਿੰਘ ਦੇ ਸੇਵਾ ਮੁਕਤ ਹੋਣ ਕਾਰਨ ਇਹ ਅਹੁਦਾ ਖਾਲੀ ਹੋ ਰਿਹਾ ਹੈ। ਸ੍ਰੀਲੰਕਾ ਵਿਚਲੇ ਭਾਰਤੀ ਹਾਈ ਕਮਿਸ਼ਨਰ ਯਸ਼ਵਰਧਨ ਕੁਮਾਰ ਸਿਨਹਾ ਸ੍ਰੀ ਸਰਨਾ ਦੀ ਥਾਂ ਲੈਣਗੇ।

# ਜਥੇਦਾਰ ਮੱਲ ਸਿੰਘ ਦੀਆਂ ਦਿੱਕਤਾਂ ਵਧੀਆਂ

**ਦਿੱਲੀ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਦੀਆਂ ਮੁਸ਼ਕਿਲਾਂ ਵਧ ਰਹੀਆਂ ਹਨ। ਦਿਮਾਗ ਦਾ ਉਪਰੇਸ਼ਨ ਕਰਵਾਉਣ ਕਾਰਨ ਪਤਿਤ ਹੋਣ ਦੀਆਂ ਖ਼ਬਰਾਂ ਤੋਂ ਬਾਅਦ ਉਨ੍ਹਾਂ ਦੇ ਅਸਤੀਫੇ ਦੀ ਮੰਗ ਹੋਣ ਲੱਗੀ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਕੱਤਰ ਹਰਵਿੰਦਰ ਸਿੰਘ ਸਰਨਾ ਨੇ ਉਨ੍ਹਾਂ ਤੋਂ ਅਸਤੀਫੇ ਦੀ ਮੰਗ ਕੀਤੀ ਹੈ।

ਸਰਨਾ ਨੇ ਕਿਹਾ ਕਿ ਨਿਯਮਾਂ ਤੇ ਰਹਿਤ ਮਰਿਆਦਾ ਅਨੁਸਾਰ ਕੋਈ ਵੀ ਪਤਿਤ ਸਿੱਖ ਕਿਸੇ ਵੀ ਤਖ਼ਤ ਦਾ ਜਥੇਦਾਰ ਨਹੀਂ ਰਹਿ ਸਕਦਾ, ਕਿਉਂਕਿ ਗਿਆਨੀ ਮੱਲ ਸਿੰਘ ਦੇ ਉਪਰੇਸ਼ਨ ਕਾਰਨ ਡਾਕਟਰਾਂ ਨੇ ਉਨ੍ਹਾਂ ਦੇ ਸਿਰ ਦੇ ਕੇਸ ਕਤਲ ਕਰ ਦਿੱਤੇ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਵੀ ਫਰਜ਼ ਬਣਦਾ ਹੈ ਕਿ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਗਿਆਨੀ ਮੱਲ ਸਿੰਘ ਨੂੰ ਤੁਰਤ ਅਹੁਦੇ ਤੋਂ ਵਿਹਲੇ ਕਰ ਕੇ ਉਨ੍ਹਾਂ ਦੀ ਥਾਂ ਉਤੇ ਕੋਈ ਨਵਾਂ ਜਥੇਦਾਰ ਲਗਾਇਆ ਜਾਵੇ। ਸਰਨਾ ਨੇ ਕਿਹਾ ਕਿ ਰਹਿਤ ਮਰਿਆਦਾ ਤੇ ਨਿਯਮਾਂ ਅਨੁਸਾਰ ਕਿਸੇ ਵੀ ਤਖ਼ਤ ਦਾ ਜਥੇਦਾਰ ਬਿਮਾਰ ਵਿਅਕਤੀ ਨਹੀਂ ਹੋ ਸਕਦਾ, ਪਰ ਕੁਝ ਸਮਾਂ ਪਹਿਲਾਂ ਜਦੋਂ ਗਿਆਨੀ ਮੱਲ ਸਿੰਘ ਨੂੰ ਡਾਕਟਰਾਂ ਨੇ ਸਿਰ ਦਾ ਉਪਰੇਸ਼ਨ ਕਰਵਾਉਣ ਲਈ ਸਲਾਹ ਦਿੱਤੀ ਸੀ, ਉਦੋਂ ਗਿਆਨੀ ਮੱਲ ਸਿੰਘ ਨੂੰ ਆਪਣਾ ਅਸਤੀਫਾ ਦੇ ਕੇ ਹੀ ਇਲਾਜ ਕਰਵਾਉਣਾ ਚਾਹੀਦਾ ਸੀ। ਸ਼੍ਰੋਮਣੀ ਕਮੇਟੀ ਸੰਗਤਾਂ ਵਿਚ ਕਿਸੇ ਕਿਸਮ ਦਾ ਰੋਸ ਪੈਦਾ ਹੋਣ ਤੋਂ ਪਹਿਲਾਂ ਹੀ ਅਸਤੀਫਾ ਲੈ ਲਵੇ ਤਾਂ ਬਿਹਤਰ ਹੋਵੇਗਾ। ਨਹੀਂ ਤਾਂ ਲੋਕ ਸੜਕਾਂ 'ਤੇ ਆਉਣ ਲਈ ਮਜਬੂਰ ਹੋਣਗੇ ਜਿਸ ਤੋਂ ਨਿਕਲਣ ਵਾਲੇ ਸਿੱਟਿਆਂ ਲਈ ਬਾਦਲ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ ਜ਼ਿੰਮੇਵਾਰ ਹੋਣਗੇ।

## 'ਸੱਚਾਈ ਦੀ ਕੰਧ' ਨਵੰਬਰ ਵਿਚ ਹੋਵੇਗੀ ਕੌਮ ਨੂੰ ਸਮਰਪਤ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਯਾਦ ਵਜੋਂ ਗੁਰਦੁਆਰਾ ਰਕਾਬ ਗੰਜ ਕੰਪਲੈਕਸ ਦੇ ਇਕ ਪਾਸੇ ਬਣਾਈ ਜਾ ਰਹੀ 'ਸੱਚਾਈ ਦੀ ਕੰਧ' ਇਸ ਸਾਲ ਨਵੰਬਰ ਦੇ ਸ਼ੁਰੂਆਤੀ ਦਿਨਾਂ ਵਿਚ ਕੌਮ ਨੂੰ ਸਮਰਪਤ ਕਰ ਦਿੱਤੀ ਜਾਵੇਗੀ। ਇਸ ਕੰਧ 'ਤੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਦਿੱਲੀ ਸਮੇਤ ਹੋਰ ਥਾਵਾਂ ਉਤੇ ਮਾਰੇ ਗਏ ਨਿਰਦੋਸ਼ ਸਿੱਖਾਂ ਦੇ ਨਾਂ ਉਕਾਰੇ ਜਾਣਗੇ। ਉਨ੍ਹਾਂ ਵਿਅਕਤੀਆਂ ਜਾਂ ਗੈਰ ਸਿੱਖਾਂ ਲਈ ਵੀ ਵਿਸ਼ੇਸ਼ ਥਾਂ ਬਣਾਈ ਜਾ ਰਹੀ ਹੈ, ਜੋ ਸਿੱਖ ਪਰਿਵਾਰਾਂ ਨੂੰ ਬਚਾਉਂਦਿਆਂ ਦੰਗਾਈਆਂ ਹੱਥੋਂ ਮਾਰੇ ਗਏ ਸਨ। ਮੀਡੀਆ ਸਲਾਹਕਾਰ ਮੁਤਾਬਕ ਸਾਲਾਨਾ ਪ੍ਰੋਗਰਾਮ ਵੀ ਇਥੇ ਹੀ ਕਰਨ ਦੀ ਯੋਜਨਾ ਹੈ।

ਦਿੱਲੀ ਕਮੇਟੀ ਦੇ ਮੀਡੀਆ ਸਲਾਹਕਾਰ ਪਰਮਿੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਯਾਦਗਾਰ ਦੀਆਂ ਕੰਧਾਂ ਬਣ ਕੇ ਤਿਆਰ ਹੋ ਗਈਆਂ ਹਨ ਤੇ ਕੁਝ ਕੰਮ ਬਾਕੀ ਹੈ। ਜਿਥੇ ਸਿੱਖਾਂ ਦੇ ਨਾਵਾਂ ਵਾਲੇ ਪੱਥਰ ਲਾਏ ਜਾਣੇ ਹਨ, ਉਹ ਸਥਾਨ ਤਿਆਰ ਕੀਤੇ ਜਾ ਰਹੇ ਹਨ, ਜਿਸ ਦਾ ਕੰਮ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਕਮੇਟੀ ਨੇ ਇਥੇ ਤਕਰੀਬਨ 3500 ਨਾਂ ਲਿਖਣ ਦਾ ਪ੍ਰਬੰਧ ਕੀਤਾ ਹੈ। ਇਹ ਕੰਧ 22 ਹਜ਼ਾਰ ਵਰਗ ਥਾਂ 'ਤੇ ਉਸਾਰੀ ਜਾ ਰਹੀ ਹੈ। ਇਸ ਵਿਚ ਲੇਜ਼ਰ ਸ਼ੋਅ ਵੀ ਹੋਇਆ ਕਰੇਗਾ।

# ਬਾਬੇ ਨੇ ਦੱਸਿਆ ਆਪਣੀ 120 ਸਾਲ ਲੰਮੀ ਉਮਰ ਦਾ ਰਾਜ਼

**ਵਾਰਾਨਸੀ:** ਇਕ ਹਿੰਦੂ ਸਾਧੂ ਨੇ ਹਾਲ ਹੀ ਵਿਚ ਦਾਅਵਾ ਕੀਤਾ ਹੈ ਕਿ ਉਹ ਹੁਣ ਤੱਕ ਦਾ ਸਭ ਤੋਂ ਬੁੱਢਾ ਮਰਦ ਹੈ। ਉਨ੍ਹਾਂ ਆਪਣੀ ਲੰਮੀ ਉਮਰ ਦਾ ਰਾਜ਼ ਰੋਜ਼ਾਨਾ ਯੋਗਾ ਤੇ ਕਸਰਤ ਨੂੰ ਦੱਸਿਆ ਹੈ। ਉਨ੍ਹਾਂ ਆਪਣੇ ਦਾਅਵੇ ਵਿਚ ਕਿਹਾ ਕਿ ਉਹ 120 ਸਾਲ ਦੀ ਉਮਰ ਵਿਚ ਹੀ ਸੋਹਣੇ ਦਿਖਦੇ ਹਨ। ਇਨ੍ਹਾਂ ਦੇ ਪਾਸਪੋਰਟ ਮੁਤਾਬਕ, ਨਾਮ ਸਵਾਮੀ ਸ਼ਿਵਾਨੰਦ ਹੈ। ਇਨ੍ਹਾਂ ਦਾ ਜਨਮ 8 ਅਗਸਤ, 1896 ਵਿਚ ਹੋਇਆ ਸੀ। ਇਹ ਇਕ ਮੰਦਰ ਦੇ ਪੁਜਾਰੀ ਹਨ।



ਪਾਸਪੋਰਟ ਅਫਸਰਾਂ ਨੇ ਸਵਾਮੀ ਸ਼ਿਵਾਨੰਦ ਦੀ ਉਮਰ ਦੀ ਪੁਸ਼ਟੀ ਵੀ ਕੀਤੀ ਹੈ। ਜੇਕਰ ਇਹ ਗੱਲ ਸਹੀ ਹੈ ਤਾਂ ਇਨ੍ਹਾਂ ਦੀ ਜ਼ਿੰਦਗੀ ਇਕ ਜਾਂ ਦੋ ਨਹੀਂ ਸਗੋਂ ਤਿੰਨ ਸ਼ਤਾਬਦੀਆਂ ਤੱਕ ਫੈਲੀ ਹੋਈ ਹੈ। ਇੰਨੀ ਉਮਰ ਦੇ ਬਾਵਜੂਦ ਉਹ ਇਕ ਵੇਲੇ ਕਈ ਘੰਟਿਆਂ ਤੱਕ ਕਸਰਤ ਕਰ ਸਕਦੇ ਹਨ। ਵਾਰਾਨਸੀ ਦੇ ਰਹਿਣ ਵਾਲੇ ਸ਼ਿਵਾਨੰਦ ਬਹੁਤ ਗਰੀਬੀ ਵਿਚ ਵੱਡੇ ਹੋਏ। ਸਾਧੂ ਬਣਾਉਣ ਲਈ ਉਨ੍ਹਾਂ ਦੀ ਚੋਣ ਹੋਈ ਸੀ। ਰਿਪੋਰਟ ਮੁਤਾਬਕ, ਸਵਾਮੀ ਸ਼ਿਵਾਨੰਦ ਕਹਿੰਦੇ ਹਨ ਕਿ ਇਸ ਉਮਰ ਤੱਕ ਉਹ ਕਸਰਤ ਤੇ ਅਨੁਸ਼ਾਸਨ ਕਾਰਨ ਹੀ ਜ਼ਿੰਦਾ ਹਨ। ਉਹ ਜ਼ਮੀਨ ਉਤੇ ਚਟਾਈ ਵਿਛਾ ਕੇ ਸੌਂਦੇ ਹਨ। ਉਨ੍ਹਾਂ ਦੀ ਛੇ ਸਾਲ ਦੀ ਉਮਰ ਪੂਰੀ ਹੋਣ ਤੋਂ ਪਹਿਲਾ ਹੀ ਮਾਤਾ-ਪਿਤਾ ਦੀ ਮੌਤ ਹੋ ਗਈ ਸੀ। ਫਿਲਹਾਲ ਸਵਾਮੀ ਸ਼ਿਵਾਨੰਦ ਗਿਨੀਜ਼ ਵਰਲਡ ਰਿਕਾਰਡ ਵਿਚ ਆਪਣਾ ਨਾਮ ਦਰਜ ਕਰਵਾ ਰਹੇ ਹਨ। ਦੱਸਣਯੋਗ ਹੈ ਕਿ ਇਸ ਵੇਲੇ ਜਾਪਾਨ ਦੇ ਜਿਰੋਮਨ ਕਿਮੁਰਾ ਦੇ ਨਾਮ ਇਹ ਖਿਤਾਬ ਹੈ ਜਿਨ੍ਹਾਂ ਦੀ ਮੌਤ 2013 ਵਿਚ ਹੋਈ ਸੀ, ਜਿਸ ਸਮੇਂ ਉਹ 116 ਸਾਲ ਅਤੇ 54 ਦਿਨ ਦੇ ਸਨ।

# ਓਲੰਪਿਕ ਖੇਡਾਂ ਦਾ ਖੁਲਾਸਾ

ਏਥਨਜ਼-1896 ਦੀਆਂ ਪਹਿਲੀਆਂ ਓਲੰਪਿਕ ਖੇਡਾਂ ਦੇ ਉਦਘਾਟਨ ਸਮੇਂ ਬੱਦਲੀਆਂ ਉਮਡ ਆਈਆਂ ਸਨ। ਰੀਓ-2016 ਦੀਆਂ 31ਵੀਆਂ ਓਲੰਪਿਕ ਖੇਡਾਂ ਦੇ ਸਮਾਪਤੀ ਸਮਾਰੋਹ 'ਤੇ ਬੱਦਲਾਂ ਨੇ ਬਰਸ ਕੇ ਹਾਜ਼ਰੀ ਲਵਾਈ। 120 ਸਾਲ ਦੇ ਅਰਸੇ ਦੌਰਾਨ 1916, 40 ਤੇ 44 ਦੀਆਂ ਖੇਡਾਂ ਵਿਸ਼ਵ ਜੰਗਾਂ ਕਾਰਨ ਨਹੀਂ ਹੋ ਸਕੀਆਂ। 1980 ਤੇ 84 ਦੀਆਂ ਖੇਡਾਂ ਪਹਿਲਾਂ ਅਮਰੀਕੀ ਗੁੱਟ ਤੇ ਪਿੱਛੋਂ ਸੋਵੀਅਤ ਰੂਸੀ ਗੁੱਟ ਦੇ ਬਾਈਕਾਟ ਕਾਰਨ ਅਧੂਰੀਆਂ ਰਹੀਆਂ। ਮਿਊਨਿਖ-72 ਦੀਆਂ ਖੇਡਾਂ 'ਚ ਫਲਸਤੀਨੀ ਗੁਰੀਲਿਆਂ ਨੇ ਕੁਝ ਇਸਰਾਈਲੀ ਖਿਡਾਰੀ ਮਾਰ ਦਿੱਤੇ। ਓਲੰਪਿਕ ਖੇਡਾਂ ਵਿਚ ਕਦੇ ਪਾਵੋ ਨੁਰਮੀ ਦੀ ਗੁੱਡੀ ਚੜ੍ਹੀ, ਕਦੇ ਜੈਸੀ ਓਵੇਂਸ, ਕਦੇ ਲਾਰੀਸਾ ਲਤੀਨੀਨਾ, ਕਦੇ



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਮਾਰਕ ਸਪਿਟਜ਼, ਕਦੇ ਕਾਰਲ ਲਿਊਸ, ਕਦੇ ਮਾਈਕਲ ਫੈਲਪਸ ਅਤੇ ਕਦੇ ਓਸੈਨ ਬੋਲਟ ਦੀ।

ਆਧੁਨਿਕ ਓਲੰਪਿਕ ਖੇਡਾਂ 1896 'ਚ ਏਥਨਜ਼, 1900 ਪੈਰਿਸ, 04 ਸੇਂਟ ਲੁਈਸ, 08 ਲੰਡਨ, 12 ਸਟਾਕਹੋਮ, 20 ਐਂਟਵਰਪ, 24 ਪੈਰਿਸ, 28 ਐਮਸਟਰਡਮ, 32 ਲਾਸ ਏਂਜਲਸ ਤੇ 36 ਬਰਲਿਨ 'ਚ ਹੋਈਆਂ। 48 ਲੰਡਨ, 52 ਹੈਲਸਿੰਕੀ, 56 ਮੈਲਬੌਰਨ, 60 ਰੋਮ, 64 ਵਿਚ ਪਹਿਲੀ ਵਾਰ ਏਸ਼ੀਆ ਦੇ ਸ਼ਹਿਰ ਟੋਕੀਓ, 68 ਮੈਕਸੀਕੋ, 72 ਮਿਊਨਿਖ, 76 ਮੌਂਟਰੀਅਲ, 80 ਮਾਸਕੋ, 84 ਲਾਸ ਏਂਜਲਸ, 88 ਸਿਓਲ, 92 ਬਾਰਸੀਲੋਨਾ, 1996 ਐਟਲਾਂਟਾ ਅਤੇ ਸੰਨ 2000 ਦੀਆਂ ਸਿਡਨੀ, 04 ਏਥਨਜ਼, 08 ਬੀਜਿੰਗ, 12 ਲੰਡਨ ਤੇ 2016 ਦੀਆਂ ਖੇਡਾਂ ਰੀਓ ਵਿਚ ਹੋਈਆਂ।

ਰੀਓ ਦੀਆਂ ਓਲੰਪਿਕ ਖੇਡਾਂ ਵਿਚ 207 ਦੇਸ਼ਾਂ ਦੇ 11303 ਖਿਡਾਰੀਆਂ ਨੇ ਭਾਗ ਲਿਆ। 28 ਸਪੋਰਟਸ ਦੇ 306 ਈਵੈਂਟਾਂ ਵਿਚ ਸਭ ਤੋਂ ਵੱਧ 47 ਗੋਲਡ ਮੈਡਲ ਅਥਲੈਟਿਕਸ ਦੇ, 34 ਤੈਰਾਕੀ ਦੇ, 18 ਕੁਸ਼ਤੀ ਦੇ, 15 ਸ਼ੂਟਿੰਗ ਦੇ, 15 ਵੇਟਲਿਫਟਿੰਗ ਦੇ, 14 ਜੂਡੋ ਦੇ ਤੇ 14 ਆਰਟਿਸਟਿਕ ਜਿਮਨਾਸਟਿਕਸ ਦੇ ਸਨ। ਕੈਨੋਇੰਗ ਦੇ 16, ਰੋਇੰਗ 14, ਬਾਕਸਿੰਗ 13 ਤੇ ਸੇਲਿੰਗ ਦੇ 10 ਮੈਡਲ ਸੈੱਟ ਸਨ। ਖੇਡ ਮੁਕਾਬਲੇ 37 ਸਟੇਡੀਅਮਾਂ ਤੇ ਖੇਡ ਭਵਨਾਂ ਵਿਚ ਹੋਏ। ਅਥਲੈਟਿਕਸ ਦੇ ਵਧੇਰੇ ਮੈਡਲ ਅਮਰੀਕਾ ਨੇ ਜਿੱਤੇ। ਤੈਰਾਕੀ ਵਿਚ ਵੀ ਅਮਰੀਕਾ ਦੀ ਝੰਡੀ ਰਹੀ। ਕੁਸ਼ਤੀਆਂ ਵਿਚ ਰੂਸੀ ਪਹਿਲਵਾਨ ਭਾਰੂ ਰਹੇ। ਤੀਰਅੰਦਾਜ਼ੀ ਦੇ ਚਾਰੇ ਤਮਗੇ ਕੋਰੀਆ ਨੇ ਜਿੱਤੇ। ਜਿਮਨਾਸਟਿਕਸ ਵਿਚ ਪਹਿਲੇ ਨੰਬਰ 'ਤੇ ਅਮਰੀਕਾ ਰਿਹਾ, ਦੂਜੇ ਨੰਬਰ 'ਤੇ ਬਰਤਾਨੀਆ। ਬੈਡਮਿੰਟਨ ਵਿਚ ਚੀਨ ਤੇ ਜਪਾਨ ਨੇ ਵੱਧ ਮੈਡਲ ਜਿੱਤੇ। ਜੂਡੋ 'ਚ ਜਪਾਨ, ਬੌਕਸਿੰਗ ਵਿਚ ਉਜ਼ਬੇਕਿਸਤਾਨ ਤੇ ਕਿਊਬਾ, ਕਨੋਇੰਗ ਵਿਚ ਜਰਮਨੀ ਤੇ ਹੰਗਰੀ, ਸਾਈਕਲਿੰਗ ਵਿਚ ਬਰਤਾਨੀਆ ਤੇ ਨੀਦਰਲੈਂਡ, ਡਾਈਵਿੰਗ ਵਿਚ ਚੀਨ, ਘੋੜਸਵਾਰੀ ਵਿਚ ਫਰਾਂਸ ਤੇ ਜਰਮਨੀ, ਤੇਗਬਾਜ਼ੀ 'ਚ ਰੂਸ ਤੇ ਹੰਗਰੀ, ਸ਼ੂਟਿੰਗ ਵਿਚ ਇਟਲੀ ਤੇ ਜਰਮਨੀ ਅਤੇ ਟੇਬਲ ਟੈਨਿਸ, ਵੇਟ-ਲਿਫਟਿੰਗ ਤੇ ਟੀਕਵੋਂਡੋ 'ਚ ਚੀਨ ਨੇ ਵਧੇਰੇ ਤਮਗੇ ਜਿੱਤੇ। ਫੁੱਟਬਾਲ ਵਿਚ ਬ੍ਰਾਜ਼ੀਲ ਤੇ ਹਾਕੀ ਵਿਚ ਅਰਜਨਟੀਨਾ ਜੇਤੂ ਰਹੇ। ਕੁਲ 307 ਗੋਲਡ, 307 ਸਿਲਵਰ ਤੇ 360 ਬਰਾਂਜ਼ ਮੈਡਲ ਸਨ। ਹਰ ਮੈਡਲ ਦਾ ਵਜ਼ਨ 500 ਗਰਾਮ ਸੀ।

ਲੰਡਨ ਦੀਆਂ ਓਲੰਪਿਕ ਖੇਡਾਂ ਵਿਚ 204 ਮੁਲਕਾਂ ਦੇ 10,820 ਖਿਡਾਰੀਆਂ ਨੇ ਹਿੱਸਾ ਲਿਆ ਸੀ। ਮੁਕਾਬਲੇ ਲਈ 26 ਸਪੋਰਟਸ ਦੇ 39 ਡਿਸਿਪਲਿਨ ਤੇ 302 ਈਵੈਂਟ ਸਨ। 302 ਸੋਨੇ, 304 ਚਾਂਦੀ ਤੇ 356 ਤਾਂਬੇ ਦੇ ਤਮਗੇ ਜੇਤੂਆਂ ਦੇ ਗਲੀਂ ਪਏ। 962 ਤਮਗਿਆਂ ਵਿਚੋਂ 54 ਮੁਲਕ ਸੋਨੇ ਤੇ 85 ਮੁਲਕ ਚਾਂਦੀ ਜਾਂ ਤਾਂਬੇ ਦੇ ਤਮਗੇ ਹਾਸਲ ਕਰ ਸਕੇ। 119 ਮੁਲਕ ਖਾਲੀ ਹੱਥ ਰਹੇ। 2008 ਵਿਚ ਬੀਜਿੰਗ ਦੀਆਂ ਓਲੰਪਿਕ ਖੇਡਾਂ ਵਿਚੋਂ 86 ਮੁਲਕ ਇਕ ਜਾਂ ਵੱਧ ਮੈਡਲ ਜਿੱਤੇ ਸਨ ਜਦ ਕਿ 118 ਮੁਲਕ ਕੋਈ ਵੀ ਮੈਡਲ ਨਾ ਜਿੱਤ ਸਕੇ।

ਰੀਓ ਦੀਆਂ ਓਲੰਪਿਕ ਖੇਡਾਂ ਤੋਂ ਪਹਿਲਾਂ ਭਾਰਤ ਦੇ ਦਾਅਵੇ ਬਹੁਤ ਵੱਡੇ ਸਨ ਪਰ ਨਤੀਜੇ ਨਮੋਸ਼ੀ ਭਰੇ ਨਿਕਲੇ। ਦੇਸ਼ ਦੀ ਆਬਾਦੀ ਹੈ ਸਵਾ ਸੌ ਕਰੋੜ ਤੇ ਓਲੰਪਿਕ ਮੈਡਲ ਜਿੱਤੇ ਹਨ ਕੇਵਲ ਦੋ! ਉਨ੍ਹਾਂ ਵਿਚ ਵੀ ਗੋਲਡ ਮੈਡਲ ਕੋਈ ਨਹੀਂ। ਉਂਜ 'ਭਾਰਤ ਮਹਾਨ' ਦੇ ਪਾਠਾਂ ਨਾਲ ਸਕੂਲਾਂ ਦੀਆਂ ਪਾਠ ਪੁਸਤਕਾਂ ਭਰੀਆਂ ਪਈਆਂ ਹਨ। 1896 ਤੋਂ ਹੁਣ ਤਕ 28 ਵਾਰ ਓਲੰਪਿਕ ਖੇਡਾਂ ਹੋਈਆਂ ਹਨ। ਅਮਰੀਕਾ ਦੇ ਇਕੋ ਤੈਰਾਕ ਮਾਈਕਲ ਫੈਲਪਸ ਨੇ 28 ਮੈਡਲ ਜਿੱਤ ਵਿਖਾਏ ਹਨ ਜਦ ਕਿ ਭਾਰਤ ਦੇ ਸਾਰੇ ਖਿਡਾਰੀ ਸਾਰੀਆਂ ਓਲੰਪਿਕ ਖੇਡਾਂ 'ਚੋਂ ਮਸੀਂ 28 ਮੈਡਲ ਜਿੱਤ ਸਕੇ ਹਨ। ਸੁਆਲ ਹੈ, ਜੇ ਮਾਈਕਲ ਫੈਲਪਸ ਭਾਰਤ ਵਿਚ ਜੰਮਿਆ ਹੁੰਦਾ ਤਾਂ ਕੀ ਹੁੰਦਾ? ਜਵਾਬ ਹੈ ਭਾਰਤ ਦੇ 28+28=56 ਮੈਡਲ ਹੋ ਜਾਂਦੇ ਜਾਂ ਭਾਰਤੀ ਅਧਿਕਾਰੀ ਉਹਨੂੰ ਵੀ ਲੈ ਬਹਿੰਦੇ!

ਚੀਨ ਤੇ ਕੋਰੀਆ 1951 ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਸਮੇਂ ਭਾਰਤ ਤੋਂ ਪਿੱਛੇ ਸਨ ਜੋ ਹੁਣ ਕਿਤੇ ਅੱਗੇ ਨਿਕਲ ਗਏ ਹਨ। ਭਾਰਤ ਹੀ ਹੈ ਜੋ ਅੱਗੇ ਵਧਦਾ ਪਿੱਛੇ ਮੁੜਿਆ। ਭਾਰਤ ਨੇ ਬੀਜਿੰਗ ਤੋਂ 3 ਮੈਡਲ ਜਿੱਤੇ ਸਨ, ਲੰਡਨ ਤੋਂ 6 ਪਰ ਰੀਓ ਤੋਂ 2 ਹੀ ਜਿੱਤ ਸਕਿਆ ਹੈ। ਬ੍ਰਿਟਿਸ਼ ਇੰਡੀਆ ਤੇ ਆਜ਼ਾਦ ਭਾਰਤ ਨੇ ਓਲੰਪਿਕ ਖੇਡਾਂ 'ਚੋਂ 9 ਗੋਲਡ, 7 ਸਿਲਵਰ ਤੇ 12 ਬਰਾਂਜ਼ ਮੈਡਲ ਜਿੱਤੇ ਹਨ। ਗੋਲਡ ਮੈਡਲਾਂ ਵਿਚ 8 ਹਾਕੀ ਦੇ ਹਨ ਤੇ ਇਕ ਸ਼ੂਟਿੰਗ ਦਾ। ਸਿਲਵਰ ਤੇ ਬਰਾਂਜ਼ ਮੈਡਲ ਹਾਕੀ, ਸ਼ੂਟਿੰਗ, ਕੁਸ਼ਤੀ, ਮੁੱਕੇਬਾਜ਼ੀ, ਟੈਨਿਸ, ਵੇਟਲਿਫਟਿੰਗ ਤੇ ਬੈਡਮਿੰਟਨ ਦੇ ਹਨ।

ਚੀਨ ਨੇ ਬੜੀਆਂ ਘੱਟ ਓਲੰਪਿਕ ਖੇਡਾਂ 'ਚ ਭਾਗ ਲਿਆ ਹੈ। ਫਿਰ ਵੀ ਉਸ ਦੇ ਓਲੰਪਿਕ ਤਮਗਿਆਂ ਦੀ ਗਿਣਤੀ 543 ਹੋ ਗਈ ਹੈ। ਜਪਾਨ 439 ਤਮਗਿਆਂ ਤਕ ਪੁੱਜ ਗਿਐ ਤੇ ਦੱਖਣੀ ਕੋਰੀਆ 264 ਤਕ। ਤਿੰਨ ਕਰੋੜ ਲੋਕਾਂ ਦੇ ਮੁਲਕ ਕੈਨੇਡਾ ਨੇ 301 ਮੈਡਲ ਜਿੱਤੇ ਹਨ। ਭਾਰਤੀ ਪਿਛੋਕੜ ਦੇ ਵੀਹ ਤੋਂ ਵੱਧ ਸਿਆਸਤਦਾਨ ਕੈਨੇਡਾ ਦੇ ਪਾਰਲੀਮੈਂਟ ਮੈਂਬਰ ਤੇ ਪ੍ਰੀਮੀਅਰ ਦੀਆਂ ਪਦਵੀਆਂ ਤਕ ਤਾਂ ਪੁੱਜ ਗਏ ਹਨ ਪਰ ਓਲੰਪਿਕ ਮੈਡਲਾਂ ਵੱਲ ਕੋਈ ਨਹੀਂ ਵਧਿਆ। ਭਾਰਤੀ ਪਰਵਾਸੀਆਂ ਨੇ ਬਰਤਾਨੀਆ, ਅਮਰੀਕਾ, ਆਸਟ੍ਰੇਲੀਆ ਜਾਂ ਕਿਸੇ ਵੀ ਹੋਰ ਦੇਸ਼ ਵੱਲੋਂ ਕਦੇ ਕੋਈ ਓਲੰਪਿਕ ਤਮਗਾ ਨਹੀਂ ਜਿੱਤਿਆ। ਬਰਤਾਨੀਆ ਦੇ ਓਲੰਪਿਕ ਮੈਡਲਾਂ ਦੀ ਗਿਣਤੀ 847 ਹੋ ਗਈ ਹੈ। ਅਮਰੀਕਾ ਨੇ 2520, ਰੂਸ 1584, ਜਰਮਨੀ 1362, ਫਰਾਂਸ 713 ਤੇ ਇਟਲੀ ਨੇ 577 ਮੈਡਲ ਜਿੱਤੇ ਹਨ। 27 ਲੱਖ ਦੀ ਆਬਾਦੀ ਵਾਲੇ ਜਮਾਇਕਾ ਨੇ 14 ਓਲੰਪਿਕ ਚੈਂਪੀਅਨ ਪੈਦਾ ਕੀਤੇ ਹਨ ਜਿਨ੍ਹਾਂ ਵਿਚ 9 ਸੋਨ ਤਮਗੇ ਜਿੱਤਣ ਵਾਲਾ ਓਸੈਨ ਬੋਲਟ ਵੀ ਹੈ। ਨਿੱਕੇ ਨਿੱਕੇ ਮੁਲਕਾਂ ਵੱਲੋਂ ਜਿੱਤੇ ਸੈਂਕੜੇ ਤਮਗਿਆਂ ਦੀ ਗਿਣਤੀ ਦੇ ਮੁਕਾਬਲੇ ਭਾਰਤੀਆਂ ਦਾ ਸਿਰਫ 28 ਮੈਡਲਾਂ ਤਕ ਸੀਮਤ ਰਹਿ ਜਾਣਾ ਰੜਕਦਾ ਹੈ। ਜਿਹੜੇ ਇਸੇ ਗੱਲੋਂ ਖੁਸ਼ ਹਨ ਕਿ ਭਾਰਤ ਦੇ ਮੁਕਾਬਲੇ ਪਾਕਿਸਤਾਨ ਦੇ ਸਿਰਫ 10 ਮੈਡਲ ਹੀ ਹਨ ਉਨ੍ਹਾਂ ਨੂੰ ਵਧਾਈਆਂ ਦੇਈਏ ਕਿ ਦੁਹਾਈਆਂ?

ਪਹਿਲਾਂ ਕਿਸੇ ਦੇਸ਼ ਦੇ ਤਕੜੇ-ਮਾੜੇ ਹੋਣ ਦਾ ਪਤਾ ਲੜਾਈ ਦੇ ਮੈਦਾਨ 'ਚ ਲੱਗਦਾ ਸੀ। ਹੁਣ ਤਕੜੇ-ਮਾੜੇ ਦਾ ਪਤਾ ਖੇਡਾਂ ਦੇ ਮੈਦਾਨ 'ਚ ਲੱਗਦਾ ਹੈ। ਭਾਰਤ ਪਹਿਲਾਂ ਹਾਕੀ ਦੀ ਖੇਡ ਵਿਚ ਤਮਗਾ ਜਿੱਤਦਾ ਸੀ ਜੋ 1980 ਪਿੱਛੋਂ ਕਦੇ ਹੱਥ ਨਾ ਆਇਆ। ਬੀਜਿੰਗ ਦੀਆਂ ਓਲੰਪਿਕ ਖੇਡਾਂ 'ਚ ਭਾਰਤ ਦੀ ਹਾਕੀ ਟੀਮ ਕੁਆਲੀਫਾਈ ਵੀ ਨਹੀਂ ਸੀ ਕਰ ਸਕੀ। ਲੰਡਨ ਓਲੰਪਿਕਸ ਲਈ ਕੁਆਲੀਫਾਈ ਤਾਂ ਕਰ ਗਈ ਸੀ ਪਰ ਫਾਡੀ ਰਹੀ। ਉਦੋਂ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਲੰਡਨ ਖੇਡਾਂ ਵੇਖਣ ਗਏ ਸਨ। ਭਾਰਤੀ ਟੀਮ ਨੂੰ ਫਾਡੀ ਵੇਖ ਕੇ ਉਨ੍ਹਾਂ ਨੇ ਲੰਡਨ 'ਚ ਐਲਾਨ ਕਰ ਦਿੱਤਾ ਕਿ ਪੰਜਾਬ ਸਰਕਾਰ ਹਾਕੀ ਦੀ ਖੇਡ ਲਈ 418 ਕਰੋੜ ਰੁਪਏ ਦਾ ਬਜਟ ਰੱਖੇਗੀ। ਪਰ ਇਹ ਐਲਾਨ ਫੋਕਾ ਹੀ ਰਹਿ ਗਿਆ। ਅਮਲ ਕੋਈ ਨਾ ਹੋਇਆ। ਪਿੱਛੋਂ ਖੇਡ ਵਿੰਗਾਂ ਦੇ ਖਿਡਾਰੀਆਂ ਦਾ ਖੁਰਾਕ ਭੱਤਾ ਅੱਧਾ ਕਰਨ ਦੀਆਂ ਖਬਰਾਂ ਆਈਆਂ!

ਲੰਡਨ ਦੀਆਂ ਓਲੰਪਿਕ ਖੇਡਾਂ 'ਚ ਕਿਸੇ ਪੰਜਾਬੀ ਖਿਡਾਰੀ ਨੇ ਕੋਈ ਮੈਡਲ ਨਹੀਂ ਸੀ ਜਿੱਤਿਆ। ਹਰਿਆਣੇ ਦੇ ਸੁਸ਼ੀਲ ਕੁਮਾਰ, ਯੋਗੇਸ਼ਵਰ ਦੱਤ, ਗਗਨ ਨਾਰੰਗ ਤੇ ਸਾਇਨਾ ਨੇਹਵਾਲ ਨੇ ਚਾਂਦੀ ਤੇ ਕਾਂਸੀ ਦੇ ਚਾਰ ਮੈਡਲ ਜਿੱਤੇ ਸਨ। ਹਰਿਆਣੇ ਦੀ ਹੀ ਕ੍ਰਿਸ਼ਨਾ ਪੂਨੀਆ 63.62 ਮੀਟਰ ਦੂਰ ਡਿਸਕਸ ਸੁੱਟ ਕੇ 7ਵੇਂ ਥਾਂ ਰਹੀ ਸੀ। ਰੀਓ 'ਚ ਹਰਿਆਣਵੀ ਛੋਹਰੀ ਸਾਕਸ਼ੀ ਮਲਿਕ ਕਾਂਸੀ ਦਾ ਤਮਗਾ ਜਿੱਤੀ ਹੈ। ਖੇਡਾਂ ਵਿਚ ਪਹਿਲਾਂ ਪੰਜਾਬ ਹਰਿਆਣੇ ਤੋਂ ਕਾਫੀ ਅੱਗੇ ਹੁੰਦਾ ਸੀ, ਹੁਣ ਪਿੱਛੇ ਜਾ ਪਿਆ ਹੈ।

ਬੀਜਿੰਗ ਦੀ ਮੈਡਲ ਸੂਚੀ 'ਚ ਭਾਰਤ ਦਾ 50ਵਾਂ ਨੰਬਰ ਸੀ, ਲੰਡਨ 'ਚ 55ਵਾਂ, ਪਰ ਰੀਓ



*ਹਰਿਆਣੇ ਕੀ ਛੋਹਰੀ ਸਾਕਸ਼ੀ ਮਲਿਕ ਕਾਂਸੀ ਮੈਡਲ ਜਿੱਤਣ ਪਿਛੋਂ ਆਪਣੇ ਕੋਚ ਨਾਲ*

ਵਿਚ 67ਵਾਂ ਰਿਹਾ। ਕੀ ਕਹੀਏ 'ਸ਼ਾਈਨਿੰਗ ਇੰਡੀਆ' ਤੇ 'ਅੱਛੇ ਦਿਨਾਂ' ਵਾਲੇ ਭਾਰਤ ਬਾਰੇ? ਲੰਡਨ ਦੀਆਂ ਓਲੰਪਿਕ ਖੇਡਾਂ ਵਿਚ ਅਮਰੀਕਾ ਨੇ 46 ਸੋਨੇ, 29 ਚਾਂਦੀ, 29 ਤਾਂਬੇ; ਚੀਨ ਨੇ 38, 27, 24; ਬਰਤਾਨੀਆ ਨੇ 29, 17, 19; ਰੂਸ ਨੇ 24, 27, 32; ਦੱਖਣੀ ਕੋਰੀਆ ਨੇ 13, 8, 7; ਜਰਮਨੀ ਨੇ 11, 19, 14; ਫਰਾਂਸ ਨੇ 11, 11, 12; ਇਟਲੀ ਨੇ 8, 9, 11; ਹੰਗਰੀ ਨੇ 8, 4, 5; ਆਸਟ੍ਰੇਲੀਆ ਨੇ 7, 6, 12 ਤੇ ਭਾਰਤ ਨੇ 0-2-4 ਤਮਗੇ ਜਿੱਤੇ ਸਨ; 54 ਮੁਲਕ ਸੋਨੇ ਤੇ 85 ਮੁਲਕ ਚਾਂਦੀ ਜਾਂ ਤਾਂਬੇ ਦੇ ਤਮਗੇ ਹਾਸਲ ਕਰ ਸਕੇ। 119 ਮੁਲਕ ਖਾਲੀ ਹੱਥ ਰਹੇ ਸਨ।

ਰੀਓ 'ਚ ਅਮਰੀਕਾ ਨੇ 46 ਸੋਨੇ, 37 ਚਾਂਦੀ, 38 ਤਾਂਬੇ; ਬਰਤਾਨੀਆ ਨੇ 27, 13, 17; ਚੀਨ ਨੇ 26, 18, 26; ਰੂਸ ਨੇ 19, 18, 19; ਜਰਮਨੀ ਨੇ 17, 19, 15; ਜਪਾਨ ਨੇ 12, 8, 21; ਫਰਾਂਸ ਨੇ 10, 18, 14; ਦੱਖਣੀ ਕੋਰੀਆ ਨੇ 9, 3, 9; ਇਟਲੀ ਨੇ 8, 12, 8 ਅਤੇ ਆਸਟ੍ਰੇਲੀਆ ਨੇ 8, 11, 8, ਤਮਗੇ ਜਿੱਤੇ ਹਨ। 59 ਦੇਸ਼ ਐਸੇ ਹਨ ਜਿਨ੍ਹਾਂ ਨੇ ਇਕ ਜਾਂ ਵੱਧ ਗੋਲਡ ਮੈਡਲ ਹਾਸਲ ਕੀਤੇ। 73 ਮੁਲਕਾਂ ਨੇ ਚਾਂਦੀ ਤੇ 87 ਮੁਲਕਾਂ ਨੇ ਕਾਂਸੀ ਦੇ ਮੈਡਲ ਜਿੱਤੇ ਹਨ। ਇਉਂ 87 ਮੁਲਕਾਂ ਦੇ ਖਿਡਾਰੀ ਜਿੱਤ-ਮੰਚ 'ਤੇ ਚੜ੍ਹੇ ਯਾਨਿ 87 ਮੁਲਕਾਂ ਦੇ ਝੰਡੇ ਜਿੱਤ-ਮੰਚ 'ਤੇ ਝੁੱਲੇ। ਦੁਨੀਆਂ ਦੇ 206 ਮੁਲਕਾਂ ਤੇ ਇਕ ਰਿਫਿਊਜ਼ੀ ਦਲ 'ਚੋਂ 120 ਦੇਸ਼ ਖਾਲੀ ਹੱਥ ਰਹੇ। ਕੁਲ ਮੈਡਲਾਂ 'ਚੋਂ 48% ਮੈਡਲ ਯੂਰਪ, 22% ਅਮਰੀਕਾ, 21% ਏਸ਼ੀਆ, 5% ਅਫਰੀਕਾ ਤੇ 5% ਓਸ਼ਨੀਆ ਮਹਾਂਦੀਪ ਦੇ ਖਿਡਾਰੀਆਂ ਨੇ ਹਾਸਲ ਕੀਤੇ। ਉਥੇ 27 ਵਿਸ਼ਵ ਤੇ 91 ਓਲੰਪਿਕ ਰਿਕਾਰਡ ਟੁੱਟੇ।

ਮਿਲਖਾ ਸਿੰਘ ਨੇ ਰੋਮ 'ਚ 400 ਮੀਟਰ ਦੀ ਦੌੜ 45.6 ਸੈਕਿੰਡ ਵਿਚ ਲਾਈ ਸੀ। ਰੀਓ 'ਚ ਦੱਖਣੀ ਅਫਰੀਕਾ ਦਾ ਦੌੜਾਕ ਵਾਨ ਇਹ ਦੌੜ 43.03 ਸੈਕਿੰਡ ਵਿਚ ਲਾ ਕੇ 43 ਸੈਕਿੰਡ ਦੀ ਹੱਦ ਤੋੜਨ ਦੇ ਨੇੜੇ ਪਹੁੰਚ ਗਿਐ! ਚੀਨ ਦਾ ਲੌਂਗ ਕਿੰਗ 56 ਕਿਲੋ ਵਜ਼ਨ ਵਰਗ ਵਿਚ 307 ਕਿਲੋਗਰਾਮ ਭਾਰ ਚੁੱਕਣ ਦਾ ਕਲੀਨ ਤੇ ਜਰਕ ਦਾ ਵਿਸ਼ਵ ਰਿਕਾਰਡ ਰੱਖ ਗਿਐ! ਕੋਈ ਵੀ ਰਿਕਾਰਡ ਸਦੀਵੀ ਨਹੀਂ। ਹਰੇਕ ਓਲੰਪਿਕਸ ਵਿਚ ਨਵੇਂ ਤੋਂ ਨਵੇਂ ਰਿਕਾਰਡ ਹੁੰਦੇ ਰਹਿੰਦੇ ਹਨ।

28 ਓਲੰਪਿਕ ਖੇਡਾਂ 'ਚੋਂ ਏਸ਼ੀਆ 'ਚ ਇਹ ਖੇਡਾਂ 3 ਵਾਰ ਹੋਈਆਂ-ਟੋਕੀਓ, ਸਿਓਲ ਤੇ ਬੀਜਿੰਗ। ਦੱਖਣੀ ਅਮਰੀਕਾ 'ਚ ਇਕੋ ਵਾਰ 2016 'ਚ ਹੋਈਆਂ। 2020 ਦੀਆਂ ਓਲੰਪਿਕ ਖੇਡਾਂ ਦੂਜੀ ਵਾਰ ਟੋਕੀਓ 'ਚ ਹੋਣਗੀਆਂ। 2024 ਦੀਆਂ ਖੇਡਾਂ ਦਾ ਫੈਸਲਾ 2017 ਵਿਚ ਹੋਵੇਗਾ। ਭਾਰਤ ਨੇ ਓਲੰਪਿਕ ਖੇਡਾਂ ਕਰਾਉਣ ਦੀ ਕਦੇ ਅਰਜ਼ੀ ਨਹੀਂ ਦਿੱਤੀ ਹਾਲਾਂ ਕਿ ਆਬਾਦੀ ਪੱਖੋਂ ਇਹ ਵਿਸ਼ਵ ਦਾ ਦੂਜਾ ਵੱਡਾ ਦੇਸ਼ ਹੈ। ਅਫਰੀਕਾ ਮਹਾਂਦੀਪ 'ਚ ਓਲੰਪਿਕ ਖੇਡਾਂ ਕਦੇ ਵੀ ਨਹੀਂ ਹੋਈਆਂ।

ਓਲੰਪਿਕ ਖੇਡਾਂ ਦੇ ਆਪਸ ਵਿਚ ਪ੍ਰੋਏ ਪੰਜ ਚੱਕਰ ਪੰਜਾਂ ਮਹਾਂਦੀਪਾਂ ਦੀ ਨੁਮਾਇੰਦਗੀ ਕਰਦੇ ਹਨ। ਬੀਜਿੰਗ ਦੀਆਂ ਖੇਡਾਂ ਵਿਚ 43 ਵਿਸ਼ਵ ਰਿਕਾਰਡ ਟੁੱਟੇ ਸਨ, ਲੰਡਨ ਵਿਚ 30 ਟੁੱਟੇ। ਰੀਓ 'ਚ 65 ਓਲੰਪਿਕ ਤੇ 19 ਵਰਲਡ ਰਿਕਾਰਡ ਟੁੱਟੇ ਹਨ। ਮਨੁੱਖ ਦਿਨੋ ਦਿਨ ਹੋਰ ਜ਼ੋਰਾਵਰ/ਜੁਗਤੀ ਹੋ ਰਿਹੈ। ਓਲੰਪਿਕ ਖੇਡਾਂ ਦਾ ਮਾਟੋ ਹੀ ਹੈ: ਹੋਰ ਤੇਜ਼, ਹੋਰ ਉੱਚਾ, ਹੋਰ ਅੱਗੇ!

ਹੁਣ ਜਦੋਂ ਓਲੰਪਿਕ ਖੇਡਾਂ ਦੀ ਧੂੜ ਬੈਠ ਚੁੱਕੀ ਹੈ, ਭਾਰਤੀ ਖੇਡ ਅਧਿਕਾਰੀਆਂ ਨੂੰ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦੈ। ਖੇਡ ਪ੍ਰਬੰਧ ਨੂੰ ਸਿਆਸੀ ਨੇਤਾਵਾਂ ਦੇ ਮੱਕੜਜਾਲ 'ਚੋਂ ਆਜ਼ਾਦ ਕਰਾਉਣਾ ਚਾਹੀਦੈ। ਦੇਸ਼ ਦਾ ਖੇਡ ਪ੍ਰਬੰਧ ਹੋਰਨਾਂ ਦੇਸ਼ਾਂ ਦੇ ਖੇਡ ਪ੍ਰਬੰਧਾਂ ਵਾਂਗ ਸਾਬਕਾ ਖਿਡਾਰੀਆਂ ਨੂੰ ਸੌਂਪਣਾ ਬਣਦੈ। ਸਿਆਸਤ ਤੋਂ ਆਜ਼ਾਦ ਉਸਾਰੂ ਖੇਡ ਨੀਤੀ ਬਣਾਉਣੀ ਚਾਹੀਦੀ ਹੈ ਤੇ ਉਸ 'ਤੇ ਦਿਆਨਤਦਾਰੀ ਨਾਲ ਅਮਲ ਕਰਨਾ ਚਾਹੀਦੈ ਤਾਂ ਕਿ ਟੋਕੀਓ ਤੇ ਭਵਿੱਖ ਦੀਆਂ ਓਲੰਪਿਕ ਖੇਡਾਂ 'ਚ ਭਾਰਤ ਦੀ ਮਹਾਨਤਾ ਸੱਚੀਮੁੱਚੀਂ ਸਿੱਧ ਕੀਤੀ ਜਾ ਸਕੇ।

# ਦਾਊਦ ਦੇ ਡਰੋਂ ਗ੍ਰਿਫਤਾਰ ਹੋਇਆ ਸੀ ਛੋਟਾ ਰਾਜਨ

**ਨਵੀਂ ਦਿੱਲੀ:** ਅੰਡਰ ਵਰਲਡ ਡੌਨ ਛੋਟਾ ਰਾਜਨ ਜਦ ਪਿਛਲੇ ਸਾਲ ਇੰਡੋਨੇਸ਼ੀਆ ਦੇ ਬਾਲੀ ਏਅਰਪੋਰਟ ਤੋਂ ਫੜਿਆ ਗਿਆ ਤਾਂ ਹਰ ਕੋਈ ਹੈਰਾਨ ਰਹਿ ਗਿਆ ਸੀ। ਲਗਾਤਾਰ 27 ਸਾਲ ਤੋਂ ਪੁਲਿਸ ਦੀ ਗ੍ਰਿਫਤ ਵਿਚੋਂ ਬਾਹਰ ਰਹਿਣ ਵਾਲਾ ਇਹ ਖਤਰਨਾਕ ਡੌਨ ਆਖਰ ਇੰਨੀ ਅਸਾਨੀ ਨਾਲ ਕਿਵੇਂ ਫੜਿਆ ਗਿਆ। ਗ੍ਰਿਫਤਾਰੀ ਤੋਂ ਕੁਝ ਦਿਨ ਬਾਅਦ ਹੀ ਉਹ ਭਾਰਤੀ ਪੁਲਿਸ ਦੇ ਕਬਜ਼ੇ ਵਿਚ ਸੀ। ਅਜਿਹੇ ਵਿਚ ਸਵਾਲ ਖੜ੍ਹੇ ਹੋਏ ਕਿ ਰਾਜਨ ਇੰਜ ਹੀ ਗ੍ਰਿਫਤਾਰ ਹੋ ਗਿਆ ਜਾਂ ਫਿਰ ਦਾਊਦ ਦੇ ਡਰ ਤੋਂ ਉਸ ਨੇ ਖੁਦ ਨੂੰ ਗ੍ਰਿਫਤਾਰ ਕਰਵਾਇਆ ਹੈ। ਅੰਡਰ ਵਰਲਡ ਵਿਚ ਚਰਚਾ ਹੈ ਕਿ ਛੋਟਾ ਰਾਜਨ ਬਾਰੇ ਦਾਊਦ ਦੀ ਡੀ ਕੰਪਨੀ ਨੂੰ ਪਤਾ ਲੱਗ ਗਿਆ ਸੀ। ਇਸ ਲਈ ਜਾਨ ਦੇ ਡਰੋਂ ਰਾਜਨ ਨੇ ਖੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ।

ਇਸ ਤੋਂ ਬਾਅਦ ਉਸ ਨੂੰ ਭਾਰਤ ਲਿਆਂਦਾ ਗਿਆ। ਇਥੇ ਵੀ ਮੁੰਬਈ ਜੇਲ੍ਹ ਵਿਚ ਨਾ ਰੱਖ ਕੇ ਉਸ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਰੱਖਿਆ ਗਿਆ ਹੈ। ਸੂਤਰਾਂ ਮੁਤਾਬਕ ਇਕ ਪਾਸੇ ਸੁਰੱਖਿਆ ਏਜੰਸੀਆਂ ਰਾਜਨ ਨੂੰ ਲੈ ਕੇ ਚੌਕਸ ਸਨ ਤਾਂ ਦੂਜੇ ਪਾਸੇ ਡੀ ਕੰਪਨੀ ਵੀ ਰਾਜਨ ਨੂੰ ਨਿਸ਼ਾਨਾ ਬਣਾਉਣ ਲਈ ਪੂਰੀ ਤਿਆਰੀ ਕਰ ਰਹੀ ਸੀ। ਇਸੇ ਸਾਜ਼ਿਸ਼ ਤਹਿਤ ਹੀ ਪਿਛਲੇ ਸਾਲ ਨਵੰਬਰ ਵਿਚ ਤਿਹਾੜ ਜੇਲ੍ਹ ਦੇ ਅਧਿਕਾਰੀ ਸੁਨੀਲ



ਗੁਪਤਾ ਕੋਲ ਇਕ ਅਨਜਾਣ ਨੰਬਰ ਤੋਂ ਮੈਸੇਜ ਆਇਆ ਕਿ ਸੁਰੱਖਿਆ ਏਜੰਸੀਆਂ ਕਿੰਨੀ ਵੀ ਕੋਸ਼ਿਸ਼ ਕਰ ਲੈਣ, ਪਰ ਉਸ ਨੂੰ ਬਚਾਅ ਨਹੀਂ ਸਕਣਗੇ ਤੇ ਉਸ ਨੂੰ ਮਾਰ ਦਿੱਤਾ ਜਾਏਗਾ।

ਹਾਲਾਂਕਿ ਇਸ ਮੈਸੇਜ ਵਿਚ ਛੋਟਾ ਰਾਜਨ ਦਾ ਨਾਮ ਤਾਂ ਨਹੀਂ ਲਿਖਿਆ ਸੀ, ਪਰ ਜਿਸ ਨੰਬਰ ਤੋਂ ਇਹ ਮੈਸੇਜ ਆਇਆ, ਉਹ ਆਪਣੇ ਆਪ ਵਿਚ ਹੀ ਮਹੱਤਵਪੂਰਨ ਸੀ। ਇਸ ਦੇ ਨਾਲ ਹੀ ਹੋਰ ਨੰਬਰਾਂ 'ਤੇ ਵੀ ਅਜਿਹਾ ਮੈਸੇਜ ਆਏ ਸਨ। ਦਿੱਲੀ ਪੁਲਿਸ ਨੂੰ ਜਾਂਚ ਦੌਰਾਨ ਪਤਾ ਲੱਗਾ ਕਿ ਛੋਟਾ ਰਾਜਨ ਨੂੰ ਮਾਰਨ ਲਈ ਡੀ ਕੰਪਨੀ ਨੇ ਦਿੱਲੀ ਦੇ ਰਹਿਣ ਵਾਲੇ ਜੁਨੈਦ ਨੂੰ ਤਿਆਰ ਕੀਤਾ ਸੀ।

ਇਸ ਕੰਮ ਲਈ ਉਸ ਨੂੰ ਇਕ ਲੱਖ ਰੁਪਏ ਦਿੱਤੇ ਗਏ ਸਨ। ਜੁਨੈਦ ਡੀ ਕੰਪਨੀ ਨਾਲ ਜੁੜਨ ਦੀ ਇੱਛਾ ਵਿਚ ਰਾਜਨ ਨੂੰ ਮਾਰਨ ਲਈ ਤਿਆਰ ਹੋ ਗਿਆ ਸੀ। ਇਸ ਸਾਜ਼ਿਸ਼ ਦੌਰਾਨ ਸ਼ੂਟਰ ਕੋਡਵਰਡ ਵਿਚ ਹੀ ਗੱਲਬਾਤ ਕਰਦੇ ਸਨ। ਇਹ ਹਥਿਆਰ ਨੂੰ ਫਾਈਲ, ਛੋਟਾ ਰਾਜਨ ਨੂੰ ਮਰੀਜ਼, ਖਬਰੀ ਨੂੰ ਡਾਕਟਰ, ਤਿਹਾੜ ਜੇਲ੍ਹ ਨੂੰ ਏਮਜ਼ ਤੇ ਆਟੋਮੈਟਿਕ ਪਿਸਟਲ ਨੂੰ ਹਿੰਦੀ ਵਾਲੀ ਦਾ ਨਾਮ ਦਿੱਤਾ ਗਿਆ ਸੀ, ਪਰ ਇਹ ਗੱਲਬਾਤ ਸੁਰੱਖਿਆ ਏਜੰਸੀਆਂ ਨੇ ਰਿਕਾਰਡ ਕਰ ਲਈ ਸੀ।

# ਚਾਰ ਸਾਲਾ ਬੱਚੀ ਨੌਵੀਂ ਦੀ ਵਿਦਿਆਰਥਣ

**ਲਖਨਊ:** ਇਕ ਮੱਧ ਵਰਗੀ ਪਰਿਵਾਰ ਵਿਚ ਜੰਮੀ ਪੰਜ ਸਾਲ ਤੋਂ ਵੀ ਛੋਟੀ ਬੱਚੀ 'ਅਨੰਨਿਆ' ਦਾ ਨੌਵੀਂ ਕਲਾਸ ਵਿਚ ਦਾਖਲਾ ਕਰਵਾਇਆ ਗਿਆ। ਚਾਰ ਸਾਲ, ਅੱਠ ਮਹੀਨੇ ਦੀ ਅਨੰਨਿਆ ਦੇ ਹੁਨਰ ਨੂੰ ਦੇਖਦੇ ਹੋਏ ਸਕੂਲ ਵੱਲੋਂ ਅਧਿਕਾਰਤ ਤੌਰ 'ਤੇ ਉਸ ਦਾ ਦਾਖਲਾ ਨੌਵੀਂ ਕਲਾਸ ਵਿਚ ਲਿਆ ਗਿਆ ਹੈ। ਇਸ ਦਾਖਲੇ ਤੇ ਰਿਕਾਰਡ ਦਾ ਮਤਲਬ ਹੈ ਕਿ ਹੁਣ ਦੋ ਸਾਲ ਤੋਂ ਵੀ ਘਟ ਸਮੇਂ ਵਿਚ ਅਨੰਨਿਆ ਯੂ.ਪੀ. ਦੀ ਬੋਰਡ ਦੀ ਪ੍ਰੀਖਿਆ ਦੇ ਸਕਦੀ ਹੈ। ਜੇਕਰ ਅਜਿਹਾ ਹੋਇਆ ਤਾਂ ਅਨੰਨਿਆ ਬੋਰਡ ਪ੍ਰੀਖਿਆ ਦੇਣ ਵਾਲੀ ਸਭ ਤੋਂ ਛੋਟੀ ਉਮਰ ਦੀ ਵਿਦਿਆਰਥਣ ਬਣ ਕੇ ਲਿਮਕਾ ਬੁੱਕ ਵਿਚ ਆਪਣਾ ਨਾਮ ਦਰਜ ਕਰਵਾ ਸਕਦੀ ਹੈ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਰਿਕਾਰਡ ਅਨੰਨਿਆ ਦੀ ਵੱਡੀ ਭੈਣ ਸੁਸ਼ਮਾ ਵਰਮਾ ਦੇ ਨਾਮ ਸੀ। ਇਸ ਨੇ ਇਹ ਕਾਰਨਾਮਾ 2007 ਵਿਚ ਸੱਤ ਸਾਲ ਦੀ ਉਮਰ ਵਿਚ ਕੀਤਾ ਸੀ। ਅਨੰਨਿਆ ਦੇ ਦਾਖਲੇ ਤੋਂ ਬਾਅਦ ਸਕੂਲਾਂ ਦੇ ਜ਼ਿਲ੍ਹਾ ਇੰਸਪੈਕਟਰ ਉਮੇਸ਼ ਤ੍ਰਿਪਾਠੀ ਨੇ ਦੱਸਿਆ, ਅਨੰਨਿਆ ਕੋਲ ਇੰਨਾ ਜ਼ਿਆਦਾ ਹੁਨਰ ਹੈ ਕਿ ਉਸ ਦਾ ਦਾਖਲਾ ਨੌਵੀਂ ਜਮਾਤ ਵਿਚ ਹੋਣ ਤੋਂ ਅਸੀਂ ਨਹੀਂ ਰੋਕ ਸਕਦੇ। ਉਹ ਚੰਗੀ ਹਿੰਦੀ ਬੋਲਦੀ ਹੈ ਤੇ ਨੌਵੀਂ ਜਮਾਤ ਦੀਆਂ ਕਿਤਾਬਾਂ ਨੂੰ ਵੀ ਆਰਾਮ ਨਾਲ ਪੜ੍ਹ ਲੈਂਦੀ ਹੈ। ਅਨੰਨਿਆ ਦੇ ਭਰਾ ਸ਼ੈਲੇਂਦਰ ਨੇ ਵੀ ਆਪਣੀ ਬੀ.ਸੀ.ਏ. ਦੀ



ਪੜ੍ਹਾਈ 14 ਸਾਲ ਦੀ ਉਮਰ ਵਿਚ ਪੂਰੀ ਕਰ ਲਈ ਸੀ। ਅਨੰਨਿਆ ਦੇ ਪਿਤਾ ਤੇਜ ਬਹਾਦਰ ਬਾਬਾ ਸਾਹਿਬ ਭੀਮਰਾਓ ਅੰਬੇਡਕਰ ਯੂਨੀਵਰਸਿਟੀ ਵਿਚ ਸਫਾਈ ਦੇ ਅਸਿਸਟੈਂਟ ਸੁਪਰਵਾਈਜ਼ਰ ਹਨ ਜਦਕਿ ਉਸ ਦੀ ਮਾਤਾ ਛਾਇਆ ਦੇਵੀ ਅਨਪੜ੍ਹ ਹੈ।

# ਕੌਮੀ ਸੁਰੱਖਿਆ ਤੇ ਮੋਦੀ ਸਰਕਾਰ

*ਸਿਰਕੱਢ ਚਿੰਤਕ ਅਤੇ ਜਮਹੂਰੀ ਹੱਕਾਂ ਦੇ ਕਾਰਕੁਨ ਗੌਤਮ ਨਵਲੱਖਾ ਨੇ ਮੋਦੀ ਸਰਕਾਰ ਵੱਲੋਂ ਕੌਮੀ ਸੁਰੱਖਿਆ ਦੇ ਨਾਂ ਉਤੇ ਲਗਾਤਾਰ ਅਪਨਾਏ ਜਾ ਰਹੇ ਸਖਤ ਰੁਖ ਦੀ ਚੀਰਫਾੜ ਕਰਦਿਆਂ ਜਿਥੇ ਇਸ ਦਾ ਕੌਮੀ ਹਿਤਾਂ ਵਾਲਾ ਦਾਅਵਾ ਨੰਗਾ ਕੀਤਾ ਹੈ, ਉਥੇ ਇਸ ਨੀਤੀ ਦੀਆਂ ਸੰਭਾਵਨਾਵਾਂ ਬਾਰੇ ਵੀ ਗੰਭੀਰ ਚਰਚਾ ਕੀਤੀ ਹੈ। ਅੰਗਰੇਜ਼ੀ ਦੇ ਮਸ਼ਹੂਰ ਹਫਤਾਵਾਰੀ ਪਰਚੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਵਿਚ ਉਨ੍ਹਾਂ ਇਸ ਮੁੱਦੇ 'ਤੇ ਲੰਮਾ ਲੇਖ ਲਿਖਿਆ ਹੈ। ਇਸ ਲੇਖ ਜਿਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ, ਦਾ ਪਹਿਲਾ ਹਿੱਸਾ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। -ਸੰਪਾਦਕ*

**ਗੌਤਮ ਨਵਲੱਖਾ**
**ਤਰਜਮਾ: ਬੂਟਾ ਸਿੰਘ**

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਕੌਮੀ ਸੁਰੱਖਿਆ ਦੇ ਮਾਮਲਿਆਂ ਉਪਰ ਸਖਤ ਰੁਖ ਅਖਤਿਆਰ ਕਰਨ ਦਾ ਬੁਰਕਾ ਪਾਇਆ ਹੋਇਆ ਹੈ। ਇਹ ਤਾਂ ਉਸ ਵਲੋਂ ਆਪੂੰ ਪੇਸ਼ ਕੀਤਾ ਅਕਸ ਹੈ, ਪਰ ਸਾਨੂੰ ਇਸ ਨੂੰ ਨਿੱਠ ਕੇ ਘੋਖਣ ਦੀ ਲੋੜ ਹੈ। ਆਓ, ਉਥੋਂ ਸ਼ੁਰੂ ਕਰੀਏ ਜੋ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 15 ਦਸੰਬਰ 2015 ਨੂੰ ਕਮਾਂਡਰਾਂ ਦੇ ਸੰਮੇਲਨ ਵਿਚ ਫ਼ੌਜਾਂ ਨੂੰ ਚਿਤਾਵਨੀ ਦਿੱਤੀ ਕਿ "ਵੇਲਾ ਵਿਹਾ ਚੁੱਕੀਆਂ ਮੱਤਾਂ 'ਤੇ ਆਧਾਰਿਤ ਅਤੇ ਵਿਤੀ ਹਕੀਕਤਾਂ ਨਾਲੋਂ ਟੁੱਟੀਆਂ ਭਵਿੱਖਮੁਖੀ ਯੋਜਨਾਵਾਂ ਉਲੀਕਣ ਨਾਲ" ਅਸੀਂ ਭਵਿੱਖ ਲਈ ਤਿਆਰ ਹੋਣ ਦੇ ਯੋਗ ਨਹੀਂ ਹੋ ਸਕਾਂਗੇ।" ਫਿਰ ਇਹ ਧਿਆਨ ਵਿਚ ਲਿਆਉਂਦਿਆਂ ਫ਼ੌਜਾਂ ਨੂੰ ਤਾੜਨਾ ਕੀਤੀ- ਉਸ ਵਕਤ ਜਦੋਂ ਵੱਡੀਆਂ ਤਾਕਤਾਂ ਵੱਲੋਂ ਆਪਣੀਆਂ ਤਾਕਤਾਂ ਨੂੰ ਘਟਾਇਆ ਜਾ ਰਿਹਾ ਹੈ, ਤੇ ਇਹ ਤਕਨਾਲੋਜੀ ਉਪਰ ਟੇਕ ਵਧਾ ਰਹੀਆਂ ਹਨ, ਅਸੀਂ ਅਜੇ ਵੀ ਆਪਣੀਆਂ ਫ਼ੌਜੀ ਤਾਕਤਾਂ ਦਾ ਆਕਾਰ ਲਗਾਤਾਰ ਵਧਾ ਰਹੇ ਹਾਂ। ਫ਼ੌਜੀ ਤਾਕਤਾਂ ਦਾ ਆਧੁਨਿਕੀਕਰਨ ਅਤੇ ਵਿਸਤਾਰ ਮੁਸ਼ਕਿਲ ਅਤੇ ਗ਼ੈਰ-ਜ਼ਰੂਰੀ ਟੀਚਾ ਹੈ। ਸਾਨੂੰ ਐਸੀਆਂ ਤਾਕਤਾਂ ਦਰਕਾਰ ਹਨ ਜੋ ਫੁਰਤੀਲੀਆਂ, ਗਤੀਸ਼ੀਲ ਅਤੇ ਤਕਨਾਲੋਜੀ ਦੁਆਰਾ ਸੰਚਾਲਤ ਹੋਣ, ਉਨ੍ਹਾਂ ਕੋਲ ਇਕੱਲੀ ਮਨੁੱਖੀ ਬਹਾਦਰੀ ਨਾ ਹੋਵੇ।

ਇਹ ਪਹਿਲੀ ਦਫ਼ਾ ਹੈ ਕਿ ਫ਼ੌਜ ਦੇ ਗੁਬਾਰੇ ਵਾਂਗ ਵਧ ਰਹੇ ਆਕਾਰ ਅਤੇ 'ਵਿਤੀ ਹਕੀਕਤਾਂ' ਵੱਲ ਕੇਂਦਰੀ ਹਕੂਮਤ ਦਾ ਧਿਆਨ ਗਿਆ ਹੈ। ਇਹ ਅਹਿਸਾਸ ਸਾਬਕਾ ਫ਼ੌਜੀਆਂ ਵੱਲੋਂ ਫ਼ੌਜ ਅਤੇ ਸਿਵਲ ਤਨਖਾਹਾਂ ਅਤੇ ਭੱਤਿਆਂ ਦਰਮਿਆਨ ਸਮਾਨਤਾ 'ਤੇ ਆਧਾਰਿਤ 'ਇਕ ਅਹੁਦਾ ਇਕ ਪੈਨਸ਼ਨ' ਦੀ ਮੰਗ ਨੂੰ ਲੈ ਕੇ ਕੀਤੇ ਅੰਦੋਲਨ ਤੋਂ ਬਾਅਦ ਹੋਇਆ, ਪਰ ਪ੍ਰਧਾਨ ਮੰਤਰੀ ਦੀ ਤਾੜਨਾ ਗੁੰਮਰਾਹ ਕਰਨ ਵਾਲੀ ਹੈ। ਜੇ 'ਵੇਲਾ ਵਿਹਾ ਚੁੱਕੇ' ਫ਼ੌਜੀ ਮੱਤ ਤਿਆਗਣ ਦੀ ਲੋੜ ਹੈ, ਫਿਰ ਪ੍ਰਧਾਨ ਮੰਤਰੀ ਇਸ ਤੋਂ ਵੀ ਜ਼ਰੂਰੀ, ਹਿੰਦੁਸਤਾਨੀ ਅਵਾਮ ਦੇ ਫ਼ੌਜੀ ਦਮਨ ਦੀ ਪੁਰਾਣੀ ਬਸਤੀਵਾਦੀ ਆਦਤ ਨੂੰ ਤਿਆਗਣ ਦਾ ਸਵਾਲ, ਭੁੱਲ ਗਿਆ ਜੋ ਬਹੁਤ ਸਾਰੀਆਂ ਪੁਰਾਣੀਆਂ ਬੇਹੂਦਗੀਆਂ ਨੂੰ ਅੰਜਾਮ ਦੇਣ ਦੀ ਖੁੱਲ੍ਹ ਦਿੰਦੀ ਹੈ।

ਮੱਤ ਨੀਤੀਆਂ ਨਹੀਂ ਹੁੰਦੇ। ਇਹ ਨੀਤੀਆਂ ਹਨ ਜੋ ਮੱਤਾਂ ਨੂੰ ਜ਼ਿੰਦਗੀ ਦਿੰਦੀਆਂ ਹਨ। ਇਸ ਤੋਂ ਬਿਨਾ, ਫ਼ੌਜਾਂ ਹਕੂਮਤ ਦੀ ਮਨਜ਼ੂਰੀ ਤੋਂ ਬਗ਼ੈਰ ਆਪਣੀਆਂ ਤਾਕਤਾਂ ਵਧਾ ਨਹੀਂ ਸਕਦੀਆਂ। ਇਕ ਪਾਸੇ ਤਾਂ ਪ੍ਰਧਾਨ ਮੰਤਰੀ ਫ਼ੌਜਾਂ ਨੂੰ ਤਾੜਨਾ ਕਰ ਰਿਹਾ ਸੀ, ਦੂਜੇ ਪਾਸੇ ਨਵੀਂ ਮਾਊਂਟੇਨ ਕਾਰਪ ਬਣਾਉਣ ਲਈ 35000 ਹੋਰ ਜਵਾਨ ਲੈ ਕੇ ਫ਼ੌਜ ਦਾ ਵਾਧਾ ਚੱਲ ਰਿਹਾ ਹੈ। ਇਹ ਹਕੂਮਤ ਹੈ ਜੋ ਅੰਦਰੂਨੀ ਸੁਰੱਖਿਆ ਅਤੇ ਹੋਰ ਫੁਟਕਲ ਸਰਗਰਮੀਆਂ ਵਿਚ ਫ਼ੌਜ ਦੀ ਸ਼ਮੂਲੀਅਤ ਵਧਾ ਕੇ ਫ਼ੌਜੀ ਤਾਕਤ ਵਧਾ ਰਹੀ ਹੈ, ਜਿਵੇਂ ਪੌਣ-ਪਾਣੀ ਪੱਖੋਂ ਪਹਿਲਾਂ ਹੀ ਹੜ੍ਹਾਂ ਮਾਰੇ ਯਮੁਨਾ ਖੇਤਰ ਉਪਰ ਸ੍ਰੀ ਸ੍ਰੀ ਰਵੀਸ਼ੰਕਰ ਦੇ ਆਲਮੀ ਸੰਸਕ੍ਰਿਤੀ ਮੇਲੇ ਲਈ ਚੱਕਵਾਂ ਪੁਲ ਬਣਾਉਣਾ। ਜਿਥੋਂ ਤਕ ਵਿਤੀ ਦਬਾਵਾਂ ਦਾ ਸਵਾਲ ਹੈ, ਇਹ ਖ਼ੁਦ ਪ੍ਰਧਾਨ ਮੰਤਰੀ ਅਤੇ ਉਸ ਦੀ ਭਾਜਪਾ ਸੀ ਜਿਸ ਨੇ 2014 ਦੀਆਂ ਚੋਣਾਂ ਦੌਰਾਨ ਕੇਂਦਰੀ ਵਿੱਤ ਦੀ ਕਿਸੇ ਸਮਝ ਜਾਂ ਮੁਲਕ ਨੂੰ ਦਰਪੇਸ਼ ਵਿੱਤੀ ਸੋਕੇ ਦਾ ਖਿਆਲ ਰੱਖੇ ਬਿਨਾ ਹੀ ਆਪਣੇ ਸਵਾਰਥੀ ਹਿੱਤ ਖ਼ਾਤਰ 'ਮੁਕੰਮਲ ਇਕ ਅਹੁਦਾ, ਇਕ ਪੈਨਸ਼ਨ' ਦਾ ਵਚਨ ਦਿੱਤਾ ਸੀ।

ਵੱਖ-ਵੱਖ 'ਗੜਬੜਗ੍ਰਸਤ' ਇਲਾਕਿਆਂ ਵਿਚ ਜਿਥੇ ਫ਼ੌਜ ਲਗਾਈ ਜਾਂਦੀ ਹੈ। ਇਸ ਦੀ ਸਮੁੱਚੀ ਚੀਰਫਾੜ ਤੋਂ ਇਹ ਸਾਹਮਣੇ ਆ ਜਾਵੇਗਾ ਕਿ ਤਕਰੀਬਨ ਤੀਜਾ ਹਿੱਸਾ ਫ਼ੌਜ ਉਤਰ-ਪੂਰਬ ਅਤੇ ਜੰਮੂ ਕਸ਼ਮੀਰ ਅੰਦਰ ਬਗ਼ਾਵਤ ਵਿਰੋਧੀ ਕਾਰਵਾਈਆਂ ਵਿਚ ਲੱਗੀ ਹੋਈ ਹੈ। ਅੰਦਰੂਨੀ ਸੁਰੱਖਿਆ ਅੰਦਰ ਬਗ਼ਾਵਤ ਵਿਰੁੱਧ ਕਾਰਵਾਈਆਂ ਦੀ ਅਹਿਮੀਅਤ ਦੀ ਤਸਦੀਕ ਸੱਤਵੇਂ ਪੇ ਕਮਿਸ਼ਨ ਵਲੋਂ ਕੀਤੀ ਗਈ ਹੈ ਜਿਸ ਨੇ ਨੋਟ ਕੀਤਾ ਕਿ ਜਿਥੇ ਕੇਂਦਰ ਸਰਕਾਰ ਦੀਆਂ ਪੁਲਿਸ ਨੂੰ ਛੱਡ ਕੇ ਹੋਰ ਨੌਕਰੀਆਂ ਜੋ 2006 'ਚ 25.29 ਲੱਖ ਸਨ, ਘਟ ਕੇ 2014 ਵਿਚ 23.21 ਲੱਖ ਰਹਿ ਗਈਆਂ, ਉਥੇ ਪੁਲਿਸ ਬਲਾਂ ਦਾ ਅਕਾਰ ਇਸੇ ਅਰਸੇ ਵਿਚ 7.44 ਤੋਂ ਵਧ ਕੇ 9.80 ਲੱਖ ਹੋ ਗਿਆ। ਇਹ ਕੇਂਦਰੀ ਪੁਲਿਸ ਬਲ ਵੀ ਆਪਣੇ ਜਵਾਨਾਂ ਲਈ ਫ਼ੌਜ ਨਾਲ ਸਮਾਨਤਾ ਦਾ ਹੋ-ਹੱਲਾ ਮਚਾ ਰਹੀਆਂ ਹਨ, ਕਿਉਂਕਿ ਦੋਵੇਂ ਅੰਦਰੂਨੀ ਸੁਰੱਖਿਆ ਮੁਹਿੰਮਾਂ ਵਿਚ ਲੱਗੀਆਂ ਹੋਈਆਂ ਹਨ।

ਸਕੱਤਰਾਂ ਦੀ ਕਮੇਟੀ ਅੱਗੇ ਆਪਣੀ ਤਜਵੀਜ਼ ਵਿਚ ਉਨ੍ਹਾਂ ਨੇ ਉਸ ਆਧਾਰ 'ਤੇ 'ਸੀ.ਏ.ਪੀ.ਐਫ. ਸਰਵਿਸ ਪੇ' ਭੱਤਾ ਦਿੱਤੇ ਜਾਣ ਦੀ ਮੰਗ ਕੀਤੀ ਜੋ ਫ਼ੌਜੀ ਜਵਾਨਾਂ ਨੂੰ ਦਿੱਤਾ ਜਾਂਦਾ ਹੈ, ਜੋ ਉਨ੍ਹਾਂ ਦੀਆਂ ਤਨਖ਼ਾਹਾਂ ਤੋਂ ਇਲਾਵਾ ਹੁੰਦਾ ਹੈ। ਉਨ੍ਹਾਂ ਨੇ ਦਲੀਲ ਦਿੱਤੀ ਕਿ ਕੇਂਦਰੀ ਹਥਿਆਰਬੰਦ ਪੁਲਿਸ ਤਾਕਤਾਂ (ਸੀ.ਏ.ਪੀ.ਪੀ.) ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰਦੀਆਂ ਹਨ ਜੋ ਫ਼ੌਜੀ ਸਰਵਿਸ ਪੇ ਲਈ ਜ਼ਰੂਰੀ ਹਨ ਅਤੇ ਕਿ ਉਹ 'ਅੰਦਰੂਨੀ ਅਤੇ ਸਰਹੱਦਾਂ ਦੀ ਸੁਰੱਖਿਆ ਦੀਆਂ ਅਹਿਮ ਥੰਮ੍ਹ ਹਨ, ਜੰਗ ਵਰਗੀ ਹਾਲਤ ਨਾਲ ਨਜਿੱਠਦੀਆਂ ਹਨ ਅਤੇ ਮੁਹਿੰਮਾਂ ਵਿਚ ਲੱਗੀਆਂ ਹੋਈਆਂ ਹਨ।'

**ਫੌਜ ਦਾ ਫੈਲ ਰਿਹਾ ਆਕਾਰ**

ਨੁਕਤਾ ਇਹ ਹੈ ਕਿ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਲਾਗਤ-ਖਰਚੇ ਆਪਸ ਵਿਚ ਗੁੰਦੇ ਹੋਏ ਹਨ, ਕਿਉਂਕਿ ਫ਼ੌਜ ਅਤੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੀਆਂ ਅੰਦਰੂਨੀ ਅਤੇ ਬਾਹਰੀ ਡਿਊਟੀ ਇਕ ਦੂਜੇ ਵਿਚ ਰਲਗੱਡ ਹਨ। ਲਿਹਾਜ਼ਾ, ਆਫਰੀ ਹੋਈ ਫ਼ੌਜ ਦੀ ਗੱਲ ਕਰਦਿਆਂ ਅਸੀਂ ਕੇਂਦਰੀ ਪੁਲਿਸ ਬਲਾਂ ਦੀ ਆਫ਼ਰੀ ਹੋਈ ਫ਼ਿਤਰਤ ਪ੍ਰਤੀ ਬੇਲਾਗ ਨਹੀਂ ਰਹਿ ਸਕਦੇ। ਗ੍ਰਹਿ ਮੰਤਰਾਲੇ ਲਈ ਬਜਟ ਨਿਰਧਾਰਨ ਵਿਚ 25% ਵਾਧਾ ਕੀਤਾ ਗਿਆ, ਇਹ 2015-16 ਵਿਚ 62125 ਕਰੋੜ ਤੋਂ ਵਧ ਕੇ 2016-17 ਲਈ 77383 ਕਰੋੜ ਰੱਖਿਆ ਗਿਆ, ਇਸ ਵਿਚੋਂ ਜ਼ਿਆਦਾਤਰ ਕੇਂਦਰੀ ਸੁਰੱਖਿਆ ਪੁਲਿਸ ਬਲਾਂ ਲਈ ਹੈ। ਮੁਲਕ ਦੇ ਅੰਦਰ ਫ਼ੌਜੀ ਦਮਨ ਦੀ ਨੀਤੀ ਬਹੁਤ ਵੱਡੇ ਮਸਲੇ ਦਾ ਇਜ਼ਹਾਰ ਹੈ ਅਤੇ ਇਸ ਦੇ ਨਤੀਜੇ ਅਤਿ ਗੰਭੀਰ ਹਨ। ਸਾਡੇ ਆਪਣੇ ਹੀ ਲੋਕਾਂ ਦੇ ਹੌਸਲੇ ਪਸਤ ਕਰਨ ਤੋਂ ਇਲਾਵਾ, ਸਾਡੇ ਹੀ ਲੋਕਾਂ ਵਿਰੁੱਧ ਸੁਰੱਖਿਆ ਬਲਾਂ ਦੀ ਤਾਇਨਾਤੀ ਕੇਂਦਰੀ ਹਥਿਆਰਬੰਦ ਤਾਕਤਾਂ ਵਿਚ ਨਿਘਾਰ ਲਿਆਉਂਦੀ ਹੈ, ਖ਼ਾਸ ਕਰ ਕੇ ਫ਼ੌਜ ਵਿਚ।

ਇਨ੍ਹਾਂ ਬਲਾਂ ਨੂੰ ਵਧਾਉਣਾ ਮੁਲਕ ਦੀ ਯੁੱਧਨੀਤਕ ਨੀਤੀ ਦੇ ਅਨੁਸਾਰ ਸੀ; ਇਹ ਫ਼ੌਜ ਦੀ ਕਾਢ ਨਹੀਂ। ਫ਼ੌਜ ਦੇ ਸਾਬਕਾ ਮੁਖੀ ਵੀ.ਕੇ. ਮਲਿਕ ਦੀ ਕਹੀ ਹੋਈ ਗੱਲ ਰਿਕਾਰਡ ਉਪਰ ਹੈ। 1998 ਵਿਚ ਫ਼ੌਜ ਨੇ 50,000 ਅਸਾਮੀਆਂ ਘਟਾਉਣ ਦਾ ਫੈਸਲਾ ਕੀਤਾ ਸੀ। 1999 ਵਿਚ ਕਾਰਗਿਲ ਜੰਗ ਤੋਂ ਬਾਅਦ ਇਸ ਨੂੰ ਰੱਦ ਕਰ ਦਿੱਤਾ ਗਿਆ। ਇਹ ਉਦੋਂ ਦੀ ਗੱਲ ਹੈ ਜਦੋਂ 1990 ਵਿਚ ਫ਼ੌਜ ਨੂੰ ਜੰਮੂ ਕਸ਼ਮੀਰ ਵਿਚ ਜੰਗ ਵਿਚ ਸ਼ਾਮਲ ਹੋਣ ਦਾ ਹੁਕਮ ਦਿੱਤਾ ਗਿਆ ਕਿ ਬਾਗ਼ੀਆਂ ਵਿਰੁੱਧ ਸਮਰਪਿਤ ਬਲ, ਰਾਸ਼ਟਰੀ ਰਾਈਫਲ, ਬਣਾਉਣ ਦੀ ਲੋੜ ਉਭਰੀ। ਉਤਰ-ਪੂਰਬ ਕੋਲ ਪਹਿਲਾਂ ਹੀ ਆਪਣੀ ਅਸਾਮ ਰਾਈਫਲਜ਼ ਸੀ।

ਲਿਹਾਜ਼ਾ, ਹੁਣ ਸਵਾਲ ਇਹ ਹੈ ਕਿ ਕੀ ਪ੍ਰਧਾਨ ਮੰਤਰੀ ਦੀ ਤਾੜਨਾ ਖਤਰੇ ਦੇ ਅੰਦਾਜ਼ੇ ਬਾਰੇ ਬਦਲਾਓ ਨੂੰ ਦਰਸਾਉਂਦੀ ਹੈ? ਮਸਲਨ, ਜੇ ਮੁਲਕ ਦੀ ਯੁੱਧਨੀਤਕ ਨੀਤੀ 'ਬਹੁਤ ਹੀ ਭੈੜੇ ਹਾਲਾਤ' ਲਈ ਤਿਆਰ ਹੋਣ ਦੀ ਬਜਾਏ 'ਸਭ ਤੋਂ ਸੰਭਵ ਹਾਲਾਤ' ਲਈ ਤਿਆਰ ਹੋਣ ਵੱਲ ਸੇਧਤ ਹੈ, ਇਸ ਦਾ ਭਾਵ ਇਹ ਹੋ ਸਕਦਾ ਹੈ ਕਿ ਨੀਤੀ-ਘਾੜੇ ਉਸ ਨੀਤੀ ਨੂੰ ਤਿਆਗ ਰਹੇ ਹਨ ਜੋ 'ਦੋ-ਮੁਹਾਜ਼ੀ ਜੰਗ' ਦਾ ਸਾਹਮਣਾ ਕਰਨ ਲਈ ਵਿਕਸਤ ਕੀਤੀ ਗਈ ਸੀ, ਕਿਉਂਕਿ ਰਵਾਇਤੀ ਜੰਗ ਹੁਣ ਰੱਦ ਕਰ ਦਿੱਤੀ ਗਈ ਹੈ। ਇਸ ਦੀ ਥਾਂ ਮੁਕਾਮੀ ਸਰਹੱਦੀ ਝੜਪਾਂ ਦੇ ਖ਼ਤਰਿਆਂ ਨੇ ਲੈ ਲਈ ਹੈ। ਇਹ ਵੱਡੀ ਤਬਦੀਲੀ ਦਰਸਾਉਂਦਾ ਹੈ, ਕਿਉਂਕਿ ਇਹ ਹਿੰਦੁਸਤਾਨੀ ਹਵਾਈ ਫ਼ੌਜ ਲਈ 42 ਹਵਾਈ ਸਕੁਐਡਰਨ ਬਣਾਉਣ ਦੀ ਲੋੜ ਨੂੰ ਨਕਾਰ ਦੇਵੇਗਾ ਜੋ ਦੋ-ਮੁਹਾਜ਼ੀ ਜੰਗੀ ਦ੍ਰਿਸ਼ ਲਈ ਲੋੜੀਂਦਾ ਸੀ। ਇਹ ਰਵਾਇਤੀ ਯੁੱਧ-ਕਲਾ ਲਈ ਵੱਡੀ ਤਾਕਤ ਬਰਕਰਾਰ ਰੱਖਣ ਦੀ ਲੋੜ ਨੂੰ ਵੀ ਘਟਾਉਂਦਾ ਹੈ, ਜਦੋਂ ਰਵਾਇਤੀ ਜੰਗ ਦੀ ਸੰਭਾਵਨਾ ਖ਼ੁਦ ਹੀ ਬਹੁਤ ਘਟਾ ਦਿੱਤੀ ਗਈ ਹੈ।

ਟੇਢੇ ਤਰੀਕੇ ਨਾਲ ਮਸਲੇ ਦੀ ਮੌਜੂਦਗੀ, ਤਾਕਤਾਂ ਦੇ ਵਿਸਤਾਰ ਅਤੇ ਤਨਖ਼ਾਹ, ਭੱਤਿਆਂ ਅਤੇ ਪੈਨਸ਼ਨ ਦੀ ਸ਼ਕਲ ਵਿਚ ਇਸ ਦੁਆਰਾ ਪੈਣ ਵਾਲੇ ਵਿੱਤੀ ਬੋਝ ਨੂੰ ਸਵੀਕਾਰ ਕਰਨ, ਤੇ ਇਸ ਬਾਬਤ ਕੁਝ ਕਰਨ ਦਰਮਿਆਨ ਬਹੁਤ ਸਾਰੇ ਸਵਾਲ ਸਿਰ ਚੁੱਕ ਲੈਂਦੇ ਹਨ। ਕੀ ਮੁਲਕ ਦੇ ਅੰਦਰ ਆਪਣੇ ਹੀ ਲੋਕਾਂ ਵਿਰੁੱਧ ਜੰਗ ਲੜੇ ਜਾਣ ਨੂੰ ਲੈ ਕੇ ਕੋਈ ਮੁੜ-ਵਿਚਾਰ ਹੈ? ਗ੍ਰਹਿ ਮੰਤਰਾਲੇ ਨੇ ਫ਼ੌਜ ਅਤੇ ਕੇਂਦਰੀ ਸੁਰੱਖਿਆ ਪੁਲਿਸ ਤਾਕਤਾਂ ਦਰਮਿਆਨ ਸਮਾਨਤਾ ਦੀ ਗੱਲ ਕਹੀ, ਕਿਉਂਕਿ ਮਗਰਲੀ ਤਾਕਤ ਮੁਹਿੰਮਾਂ ਵਿਚ ਪਹਿਲੀ ਦੀਆਂ ਸਾਰੀਆਂ ਖ਼ੂਬੀਆਂ ਪੂਰੀਆਂ ਕਰਦੀ ਹੈ। ਨਿਸਚੇ ਹੀ ਇਹ ਪੇਸ਼ੀਨਗੋਈ ਕੀਤੀ ਜਾ ਸਕਦੀ ਹੈ ਕਿ ਨਫ਼ਰੀ ਅਤੇ ਪ੍ਰਤੀ ਜਵਾਨ ਲਾਗਤ-ਖਰਚੇ, ਦੋਵੇਂ ਵਧਣਗੇ। ਲਿਹਾਜ਼ਾ, ਜੇ ਵਿੱਤ ਸੱਚੀਂ ਹੀ ਮੁੱਦਾ ਹੈ, ਤਾਂ ਕੇਂਦਰੀ ਪੁਲਿਸ ਬਲਾਂ ਦਾ ਅਕਾਰ ਵਧਾਉਣ ਦੀ ਗੱਲ ਕਰਦਿਆਂ ਫ਼ੌਜ ਘਟਾਉਣ ਹੋਣ ਦੀ ਨਸੀਹਤ ਦੇਣ ਦੀ ਕੋਈ ਤੁਕ ਨਹੀਂ ਬਣਦੀ। ਹੈਰਾਨੀ ਤਾਂ ਇਹ ਦੇਖ ਕੇ ਹੁੰਦੀ ਹੈ ਕਿ ਹਿੰਦੁਸਤਾਨ ਦੇ ਹੁਕਮਰਾਨ ਆਪਣੇ ਹੀ ਲੋਕਾਂ ਵਿਰੁੱਧ ਲੜੀ ਜਾ ਰਹੀ ਜੰਗ ਬੰਦ ਕਰਨ ਤੋਂ ਐਨੇ ਤ੍ਰਹਿੰਦੇ ਕਿਉਂ ਹਨ? ਅੰਦਰੂਨੀ ਟਕਰਾਵਾਂ ਦੇ ਜਮਹੂਰੀ ਹੱਲ ਨਾਲ ਨਾਗਰਿਕਾਂ ਦੀ ਹਰ ਤਰ੍ਹਾਂ ਦੇ ਸੰਤਾਪ ਤੋਂ ਬੰਦ-ਖਲਾਸੀ ਦੀ ਸ਼ਕਲ 'ਚ ਜੋ ਅਮਨ ਦਾ ਲਾਹਾ ਹੁੰਦਾ ਹੈ, ਉਸ ਤੋਂ ਇਲਾਵਾ ਇਸ ਨਾਲ ਉਹ ਫੰਡ ਵੀ ਸਮਾਜੀ ਖੇਤਰ ਵਿਚ ਇਸਤੇਮਾਲ ਲਈ ਮੁਕਤ ਹੋ ਜਾਣਗੇ ਜੋ ਹੁਣ ਬੇਲੋੜੀ ਜੰਗ ਨਾਲ ਬੰਨ੍ਹੇ ਗਏ ਹਨ।

'ਤਕਨਾਲੋਜੀ ਉਪਰ ਵਧੇਰੇ ਟੇਕ ਰੱਖਣ ਵਾਲੀ' ਛਾਂਗੀ ਹੋਈ ਤਾਕਤ ਨੂੰ ਲੈ ਕੇ ਹੋਰ ਸਵਾਲ ਉਠਦੇ ਹਨ। ਇਹ ਤਬਦੀਲੀ ਕਿਵੇਂ ਲਿਆਈ ਜਾਂਦੀ ਹੈ? ਕੀ ਫ਼ੌਜ ਦੇ ਵਾਧੂ ਸੈਨਿਕ ਕੇਂਦਰੀ ਸੁਰੱਖਿਆ ਪੁਲਿਸ ਬਲਾਂ ਵਿਚ ਬਦਲੇ ਜਾ ਰਹੇ ਹਨ? ਕੀ ਉਦੇਸ਼ ਦੀ ਪੂਰਤੀ ਲਈ ਇਸਤੇਮਾਲ ਕੀਤਾ ਜਾਣ ਵਾਲਾ ਫ਼ੌਜੀ ਸਾਜ਼ੋ-ਸਮਾਨ ਬਾਹਰੋਂ ਮੰਗਵਾਇਆ ਜਾਵੇਗਾ, ਜਾਂ ਮੁਲਕ ਦੇ ਅੰਦਰ ਬਣਾਇਆ ਜਾਵੇਗਾ?



*ਇਹ ਅਹਿਮ ਗੱਲ ਹੈ ਕਿ ਡਿਫੈਂਸ ਖੇਤਰ ਦੇ ਸਰਕਾਰੀ ਅਦਾਰਿਆਂ ਦੇ ਸੀਨੀਅਰ ਅਫਸਰਾਂ ਨੇ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਦੀ 'ਸਲਾਹ' ਨਹੀਂ ਲਈ ਗਈ ਅਤੇ ਡਿਊਟੀ ਵਧ ਜਾਣ ਨਾਲ ਹਿੰਦੁਸਤਾਨ ਅੰਦਰ ਬਣਾਏ ਜਾ ਰਹੇ ਡਿਫੈਂਸ ਦੇ ਸਮਾਨ ਦੀ ਘਰੇਲੂ ਲਾਗਤ ਵਧ ਜਾਵੇਗੀ। ਇਕ ਸੀਨੀਅਰ ਅਫਸਰ ਨੇ ਕਿਹਾ ਸੀ ਕਿ ਅਸਲ ਵਿਚ ਇਹ 'ਡਿਫੈਂਸ ਖੇਤਰ ਦੇ ਸਰਕਾਰੀ ਅਦਾਰੇ ਹਨ ਜਿਨ੍ਹਾਂ ਨੂੰ ਸਮਤਲ ਖੇਡ ਮੈਦਾਨ ਮੁਹੱਈਆ ਕੀਤੇ ਜਾਣ ਦੀ ਲੋੜ ਹੈ।*

**ਅਜਾਈਂ ਜਾ ਰਹੀ ਸਮਰੱਥਾ**

ਹੁਣ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਸਰਕਾਰ ਦੇ 'ਮੇਕ ਇਨ ਇੰਡੀਆ' ਨਾਅਰੇ (ਲੜਾਈ ਦੇ ਸਾਜ਼ੋਸਮਾਨ ਦੀ ਖ਼ਰੀਦ ਨੀਤੀ) ਦੀ ਵੱਡੀ ਪਹਿਲਕਦਮੀ ਦਾ ਜਾਇਜ਼ਾ ਲੈਣ ਦਾ ਵਕਤ ਹੈ। ਆਪਣੇ ਤੋਂ ਪਹਿਲੀ, ਸਾਂਝਾ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਸਰਕਾਰ, ਜਿਸ ਨੇ ਲਗਭਗ 12 ਪ੍ਰਾਈਵੇਟ ਕੰਪਨੀਆਂ ਨੂੰ ਖ਼ਰੀਦ ਦੇ ਮਾਮਲੇ ਵਿਚ ਤਰਜੀਹੀ ਵਿਹਾਰ ਦਾ ਰੁਤਬਾ ਦਿੱਤਾ ਹੋਇਆ ਸੀ, ਵਾਂਗ ਐਨ.ਡੀ.ਏ. ਵਲੋਂ ਵੀ 'ਯੁੱਧਨੀਤਕ ਪ੍ਰਾਈਵੇਟ ਹਿੱਸੇਦਾਰਾਂ' ਦੀ ਸੂਚੀ ਬਣਾਈ ਗਈ। ਮਜ਼ੇਦਾਰ ਗੱਲ ਇਹ ਸੀ ਕਿ ਫ਼ੌਜ ਦੀ ਖ਼ਰੀਦ ਨੀਤੀ ਦਾ ਐਲਾਨ ਭਾਵੇਂ 28 ਮਾਰਚ ਨੂੰ ਗੋਆ ਵਿਚ ਕੀਤਾ ਗਿਆ ਸੀ, ਇਸ ਵਿਚ 'ਮੈਰਿਟ' ਨੂੰ ਲੈ ਕੇ ਮੱਤਭੇਦਾਂ ਕਾਰਨ 7ਵਾਂ ਅਹਿਮ ਕਾਂਡ ਸ਼ਾਮਲ ਨਹੀਂ ਕੀਤਾ ਗਿਆ ਸੀ ਜੋ 'ਯੁੱਧਨੀਤਕ ਹਿੱਸੇਦਾਰਾਂ' ਨਾਲ ਸਬੰਧਤ ਹੈ, ਭਾਵ ਪ੍ਰਾਈਵੇਟ ਕਾਰਪੋਰੇਟ ਘਰਾਣਿਆਂ ਨੂੰ 'ਯੁੱਧਨੀਤਕ ਹਿੱਸੇਦਾਰ' ਵਜੋਂ ਚੁਣਨ ਦਾ ਚੌਖਟਾ। ਦੱਸਿਆ ਜਾਂਦਾ ਹੈ ਕਿ ਫ਼ੌਜੀ ਖੇਤਰ ਦੇ ਟਰੈਕ ਰਿਕਾਰਡ ਉਪਰ ਜ਼ੋਰ ਦਿੱਤੇ ਜਾਣ ਕਾਰਨ ਅਨਿਲ ਅੰਬਾਨੀ ਨਾਖ਼ੁਸ਼ ਸੀ ਅਤੇ ਉਸ ਨੇ ਦਾਅਵਾ ਕੀਤਾ ਕਿ ਇਹ 'ਸੌੜੇ ਹਿੱਤਾਂ' ਵਲੋਂ ਵਿਛਾਇਆ 'ਬੂਬੀ ਟਰੈਪ' ਸੀ। ਉਹ ਇਕ ਪ੍ਰਾਈਵੇਟ ਡਿਫੈਂਸ ਕੰਪਨੀ ਨੂੰ ਇਕ ਜਾਂ ਦੋ ਖੇਤਰਾਂ ਤਕ ਮਹਿਦੂਦ ਕਰਨ ਦੀ ਤਜਵੀਜ਼ ਦੇ ਵੀ ਖ਼ਿਲਾਫ਼ ਸੀ।

ਇਸ ਨੇ ਉਸ ਨੂੰ ਇਸ ਦੇ ਪ੍ਰੋਮੋਟਰ ਉਦਮੀ ਤੋਂ ਸ਼ਿਪਯਾਰਡ ਹਾਸਲ ਕਰਨ ਤੋਂ ਨਹੀਂ ਰੋਕਿਆ ਅਤੇ ਉਸ ਨੇ ਹੁਣ ਮਿਜ਼ਾਈਲਾਂ ਬਣਾਉਣ ਲਈ ਇਜ਼ਰਾਈਲ ਦੇ ਰਾਫੇਲ ਐਡਵਾਂਸਡ ਡਿਫੈਂਸ ਸਿਸਟਮ ਨਾਲ ਸੌਦੇ ਉਪਰ ਸਹੀ ਪਾ ਦਿੱਤੀ ਹੈ। ਇਹ ਸ਼ਾਇਦ ਇਤਫ਼ਾਕ ਸੀ ਕਿ ਜਿਸ ਦਿਨ ਇਹ ਸਾਂਝਾ ਕਾਰੋਬਾਰ ਐਲਾਨਿਆ ਗਿਆ, ਇਹ ਵੀ ਦੱਸਿਆ ਗਿਆ ਕਿ ਤਿੰਨਾਂ ਹੀ ਫ਼ੌਜਾਂ ਨੇ ਇਜ਼ਰਾਈਲੀ ਮਿਜ਼ਾਇਲਾਂ ਨੂੰ ਤਰਜੀਹ ਦੇਣ ਲਈ ਕਿਹਾ ਹੈ ਅਤੇ ਦੇਸੀ ਮਿਜ਼ਾਇਲ ਆਕਾਸ਼ ਨੂੰ ਨਹੀਂ। ਇਹ ਫ਼ੌਜ ਵਲੋਂ 14180 ਕਰੋੜ ਰੁਪਏ ਦੀ ਕੀਮਤ ਦੀਆਂ ਛੇ ਫਾਇਰਿੰਗ ਬੈਟਰੀਆਂ ਅਤੇ ਸੈਂਕੜੇ ਮਿਜ਼ਾਇਲਾਂ ਖ਼ਰੀਦਣ ਦੇ ਦੋ ਆਰਡਰ ਦੇਣ ਅਤੇ ਹਵਾਈ ਫ਼ੌਜ ਵਲੋਂ 15 ਆਕਾਸ਼ ਮਿਜ਼ਾਇਲਾਂ ਦਾ ਸਕੁਐਡਰਨ ਹਾਸਲ ਕਰਨ ਤੋਂ ਬਾਅਦ ਦੀ ਗੱਲ ਹੈ ਜਿਸ ਦੀ ਕੀਮਤ 10900 ਕਰੋੜ ਰੁਪਏ ਹੈ। ਘਟਨਾਵਾਂ ਦਾ ਐਸਾ ਸਬੱਬੀ ਗੇੜ ਪਹਿਲਾਂ ਵੀ ਵਾਪਰ ਚੁੱਕਾ ਹੈ। ਪਿਛਲੇ ਸਾਲ ਰੱਖਿਆ ਮੰਤਰਾਲੇ ਨੇ ਐਲਾਨ ਕੀਤਾ ਸੀ ਕਿ ਇਹ ਰੂਸ ਨਾਲ ਤਿੰਨ ਗ੍ਰਿਗੋਰੋਵਿਚ ਸ਼੍ਰੇਣੀ ਦਾ ਜੰਗੀ ਜਹਾਜ਼ ਬਣਾਏ ਜਾਣ ਨੂੰ ਲੈ ਕੇ ਗੱਲਬਾਤ ਕਰ ਰਿਹਾ ਸੀ ਜੋ 'ਅੰਬਾਨੀ ਦੀ ਮਾਲਕੀ ਵਾਲੀ ਪਿਪਾਪਾਵ ਸ਼ਿਪਯਾਰਡ ਵਲੋਂ ਬਣਾਇਆ ਜਾਣਾ ਹੈ'। ਉਸੇ ਦਿਨ 2082 ਕਰੋੜ ਰੁਪਏ ਵਿਚ ਪਿਪਾਪਾਵ ਸ਼ਿਪਯਾਰਡ ਹਾਸਲ ਕਰ ਕੇ ਉਸ ਨੇ ਅਗਲੇ ਕੁਝ ਸਾਲਾਂ ਵਿਚ 5000 ਕਰੋੜ ਰੁਪਏ ਹੋਰ ਪੂੰਜੀ ਨਿਵੇਸ਼ ਕਰਨ ਦਾ ਐਲਾਨ ਕੀਤਾ। ਲਿਹਾਜ਼ਾ ਡਿਫੈਂਸ ਖ਼ਰੀਦ ਨੀਤੀ ਉਪਰ ਬਹੁਤ ਕੁਝ ਭਾਰੂ ਹੈ।

ਕੇਂਦਰੀ ਰੱਖਿਆ ਮੰਤਰੀ ਨੇ ਫ਼ੌਜੀ ਖੇਤਰ ਬਾਰੇ ਖ਼ਾਸ ਵਿਸ਼ੇਸ਼ਤਾ ਵੱਲ ਧਿਆਨ ਖਿੱਚਿਆ। ਡਿਫੈਂਸ ਦੇ ਸਰਕਾਰੀ ਖੇਤਰ ਦੇ ਕਾਰੋਬਾਰਾਂ ਦੇ ਨਿੱਜੀਕਰਨ ਜਾਂ ਅਪਨਿਵੇਸ਼ ਨੂੰ ਰੱਦ ਕਰਦਿਆਂ ਉਸ ਨੇ ਕਿਹਾ ਕਿ ਸਿਰਫ਼ ਇਹ ਹੀ ਹਨ ਜੋ ਬੇਕਾਰ ਬੁਨਿਆਦੀ ਢਾਂਚੇ ਨੂੰ ਬਰਕਰਾਰ ਰੱਖਣ ਦਾ ਖ਼ਰਚਾ ਚੁੱਕ ਸਕਦੇ ਹਨ ਅਤੇ 'ਐਸੀਆਂ ਸਮਰੱਥਾਵਾਂ ਨੂੰ ਬਰਕਰਾਰ ਰੱਖ ਸਕਦੇ ਹਨ'। ਇਸ ਬਿਆਨ ਦਾ ਇਕੋ ਇਕ ਸੰਭਵ ਭਾਵ ਇਹ ਹੈ ਕਿ ਡਿਫੈਂਸ ਨਿਰਮਾਣ ਦੇ ਠੇਕੇ ਪੱਕੀ ਗੱਲ ਨਹੀਂ ਹਨ। ਦੂਜੇ ਪਾਸੇ ਏਅਰਬੱਸ (ਵਿਦੇਸ਼ੀ ਸਾਜ਼ੋਸਮਾਨ ਨਿਰਮਾਤਾ ਕੰਪਨੀ) ਨੇ ਕਿਹਾ ਕਿ ਇਹ ਹਿੰਦੁਸਤਾਨ ਵਿਚ 5000 ਕਰੋੜ ਰੁਪਏ ਦਾ ਪੂੰਜੀ ਨਿਵੇਸ਼ ਕਰਨ ਲਈ ਤਿਆਰ ਹੈ ਪਰ 'ਮੇਕ ਇਨ ਇੰਡੀਆ' ਪਹਿਲਕਦਮੀ ਲਈ ਕੁਆਲਿਟੀ ਦੇ ਮੌਲਿਕ ਸਾਜ਼ੋਸਮਾਨ ਨਿਰਮਾਤਾ ਹਾਸਲ ਕਰਨ ਲਈ ਵਿਦੇਸ਼ੀ ਪੂੰਜੀ ਨਿਵੇਸ਼ (ਐਫ.ਡੀ.ਆਈ.) ਦੀ 49% ਦੀ ਸੀਮਾ 'ਨਾਕਾਫ਼ੀ' ਹੈ, ਅਤੇ ਨਾਲ ਹੀ ਕਿਹਾ- 'ਜੇ ਕੋਈ ਠੇਕਾ ਨਹੀਂ ਕੀਤਾ ਹੁੰਦਾ, ਕੋਈ ਪੂੰਜੀ ਨਿਵੇਸ਼ ਵੀ ਨਹੀਂ ਹੋਵੇਗਾ, ਇਹ ਸਿੱਧੀ ਜਿਹੀ ਗੱਲ ਹੈ।'

ਦੂਜੇ ਲਫ਼ਜ਼ਾਂ 'ਚ, ਪ੍ਰਾਈਵੇਟ ਨਿਰਮਾਤਾ, ਖ਼ਾਸ ਕਰ ਕੇ ਵਿਦੇਸ਼ੀ ਸਾਜ਼ੋਸਮਾਨ ਨਿਰਮਾਤਾ, ਚਾਹੁੰਦੇ ਹਨ ਕਿ ਸਰਕਾਰ ਉਨ੍ਹਾਂ ਨਾਲ ਉਨ੍ਹਾਂ ਤੋਂ ਫ਼ੌਜੀ ਸਾਜ਼ੋਸਮਾਨ ਖ਼ਰੀਦਣ ਦਾ ਪੱਕਾ ਠੇਕਾ ਕਰੇ, ਕਿਉਂਕਿ 'ਬੇਕਾਰ ਸਮਰੱਥਾ' ਉਨ੍ਹਾਂ ਲਈ ਸਰਾਪ ਹੈ। ਦੂਜੇ ਲਫ਼ਜ਼ਾਂ 'ਚ, ਇਸ ਨਾਲ ਹਿੰਦੁਸਤਾਨ ਮਹਿੰਗੇ ਸੌਦਿਆਂ ਅਤੇ ਆਪਣੇ 'ਯੁੱਧਨੀਤਕ ਹਿੱਸੇਦਾਰਾਂ' ਨੂੰ ਵਿੱਤੀ ਕਮਾਈ ਦੀ ਗਾਰੰਟੀ ਦੇਣ ਲਈ ਪੱਕੇ ਤੌਰ 'ਤੇ ਬੱਝ ਜਾਵੇਗਾ। ਇਥੋਂ ਤਕ ਕਿ ਉਦੋਂ ਵੀ ਜਦੋਂ ਮੁਲਕ ਦਾ ਯੁੱਧਨੀਤਕ ਭਵਿੱਖਨਕਸ਼ਾ ਅਤੇ ਖ਼ਤਰੇ ਦਾ ਦ੍ਰਿਸ਼ ਬਦਲ ਜਾਂਦਾ ਹੈ ਜਾਂ ਜਦੋਂ ਸਾਜ਼ੋਸਮਾਨ ਹਾਸਲ ਕਰਨ ਲਈ ਇਸ ਦੀ ਕੋਈ ਲੋੜ ਨਹੀਂ ਰਹਿੰਦੀ। ਇਸ ਨਾਲ ਪ੍ਰਾਈਵੇਟ ਖੇਤਰ, ਖ਼ਾਸ ਕਰ ਕੇ ਵਿਦੇਸ਼ੀ ਸਾਜ਼ੋਸਮਾਨ ਨਿਰਮਾਤਾਵਾਂ ਦੀ ਆਮਦ ਸ਼ੱਕੀ ਬਣ ਜਾਂਦੀ ਹੈ। ਦਹਾਕਿਆਂ ਲਈ ਸਾਡੇ ਮੁਕਾਬਲਤਨ ਵਸੀਲਿਆਂ ਨੂੰ ਜੂੜ ਪਾਉਣ ਤੋਂ ਇਲਾਵਾ, ਇਹ ਵਿਦੇਸ਼ੀ ਸਪਲਾਇਰਾਂ ਅਤੇ ਉਨ੍ਹਾਂ ਨੂੰ ਕੰਟਰੋਲ ਕਰਨ ਵਾਲੀਆਂ ਤਾਕਤਾਂ ਉਪਰ ਸਾਡੀ ਨਿਰਭਰਤਾ ਹੋਰ ਵਧਾ ਦੇਵੇਗਾ, ਉਸ ਨੂੰ ਘਟਾਏਗਾ ਨਹੀਂ।

**ਦੇਸੀ ਕੀ ਹੈ?**

ਨਵੀਂ ਡਿਫੈਂਸ ਖ਼ਰੀਦ ਨੀਤੀ ਹਿੰਦੁਸਤਾਨ ਦੇ ਡਿਜ਼ਾਇਨ, ਵਿਕਸਤ ਕੀਤੇ ਅਤੇ ਬਣਾਏ ਸਾਜ਼ੋਸਮਾਨ ਨੂੰ ਤਰਜੀਹ ਦੇਣ ਦਾ ਸੱਦਾ ਦਿੰਦੀ ਹੈ। ਇਸ ਨੂੰ ਐਸੇ ਸਾਜ਼ੋਸਮਾਨ ਦੇ ਤੌਰ 'ਤੇ ਪ੍ਰਿਭਾਸ਼ਤ ਕੀਤਾ ਗਿਆ ਹੈ ਜਿਥੇ ਜੇ ਇਹ ਦੇਸੀ ਤੌਰ 'ਤੇ ਡਿਜ਼ਾਇਨ ਕੀਤਾ ਜਾਂਦਾ ਹੈ ਤਾਂ ਇਸ ਦਾ ਦੇਸੀ ਤੱਤ 40% ਹੈ ਅਤੇ ਜੇ ਡਿਜ਼ਾਇਨ ਬਾਹਰੋਂ ਮੰਗਵਾਇਆ ਜਾਂਦਾ ਹੈ ਤਾਂ ਇਹ 60% ਹੈ। ਇਸ ਮਿਆਰ ਅਨੁਸਾਰ, ਅੰਬਾਨੀ ਅਤੇ ਇਜ਼ਰਾਇਲ ਦੀ ਆਰ.ਏ.ਐਮ.ਐਸ. ਦਰਮਿਆਨ ਸਾਂਝਾ ਉਦਮ ਉਪਰੋਕਤ ਕਿਸਮ ਦੇ ਸਾਜ਼ੋਸਮਾਨ ਨੂੰ ਯੋਗ ਬਣਾਏਗਾ। ਇਸ ਖ਼ਰੀਦ ਨੀਤੀ ਤਹਿਤ ਪ੍ਰਿਭਾਸ਼ਤ ਕੀਤਾ 'ਹਿੰਦੁਸਤਾਨੀ ਵਿਕਰੇਤਾ' ਐਸੀ ਹਸਤੀ ਹੈ ਜੋ ਸਨਅਤੀ ਲਾਇਸੈਂਸਿੰਗ ਅਤੇ ਹੋਰ ਰੈਗੂਲੇਟਰੀ ਜ਼ਰੂਰਤਾਂ ਦੀ ਪਾਲਣਾ ਕਰਦਾ ਹੈ। ਕੀ ਇਹ ਵਿਦੇਸ਼ੀ ਕੰਪਨੀਆਂ ਦੀ ਮੁਕੰਮਲ ਮਾਲਕੀ ਵਾਲੀਆਂ ਸਹਾਇਕ ਕੰਪਨੀਆਂ ਨੂੰ ਵੀ ਹਿੰਦੁਸਤਾਨੀ ਬਰਾਬਰ ਭਾਈਵਾਲਾਂ ਵਜੋਂ ਯੋਗ ਨਹੀਂ ਬਣਾਏਗਾ? ਇਸ ਤੋਂ ਇਲਾਵਾ, ਵਿਦੇਸ਼ ਵਿਚ ਡਿਜ਼ਾਇਨ ਕੀਤਾ ਸੰਦ ਯੰਤਰ ਵੀ ਘਰੇਲੂ ਮੰਡੀ ਵਿਚੋਂ ਤੱਤ ਦੀ 60% ਸੋਰਸਿੰਗ ਰਾਹੀਂ 'ਦੇਸੀ' ਬਣ ਸਕਦਾ ਹੈ। ਗ਼ੌਰਤਲਬ ਅਹਿਮ ਚੀਜ਼ ਹਿੰਦੁਸਤਾਨ 'ਚ ਬਣਾਏ ਪੁਰਜ਼ਿਆਂ ਦੇ ਸਬੰਧ ਵਿਚ ਫ਼ੌਜੀ ਖੇਤਰ 'ਚ ਦਰਾਮਦ ਕੀਤੇ ਹਿੱਸਿਆਂ ਦੀ ਮੁਕਾਬਲਤਨ ਅਹਿਮੀਅਤ ਹੈ।

ਜੇ 'ਦੇਸੀ' ਦੀ ਪਰਿਭਾਸ਼ਾ ਐਸੀ ਸੌਕਲੀ ਬਣਾਈ ਜਾਂਦੀ ਹੈ ਜਿਸ ਨੂੰ ਮਰਜ਼ੀ ਨਾਲ ਵਧਾਇਆ ਜਾ ਸਕਦਾ ਹੋਵੇ, ਜਿਵੇਂ ਉਪਰੋਕਤ ਤੋਂ ਜ਼ਾਹਿਰ ਹੈ, ਤਾਂ ਸਵੈ-ਨਿਰਭਰਤਾ ਦਾ ਖ਼ਿਆਲ ਹੀ ਰੱਦ ਹੋ ਜਾਂਦਾ ਹੈ। ਤਾਜ਼ਾ ਮੰਜ਼ਰ ਅੰਦਰ ਇਸ ਖ਼ਦਸ਼ੇ ਦਾ ਕਾਰਨ ਹੈ। ਪਿਛਲੇ ਸਾਲ ਵਣਜ ਅਤੇ ਸਨਅਤ ਮੰਤਰਾਲੇ ਨੇ ਸਰਕਾਰੀ ਡਿਫੈਂਸ ਅਦਾਰਿਆਂ ਨੂੰ ਆਬਕਾਰੀ ਅਤੇ ਕਸਟਮ ਕਰਾਂ ਤੋਂ ਛੋਟ ਦੀ ਸ਼ਕਲ ਵਿਚ ਦਿੱਤੀ ਅਹਿਮ ਤਰਜੀਹ ਇਹ ਕਹਿ ਕੇ ਵਾਪਸ ਲੈਣ ਦਾ ਐਲਾਨ ਕੀਤਾ ਗਿਆ ਕਿ ਇਸ ਦਾ ਮਨੋਰਥ ਖੁੱਲ੍ਹੀ ਬੋਲੀ 'ਚ ਵਧੇਰੇ ਘੱਟ ਦਰਾਂ ਦਾ ਭਾਅ ਦੱਸਣ ਲਈ ਜਨਤਕ ਖੇਤਰ ਦੇ ਅਦਾਰਿਆਂ ਦਾ ਯੁੱਧਨੀਤਕ ਲਾਹਾ ਵਾਪਸ ਲੈਂਦੇ ਹੋਏ 'ਸਮਤਲ ਖੇਡ ਮੈਦਾਨ' ਮੁਹੱਈਆ ਕਰਨਾ ਸੀ। ਮੰਤਰਾਲੇ ਅਨੁਸਾਰ ਵਿਦੇਸ਼ੀ ਨਿਰਮਾਤਾਵਾਂ, ਅਖੌਤੀ 'ਮੌਲਿਕ ਸਾਜ਼ੋਸਮਾਨ ਨਿਰਮਾਤਾਵਾਂ' ਦੀ ਅਹਿਮ ਮੰਗ ਸੀ ਜਿਸ ਨੇ ਕਿਹਾ ਕਿ ਸਰਕਾਰ ਨੇ 'ਵਿਦੇਸ਼ੀ ਸਾਜ਼ੋਸਮਾਨ ਨਿਰਮਾਤਾਵਾਂ ਦੀ ਮੰਗ ਪੂਰੀ ਕਰ ਦਿੱਤੀ ਸੀ ਜਿਵੇਂ ਬੋਇੰਗ, ਏਅਰਬੱਸ, ਲਾਕਹੀਡ ਮਾਰਟਿਨ, ਬਾਏ ਸਿਸਟਮ'। ਕੇਂਦਰੀ ਰੱਖਿਆ ਮੰਤਰੀ ਮਨੋਹਰ ਪਰੀਕਰ ਮੁਤਾਬਕ, "ਰੱਖਿਆ ਸਾਜ਼ੋਸਮਾਨ ਲਈ ਹਿੰਦੁਸਤਾਨ ਦੀ ਮੰਗ ਐਨੀ ਵੱਡੀ ਹੈ ਕਿ ਕੋਈ ਵੀ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਉਹ (ਬਹੁ-ਕੌਮੀ ਕੰਪਨੀਆਂ) ਆਉਣਗੀਆਂ ਅਤੇ ਡਿਫੈਂਸ ਪੈਦਾਵਾਰ ਲਈ ਮੇਕ ਇਨ ਇੰਡੀਆ ਮੁਹਿੰਮ ਤਹਿਤ ਇਥੇ ਸਾਂਝੇ ਉਦਮ ਅੰਦਰ ਆਪਣਾ ਕਾਰੋਬਾਰ ਸਥਾਪਤ ਕਰਨਗੀਆਂ। ... ਜਦੋਂ ਇਕ ਵਾਰ ਉਹ ਆ ਜਾਂਦੀਆਂ ਹਨ, ਹਿੰਦੁਸਤਾਨੀ ਕੰਪਨੀਆਂ ਰੱਖ-ਰਖਾਅ ਤੇ ਸਪੇਅਰ ਪਾਰਟਸ ਦਾ ਕਾਰੋਬਾਰ ਹਾਸਲ ਕਰ ਸਕਦੀਆਂ ਹਨ।

ਇਹ ਅਹਿਮ ਗੱਲ ਹੈ ਕਿ ਡਿਫੈਂਸ ਖੇਤਰ ਦੇ ਸਰਕਾਰੀ ਅਦਾਰਿਆਂ ਦੇ ਸੀਨੀਅਰ ਅਫ਼ਸਰਾਂ ਨੇ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਦੀ 'ਸਲਾਹ' ਨਹੀਂ ਲਈ ਗਈ ਅਤੇ ਡਿਊਟੀ ਵਧ ਜਾਣ ਨਾਲ ਹਿੰਦੁਸਤਾਨ ਅੰਦਰ ਬਣਾਏ ਜਾ ਰਹੇ ਡਿਫੈਂਸ ਦੇ ਸਮਾਨ ਦੀ ਘਰੇਲੂ ਲਾਗਤ ਵਧ ਜਾਵੇਗੀ। ਇਕ ਸੀਨੀਅਰ ਅਫ਼ਸਰ ਨੇ ਕਿਹਾ ਸੀ ਕਿ ਅਸਲ ਵਿਚ ਇਹ 'ਡਿਫੈਂਸ ਖੇਤਰ ਦੇ ਸਰਕਾਰੀ ਅਦਾਰੇ ਹਨ ਜਿਨ੍ਹਾਂ ਨੂੰ ਸਮਤਲ ਖੇਡ ਮੈਦਾਨ ਮੁਹੱਈਆ ਕੀਤੇ ਜਾਣ ਦੀ ਲੋੜ ਹੈ।

(ਚਲਦਾ)

# ਕਿਉਂ ਚੇਤੇ ਹੈ ਪੰਜਾਬੀਆਂ ਨੂੰ ਮਾਹਿਲਪੁਰ ਦਾ ਸ਼ੌਂਕੀ ਮੇਲਾ?

## ਪੰਜਾਬੀ ਗਾਇਕੀ ਦੇ ਅੰਦਰ ਬਾਹਰ




ਐਸ. ਅਸ਼ੋਕ ਭੌਰਾ
ਫੋਨ: 510-415-3315

ਕਈ ਕੰਮ ਇਤਿਹਾਸ ਇਸ ਕਰਕੇ ਬਣ ਜਾਂਦੇ ਹਨ ਕਿ ਬੰਦੇ ਦੀ ਉਮਰ ਕੁਝ ਹੋਰ ਕਹਿੰਦੀ ਹੁੰਦੀ ਹੈ ਪਰ ਕੰਮ ਉਹ ਹੋਰ ਕਰ ਜਾਂਦਾ ਹੈ ਜਿਨ੍ਹਾਂ ਪ੍ਰਤੀ ਸਮਾਜ ਦੋਵੇਂ ਬਾਹਾਂ ਖੜ੍ਹੀਆਂ ਕਰਕੇ ਪ੍ਰਸ਼ੰਸਾ ਦੇ ਜੈਕਾਰੇ ਛੱਡਣ ਲੱਗ ਪੈਂਦਾ ਹੈ। ਪਹਿਲੀ ਗੱਲ ਕਿ ਜਿਸ ਸ਼ੌਂਕੀ ਮੇਲੇ ਦਾ ਮੈਂ ਜ਼ਿਕਰ ਕਰਨ ਲੱਗਾ ਹਾਂ, ਇਹ ਉਹ ਇਤਿਹਾਸ ਹੈ ਜਦੋਂ ਮੈਂ ਸਿਰਫ 24-25 ਵਰ੍ਹਿਆਂ ਦਾ ਸਾਂ, ਅਣਵਿਆਹਿਆ ਜਾਂ ਉਹ ਉਮਰ ਜਿਸ ਨੂੰ ਸਿਆਣੇ ਕਈ ਵਾਰ ਕਹਿ ਜਾਂਦੇ ਨੇ 'ਜਾਹ ਤੇਰਾ ਸਿਰ ਅਜੇ ਗਿੱਲਾ ਐ।'

ਸ਼ੌਂਕੀ ਮੇਲਾ ਮਾਹਿਲਪੁਰ ਲੱਗਦਾ ਰਿਹਾ, ਮਾਹਿਲਪੁਰ ਹੁਸ਼ਿਆਰਪੁਰ ਜ਼ਿਲ੍ਹੇ ਦਾ ਕਸਬੇ ਵਰਗਾ ਪਿੰਡ, ਫਗਵਾੜੇ ਤੋਂ 40-45, ਹੁਸ਼ਿਆਰਪੁਰ ਤੋਂ 20, ਜੇਜੋਂ ਤੋਂ 13, ਗੜ੍ਹਸ਼ੰਕਰ ਤੋਂ 22 ਤੇ ਨੰਗਰ ਤੋਂ 44 ਕਿਲੋਮੀਟਰ ਦੂਰ ਹੈ, ਜਿਸ ਨੂੰ ਅੰਬੀਆਂ ਦਾ ਦੇਸ ਕਰਕੇ ਵੀ ਜਾਣਿਆ ਜਾਂਦਾ ਹੈ ਕਿਉਂਕਿ ਕਿਸੇ ਵੇਲੇ ਮਾਹਿਲਪੁਰ ਦੇ ਦੇਸੀ ਅੰਬ ਅਬੋਹਰ ਦੀ ਮੰਡੀ ਵਿਚ ਬੜੇ ਮਹਿੰਗੇ ਵਿਕਦੇ ਰਹੇ ਹਨ।

ਸ਼ੌਂਕੀ ਮੇਲੇ ਦਾ ਮੇਰੀਆਂ ਲਿਖਤਾਂ 'ਚ ਜ਼ਿਕਰ ਹੁੰਦਾ ਰਿਹਾ ਹੈ। ਪੰਜਾਬ ਦੇ ਸੱਭਿਆਚਾਰਕ ਮੇਲਿਆਂ 'ਚ ਚਰਚਾ ਚੱਲਦੀ ਰਹੀ ਹੈ। ਕਈ ਵਾਰ ਇਸ ਮੇਲੇ ਨੇ ਪ੍ਰੋ. ਮੋਹਨ ਸਿੰਘ ਮੇਲੇ ਨੂੰ ਮਾਤ ਦਿੱਤੀ ਹੈ। ਜਗਰਾਵਾਂ ਦੇ 'ਰੌਸ਼ਨੀ ਮੇਲੇ' ਅਤੇ ਕਿਲਾ ਰਾਏਪੁਰ ਦੀਆਂ ਖੇਡਾਂ ਜਿਹਾ 'ਕੱਠ ਕਰਕੇ ਵਿਖਾਇਆ ਹੈ। ਢਾਡੀ ਦਇਆ ਸਿੰਘ ਦਿਲਬਰ ਤੋਂ ਲੈ ਕੇ ਰਣਜੀਤ ਸਿੰਘ ਸਿੱਧਵਾਂ ਅਤੇ ਚਰਨ ਸਿੰਘ ਆਲਮਗੀਰ ਤੱਕ ਦਰਜਨਾਂ ਢਾਡੀ ਜਥੇ ਇਸ ਮੇਲੇ 'ਚੋਂ ਮਾਣ ਖੱਟਦੇ ਰਹੇ ਨੇ। ਹੰਸ ਨੂੰ ਇਸ ਮੇਲੇ ਨੇ ਵੱਡੀ ਬ੍ਰੇਕ ਦਿੱਤੀ। ਕਮਲਜੀਤ ਨੀਲੋਂ ਨੂੰ 'ਮਾਣੋ ਬਿੱਲੀ ਅੰਕਲ' ਇਸ ਮੇਲੇ ਨੇ ਹੀ ਬਣਾਇਆ। 'ਤੂਤਕ ਤੂਤੀਆਂ' ਵਾਲਾ ਮਲਕੀਅਤ ਸਿੰਘ ਇਥੇ ਗਾਉਣ ਆਇਆ ਸੀ, ਦਿਲਸ਼ਾਦ ਅਖਤਰ ਤੇ ਹਾਕਮ ਸੂਫੀ ਵੀ, ਵਡਾਲੀ ਭਰਾ ਤੇ ਸਰਦੂਲ ਸਿਕੰਦਰ ਵੀ ਅਤੇ ਕੁਲਦੀਪ ਮਾਣਕ ਵੀ ਇਥੇ ਲਗਾਤਾਰ ਆਉਂਦਾ ਰਿਹਾ। ਬਿੰਦਰਖੀਏ ਨੇ ਪਹਿਲੀ ਵਾਰੀ ਬੋਲੀਆਂ ਸ਼ੌਂਕੀ ਮੇਲੇ 'ਚ ਪਾਈਆਂ। ਸਦੀਕ ਨੇ ਬੜੀਆਂ ਭੰਡੀਆਂ ਕੀਤੀਆਂ। ਦੇਬੀ ਮਖਸੂਸਪੁਰੀ ਅਤੇ ਮਨਮੋਹਨ ਵਾਰਿਸ ਨੇ ਗਾਇਕੀ 'ਚ ਪੇਸ਼ਕਾਰੀ ਦਾ ਸਫਰ ਇਥੋਂ ਹੀ ਸ਼ੁਰੂ ਕੀਤਾ।

ਸੰਗੀਤਕਾਰ ਚਰਨਜੀਤ ਆਹੂਜਾ ਇਥੇ ਆਇਆ, ਸੁਰਿੰਦਰ ਕੌਰ ਵੀ, ਗੁਰਮੀਤ ਬਾਵਾ ਵੀ, ਜਸਪਿੰਦਰ ਨਰੂਲਾ ਵੀ, ਅਮਰ ਨੂਰੀ ਤੇ ਕਮਲਜੀਤ ਨੀਰੂ ਵੀ, ਕੋਕੇ ਵਾਲੀ ਸਰਬਜੀਤ ਤੇ ਰਣਜੀਤ ਮਣੀ ਵੀ, ਮਾਝੇ ਤੋਂ ਮੋਹਣੀ ਰਸੀਲਾ ਤੇ 'ਕੈਂਠੇ ਵਾਲਾ ਭਾਈ' ਵਾਲੀ ਜੋਤੀ ਮਨਜੀਤ ਰਾਹੀ ਤੇ ਦਲਜੀਤ ਕੌਰ ਵੀ। 'ਚਰਖੇ ਦੀ ਘੂਕ' ਸੁਣਾਉਣ ਲਈ ਮੈਂ ਮਾਸਟਰ ਸਲੀਮ ਨੂੰ ਕੁੱਛੜ ਚੁੱਕਿਆ ਤੇ 'ਘੁੰਮ ਨੀ ਭੰਬੀਰੀਏ' ਲਈ ਯੁੱਧਵੀਰ ਨੂੰ ਚੁੱਕ ਕੇ ਗਵਾਇਆ। ਦੇਵ ਥਰੀਕਿਆਂ ਵਾਲਾ, ਬਾਬੂ ਸਿੰਘ ਮਾਨ, ਚਰਨ ਸਿੰਘ ਸਫਰੀ, ਸਾਧੂ ਸਿੰਘ ਆਂਚਲ, ਚੰਨ ਗੁਰਾਇਆ ਵਾਲਾ, ਸੰਜੀਵ ਅਨੰਦ, ਦਵਿੰਦਰ ਖੰਨੇ ਵਾਲੇ ਦਾ ਇਸ ਮੇਲੇ 'ਚ ਸਨਮਾਨ ਹੁੰਦਾ ਰਿਹਾ ਹੈ। ਜੇ ਅਜਮੇਰ ਔਲਖ ਦਾ ਨਾਟਕ 'ਬੇਗਾਨੇ ਬੋਹੜ ਦੀ ਛਾਂ' ਖੇਡਿਆ ਜਾਂਦਾ ਰਿਹਾ ਹੈ ਤਾਂ ਭਾਜੀ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਨੂੰ ਵੀ ਪੂਰਾ ਮਾਣ ਮਿਲਦਾ ਰਿਹੈ ਅਤੇ ਇਸੇ ਮੇਲੇ 'ਚ ਚੰਡੀਗੜ੍ਹ ਵਾਲੇ ਨਰਿੰਦਰ ਨਿੰਦੀ ਨੇ 'ਮਿਰਜ਼ਾ ਸਾਹਿਬਾਂ' ਬੈਲੇ ਖੇਡ ਕੇ ਸਿੱਧ ਕਰ ਦਿੱਤਾ ਸੀ ਕਿ ਜਗਰਾਵਾਂ ਦੀ ਰੌਸ਼ਨੀ ਵਾਂਗ ਹੁਣ ਸਿਰਫ ਬੋਲੀਆਂ ਹੀ ਪੈਣ ਤੋਂ ਰਹਿੰਦੀਆਂ ਨੇ। ਜਸਵਿੰਦਰ ਭੱਲਾ, ਬਾਲ ਮੁਕੰਦ ਸ਼ਰਮਾ ਤੋਂ ਬਿਨਾ ਹਰ ਵੱਡੇ ਕਾਮੇਡੀ ਕਲਾਕਾਰ ਨੇ ਹਾਜ਼ਰੀ ਲਵਾਈ। ਭਗਵੰਤ ਨੂੰ 'ਭੰਡਾ ਅਮਲੀ' ਅਤੇ ਗੁਰਦੇਵ ਢਿੱਲੋਂ ਨੂੰ 'ਭਜਨਾ ਅਮਲੀ' ਸ਼ੌਂਕੀ ਮੇਲੇ ਨੇ ਹੀ ਬਣਾਇਆ। ਦਲੇਰ ਮਹਿੰਦੀ ਲਗਾਤਾਰ 3 ਸਾਲ ਸਮਾਂ ਨਾ ਮਿਲਣ ਕਾਰਨ ਦਿੱਲੀ ਨੂੰ ਖਾਲੀ ਹੀ ਵਾਪਿਸ ਮੁੜਦਾ ਰਿਹਾ। ਨਿਰਮਲ ਸਿੱਧੂ ਇਕ ਸਾਲ ਸਮੇਂ ਦੀ ਘਾਟ ਤੋਂ ਤੰਗ ਆ ਕੇ ਔਖਾ ਬੜਾ ਹੋਇਆ। ਇਸ ਮੇਲੇ 'ਤੇ ਨਚਾਰ, ਨਕਲੀਏ, ਭੰਡ, ਖੁਸਰੇ ਪੂਰੇ ਚਾਅ ਕਰਦੇ ਰਹੇ।



ਢਾਡੀ ਅਮਰ ਸਿੰਘ ਸ਼ੌਂਕੀ

ਮੇਲਾ ਮੈਂ ਪ੍ਰਸ਼ਾਸਨ ਦੇ ਹੱਥਾਂ 'ਚ ਰੱਖਿਆ। ਕਿਸੇ ਸਿਆਸੀ ਨੇਤਾ ਨੂੰ ਬੁਲਾਵਾ ਨਹੀਂ ਭੇਜਿਆ, ਸਿਰਫ 1994 'ਚ ਦਿਲਬਾਗ ਸਿੰਘ ਨਵਾਂਸ਼ਹਿਰ ਨੂੰ ਪੇਂਡੂ ਹੋਣ ਕਰਕੇ ਬੁਲਾਇਆ। ਅੱਜ ਦੇ ਕਈ ਵਜ਼ੀਰ ਉਸ ਵੇਲੇ ਕੁਰਸੀਆਂ ਲਈ ਪਾਸ ਲੈਣ ਵਾਸਤੇ ਮੇਰੇ ਕੋਲ ਸਿਫਾਰਿਸ਼ ਕਰਦੇ ਹੁੰਦੇ ਸੀ ਤੇ ਇਸ ਮੇਲੇ 'ਚ ਜਦੋਂ ਗਵਰਨਰ ਦਾ ਸਲਾਹਕਾਰ ਟੀ.ਐਸ. ਬਰੋਕਾ ਆਇਆ ਤਾਂ ਡਿਪਟੀ ਕਮਿਸ਼ਨਰ ਆਰ.ਐਸ. ਸੰਧੂ ਮੈਨੂੰ ਉਖੜ ਕੇ ਇਸ ਕਰਕੇ ਪੈ ਗਿਆ ਸੀ ਕਿ ਉਪਰੋਂ ਚੋਣਾਂ ਆ ਗਈਆਂ ਨੇ ਤੇ ਤੂੰ ਗਵਰਨਰ ਨੂੰ ਬੁਲਾਇਆ, 'ਤੂੰ ਹੈਂ ਕੀ?' ਪਰ ਇਹ ਪਤਾ ਲੱਗਣ 'ਤੇ ਕਿ ਮੇਰਾ ਕੋਈ ਰਾਜਸੀ ਅਤੇ ਆਰਥਿਕ ਪਿਛੋਕੜ ਨਹੀਂ ਹੈ ਤਾਂ ਉਹਦੇ ਕਹੇ ਸ਼ਬਦ ਮੈਨੂੰ ਹੁਣ ਤੱਕ ਯਾਦ ਨੇ 'ਮੁੰਡਿਆ ਚੌਵੀ ਸਾਲਾਂ ਦੀ ਉਮਰ 'ਚ ਧੰਨ ਧੰਨ ਕਰਵਾਈ ਜਾਨੈਂ।' ਨਾਲ ਲੱਗਦੀ ਹੀ ਇਸ ਮੇਲੇ ਬਾਰੇ ਖਾਸ ਗੱਲ ਇਹ ਸੀ ਕਿ ਮਾਹਿਲਪੁਰ 'ਚ ਲੱਖਾਂ ਦਾ 'ਕੱਠ ਉਦੋਂ ਹੁੰਦਾ ਸੀ ਜਦੋਂ ਪੰਜਾਬ ਦੀਆਂ ਰਾਤਾਂ ਤਾਂ ਕੀ, ਦਿਨ ਵੀ ਦਹਿਸ਼ਤ ਨਾਲ ਕੰਬਦੇ ਸਨ। ਮਾਹਿਲਪੁਰ ਤੋਂ ਲੋਕਾਂ ਨੂੰ ਪਿੰਡਾਂ 'ਚ ਪਹੁੰਚਾਉਣ ਲਈ ਰੋਡਵੇਜ਼ ਦੇ ਨਵਾਂਸ਼ਹਿਰ ਤੇ ਹੁਸ਼ਿਆਰਪੁਰ ਡਿਪੂ ਵਿਸ਼ੇਸ਼ ਬੱਸਾਂ ਚਲਾਉਂਦੇ। ਇਹ ਮੇਰੇ ਨਿਆਣਪੁਣੇ ਦੀ ਇਕ ਘਟਨਾ ਸੀ ਕਿ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਗੁਰਮੇਲ ਸਿੰਘ ਬੈਂਸ ਨੂੰ ਬਿਨਾ ਪੁੱਛਿਆਂ ਮੈਂ ਜ਼ਿਲ੍ਹੇ ਵਿਚ ਸਰਕਾਰੀ ਛੁੱਟੀ ਦਾ ਐਲਾਨ ਕਰ ਦਿੱਤਾ ਸੀ ਤੇ ਮੇਰੇ ਬੋਲ ਪੁਗਾਉਣ ਲਈ ਪ੍ਰਸ਼ਾਸਨ ਨੂੰ ਰਾਤੋ ਰਾਤ ਦਸਤੀ ਚਿੱਠੀਆਂ ਵਿਭਾਗਾਂ ਨੂੰ ਪੁਚਾਉਣੀਆਂ ਪਈਆਂ ਸਨ।

ਜਦੋਂ ਕਿਸੇ ਵੀ ਚੀਜ਼ ਦਾ ਮੁੱਲ ਵਧਦਾ ਹੈ, ਜਦੋਂ ਸੰਸਥਾਵਾਂ ਕੱਦ ਕੱਢਦੀਆਂ ਨੇ, ਤਦ ਵਿਰੋਧ ਵੀ ਨਾਲੋ ਨਾਲ ਹੀ ਉਠ ਖੜਦਾ ਹੈ। ਜਿੰਦਣ ਮੈਂ ਸ਼ੌਂਕੀ ਮੇਲੇ ਦਾ ਸ਼ਰਧਾਂਜਲੀ ਸਮਾਗਮ ਕੀਤਾ ਤਾਂ ਸਾਡੇ ਨਾਲ ਜੁੜੇ ਰਹੇ ਅਤੇ ਹੁਸ਼ਿਆਰਪੁਰ ਦੇ ਇਕ ਆਈ.ਏ.ਐਸ. ਅਧਿਕਾਰੀ ਦੀ ਟਿੱਪਣੀ ਮੈਨੂੰ ਯਾਦ ਹੈ, "ਅਸ਼ੋਕ, ਹਾਥੀ ਰਿਕਸ਼ੇ 'ਤੇ ਬਿਠਾ ਕੇ ਨਹੀਂ ਖਿੱਚ ਹੋ ਸਕਦੇ।" ਉਦੋਂ ਤਾਂ ਮੈਂ ਉਸ ਗੱਲ ਨੂੰ ਬਹੁਤੀ ਗੰਭੀਰਤਾ ਨਾਲ ਨਾ ਲਿਆ ਪਰ ਦੋ ਕੁ ਸਾਲ ਇਹ ਮੇਲਾ ਨਿਕਾਲ ਦੇ ਪਾਣੀ ਵਾਂਗ ਚੱਲ ਤਾਂ ਗਿਆ ਪਰ ਜਦੋਂ ਫਿਰ ਪਜਾਮੇ ਦਾ ਕਛਹਿਰਾ ਬਣਿਆ ਤਾਂ ਮੇਲੇ ਦਾ ਸਬੰਧ ਮਾਹਿਲਪੁਰ ਨਾਲੋਂ ਵੀ ਟੁੱਟ ਗਿਆ ਤਾਂ ਮੈਨੂੰ ਅਹਿਸਾਸ ਹੋ ਗਿਆ ਸੀ ਕਿ ਮੈਂ ਹਾਰਿਆ ਨਹੀਂ, ਜਿੱਤ ਗਿਆਂ। ਇਸੇ ਕਰਕੇ ਜਦੋਂ ਵੀ ਪੰਜਾਬ ਦੇ ਮੇਲਿਆਂ ਦੀ ਗੱਲ ਚੱਲੇਗੀ ਤਾਂ ਸ਼ੌਂਕੀ ਮੇਲਾ ਮੇਰੇ ਨਾਂ ਨਾਲ ਜੁੜਿਆ ਰਹੇਗਾ।

ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇ ਕਿ ਪੰਜਾਬ ਦੇ ਸੱਭਿਆਚਾਰਕ ਕੈਲੰਡਰ ਵਿਚ ਦੋ ਹੀ ਮੇਲੇ ਸਨ-ਪ੍ਰੋ. ਮੋਹਨ ਸਿੰਘ ਮੇਲਾ ਅਤੇ ਸ਼ੌਂਕੀ ਮੇਲਾ ਮਾਹਿਲਪੁਰ। ਭਾਸ਼ਾ ਵਿਭਾਗ, ਸੱਭਿਆਚਾਰਕ ਵਿਭਾਗ ਅਤੇ ਉਤਰੀ ਜ਼ੋਨ ਸੱਭਿਆਚਾਰਕ ਕੇਂਦਰ 28 ਤੇ 29 ਜਨਵਰੀ ਦੀਆਂ ਤਰੀਕਾਂ ਸ਼ੌਂਕੀ ਮੇਲੇ ਲਈ ਰਾਖਵੀਆਂ ਰੱਖਣ ਲੱਗ ਪਏ ਸਨ। ਸ਼ਾਇਦ ਇਹ ਵੀ ਉਹੀ ਮੇਲਾ ਸੀ ਜਿਹਦੇ ਵਿਚ ਪਰਵਾਸੀ ਕਿਲਾ ਰਾਏਪੁਰ ਦੀਆਂ ਖੇਡਾਂ ਵੇਖਣ, ਮੰਨਣਹਾਣੇ ਦਾ ਕੁਸ਼ਤੀ ਦੰਗਲ ਵੇਖਣ ਵਾਂਗ ਜਾਂ ਹਕੀਮਪੁਰ ਦੇ ਖੇਡ ਮੇਲੇ ਵਾਂਗ ਪੰਜਾਬ ਫੇਰੀ ਲਈ ਜਨਵਰੀ ਦਾ ਤੀਜਾ ਤੇ ਚੌਥਾ ਹਫਤਾ ਰਾਖਵਾਂ ਰੱਖਣ ਲੱਗ ਪਏ ਸਨ ਤੇ ਇਸ ਮੇਲੇ 'ਤੇ ਆਉਣ ਵਾਲੇ ਪੰਜਾਬੀਆਂ ਲਈ ਖਾਸ ਗੱਲ ਇਹ ਵੀ ਹੁੰਦੀ ਸੀ ਕਿ ਉਨ੍ਹਾਂ ਨੂੰ ਨਾਲ ਹੀ ਹਰਭਜਨ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਵੇਖਣ ਦਾ ਮੌਕਾ ਵੀ ਮਿਲ ਜਾਂਦਾ।

ਇਹ ਵੀ ਇਕ ਅੰਕੜਾ ਰਹੇਗਾ ਕਿ ਆਲ ਇੰਡੀਆ ਰੇਡੀਓ, ਜਲੰਧਰ ਦੂਰਦਰਸ਼ਨ ਤੋਂ ਇਲਾਵਾ ਦਰਜਨਾਂ ਕੈਮਰੇ ਵਿਦੇਸ਼ਾਂ ਤੋਂ ਇਸ ਮੇਲੇ ਨੂੰ ਕਵਰ ਕਰਨ ਲਈ ਪਹੁੰਚਦੇ ਸਨ। ਉਦੋਂ ਪ੍ਰਾਈਵੇਟ ਟੀ.ਵੀ. ਚੈਨਲਾਂ ਦਾ ਯੁੱਗ ਅਜੇ ਸ਼ੁਰੂ ਨਹੀਂ ਸੀ ਹੋਇਆ। ਇਹ ਮੇਲਾ ਸਚਮੁੱਚ ਹੀ ਇਕ ਮੇਲਾ ਸੀ ਕਿਉਂਕਿ ਇਸ 'ਚ ਬਹੁਤੇ ਵਿਛੜੇ ਮਿੱਤਰਾਂ-ਸੱਜਣਾਂ ਨੂੰ ਮਿਲਣ ਦਾ ਮੌਕਾ ਮਿਲ ਜਾਂਦਾ ਸੀ। ਇਸ ਮੇਲੇ 'ਚ ਹਾਜ਼ਰੀ ਲਵਾਉਣ ਲਈ ਢਾਡੀ ਬੇਨਤੀਆਂ ਕਰਦੇ, ਕਵੀਸ਼ਰ ਸਿਫਾਰਿਸ਼ਾਂ ਕਰਵਾਉਂਦੇ, ਗਾਇਕ ਮੇਰੇ ਪਿੰਡ 'ਚ ਗੇੜੇ ਮਾਰਦੇ, ਸਨਮਾਨ ਲੈਣ ਵਾਲਿਆਂ ਦੀ ਕਤਾਰ ਬੜੀ ਲੰਮੀ ਹੁੰਦੀ ਸੀ। ਕਦੇ ਜਸਵੰਤ ਖਟਕੜ ਦਾ 'ਦੁਆਬਾ ਕਲਾ ਮੰਚ' ਤਰਲੋ ਮੱਛੀ ਹੋ ਰਿਹਾ ਹੁੰਦਾ, ਕਦੇ 'ਅੰਮ੍ਰਿਤਸਰ ਕਲਾ ਕੇਂਦਰ' ਅਤੇ ਕਈ ਹੋਰ ਨਾਟਕ ਮੰਡਲੀਆਂ। ਪੱਤਰਕਾਰ ਤੇ ਕੁਝ ਸਿਆਸੀ ਕਿਸਮ ਦੇ ਲੋਕ ਮੇਲੇ ਦੀ ਸਟੇਜ ਤੋਂ ਸਿਰਫ ਆਪਣਾ ਨਾਂ ਬੁਲਾਉਣ ਲਈ ਮੇਰੇ ਨਾਲ ਨੇੜ ਰੱਖਦੇ ਰਹਿਣਾ ਅਤੇ ਕਈ ਥਾਂ ਰਿਸ਼ਤੇਦਾਰੀਆਂ ਵੀ ਕੱਢੀਆਂ ਜਾਂਦੀਆਂ ਰਹੀਆਂ। ਭਾਵੇਂ ਮੋਹਨ ਸਿੰਘ ਮੇਲਾ ਫਿੱਕਾ ਪੈ ਗਿਆ, ਪਰ ਸ਼ੌਂਕੀ ਮੇਲੇ ਦੀ ਚੜ੍ਹਤ ਬਣੀ ਰਹਿਣੀ ਸੀ ਕਿਉਂਕਿ ਇਹ ਮੇਲਾ ਅਮਰ ਸਿੰਘ ਸ਼ੌਂਕੀ ਕਰਕੇ ਨਹੀਂ ਪ੍ਰਮੁੱਖ ਰੂਪ ਵਿਚ ਮੇਰੇ ਸਬੰਧਾਂ ਦੀ ਵਿਆਖਿਆ ਸੀ। ਇਹ ਮੇਲਾ ਸ਼ੁਰੂ ਕਿਵੇਂ ਹੋਇਆ, ਇਸ ਦੇ ਥੋੜ੍ਹਾ ਵਿਸਥਾਰ ਵਿਚ ਮੈਂ ਜਾਣਾ ਚਾਹਾਂਗਾ।

ਗਾਇਕਾਂ ਬਾਰੇ ਲਿਖਦਿਆਂ ਮੇਰਾ ਮੋਹ ਢਾਡੀ ਦਇਆ ਸਿੰਘ ਦਿਲਬਰ ਨਾਲ ਪੈ ਗਿਆ। ਇਕ ਦੋ ਵਾਰ ਉਨ੍ਹਾਂ ਨੂੰ ਮੰਚ ਸਨਮਾਨ ਮਿਲੇ ਤਾਂ ਮੈਂ ਵਿਸ਼ੇਸ਼ ਤੌਰ 'ਤੇ ਦਿਲਬਰ ਸਾਹਿਬ ਬਾਰੇ ਲਿਖਿਆ। ਫਿਰ ਉਨ੍ਹਾਂ ਨੇ ਮੇਰੇ ਕੰਨ 'ਚ ਇਕ ਗੱਲ ਕਹੀ, "ਅਸ਼ੋਕ, ਢਾਡੀਆਂ ਵੱਲ ਵੀ ਧਿਆਨ ਦੇਹ, ਇਸ ਕਲਾ ਬਾਰੇ ਕੋਈ ਨਹੀਂ ਲਿਖ ਰਿਹਾ।" ਫਿਰ ਮੈਂ ਦੀਦਾਰ ਸਿੰਘ ਰਟੈਂਡਾ ਬਾਰੇ ਵੀ ਲਿਖਿਆ ਅਤੇ ਅਮਰ ਸਿੰਘ ਸ਼ੌਂਕੀ ਬਾਰੇ ਵੀ। ਦੀਦਾਰ ਸਿੰਘ ਉਦੋਂ ਹਾਲੇ ਜਿਉਂਦਾ ਸੀ ਪਰ ਮੈਂ ਸ਼ੌਂਕੀ ਬਾਰੇ ਉਹਦੀ ਸਾਲਾਨਾ ਬਰਸੀ 'ਤੇ ਕਰੀਬ ਸਾਰੀਆਂ ਪ੍ਰਮੁੱਖ ਪੰਜਾਬੀ ਅਖਬਾਰਾਂ ਵਿਚ ਸੰਪਾਦਕੀ ਪੰਨੇ 'ਤੇ ਵੱਡੇ ਲੇਖ ਲਿਖਦਾ ਰਿਹਾ। ਮੇਲਾ ਲਾਉਣ ਦੀ ਮੇਰੇ ਅੰਦਰ ਨਾ ਚਾਹਨਾ ਸੀ, ਨਾ ਤਮੰਨਾ ਸੀ ਪਰ ਮੈਂ ਮੋਹਨ ਸਿੰਘ ਮੇਲੇ ਨੂੰ ਵੇਖਣ ਦੀ ਉਤਸੁਕਤਾ ਬੜੀ ਰੱਖਦਾ ਰਿਹਾ। ਸ਼ਾਇਦ ਹੀ ਪਹਿਲੇ 20-25 ਮੇਲਿਆਂ 'ਚੋਂ ਮੈਂ ਕੋਈ ਮੇਲਾ ਛੱਡਿਆ ਹੋਵੇ।

1993 ਵਿਚ ਜਦੋਂ ਕੁਲਦੀਪ ਮਾਣਕ ਦਾ ਉਹਦੇ ਪਿੰਡ ਜਲਾਲ ਵਿਖੇ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਦੀ ਸਰਪ੍ਰਸਤੀ ਹੇਠ ਵੱਡਾ ਸਨਮਾਨ ਹੋਇਆ, ਜਿਸ ਵਿਚ ਇਕ ਲੱਖ ਤੋਂ ਵੱਧ ਲੋਕ ਸ਼ਾਮਿਲ ਸਨ, ਪੁਲਿਸ ਪ੍ਰਬੰਧਾਂ ਵਿਚ ਮੈਂ ਜੱਸੋਵਾਲ ਨਾਲ ਇਸ ਕਰਕੇ ਸਟੇਜ ਤੱਕ ਪਹੁੰਚਣ ਵਿਚ ਸਫਲ ਹੋ ਗਿਆ ਸਾਂ ਕਿਉਂਕਿ ਇਸ ਦਿਨ ਅਖਬਾਰ 'ਰੋਜ਼ਾਨਾ ਅਜੀਤ' ਵਿਚ ਕੁਲਦੀਪ ਮਾਣਕ ਬਾਰੇ ਸਭ ਤੋਂ ਵੱਡਾ ਲੇਖ ਮੈਂ ਲਿਖਿਆ ਸੀ ਅਤੇ ਉਂਜ ਵੀ ਮੇਰੀ ਅਤੇ ਮਾਣਕ ਦੀ ਯਾਰੀ ਸੀ। ਇਸ ਮੇਲੇ ਤੋਂ ਪਰਤਦਿਆਂ ਜੱਸੋਵਾਲ ਨੇ ਮੈਨੂੰ ਗਾਇਕਾਂ ਹੱਥੋਂ ਕਾਰ ਲੈ ਕੇ ਦੇਣ ਦਾ ਮੌਸਮ ਅਤੇ ਮਾਹੌਲ ਬਣਾ ਕੇ ਦਿੱਤਾ ਅਤੇ ਉਸ ਦਿਨ ਸ਼ੌਂਕੀ ਮੇਲੇ ਦੀ ਸਟੇਜ ਤੋਂ ਜੋ ਚਰਚਾ ਹੋਈ ਸੀ, ਉਹਨੇ ਮੇਰੇ ਅੰਦਰ ਸ਼ੌਂਕੀ ਮੇਲੇ ਪ੍ਰਤੀ ਗੰਭੀਰਤਾ ਹੋਰ ਪੈਦਾ ਕਰ ਦਿੱਤੀ। ਇਹੀ ਕਾਰਨ ਸੀ 1994 ਦਾ ਮੇਲਾ ਪੰਜਾਬ ਦੇ ਮੇਲਿਆਂ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਮੇਲਾ ਸੀ ਅਤੇ ਇਸ ਮੇਲੇ ਵਿਚ ਗੁਰਦਾਸ ਮਾਨ ਨੂੰ ਛੱਡ ਕੇ ਪੰਜਾਬੀ ਦਾ ਹਰ ਗਾਇਕ ਹਾਜ਼ਰ ਸੀ।

ਮੇਲਿਆਂ ਦਾ ਕਲਾਵਾ ਮੈਂ ਇਸ ਕਰਕੇ ਭਰ ਰਿਹਾ ਹਾਂ ਕਿ 1988 ਵਿਚ ਮੈਂ ਤੇ ਜੱਸੋਵਾਲ ਉਹਦੇ ਘਰ ਗੁਰਦੇਵ ਨਗਰ ਲੁਧਿਆਣੇ ਬੈਠੇ ਸਾਂ। ਉਹਨੇ ਇਕ ਮਸ਼ਵਰਾ ਦਿੱਤਾ, "ਮੈਂ ਤਾਂ ਸਿਰਫ ਮੋਹਣ ਸਿੰਘ ਮੇਲੇ 'ਚ ਗਾਉਣ ਵਾਲਿਆਂ ਨੂੰ ਮੰਚ ਦੇ ਸਕਦਾ ਹਾਂ ਪਰ ਤੂੰ ਤਾਂ ਗਾਇਕਾਂ ਤੇ ਸੰਗੀਤ ਬਾਰੇ ਲਿਖ ਵੀ ਰਿਹੈਂ, ਤੂੰ ਪੈੜ ਪਾ ਦਏਂਗਾ ਅਤੇ ਇਹ ਗਾਇਕੀ ਦਾ ਯੁੱਗ ਸਾਰਾ ਤੇਰਾ ਹੋ ਜਾਵੇਗਾ, ਹਲਕੇ 'ਚ ਕੋਈ ਮੇਲਾ ਲਾ।" ਪਰ ਇਕ ਨਸੀਹਤ ਵੀ ਦੇ ਦਿੱਤੀ, "ਮੇਲਾ ਆਪਣੇ ਪਿਓ ਦੇ ਨਾਂ 'ਤੇ ਹੀ ਲਾ ਲੈ, ਕੀ ਫਰਕ ਪਊ, ਨਾਂ ਹੀ ਰੱਖਣੈ। ਸਾਡੇ ਮੇਲੇ ਵਿਚ ਪ੍ਰੋ. ਮੋਹਨ ਸਿੰਘ ਦਾ ਪਰਿਵਾਰ ਖਾਹਮਖਾਹ ਦਖਲਅੰਦਾਜ਼ੀ ਕਰਦਾ ਰਹਿੰਦਾ ਹੈ।"

ਜੱਸੋਵਾਲ ਨੇ ਤਾਂ ਇਹ ਇਕ ਸਧਾਰਨ ਪੂਣੀ ਹੀ ਕੱਤੀ ਸੀ ਪਰ ਮੈਂ ਚਰਖਾ ਚਲਾਉਣ ਲੱਗ ਪਿਆ। ਬੰਗਾ ਮੇਰਾ ਹਲਕਾ ਹੋਣ ਕਰਕੇ ਮੈਂ ਚਾਹੁੰਦਾ ਸੀ ਕਿ ਮੇਲਾ ਬੰਗਾ ਲੱਗੇ, ਦੀਦਾਰ ਸਿੰਘ ਰਟੈਂਡਾ ਨੂੰ ਸਮਰਪਿਤ ਕੀਤਾ ਜਾਵੇ। ਕਿਉਂਕਿ ਢਾਡੀ ਰਾਗ ਵਿਚ ਕਲੀਆਂ ਗਾਉਣ ਵਾਲਾ ਉਹਦੇ ਵਰਗਾ ਕੋਈ ਹੈ ਹੀ ਨਹੀਂ ਸੀ। ਮੈਂ ਗੁਣਾਚੌਰ ਜਾ ਕੇ ਉਹਦੇ ਪੁੱਤਰ ਨਿਰਮਲ ਸਿੰਘ ਨੂੰ ਰਜ਼ਾਮੰਦ ਵੀ ਕਰ ਲਿਆ। ਪਰ ਮੈਨੂੰ ਸਹਿਯੋਗ ਦੇਣ ਵਾਲਾ ਕੋਈ ਦਿਸ ਨਹੀਂ ਰਿਹਾ ਸੀ, ਜੋ ਪ੍ਰਬੰਧਾਂ ਨੂੰ ਸੰਭਾਲ ਸਕੇ। ਮਾਹਿਲਪੁਰ ਸਾਹਿਤ ਸਭਾ ਨਾਲ ਜੁੜਿਆ ਹੋਣ ਕਰਕੇ, ਮਾਹਿਲਪੁਰ ਅੰਬੀਆਂ ਦਾ ਦੇਸ ਚੰਗਾ ਲੱਗਦਾ ਹੋਣ ਕਰਕੇ, ਬਲਜਿੰਦਰ ਮਾਨ ਨਾਲ ਨੇੜਤਾ ਹੋਣ ਕਰਕੇ ਇਸ ਮੇਲੇ ਦੀ ਪੇਸ਼ਕਸ਼ ਮੈਂ ਮਾਹਿਲਪੁਰ ਵਾਲਿਆਂ ਕੋਲ ਕਰ ਬੈਠਾ। ਚਰਚਾ ਚੱਲੀ ਕਿ ਮੇਲੇ ਦਾ ਨਾਮ ਲੋਕ ਮੇਲਾ ਰੱਖਿਆ ਜਾਵੇ। ਮੈਂ ਕਿਹਾ 'ਲੋਕ ਸੁਰਾਂ' ਰੱਖ ਲੈਂਦੇ ਹਾਂ ਕਿਉਂਕਿ ਮੈਂ ਗਾਇਕਾਂ ਬਾਰੇ ਲਿਖਦਾ ਹਾਂ। ਪਰ ਬਲਜਿੰਦਰ ਮਾਨ ਦੇ ਇਕ ਸੰਗੀ ਕ੍ਰਿਸ਼ਨਜੀਤ ਕੈਂਡੋਵਾਲ ਨੇ ਮਸ਼ਵਰਾ ਦਿੱਤਾ ਕਿ ਸ਼ੌਂਕੀ ਬਾਰੇ ਤੁਸੀਂ ਕਈ ਸਾਲਾਂ ਤੋਂ ਲਿਖ ਰਹੇ ਹੋ, ਮੇਲਾ ਸ਼ੌਂਕੀ ਦੇ ਨਾਂ 'ਤੇ ਰੱਖ ਲਓ। ਉਂਜ ਵੀ ਮਾਹਿਲਪੁਰ ਸ਼ੌਂਕੀ ਦਾ ਇਲਾਕਾ ਹੈ ਤੇ ਉਹਦਾ ਪਿੰਡ ਭੱਜਲਾਂ ਦਸ ਕੁ ਕਿਲੋਮੀਟਰ ਹੀ ਤਾਂ ਹੋਵੇਗਾ। ਮੈਂ ਇਹ ਦਲੀਲ ਪ੍ਰਵਾਨ ਕਰ ਲਈ ਤੇ ਢਾਡੀ ਅਮਰ ਸਿੰਘ ਸ਼ੌਂਕੀ ਯਾਦਗਾਰੀ ਟਰੱਸਟ ਬਣਾ ਕੇ ਸ਼ੌਂਕੀ ਮੇਲਾ ਸ਼ੁਰੂ ਕਰ ਲਿਆ। ਪਰ ਮੈਂ ਜੱਸੋਵਾਲ ਦਾ ਉਹ ਸੁਝਾਅ ਭੁੱਲ ਗਿਆ ਸਾਂ ਕਿ 'ਮੇਲਾ ਆਪਣੇ ਪਿਓ ਦੇ ਨਾਮ 'ਤੇ ਹੀ ਕਰ ਲਵੇਂ ਤਾਂ ਚੰਗਾ ਰਹੇਗਾ।'

ਇਹ ਗੱਲ ਮੈਂ ਇੱਥੇ ਦਾਅਵੇ ਨਾਲ ਕਰਾਂਗਾ ਕਿ ਮੈਂ ਮੇਲੇ ਦਾ ਨਾਮ 'ਰਾਮ ਲਾਲ ਸ਼ਾਮ ਸਿੰਘ' ਕੁਝ ਵੀ ਰੱਖ ਲੈਂਦਾ, ਉਹ ਸਫਲ ਹੋ ਜਾਣਾ ਸੀ ਕਿਉਂਕਿ ਮੇਲੇ ਵਿਚ ਹਾਜ਼ਰੀ ਚਾਹੇ ਗਾਇਕਾਂ ਦੀ, ਚਾਹੇ ਕਵੀਸ਼ਰਾਂ, ਚਾਹੇ ਨਾਟਕਕਾਰਾਂ, ਚਾਹੇ ਮਸਖਰਿਆਂ ਦੀ, ਉਹ ਮੇਰੇ ਨਿਜੀ ਸਬੰਧਾਂ ਕਰਕੇ ਸੀ। ਸਰਕਾਰੇ-ਦਰਬਾਰੇ ਅਤੇ ਅਫਸਰਸ਼ਾਹੀ 'ਚ ਮੇਰੀ ਪੁੱਛ ਪ੍ਰਤੀਤ ਸੀ। ਫਿਰ 29 ਜਨਵਰੀ 1988 ਨੂੰ ਪਹਿਲਾ ਮੇਲਾ ਜਦੋਂ ਮਾਹਿਲਪੁਰ ਵਿਚ ਲੱਗਿਆ। ਸੁਰਿੰਦਰ ਕੌਰ ਦੇ ਆਉਣ ਦਾ ਐਲਾਨ ਕੀਤਾ ਤਾਂ ਪ੍ਰੋ. ਅਜੀਤ ਕਹਿ ਰਿਹਾ ਸੀ, "ਇਸ ਜੁਆਕੜੇ ਜਿਹੇ ਭੌਰੇ ਤੋਂ ਸੁਰਿੰਦਰ ਕੌਰ ਕਿੱਥੋਂ ਲਿਆ ਹੋਣੀ ਆ?" ਪਰ ਕਮਾਲ ਇਹ ਹੋਇਆ ਕਿ ਸੁਰਿੰਦਰ ਕੌਰ ਤਾਂ ਆਈ ਹੀ, ਸਰਦੂਲ ਸਿਕੰਦਰ ਵੀ ਆਇਆ, ਮੁਹੰਮਦ ਸਦੀਕ-ਰਣਜੀਤ ਕੌਰ ਵੀ ਆਏ, ਕਮਲਜੀਤ ਨੀਲੋਂ ਨੇ ਬੱਲੇ ਬੱਲੇ ਕਰਵਾਈ ਅਤੇ ਦਰਜਨਾਂ ਹੋਰ ਗਾਇਕਾਂ ਨੇ ਇਸ ਮੇਲੇ ਦੀ ਪਹਿਲੀ ਹਾਜ਼ਰੀ ਨੂੰ ਪੰਜਾਬ ਦੇ ਮੇਲਿਆਂ ਦੇ ਨਕਸ਼ੇ 'ਤੇ ਗੂੜ੍ਹਾ ਕਰ ਦਿੱਤਾ ਸੀ।

(ਸ਼ੌਂਕੀ ਮੇਲੇ ਦੀ ਬਾਤ ਹਾਲੇ ਜਾਰੀ ਰੱਖਾਂਗਾ)



ਸ਼ੌਂਕੀ ਮੇਲੇ 'ਚ ਹਾਜ਼ਰ ਚਰਨਜੀਤ ਆਹੂਜਾ, ਦਵਿੰਦਰ ਖੰਨੇ ਵਾਲਾ, ਦੇਬੀ ਮਖਸੂਸਪੁਰੀ, ਕਮਲਜੀਤ ਨੀਰੂ, ਸੰਜੀਵ ਆਨੰਦ ਅਤੇ ਹੋਰ।




ਇਹ ਉਸ ਕੈਸਿਟ ਦਾ ਸਰਵਰਕ ਹੈ ਜਿਸ ਵਿਚਲੇ ਅਮਰ ਸਿੰਘ ਸ਼ੌਂਕੀ ਦੇ ਲਿਖੇ ਗੀਤਾਂ ਨੂੰ ਸਰਦੂਲ ਸਿਕੰਦਰ, ਹੰਸ ਰਾਜ ਹੰਸ, ਸੁਖਵਿੰਦਰ ਪੰਛੀ ਅਤੇ ਗਮਦੂਰ ਅਮਨ ਤੋਂ ਰਿਕਾਰਡ ਕਰਵਾਉਣ ਵਿਚ ਸਫਲ ਹੋ ਗਿਆ ਸਾਂ।


## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਇਹ ਕੌਣ ਦੁਹੱਥੜੀਂ ਪਿੱਟਦਾ ਏ?

ਕਿਸੇ ਸਿਆਣੇ ਨੂੰ 'ਮਿਰਗੀ' ਪੈਣ ਲੱਗ ਪਏ, ਉਹ 'ਦੌਰੇ' ਨੂੰ ਕਸਰਤ ਹੀ ਆਖਦਾ ਏ।
ਜੁੱਤੀਆਂ ਖਾ ਕੇ ਕਹੇ ਨਹੀਂ ਕੁਝ ਹੋਇਆ, ਰਹਿੰਦਾ ਤੀਵੀਆਂ ਵਲ ਜੋ ਝਾਕਦਾ ਏ।
ਜਿਹੜਾ ਵਕਤ ਪਛਾਣਦਾ ਨਹੀਂ ਬੰਦਾ, ਮੁਲਕ ਆਪਣੇ 'ਚ ਨੇਤਾ ਨਹੀਂ ਬਣ ਸਕਦਾ।
ਜਿਹੜਾ ਭੱਥੇ 'ਚੋਂ ਤੀਰਾਂ ਨੂੰ ਆਪ ਭੰਨੇ, ਦੱਸੋ ਜਿੱਤ ਉਹ ਕਿਹੜਾ ਫਿਰ ਰਣ ਸਕਦਾ।
ਕਈਆਂ ਮੁਲਕ ਛੱਡੇ, ਕਈਆਂ ਕੰਮ ਛੱਡੇ, 'ਸੇਵਾ' ਧੰਦੇ 'ਚੋਂ ਸੋਚਦੇ 'ਰਿੱਚ' ਹੋਣਾ।
ਝੋਟੇ ਨਾਲ ਹੀ ਗਾਰੇ ਵਿਚ ਆਪ ਫਸ ਗਏ, ਭਲਿਓ! ਜਿੱਲ੍ਹ 'ਚੋਂ ਗੱਡਾ ਨਹੀਂ ਖਿੱਚ ਹੋਣਾ।
ਪੀਂਘ ਚੜ੍ਹਨ ਤੋਂ ਪਹਿਲਾਂ ਜੇ ਟਾਹਣ ਟੁੱਟ ਜਾਏ, ਤੀਆਂ ਹੋਣ ਵਿਰਾਨ, ਸੁੰਨ੍ਹ ਸਾਨ ਮਿੱਤਰੋ।
ਕਿਤੇ ਮੁਕਲਾਵੇ ਨੂੰ ਛੱਤ ਜੇ ਚੋਣ ਲੱਗ ਪਏ, ਨਰਕ ਜਾਪਦਾ ਨਿਰਾ ਜਹਾਨ ਮਿੱਤਰੋ।
ਉਧਰ ਘੂਕਰ ਨੇ ਫੇਰ ਤੋਂ ਬੜ੍ਹਕ ਮਾਰੀ, ਭੇਤ ਸੱਚੀਂ ਹੁਣ ਪੱਥਰ 'ਤੇ ਇੱਟ ਦਾ ਏ।
ਗੋਰਾ-ਜਰਵੀ ਬਲਬੀਰੋ ਨੂੰ ਧੂਹ ਲੈ ਗਏ, ਸੁੱਚਾ ਭਾਬੀ 'ਤੇ ਅਣਖ ਨੂੰ ਪਿੱਟਦਾ ਏ।
ਚਿੱਟੇ ਕਬੂਤਰਾਂ ਨੇ ਚੋਗਾ ਬਹੁਤ ਚੁਗਿਆ, ਰੋਣ ਹਾਕੇ ਕਰ ਦਿੱਤਾ ਏ ਨੀਲਿਆਂ ਨੇ,
'ਭੌਰੇ' ਲੱਗਦਾ ਵਿਚਾਲੇ ਹੀ ਖਿਲਰ ਜਾਣਾ, ਵਿਚੇ ਝਾੜੂਆਂ ਨੇ ਵਿਚੇ ਤੀਲਿਆਂ ਨੇ।

ਗੁਰਮਤਿ ਵਿਚਾਰ



# ਰਾਹਿ ਸੈਤਾਨੀ ਦੁਨੀਆ ਗੋਈ

ਡਾ. ਗੁਰਨਾਮ ਕੌਰ, ਕੈਨੇਡਾ

ਪਹਿਲੀ ਵਾਰ ਦੀ ੩੩ਵੀਂ ਪਉੜੀ ਵਿਚ ਭਾਈ ਗੁਰਦਾਸ ਜ਼ਿਕਰ ਕਰਦੇ ਹਨ ਕਿ ਮੱਕੇ ਦੇ ਵਰਤਾਰੇ ਤੋਂ ਬਾਅਦ ਕਾਜ਼ੀ ਅਤੇ ਮੁੱਲਾਂ ਇਕੱਠੇ ਹੋ ਕੇ ਗੁਰੂ ਨਾਨਕ ਸਾਹਿਬ ਨਾਲ ਮਜ਼ਹਬ ਸਬੰਧੀ ਪ੍ਰਸ਼ਨ-ਉਤਰ ਕਰਦੇ ਹਨ। ਅਕਾਲ ਪੁਰਖ ਨੇ ਸੰਸਾਰ ਦਾ ਵੱਡਾ ਪਾਸਾਰ ਪਾਇਆ ਹੈ ਅਤੇ ਉਸ ਦੀ ਲੀਲਾ ਦੀ ਥਾਹ ਨਹੀਂ ਪਾਈ ਜਾ ਸਕਦੀ, ਉਸ ਦੀ ਕੁਦਰਤਿ ਦਾ ਅੰਤ ਨਹੀਂ ਪਾਇਆ ਜਾ ਸਕਦਾ। ਫਿਰ ਕਾਜ਼ੀ ਅਤੇ ਮੁੱਲਾਂ ਕਿਤਾਬਾਂ ਖੋਲ੍ਹ ਕੇ ਪ੍ਰਸ਼ਨ ਕਰਨ ਲੱਗੇ ਕਿ ਸਾਨੂੰ ਦੱਸੋ ਹਿੰਦੂ ਅਤੇ ਮੁਸਲਮਾਨ ਵਿਚੋਂ ਕਿਹੜਾ ਮਜ਼ਹਬ ਵੱਡਾ ਹੈ? ਬਾਬਾ ਮਸਜਿਦ ਵਿਚ ਉਥੇ ਗਿਆ ਸੀ, ਜਿੱਥੇ ਹਾਜੀ ਮੱਕੇ ਦਾ ਹੱਜ ਕਰਨ ਆਏ ਹੋਏ ਸਨ।

ਭਾਈ ਗੁਰਦਾਸ ਦੱਸਦੇ ਹਨ ਕਿ ਬਾਬਾ ਨਾਨਕ ਨੇ ਉਥੇ ਇਕੱਠੇ ਹੋਏ ਹਾਜੀਆਂ ਨੂੰ ਦੱਸਿਆ ਕਿ ਸ਼ੁਭ ਅਮਲਾਂ ਤੋਂ ਬਗੈਰ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਰੋਂਦੇ ਹਨ। ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਰੱਬ ਦੀ ਦਰਗਾਹ ਵਿਚ ਸਿਰਫ਼ ਇਸ ਕਰਕੇ ਕਬੂਲ ਨਹੀਂ ਹੋ ਜਾਣਗੇ ਕਿ ਉਹ ਕਿਸੇ ਖਾਸ ਮਜ਼ਹਬ ਨੂੰ ਮੰਨਣ ਵਾਲੇ ਹਨ ਕਿਉਂਕਿ ਰੱਬ ਦੇ ਦਰਬਾਰ ਵਿਚ ਮਨੁੱਖ ਦੇ ਚੰਗੇ ਜਾਂ ਮਾੜੇ ਹੋਣ ਦਾ ਫੈਸਲਾ ਉਸ ਦੇ ਅਮਲਾਂ ਅਨੁਸਾਰ ਹੁੰਦਾ ਹੈ, ਉਸ ਦੀ ਕਰਨੀ ਅਨੁਸਾਰ ਹੁੰਦਾ ਹੈ। ਕਹਿਣ ਤੋਂ ਭਾਵ ਹੈ ਕਿ ਧਾਰਮਿਕ ਹੋਣ ਦਾ ਬਾਹਰੀ ਦਿਖਾਵਾ ਕਿਸੇ ਕੰਮ ਨਹੀਂ ਆਉਂਦਾ, ਇਹ ਮੁਲੰਮਾ ਹੈ ਕਿਉਂਕਿ ਇਹ ਕਸੁੰਭੇ ਦੇ ਰੰਗ ਵਾਂਗ ਹੈ, ਮਨੁੱਖ ਦੇ ਨਾਲ ਉਸ ਦੇ ਕੀਤੇ ਅਮਲਾਂ ਨੇ ਜਾਣਾ ਹੈ। ਕਸੁੰਭੇ ਦਾ ਰੰਗ ਕੱਚਾ ਹੁੰਦਾ ਹੈ ਜੋ ਪਾਣੀ ਨਾਲ ਧੋਣ 'ਤੇ ਉਤਰ ਜਾਂਦਾ ਹੈ। ਲੋਕ ਹਿੰਦੂ ਜਾਂ ਮੁਸਲਮਾਨ ਹੋਣ ਦੇ ਨਾਤੇ ਆਪਸ ਵਿਚ ਈਰਖਾ ਕਰਦੇ ਹਨ, ਜਦ ਕਿ ਰਾਮ ਅਤੇ ਰਹੀਮ ਇੱਕੋ ਥਾਂ ਖਲੋਤੇ ਹਨ ਅਰਥਾਤ ਦੋਵਾਂ ਦਾ ਦਰਜਾ ਬਰਾਬਰ ਹੈ। ਦੁਨੀਆਂ ਬਦੀ ਦੇ ਰਸਤਿਆਂ 'ਤੇ ਚੱਲਦੀ ਹੋਈ ਭੁੱਲੀ ਫਿਰਦੀ ਹੈ:

ਪੁਛਨਿ ਗਲ ਈਮਾਨ ਦੀ
ਕਾਜੀ ਮੁਲਾਂ ਇਕਠੇ ਹੋਈ।
ਵਡਾ ਸਾਂਗ ਵਰਤਾਇਆ
ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ
ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ
ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ
ਦਰਗਹ ਅੰਦਰਿ ਲਹਨਿ ਨ ਢੋਈ।
ਕਚਾ ਰੰਗੁ ਕੁਸੰਭ ਦਾ
ਪਾਣੀ ਧੋਤੈ ਥਿਰੁ ਨ ਰਹੋਈ।
ਕਰਨਿ ਬਖੀਲੀ ਆਪਿ ਵਿਚਿ
ਰਾਮ ਰਹੀਮ ਕੁਥਾਇ ਖਲੋਈ।
ਰਾਹਿ ਸੈਤਾਨੀ ਦੁਨੀਆ ਗੋਈ॥੩੩॥

ਗੁਰੂ ਨਾਨਕ ਨੇ ਧਰਮ ਨੂੰ ਦਿਖਾਵੇ ਵਾਲੇ ਧਾਰਮਕ ਕਰਮਕਾਂਡ ਵਿਚੋਂ ਕੱਢ ਕੇ ਮਨੁੱਖ ਦੇ ਸ਼ੁਭ ਅਮਲਾਂ ਨਾਲ ਜੋੜਿਆ। ਆਪਣੀ ਬਾਣੀ ਵਿਚ ਵੀ ਗੁਰੂ ਨਾਨਕ ਸਾਹਿਬ ਨੇ ਵਾਰ ਵਾਰ ਮਨੁੱਖ ਨੂੰ ਚੰਗੇ ਕਰਮ ਕਰਨ ਦੀ ਪ੍ਰੇਰਨਾ ਕੀਤੀ ਹੈ ਤਾਂ ਕਿ ਉਹ ਇਸ ਦੁਨੀਆਂ ਵਿਚ ਵੀ ਸ਼ੋਭਾ ਖੱਟ ਸਕੇ ਅਤੇ ਅਕਾਲ ਪੁਰਖ ਦੇ ਦਰਬਾਰ ਵਿਚ ਥਾਂ ਪ੍ਰਾਪਤ ਕਰ ਸਕੇ; ਫਿਰ ਭਾਵੇਂ ਉਹ ਰਾਮ ਨੂੰ ਮੰਨਦਾ ਹੋਵੇ ਜਾਂ ਰਹੀਮ ਨੂੰ ਅਰਥਾਤ ਕਿਸੇ ਵੀ ਮਜ਼ਹਬ ਨਾਲ ਸਬੰਧਤ ਹੋਵੇ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਉਸ ਨੇ ਪਰਮਾਤਮਾ ਦੇ ਦਰਬਾਰ ਵਿਚ ਕਬੂਲ ਆਪਣੇ ਅਮਲਾਂ ਨਾਲ ਹੀ ਹੋਣਾ ਹੈ।

ਮਾਝ ਦੀ ਵਾਰ ਵਿਚ ਗੁਰੂ ਨਾਨਕ ਇਸੇ ਕਰਮਕਾਂਡ ਵੱਲ ਇਸ਼ਾਰਾ ਕਰਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਭਾਵੇਂ ਮੈਂ ਸੋਨੇ ਦੇ ਸੁਮੇਰ ਪਰਬਤ ਉਤੇ ਗੁਫਾ ਬਣਾ ਕੇ ਰਹਾਂ ਅਤੇ ਭਾਵੇਂ ਹੇਠਾਂ ਪਾਣੀ ਵਿਚ, ਭਾਵੇਂ ਧਰਤੀ ਵਿਚ ਰਹਾਂ ਤੇ ਭਾਵੇਂ ਆਕਾਸ਼ ਵਿਚ ਸਿਰ ਭਾਰ ਪੁੱਠਾ ਖੜਾ ਰਹਾਂ, ਭਾਵੇਂ ਕਾਪੜੀ ਸਾਧਾਂ ਵਾਂਗ ਸਾਰੇ ਸਰੀਰ ਨੂੰ ਕੱਪੜਿਆਂ ਨਾਲ ਢਕ ਲਵਾਂ ਜਾਂ ਸਰੀਰ ਨੂੰ ਸਦਾ ਧੋਂਦਾ ਹੀ ਰਹਾਂ। ਭਾਵੇਂ ਮੈਂ ਚਿੱਟੇ, ਲਾਲ, ਪੀਲੇ ਜਾਂ ਕਾਲੇ ਕੱਪੜੇ ਪਹਿਨ ਕੇ ਚਾਰ ਵੇਦਾਂ ਦਾ ਉਚਾਰਨ ਕਰਾਂ, ਭਾਵੇਂ ਸਰੇਵੜਿਆਂ ਵਾਂਗ ਗੰਦਾ ਤੇ ਮੈਲਾ ਰਹਾਂ-ਇਹ ਸਾਰੇ ਕਰਮ ਭੈੜੀ ਮੱਤ ਦੇ ਮੰਦੇ ਕਰਮ ਹਨ ਅਰਥਾਤ ਇਨ੍ਹਾਂ ਨੂੰ ਕਰਨ ਨਾਲ ਮੇਰੀ ਬੁੱਧੀ ਚੰਗੇ ਪਾਸੇ ਨਹੀਂ ਲੱਗਣੀ, ਇਹ ਸਭ ਕਰਮਕਾਂਡ ਹੈ। ਅਜਿਹੇ ਕਰਮ ਮਨੁੱਖ ਅੰਦਰ ਧਾਰਮਕ ਹੋਣ ਦੀ ਹਉਮੈ ਪੈਦਾ ਕਰਦੇ ਹਨ। ਗੁਰੂ ਨਾਨਕ ਕਹਿੰਦੇ ਹਨ ਕਿ ਮੈਂ ਤਾਂ ਇਹ ਚਾਹੁੰਦਾ ਹਾਂ ਕਿ ਸਤਿਗੁਰੂ ਦੇ ਸ਼ਬਦ ਦੀ ਵਿਚਾਰ ਰਾਹੀਂ ਆਪਣੀ ਹਉਮੈ ਦੂਰ ਕਰਾਂ, ਮੇਰੇ ਅੰਦਰ ਹਉਮੈ ਨਾ ਰਹੇ:

ਸੁਇਨੇ ਕੈ ਪਰਬਤਿ ਗੁਫਾ ਕਰੀ
ਕੈ ਪਾਣੀ ਪਇਆਲਿ॥
ਕੈ ਵਿਚਿ ਧਰਤੀ ਕੈ ਆਕਾਸੀ
ਉਰਧਿ ਰਹਾ ਸਿਰਿ ਭਾਰਿ॥
ਪੁਰੁ ਕਰਿ ਕਾਇਆ ਕਪੜੁ
ਪਹਿਰਾ ਧੋਵਾ ਸਦਾ ਕਾਰਿ॥
ਬਗਾ ਰਤਾ ਪੀਅਲਾ ਕਾਲਾ
ਬੇਦਾ ਕਰੀ ਪੁਕਾਰ॥
ਹੋਇ ਕੁਚੀਲੁ ਰਹਾ ਮਲੁ ਧਾਰੀ
ਦੁਰਮਤਿ ਮਤਿ ਵਿਕਾਰ॥
ਨਾ ਹਉ ਨਾ ਮੈ ਨਾ ਹਉ ਹੋਵਾ
ਨਾਨਕ ਸਬਦੁ ਵੀਚਾਰਿ॥੧॥ (ਪੰਨਾ ੧੩੯)

ਜਪੁਜੀ ਵਿਚ ਗੁਰੂ ਨਾਨਕ ਧਾਰਮਕ ਹੋਣ ਨੂੰ ਸ਼ੁਭ ਅਮਲਾਂ ਨਾਲ ਜੋੜਦੇ ਹੋਏ ਜੋਗੀ ਨੂੰ ਉਸ ਦੇ ਬਾਹਰੀ ਧਾਰਮਕ ਚਿੰਨ੍ਹਾਂ ਦੇ ਹਵਾਲੇ ਨਾਲ ਸਮਝਾਉਂਦੇ ਹਨ ਕਿ ਜੋਗੀ ਦੀ ਅਸਲੀ ਰਹਿਤ ਕੰਨਾਂ ਵਿਚ ਮੁੰਦਰਾਂ ਪਾ ਲੈਣੀਆਂ, ਮੰਗਣ ਵਾਲੀ ਝੋਲੀ, ਖੱਪਰ ਆਦਿ ਰੱਖਣਾ ਨਹੀਂ ਹੈ, ਇਹ ਸਭ ਬਾਹਰੀ ਦਿਖਾਵਾ ਹੈ। ਅਸਲੀ ਰਹਿਤ ਹੈ, ਸੰਤੋਖ ਨੂੰ ਆਪਣੀਆਂ ਮੁੰਦਰਾਂ ਬਣਾਉਣਾ, ਘਰ ਘਰ ਮੰਗਣ ਦੀ ਥਾਂ ਮਿਹਨਤ ਨੂੰ ਆਪਣਾ ਖੱਪਰ ਤੇ ਝੋਲੀ ਬਣਾਉਣਾ ਅਰਥਾਤ ਆਪਣੀ ਜੀਵਕਾ ਦਾ ਬੋਝ ਸਮਾਜ 'ਤੇ ਨਾ ਪਾ ਕੇ ਆਪ ਮਿਹਨਤ ਦੀ ਕਮਾਈ ਕਰੇ ਅਤੇ ਪਿੰਡੇ ਤੇ ਸੁਆਹ ਮਲਣ ਦੀ ਥਾਂ ਆਪਣਾ ਧਿਆਨ ਅਕਾਲ ਪੁਰਖ ਵੱਲ ਲਾਵੇ, ਮੌਤ ਦੇ ਭੈ ਨੂੰ ਆਪਣੀ ਗੋਦੜੀ ਬਣਾਵੇ, ਆਪਣੇ ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣ ਨੂੰ ਆਪਣੇ ਜੋਗ ਦੀ ਰਹਿਤ ਬਣਾਵੇ ਅਤੇ ਸ਼ਰਧਾ ਨੂੰ ਜੋਗੀਆਂ ਵਾਲਾ ਡੰਡਾ ਬਣਾਵੇ। ਜੋਗੀ ਦਾ ਅਸਲੀ ਪੰਥ ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਆਪਣੇ ਸੱਜਣ-ਮਿੱਤਰ ਸਮਝਣਾ ਹੋਣਾ ਚਾਹੀਦਾ ਹੈ।

ਆਸਾ ਦੀ ਵਾਰ ਵਿਚ ਫੋਕੇ ਕਰਮਕਾਂਡ ਦੀ ਗੱਲ ਕਰਦੇ ਹਨ ਕਿ ਪੰਡਿਤ ਵੇਦ-ਸ਼ਾਸਤਰ ਆਦਿਕ ਧਾਰਮਿਕ ਪੁਸਤਕਾਂ ਪੜ੍ਹ ਕੇ ਫਿਰ ਸੰਧਿਆ ਕਰਦਾ ਹੈ ਅਤੇ ਲੋਕਾਂ ਨਾਲ ਧਾਰਮਕ ਚਰਚਾ ਕਰਦਾ ਹੈ, ਮੂਰਤੀਆਂ ਦੀ ਪੂਜਾ ਕਰਦਾ ਹੈ ਅਤੇ ਬਗਲੇ ਵਾਂਗ ਸਮਾਧੀ ਲਾ ਕੇ ਬੈਠਦਾ ਹੈ (ਬਗਲਾ ਪਾਣੀ ਵਿਚ ਇੱਕ ਟੰਗ ਦੇ ਭਾਰ ਅੱਖਾਂ ਮੀਚ ਕੇ ਖੜਾ ਹੁੰਦਾ ਹੈ ਅਤੇ ਇਸ ਦਾਅ 'ਤੇ ਰਹਿੰਦਾ ਹੈ ਕਿ ਕਦੋਂ ਕੋਈ ਮੱਛੀ ਨਿਗ੍ਹਾ ਪਵੇ ਤੇ ਉਹ ਝਪਟਾ ਮਾਰ ਕੇ ਉਸ ਨੂੰ ਚੁੰਝ ਵਿਚ ਫੜ ਲਵੇ, ਆਪਣਾ ਭੋਜਨ ਬਣਾਵੇ) ਪਰ ਮੂੰਹੋਂ ਝੂਠ ਬੋਲਦਾ ਹੈ ਅਤੇ ਉਸ ਝੂਠ ਨੂੰ ਗਹਿਣਿਆਂ ਵਾਂਗ ਸਜਾ ਕੇ ਬੜੀ ਸਫਾਈ ਨਾਲ ਪੇਸ਼ ਕਰਦਾ ਹੈ। ਹਰ ਰੋਜ਼ ਤਿੰਨ ਵੇਲੇ ਗਾਇਤ੍ਰੀ ਮੰਤਰ ਨੂੰ ਵਿਚਾਰਦਾ ਹੈ, ਗਲ ਵਿਚ ਮਾਲਾ ਪਾਉਂਦਾ ਹੈ, ਮੱਥੇ 'ਤੇ ਤਿਲਕ ਲਾਉਂਦਾ ਹੈ, ਦੋ ਧੋਤੀਆਂ ਰੱਖਦਾ ਹੈ ਅਤੇ ਸੰਧਿਆ ਵੇਲੇ ਸਿਰ 'ਤੇ ਕੱਪੜਾ ਰੱਖ ਲੈਂਦਾ ਹੈ। ਜੇ ਉਹ ਬ੍ਰਹਮ ਦੀ ਅਰਥਾਤ ਰੱਬ ਦੀ ਸਿਫਤਿ-ਸਾਲਾਹ ਦਾ ਕੰਮ ਜਾਣਦਾ ਹੋਵੇ ਤਾਂ ਜ਼ਰੂਰ ਹੀ ਇਹ ਸਾਰੇ ਕਰਮ ਫੋਕਟ ਕਰਮ ਹਨ। (ਪੰਨਾ ੪੭੧)।

ਇਸੇ ਤਰ੍ਹਾਂ ਪੰਡਿਤ ਨੂੰ ਅੱਗੇ ਇਨ੍ਹਾਂ ਫੋਕਟ ਕਰਮਾਂ ਨਾਲੋਂ, ਦਿਖਾਵੇ ਦੀ ਰਹਿਤ ਨਾਲੋਂ ਸਦਾਚਾਰਕ ਗੁਣਾਂ ਦਾ ਧਾਰਨੀ ਹੋਣ ਦੀ ਸਲਾਹ ਦਿੰਦੇ ਹਨ। ਮਸਲਨ ਪੰਡਿਤ ਗਲ ਵਿਚ ਕਪਾਹ ਦੇ ਸੂਤ ਤੋਂ ਬਣਿਆ ਜਨੇਊ ਪਹਿਨਦਾ ਹੈ। ਗੁਰੂ ਨਾਨਕ ਉਸ ਨੂੰ ਸਮਝਾਉਂਦੇ ਹਨ ਕਿ ਇਸ ਜਨੇਊ ਦੀ ਕਪਾਹ ਦਇਆ ਹੋਣੀ ਚਾਹੀਦੀ ਹੈ ਅਰਥਾਤ ਪੰਡਿਤ ਆਪਣੇ ਅੰਦਰ ਦੂਸਰਿਆਂ ਲਈ ਦਇਆ ਪੈਦਾ ਕਰੇ, ਜਨੇਊ ਦਾ ਸੂਤ ਸੰਤੋਖ ਨੂੰ ਬਣਾਵੇ, ਇਸ ਦੀਆਂ ਗੰਢਾਂ ਜਤ ਦੀਆਂ ਹੋਣ ਅਤੇ ਇਸ ਦਾ ਵੱਟ ਸਤਿ ਦਾ ਹੋਵੇ ਅਰਥਾਤ ਇਖਲਾਕ ਉਚਾ ਹੋਵੇ। ਅਜਿਹਾ ਜਨੇਊ ਨਾ ਟੁੱਟਦਾ ਹੈ, ਨਾ ਇਹ ਅੱਗ ਵਿਚ ਸੜਦਾ ਹੈ ਅਤੇ ਨਾ ਹੀ ਗੁਆਚਦਾ ਹੈ। ਅਜਿਹੇ ਗੁਣ ਆਪਣੇ ਅੰਦਰ ਪੈਦਾ ਕਰੇ ਜੋ ਸਦੀਵੀ ਮਨੁੱਖ ਦੇ ਨਾਲ ਜਾਂਦੇ ਹਨ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਉਹ ਮਨੁੱਖ ਧੰਨ ਹਨ ਜਿਹੜੇ ਅਜਿਹੇ ਗੁਣ ਆਪਣੇ ਅੰਦਰ ਪੈਦਾ ਕਰ ਲੈਂਦੇ ਹਨ। (ਪੰਨਾ ੪੭੧)

ਮਾਝ ਦੀ ਵਾਰ ਵਿਚ ਗੁਰੂ ਨਾਨਕ ਦੇਵ ਮੁਸਲਮਾਨ ਦੇ ਧਾਰਮਕ ਚਿੰਨ੍ਹਾਂ ਅਤੇ ਨਮਾਜ਼ ਦੀ ਗੱਲ ਕਰਦੇ ਹਨ। ਮੁਸਲਮਾਨ ਮਸਜਿਦ ਵਿਚ ਜਾ ਕੇ ਇਬਾਦਤ ਕਰਦਾ ਜਾਂ ਨਮਾਜ਼ ਪੜ੍ਹਦਾ ਹੈ। ਗੁਰੂ ਨਾਨਕ ਉਸ ਨੂੰ ਸਮਝਾਉਂਦੇ ਹਨ ਕਿ ਦੂਸਰਿਆਂ 'ਤੇ ਦਇਆ ਕਰਨੀ, ਉਨ੍ਹਾਂ 'ਤੇ ਤਰਸ ਕਰਨਾ ਹੀ ਤੇਰੀ ਮਸਜਿਦ ਹੋਣੀ ਚਾਹੀਦੀ ਹੈ, ਸਿਦਕ ਨੂੰ ਆਪਣਾ ਮੁਸੱਲਾ (ਨਮਾਜ ਪੜ੍ਹਨ ਲਈ ਵਛਾਈ ਜਾਂਦੀ ਸਫ) ਅਤੇ ਹੱਕ ਦੀ ਕਮਾਈ ਨੂੰ ਕੁਰਾਨ ਬਣਾ, ਵਿਕਾਰ ਕਰਨ ਤੋਂ ਝਿਜਕਣਾ-ਤੇਰੀ ਸੁੰਨਤ ਹੋਵੇ ਅਤੇ ਚੰਗਾ ਸੁਭਾਅ ਤੇਰਾ ਰੋਜ਼ਾ (ਵਰਤ) ਹੋਵੇ; ਇਸ ਕਿਸਮ ਦੇ ਗੁਣਾਂ ਵਾਲਾ ਮੁਸਲਮਾਨ ਬਣ। ਉਚਾ ਆਚਰਣ ਤੇਰਾ ਕਾਬਾ ਹੋਵੇ, ਸੱਚ ਨੂੰ ਆਪਣੀ ਕਰਨੀ ਬਣਾ ਅਰਥਾਤ ਕਹਿਣੀ ਤੇ ਕਰਨੀ ਇੱਕੋ ਜਿਹੀ ਹੋਵੇ, ਨੇਕ ਅਮਲ ਤੇਰੀ ਨਮਾਜ਼ ਤੇ ਕਲਮਾ ਬਣੇ। ਰੱਬ ਦੀ ਰਜ਼ਾ ਵਿਚ ਰਹਿਣਾ ਤੇਰੀ ਤਸਬੀ (ਮਾਲਾ) ਹੋਵੇ ਅਤੇ ਫਿਰ ਅਜਿਹੇ ਮੁਸਲਮਾਨ ਦੀ ਰੱਬ ਆਪ ਹੀ ਲਾਜ ਰੱਖਦਾ ਹੈ। (ਪੰਨਾ ੧੪੦)

ਇਸੇ ਤਰ੍ਹਾਂ ਅੱਗੇ ਮੁਸਲਮਾਨ ਵੱਲੋਂ ਪੰਜ ਵਕਤ ਦੀ ਨਮਾਜ਼ ਪੜ੍ਹੇ ਜਾਣ ਦੇ ਹਵਾਲੇ ਨਾਲ ਗੱਲ ਕਰਦਿਆਂ ਦੱਸਦੇ ਹਨ ਕਿ ਮੁਸਲਮਾਨ ਦੀਆਂ ਪੰਜ ਨਮਾਜ਼ਾਂ ਹਨ, ਉਨ੍ਹਾਂ ਨੂੰ ਅਦਾ ਕਰਨ ਦੇ ਵਕਤ ਵੀ ਪੰਜ ਹਨ ਅਤੇ ਇਨ੍ਹਾਂ ਨਮਾਜ਼ਾਂ ਦੇ ਪੰਜ ਨਾਮ ਵੀ ਵੱਖੋ-ਵੱਖਰੇ ਹਨ। ਪਰ ਇਹ ਨਮਾਜ਼ਾਂ ਦੇ ਨਾਮ ਇਹ ਹੋਣੇ ਚਾਹੀਦੇ ਹਨ-ਪਹਿਲੀ ਨਮਾਜ਼ ਅਰਥਾਤ ਸਵੇਰ ਦੀ ਨਮਾਜ਼ ਹੈ ਸੱਚ ਬੋਲਣਾ, ਦੂਜੀ ਨਮਾਜ਼ ਹੈ ਹੱਕ ਦੀ ਕਮਾਈ ਖਾਣੀ, ਰੱਬ ਤੋਂ ਸਰਬੱਤ ਦਾ ਭਲਾ ਮੰਗਣਾ ਤੀਸਰੀ ਨਮਾਜ਼, ਚੌਥੀ ਨਮਾਜ਼ ਹੈ-ਨੀਅਤ ਅਤੇ ਮਨ ਨੂੰ ਸਾਫ ਰੱਖਣਾ ਅਤੇ ਪੰਜਵੀਂ ਨਮਾਜ਼ ਹੈ-ਰੱਬ ਦੀ ਸਿਫਤਿ-ਸਾਲਾਹ ਕਰਨਾ। ਇਨ੍ਹਾਂ ਪੰਜਾਂ ਨਮਾਜ਼ਾਂ ਦੇ ਨਾਲ ਉਚਾ ਆਚਰਣ ਬਣਾਉਣਾ, ਕਲਮਾ ਪੜ੍ਹਨਾ ਹੈ। ਇਸ ਤਰ੍ਹਾਂ ਕਰਕੇ ਹੀ ਆਪਣੇ ਆਪ ਨੂੰ ਮੁਸਲਮਾਨ ਅਖਵਾਇਆ ਜਾ ਸਕਦਾ ਹੈ। ਇਨ੍ਹਾਂ ਗੁਣਾਂ ਨੂੰ ਧਾਰਨ ਕੀਤੇ ਬਿਨਾ ਕੋਈ ਵੀ ਧਾਰਮਕ ਕਰਮ ਇੱਕ ਤਰ੍ਹਾਂ ਨਾਲ ਸਭ ਕੂੜ ਹੈ:

ਪੰਜਿ ਨਿਵਾਜਾ ਵਖਤ ਪੰਜਿ
ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ
ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ
ਪੰਜਵੀਂ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ
ਤਾਂ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ
ਕੂੜੈ ਕੂੜੀ ਪਾਇ॥੩॥ (ਪੰਨਾ ੧੪੧)

ਭਾਈ ਗੁਰਦਾਸ ਅਗਲੀ ਪਉੜੀ ਵਿਚ ਦੱਸਦੇ ਹਨ ਕਿ ਬਾਬੇ ਨਾਨਕ ਦੇ ਵਿਚਾਰਾਂ ਦਾ ਸਭ 'ਤੇ ਬਹੁਤ ਅਸਰ ਹੋਇਆ, ਮੱਕੇ ਵਿਚ ਸਭ ਨੇ ਉਨ੍ਹਾਂ ਦਾ ਸਤਿਕਾਰ ਕੀਤਾ ਅਤੇ ਨਿਸ਼ਾਨੀ ਵਜੋਂ ਉਨ੍ਹਾਂ ਨੇ ਆਪਣੀ ਖੜਾਂਵ ਦਿੱਤੀ। ਗੁਰੂ ਨਾਨਕ ਜਿੱਥੇ ਜਿੱਥੇ ਵੀ ਗਏ, ਉਹ ਲੋਕਾਂ ਦਾ ਪਾਰ-ਉਤਾਰਾ ਕਰਦੇ ਗਏ, ਕੋਈ ਵੀ ਥਾਂ ਵਾਂਝੀ ਨਹੀਂ ਰਹੀ; ਭਾਵ ਕੋਈ ਵੀ ਅਜਿਹੀ ਥਾਂ ਨਹੀਂ ਰਹੀ ਜਿੱਥੇ ਉਨ੍ਹਾਂ ਦੇ ਅੰਮ੍ਰਿਤ-ਵਚਨਾਂ ਦੀ ਬਾਰਸ਼ ਨਾ ਹੋਈ ਹੋਵੇ। ਗੁਰੂ ਨਾਨਕ ਦੀ ਪੂਜਾ ਘਰ ਘਰ ਹੋਣ ਲੱਗ ਪਈ ਜਿਸ ਦੀ ਗਵਾਹੀ ਹਿੰਦੂ ਅਤੇ ਮੁਸਲਮਾਨ-ਦੋਵੇਂ ਭਰਦੇ ਹਨ। ਜਦੋਂ ਸੂਰਜ ਚੜ੍ਹਦਾ ਹੈ ਤਾਂ ਸਾਰੇ ਰੌਸ਼ਨੀ ਹੋ ਜਾਂਦੀ ਹੈ ਅਤੇ ਇਹ ਕਿਸੇ ਦਾ ਛੁਪਾਇਆ ਛੁਪਦਾ ਨਹੀਂ।

ਇਸੇ ਤਰ੍ਹਾਂ ਗੁਰੂ ਨਾਨਕ ਦੇ ਦਿੱਤੇ ਗਿਆਨ ਦੀ ਰੌਸ਼ਨੀ ਸਾਰੇ ਸੰਸਾਰ 'ਤੇ ਫੈਲ ਗਈ ਅਤੇ ਇਹ ਗਿਆਨ ਦਾ ਚਾਨਣ ਕਿਸੇ ਤੋਂ ਛੁਪਾਇਆ ਛੁਪਿਆ ਨਹੀਂ। ਜਦੋਂ ਉਜਾੜ ਬੀਆਬਾਨ ਜੰਗਲ ਵਿਚ ਸ਼ੇਰ ਨੇ ਭਬਕ ਮਾਰੀ ਤਾਂ ਹਿਰਨਾਂ ਦੀ ਡਾਰ ਭੱਜ ਉਠੀ; ਭਾਵ ਬਾਬੇ ਨਾਨਕ ਦੀ ਸਿੱਖਿਆ ਦੇ ਸਾਹਮਣੇ ਸਭ ਅੱਗੇ ਲੱਗ ਤੁਰੇ। ਜਦੋਂ ਚੰਦ੍ਰਮਾ ਆਕਾਸ਼ 'ਤੇ ਚਮਕਦਾ ਹੈ ਤਾਂ ਉਸ ਨੂੰ ਲੁਕਾਇਆ ਨਹੀਂ ਜਾ ਸਕਦਾ ਅਰਥਾਤ ਕੋਈ ਕੁਨਾਲੀ (ਮਿੱਟੀ ਦੀ ਪ੍ਰਾਂਤ) ਨਾਲ ਉਸ ਨੂੰ ਢਕਣਾ ਵੀ ਚਾਹੇ ਤਾਂ ਢੱਕ ਨਹੀਂ ਸਕਦਾ। ਉਸ ਦੀ ਜੋਤਿ ਨੂੰ ਛੁਪਾਇਆ ਨਹੀਂ ਜਾ ਸਕਦਾ। ਗੁਰੂ ਨਾਨਕ ਨੇ ਪੂਰਬ (ਜਿੱਥੋਂ ਸੂਰਜ ਚੜ੍ਹਦਾ ਹੈ) ਅਤੇ ਪੱਛਮ (ਜਿੱਥੇ ਸੂਰਜ ਛਿਪਦਾ ਹੈ) ਸਾਰੀ ਪ੍ਰਿਥਵੀ ਨੂੰ ਆਪਣੇ ਅੱਗੇ ਝੁਕਾ ਲਿਆ। ਭਾਵ ਸਾਰੇ ਲੋਕ ਉਨ੍ਹਾਂ ਦੇ ਧਾਰਮਿਕ ਉਪਦੇਸ਼ਾਂ ਦੇ ਅਸਰ ਨੂੰ ਕਬੂਲ ਕਰਨ ਲੱਗ ਗਏ। ਉਨ੍ਹਾਂ ਨੇ ਇਸ ਕਿਸਮ ਦੀ ਕੁਦਰਤਿ, ਸ਼ਕਤੀ ਜਗਤ ਤੇ ਵਰਤਾ ਦਿੱਤੀ:

ਧਰੀ ਨੀਸਾਣੀ ਕਉਸਿ ਦੀ
ਮਕੇ ਅੰਦਰਿ ਪੂਜ ਕਰਾਈ।
ਜਿਥੈ ਜਾਇ ਜਗਤਿ ਵਿਚਿ
ਬਾਬੇ ਬਾਝੁ ਨ ਖਾਲੀ ਜਾਈ।
ਘਰਿ ਘਰਿ ਬਾਬਾ ਪੂਜੀਐ
ਹਿੰਦੂ ਮੁਸਲਮਾਨ ਗੁਆਈ।
ਛਪੇ ਨਾਹਿ ਛਪਾਇਆ
ਚੜਿਆ ਸੂਰਜੁ ਜਗੁ ਰੁਸਨਾਈ।
ਬੁਕਿਆ ਸਿੰਘ ਉਜਾੜ ਵਿਚਿ
ਸਭਿ ਮਿਰਗਾਵਲਿ ਭੰਨੀ ਜਾਈ।
ਚੜਿਆ ਚੰਦੁ ਨ ਲੁਕਈ
ਕਢਿ ਕੁਨਾਲੀ ਜੋਤਿ ਛਪਾਈ।
ਉਗਵਣਹੁ ਤੇ ਆਥਵਣੋ
ਨਉ ਖੰਡ ਪ੍ਰਿਥਮੀ ਸਭ ਝੁਕਾਈ।
ਜਗਿ ਅੰਦਰਿ ਕੁਦਰਤਿ ਵਰਤਾਈ॥੩੪॥

ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਇਸ ਪਿੱਛੋਂ ਗੁਰੂ ਨਾਨਕ ਬਗਦਾਦ ਚਲੇ ਗਏ ਅਤੇ ਨਗਰ ਤੋਂ ਬਾਹਰ ਆਪਣਾ ਡੇਰਾ ਕੀਤਾ। ਇੱਕ ਤਾਂ ਬਾਬਾ ਨਾਨਕ ਆਪ ਰੱਬ ਦਾ ਰੂਪ ਹੈ ਅਤੇ ਨਾਲ ਦੂਸਰਾ ਮਰਦਾਨੇ ਵਰਗਾ ਭਗਤ ਇਨਸਾਨ ਨਾਲ ਰਬਾਬੀ ਹੈ। ਬਾਬੇ ਨੇ ਭਜਨ ਬੰਦਗੀ ਕਰਕੇ ਜਦੋਂ 'ਸਤਿਨਾਮ' ਦਾ ਆਵਾਜ਼ਾ ਲਗਾਇਆ ਤਾਂ ਸਾਰਾ ਜਹਾਨ ਹੈਰਾਨ ਰਹਿ ਗਿਆ, ਇੱਕ ਦਮ ਵਜ਼ਦ ਵਿਚ ਆ ਗਿਆ, ਚੁੱਪ ਚਾਪ ਹੋ ਗਿਆ। ਇਸ ਤਰ੍ਹਾਂ ਸਾਰੇ ਬਗਦਾਦ ਨਗਰ ਨੂੰ ਚੁੱਪ ਚਾਪ ਦੇਖ ਕੇ ਪੀਰ ਹੈਰਾਨ ਰਹਿ ਗਿਆ, ਹੱਕਾ ਬੱਕਾ ਹੋ ਗਿਆ। ਫਿਰ ਪੀਰ ਧਿਆਨ ਲਾ ਕੇ ਦੇਖਦਾ ਹੈ ਕਿ ਕੋਈ ਬਹੁਤ ਹੀ ਬੇਪਰਵਾਹ, ਮਸਤਾਨਾ ਫਕੀਰ ਬਗਦਾਦ ਦੇ ਬਾਹਰ ਡੇਰਾ ਕਰਕੇ ਬੈਠਾ ਹੈ। ਫੇਰ ਪੀਰ ਦਸਤਗੀਰ ਨੇ ਗੁਰੂ ਨਾਨਕ ਤੋਂ ਪੁੱਛਿਆ ਕਿ ਤੁਸੀਂ ਕੌਣ ਫਕੀਰ ਹੋ ਅਤੇ ਕਿਸ ਘਰਾਣੇ ਵਿਚੋਂ ਹੋ? (ਹਰ ਫਕੀਰ ਦਾ ਕੋਈ ਨਾ ਕੋਈ ਗੁਰੂ ਹੁੰਦਾ ਹੈ ਜਿਸ ਤੋਂ ਫਕੀਰ ਭੇਖ ਲੈਂਦਾ ਹੈ; ਉਸ ਨੂੰ ਫਕੀਰ ਦਾ ਘਰਾਣਾ ਮੰਨਿਆ ਜਾਂਦਾ ਹੈ)। ਇਸ ਦਾ ਉਤਰ ਮਰਦਾਨੇ ਨੇ ਦਿੱਤਾ ਕਿ ਇਹ ਗੁਰੂ ਨਾਨਕ ਹਨ ਜੋ ਕਲਿਜੁਗ ਦੇ ਸਮੇਂ ਵਿਚ ਆਏ ਹਨ ਅਤੇ ਇਹ ਰੱਬ ਦੇ ਭੇਖ ਦਾ ਫਕੀਰ ਹੈ ਅਤੇ ਇਨ੍ਹਾਂ ਨੇ ਇੱਕ ਅਕਾਲ ਪੁਰਖ ਨੂੰ ਪਛਾਣਿਆ ਹੈ। ਇਨ੍ਹਾਂ ਦੀ ਕੀਰਤੀ ਧਰਤੀ, ਆਕਾਸ਼ ਅਤੇ ਪੂਰਬ, ਪੱਛਮ, ਉਤਰ, ਦੱਖਣ-ਚਾਰੇ ਦਿਸ਼ਾਵਾਂ ਵਿਚ ਫੈਲੀ ਹੋਈ ਹੈ:

ਫਿਰਿ ਬਾਬਾ ਗਇਆ ਬਗਦਾਦਿ ਨੋ
ਬਾਹਰਿ ਜਾਇ ਕੀਆ ਅਸਥਾਨਾ।
ਇਕੁ ਬਾਬਾ ਅਕਾਲ ਰੂਪੁ
ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰਿ
ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨ ਮੁੰਨਿ ਨਗਰੀ ਭਈ ਦੇਖਿ
ਪੀਰ ਭਇਆ ਹੈਰਾਨਾ।
ਵੇਖੈ ਧਿਆਨੁ ਲਗਾਇ ਕਰਿ
ਇਕੁ ਫਕੀਰੁ ਵਡਾ ਮਸਤਾਨਾ।
ਪੁਛਿਆ ਫਿਰਿਕੈ ਦਸਤਗੀਰ
ਕਉਣ ਫਕੀਰੁ ਕਿਸਕਾ ਘਰਿਆਨਾ?
ਨਾਨਕ ਕਲਿ ਵਿਚਿ ਆਇਆ
ਰਬੁ ਫਕੀਰੁ ਇਕੋ ਪਹਿਚਾਨਾ।
ਧਰਤਿ ਆਕਾਸ ਚਹੂ ਦਿਸਿ ਜਾਨਾ॥੩੫॥

-0-

## ਭਾਵਨੁ ਤਿਆਗਿਓ ਰੀ ਤਿਆਗਿਓ

ਗੁਰਬਾਣੀ ਗਿਆਨ

**ਗਉੜੀ ਮਾਲਾ ਮਹਲਾ ੫**

ਭਾਵਨੁ ਤਿਆਗਿਓ ਰੀ ਤਿਆਗਿਓ॥
ਤਿਆਗਿਓ ਮੈ ਗੁਰ ਮਿਲਿ ਤਿਆਗਿਓ॥
ਸਰਬ ਸੁਖ ਆਨੰਦ ਮੰਗਲ ਰਸ
ਮਾਨਿ ਗੋਬਿੰਦੈ ਆਗਿਓ॥੧॥ ਰਹਾਉ॥
ਮਾਨੁ ਅਭਿਮਾਨੁ ਦੋਊ ਸਮਾਨੇ
ਮਸਤਕੁ ਡਾਰਿ ਗੁਰ ਪਾਗਿਓ॥
ਸੰਪਤ ਹਰਖੁ ਨ ਆਪਤ ਦੂਖਾ
ਰੰਗੁ ਠਾਕੁਰੈ ਲਾਗਿਓ॥੧॥
ਬਾਸ ਬਾਸਰੀ ਏਕੈ ਸੁਆਮੀ
ਉਦਿਆਨ ਦ੍ਰਿਸਟਾਗਿਓ॥
ਨਿਰਭਉ ਭਏ ਸੰਤ ਭ੍ਰਮੁ ਡਾਰਿਓ
ਪੂਰਨ ਸਰਬਾਗਿਓ॥੨॥
ਜੋ ਕਿਛੁ ਕਰਤੈ ਕਾਰਣੁ ਕੀਨੋ
ਮਨਿ ਬੁਰੋ ਨ ਲਾਗਿਓ॥
ਸਾਧਸੰਗਤਿ ਪਰਸਾਦਿ ਸੰਤਨ ਕੈ
ਸੋਇਓ ਮਨੁ ਜਾਗਿਓ॥੩॥
ਜਨ ਨਾਨਕ ਓੜਿ ਤੁਹਾਰੀ ਪਰਿਓ
ਆਇਓ ਸਰਣਾਗਿਓ॥
ਨਾਮ ਰੰਗ ਸਹਜ ਰਸ ਮਾਣੇ
ਫਿਰਿ ਦੂਖੁ ਨ ਲਾਗਿਓ॥੪॥

ਗੁਰਦੇਵ ਜੀ ਆਖਦੇ ਹਨ- ਹੇ ਭੈਣ! ਮੈਂ ਤਿਆਗ ਦਿੱਤਾ ਹੈ, ਉਹ ਸੁੱਖਾਂ ਦੀ ਪ੍ਰਾਪਤੀ ਕਰਨ ਵਾਲਾ ਅਤੇ ਦੁੱਖਾਂ ਤੋਂ ਡਰਨ ਵਾਲਾ ਵਿਚਾਰ ਹੀ ਤਿਆਗ ਦਿੱਤਾ ਹੈ ਅਤੇ ਭੈਣ, ਇਹ ਵਿਚਾਰ ਮੈਂ ਗੁਰੂ ਦੀ ਕ੍ਰਿਪਾ ਨਾਲ ਤਿਆਗਿਆ ਹੈ। ਹੇ ਭੈਣ! ਜਦੋਂ ਦੀ ਮੈਂ ਗੁਰੂ ਤੋਂ ਮੱਤ ਲਈ ਹੈ, ਉਦੋਂ ਤੋਂ ਹੀ ਉਸ ਹਰੀ ਪਰਮਾਤਮਾ ਦੀ ਆਗਿਆ 'ਚ ਰਹਿ ਕੇ ਹਰ ਜਗ੍ਹਾ ਸੁੱਖ, ਅਨੰਦ, ਖੁਸ਼ੀਆਂ ਤੇ ਮੰਗਲ ਹੀ ਦਿਖਾਈ ਦੇ ਰਹੇ ਹਨ।

ਮਾਨੁ ਅਭਿਮਾਨੁ ਦੋਊ ਸਮਾਨੇ
ਮਸਤਕੁ ਡਾਰਿ ਗੁਰ ਪਾਗਿਓ॥
ਸੰਪਤ ਹਰਖੁ ਨ ਆਪਤ ਦੂਖਾ
ਰੰਗੁ ਠਾਕੁਰੈ ਲਾਗਿਓ॥੧॥

ਸਤਿਗੁਰੂ ਜੀ ਆਖ ਰਹੇ ਨੇ- ਭੈਣ! ਭਾਵੇਂ ਕੋਈ ਮੇਰਾ ਮਾਨ ਸਨਮਾਨ ਕਰੇ ਜਾਂ ਨਿਰਾਦਰ, ਹੁਣ ਇਹ ਦੋਵੇਂ ਮੈਨੂੰ ਇੱਕੋ ਵਰਗੇ ਹੀ ਲੱਗਦੇ ਹਨ; ਕਿਉਂਕਿ ਹੁਣ ਮੈਂ ਆਪਣਾ ਸਿਰ ਗੁਰੂ ਦੇ ਚਰਨਾਂ ਉਤੇ ਰੱਖ ਦਿੱਤਾ ਹੈ; ਸੰਪਤ ਹਰਖੁ ਨ ਆਪਤ ਦੂਖਾ, ਹੇ ਭੈਣ! ਹੁਣ ਮੈਨੂੰ ਆਉਂਦੀਆਂ ਧਨ-ਦੌਲਤਾਂ ਦੀ ਵੀ ਖੁਸ਼ੀ ਨਹੀਂ ਹੁੰਦੀ ਅਤੇ ਨਾ ਹੀ ਆਈਆਂ ਮੁਸੀਬਤਾਂ ਤੇ ਦੁੱਖਾਂ ਤੋਂ ਡਰ ਲੱਗਦਾ ਹੈ, ਕਿਉਂਕਿ ਗੁਰੂ ਕ੍ਰਿਪਾ ਨਾਲ ਮੇਰੀ ਪ੍ਰਭੂ ਨਾਲ ਪ੍ਰੀਤ ਪੈ ਗਈ ਹੈ।

ਬਾਸ ਬਾਸਰੀ ਏਕੈ ਸੁਆਮੀ
ਉਦਿਆਨ ਦ੍ਰਿਸਟਾਗਿਓ॥
ਨਿਰਭਉ ਭਏ ਸੰਤ ਭ੍ਰਮੁ ਡਾਰਿਓ
ਪੂਰਨ ਸਰਬਾਗਿਓ॥੨॥

ਹੇ ਭੈਣ! ਗੁਰੂ ਕ੍ਰਿਪਾ ਸਦਕਾ ਹੁਣ ਮੈਨੂੰ ਸਭ ਥਾਂਵਾਂ ਉਤੇ ਉਹ ਮਿਹਰਬਾਨ ਪ੍ਰਭੂ ਵਸਦਾ ਹੀ ਦਿਖਾਈ ਦਿੰਦਾ ਹੈ; ਭਾਵੇਂ ਉਹ ਘਰ ਹੋਣ ਜਾਂ ਜੰਗਲ, ਮੈਨੂੰ ਪ੍ਰਭੂ ਹੀ ਦਿਖਾਈ ਦਿੰਦਾ ਹੈ। ਨਿਰਭਉ ਭਏ ਸੰਤ ਭ੍ਰਮੁ ਡਾਰਿਓ, ਹੇ ਭੈਣ! ਗੁਰੂ ਸੰਤਾਂ ਦੀ ਕ੍ਰਿਪਾ ਸਦਕਾ ਮੇਰੇ ਸਾਰੇ ਭਰਮ ਭੁਲੇਖੇ ਮੁੱਕ ਗਏ ਹਨ; ਸਭ ਜੀਵਾਂ ਦੇ ਅੰਦਰ ਦੀਆਂ ਜਾਣਨ ਵਾਲੇ ਪ੍ਰਭੂ ਨਾਲ ਪ੍ਰੀਤ ਪਾ ਕੇ ਮੈਂ ਵਿਕਾਰਾਂ ਵੱਲੋਂ ਨਿਡਰ ਹੋ ਗਈ ਹਾਂ।

ਜੋ ਕਿਛੁ ਕਰਤੈ ਕਾਰਣੁ ਕੀਨੋ
ਮਨਿ ਬੁਰੋ ਨ ਲਾਗਿਓ॥
ਸਾਧਸੰਗਤਿ ਪਰਸਾਦਿ ਸੰਤਨ ਕੈ
ਸੋਇਓ ਮਨੁ ਜਾਗਿਓ॥੩॥

ਹੇ ਭੈਣ! ਹੁਣ ਉਸ ਕਰਤਾ ਪੁਰਖ ਦੇ ਹੁਕਮ ਸਦਕਾ ਜੋ ਦੁੱਖ ਜਾਂ ਸੁੱਖ ਆਉਂਦਾ ਹੈ; ਹੁਣ ਕੁਝ ਵੀ ਪਿਆ ਹੋਵੇ, ਮੈਨੂੰ ਆਪਣੇ ਮਨ 'ਚ ਉਹ ਬੁਰਾ ਵੀ ਨਹੀਂ ਲੱਗਦਾ, ਤੇ ਪ੍ਰਭੂ ਹੁਕਮ ਵਿਚ ਹੁੰਦਾ ਹੀ ਪ੍ਰਤੀਤ ਹੋ ਰਿਹਾ ਹੈ। ਹੇ ਭੈਣ! ਇਹ ਸਭ ਕੁਝ ਤਾਂ ਸਾਧ ਸੰਗਤ ਵਿਚ ਆ ਕੇ ਗੁਰੂ ਕ੍ਰਿਪਾ ਨਾਲ ਹੀ ਹੋਇਆ ਹੈ; ਮੇਰਾ ਸੁੱਤਾ ਮਨ ਵੀ ਜਾਗ ਪਿਆ ਹੈ।

ਜਨ ਨਾਨਕ ਓੜਿ ਤੁਹਾਰੀ ਪਰਿਓ
ਆਇਓ ਸਰਣਾਗਿਓ॥
ਨਾਮ ਰੰਗ ਸਹਜ ਰਸ ਮਾਣੇ
ਫਿਰਿ ਦੂਖੁ ਨ ਲਾਗਿਓ॥੪॥

ਇਹ ਦਾਸ ਨਾਨਕ ਆਖਦਾ ਹੈ, ਮੇਰੇ ਮਿਹਰਬਾਨ ਪ੍ਰਭੂ ਜੀਓ! ਮੈਂ ਆਪਣੇ ਗੁਰੂ ਦੀ ਕ੍ਰਿਪਾ ਨਾਲ ਤੇਰੀ ਓਟ ਲੈ ਲਈ ਹੈ; ਆਇਓ ਸਰਣਾਗਿਓ, ਹੇ ਮੇਰੇ ਪ੍ਰਭੂ ਜੀਓ! ਹੁਣ ਮੈਂ ਤੇਰੀ ਸ਼ਰਨ ਵਿਚ ਆ ਪਿਆ ਹਾਂ; ਨਾਮ ਰੰਗ ਸਹਜ ਰਸ ਮਾਣੇ, ਹੇ ਮੇਰੇ ਪ੍ਰਭੂ ਜੀਓ! ਤੇਰੇ ਨਾਮ ਦੀ ਬਖਸ਼ਿਸ਼ ਸਦਕਾ ਮੈਂ ਅਨੰਦ ਮਾਣ ਰਿਹਾ ਹਾਂ, ਉਚੀ ਆਤਮਿਕ ਅਵਸਥਾ ਦੇ ਸੁੱਖ ਮਾਣ ਰਿਹਾ ਹਾਂ। ਪ੍ਰਭੂ ਤੇਰੀ ਕ੍ਰਿਪਾ ਸਦਕਾ ਹੁਣ ਮੈਨੂੰ ਕੋਈ ਵੀ ਦੁੱਖ ਨਹੀਂ ਸਤਾਉਂਦਾ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਪੈਰ-ਪਰਿਕਰਮਾ

## ਜ਼ਿੰਦਗੀ ਦਾ ਨਾਦ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਹ ਨੈਣਾਂ ਦੇ ਤੀਰ ਚਲਾ ਚੁਕੇ ਹਨ ਤੇ ਦਿਲ ਦੀਆਂ ਬਾਤਾਂ ਪਾ ਚੁਕੇ ਹਨ ਅਤੇ ਕੰਨਾਂ 'ਚ ਪਾਈਆਂ ਨੱਤੀਆਂ, ਮੁਰਕੀਆਂ, ਬੁੰਦੇ, ਝੁਮਕੇ ਆਦਿ ਸੁਖਸੀ ਸੁੰਦਰਤਾ ਨੂੰ ਚਾਰ ਚੰਨ ਲਾਉਣ ਦੀ ਬਾਤ ਸੁਣਾ ਚੁਕੇ ਹਨ। ਫਿਰ ਉਨ੍ਹਾਂ ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਵਾਲਿਆਂ ਨੂੰ ਨਸੀਹਤ ਦਿੱਤੀ ਕਿ ਮੂੰਹ ਦੀਆਂ ਲੁਭਾਉਣੀਆਂ ਲੱਜਤਾਂ ਵਿਚ ਗੁਆਚਣ ਦੀ ਬਜਾਏ, ਇਸ ਦੀਆਂ ਨਿਆਮਤਾਂ ਨੂੰ ਅਪਨਾਉਣ ਅਤੇ ਤਰਕਸੰਗਤੀ ਰਾਹਾਂ ਨੂੰ ਮੰਜ਼ਿਲ-ਮਾਰਗ ਬਣਾਉਣ ਵੰਨੀਂ ਕਦਮ ਜਰੂਰ ਪੁੱਟਣ। ਡਾ. ਭੰਡਾਲ ਨੇ ਜ਼ੁਬਾਨ ਦੇ ਰਸ ਅਤੇ ਜ਼ੁਬਾਨ ਦੇ ਪਾਏ ਪੁਆੜਿਆਂ ਦੀ ਗੱਲ ਕਰਦਿਆਂ ਨਸੀਹਤ ਕੀਤੀ ਸੀ, ਜ਼ੁਬਾਨ ਵਿਚੋਂ ਨਿਕਲੇ ਕੌੜੇ ਬੋਲ, ਤੀਰ ਨਾਲੋਂ ਤਿੱਖੇ, ਤੋਪ ਦੇ ਗੋਲੇ ਨਾਲੋਂ ਜ਼ਿਆਦਾ ਵਿਨਾਸ਼ਕਾਰੀ, ਅੱਗਾਂ ਲਾਉਂਦੇ, ਘਰਾਂ ਦੇ ਘਰ ਉਜਾੜਦੇ ਅਤੇ ਵਿਨਾਸ਼ਤਾ ਦਾ ਰੂਪ ਧਾਰਦੇ। ਜੀਵਨ ਦੇ ਰਾਂਗਲੇ ਪਹਿਰ ਵਿਚ ਜੀਵਨ-ਸਾਥੀ ਦੀ ਛੋਹ, ਵਿਸਮਾਦੀ ਤਰੰਗ ਹੁੰਦੀ ਜਿਸ ਵਿਚੋਂ ਅਸੀਮ ਖੁਸ਼ੀਆਂ ਦਾ ਚਸ਼ਮਾ ਫੁੱਟਦਾ ਜੋ ਜੀਵਨ-ਮਾਰੂਥਲ ਨੂੰ ਸਿੰਜ, ਚਾਅ-ਬਗੀਚੇ ਦੀ ਬਹਾਰ ਬਣਦਾ। ਹੱਥਾਂ ਦੀ ਦਾਸਤਾਨ ਸੁਣਾਉਂਦਿਆਂ ਉਨ੍ਹਾਂ ਕਿਹਾ ਕਿ ਪਾਕ ਹੱਥਾਂ ਨਾਲ ਪਾਣੀ ਵਿਚ ਪਤਾਸੇ ਪਾਏ ਜਾਂਦੇ ਤਾਂ ਅੰਮ੍ਰਿਤ ਬਣ ਜਾਂਦਾ ਜਦ ਕਿ ਮਲੀਨ ਹੱਥ ਸਦਾ ਹੀ ਨਿਰਦੋਸ਼ਾਂ ਦੇ ਖੂਨ ਦੀ ਹੋਲੀ ਖੇਡਦੇ। ਪਿਛਲੇ ਲੇਖ ਵਿਚ ਉਨ੍ਹਾਂ ਲੱਤਾਂ ਦੀ ਵਾਰਤਾ ਸੁਣਾਉਂਦਿਆਂ ਬਾਬਾ ਫਰੀਦ ਦੇ ਸਲੋਕ "ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥" ਨਾਲ ਬਚਪਨੇ ਵਿਚ ਨਿੱਕੀਆਂ ਜਿਹੀਆਂ ਕੋਮਲ ਲੱਤਾਂ ਦਾ ਸੁਡੌਲ ਤੇ ਮਜਬੂਤ ਹੋ ਕੇ ਜੀਵਨ-ਸਫਰ ਦੇ ਅਣਥੱਕ ਸੰਗੀ ਬਣਨ ਤੋਂ ਬਾਅਦ ਬੁਢਾਪੇ ਵਿਚ ਕਮਜ਼ੋਰ ਤੇ ਨਿਤਾਣੀਆਂ ਬਣਨ ਦੇ ਸਫਰ ਦੀ ਗੱਲ ਕੀਤੀ ਸੀ। ਹਥਲੇ ਲੇਖ ਵਿਚ ਉਨ੍ਹਾਂ ਬੰਦੇ ਦੇ ਪੈਰਾਂ ਦੀ ਵਾਰਤਾ ਸੁਣਾਉਂਦਿਆਂ ਕਿਹਾ ਹੈ ਕਿ ਜਦ ਇਹ ਪੈਰ ਰਕਾਬ ਵਿਚ ਹੁੰਦੇ ਤਾਂ ਸਰਸਾ ਵੀ ਠਹਿਰ ਜਾਂਦੀ, ਚਮਕੌਰ ਦੀ ਗੜ੍ਹੀ ਵਿਚ ਸੂਰਮਿਆਂ ਦੀ ਲਲਕਾਰ ਬਣਦੇ ਜਾਂ ਜਵਾਨ ਹੋ ਰਹੇ ਪੈਰ ਰਕਾਬ ਵਿਚ ਪੈਣ ਲਈ ਤਰਲੋਮੱਛੀ ਹੁੰਦੇ ਤਾਂ ਸਿੱਖ-ਸ਼ੁਹਾਦਤਾਂ ਦੇ ਅਰਥ ਅਮਰ ਹੋ ਜਾਂਦੇ। ਸੋਚ ਸਮਝ ਕੇ ਪੈਰ ਟਿਕਾਉਣ ਵਾਲੇ ਲੋਕ ਸਾਬਤ ਕਦਮੀਂ ਤੁਰਦੇ, ਮੁਸ਼ਕਲਾਂ ਨਾਲ ਬਰ ਮੇਚਦੇ, ਸਫਲਤਾ ਦਾ ਨਵਾਂ ਵਰਕਾ ਬਣਦੇ। ਅਜਿਹੇ ਲੋਕਾਂ ਦੇ ਪੈਰਾਂ ਵਿਚ ਥਿੜਕਣ ਦਾ ਨਾਮੋ-ਨਿਸ਼ਾਨ ਵੀ ਨਹੀਂ ਹੁੰਦਾ। -ਸੰਪਾਦਕ***

ਪੈਰ, ਪੈੜ-ਸਿਰਜਕ, ਮੰਜ਼ਿਲ-ਤਸ਼ਬੀਹ, ਸਫਰ-ਸਿਰਨਾਵਾਂ ਅਤੇ ਸੁਪਨਿਆਂ ਦੀ ਸੰਪੂਰਨਤਾ ਦਾ ਸਬੱਬ। ਪੈਰਾਂ ਵਿਚ ਸਫਰ ਉਪਜੇ ਤਾਂ ਉਚੇਰੀਆਂ ਚੋਟੀਆਂ ਨੂੰ ਸਰ ਕਰਨ ਲਈ ਪਗਡੰਡੀਆਂ ਵਿੱਛ-ਵਿੱਛ ਜਾਂਦੀਆਂ ਅਤੇ ਨਵੀਆਂ ਪ੍ਰਾਪਤੀਆਂ ਮੱਥੇ ਦੀਆਂ ਰੇਖਾਵਾਂ ਬਣਦੀਆਂ।

ਪੈਰ ਤੁਰਦੇ ਤਾਂ ਰਾਹ ਬਣਦੇ, ਸ਼ਾਹ-ਅਸਵਾਰਾਂ ਨੂੰ ਜਨਮ ਦਿੰਦੇ ਜੋ ਸੁਪਨਿਆਂ ਦਾ ਸੱਚ ਹੁੰਦੇ। ਰਾਹਾਂ 'ਤੇ ਤੁਰਨਾ ਖਾਸ ਨਹੀਂ ਹੁੰਦਾ ਪਰ ਰਾਹ ਸਿਰਜਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਨਰੋਏ ਨਕਸ਼ ਉਲੀਕਣੇ ਹੀ ਸੁੱਚੀ ਕਰਮਯੋਗਤਾ ਹੁੰਦੀ ਜਿਸ ਨੂੰ ਇਤਿਹਾਸ ਸਿਜਦਾ ਕਰਦਾ।

ਪੈਰਾਂ ਵਿਚ ਉਕਰੀਆਂ ਉਦਾਸੀਆਂ ਵਾਲੇ ਬਾਬਾ ਨਾਨਕ ਦੇ ਸਨ ਮਿੱਟੀ-ਘੱਟੇ ਨਾਲ ਅੱਟੇ ਪੈਰ। ਉਨ੍ਹਾਂ ਵਿਚ ਉਬੜ-ਖਾਬੜ ਰਾਹਾਂ ਨੂੰ ਆਪਣੀ ਪੈਰ-ਛੋਹ ਦੇਣ ਦਾ ਵਲਵਲਾ ਹੀ ਸੀ ਕਿ ਉਨ੍ਹਾਂ ਨੇ ਚਾਰ ਉਦਾਸੀਆਂ ਦੌਰਾਨ ਅਜਿਹੇ ਖੇਤਰਾਂ ਵਿਚ ਇਲਾਹੀ ਨੂਰ ਤਰੌਂਕਿਆ ਜਿਸ ਦੀ ਰੌਸ਼ਨੀ ਵਿਚ ਅੱਜ ਵੀ ਮਨੁੱਖਤਾ ਨਹਾ ਰਹੀ ਏ। ਕਰਤਾਰਪੁਰ ਦੇ ਖੇਤਾਂ ਵਿਚ ਹਲ



ਵਾਹੁੰਦੇ, ਫਟੀਆਂ ਬਿਆਈਆਂ ਵਾਲੇ ਦਰਵੇਸ਼ ਨੂੰ ਦੇਖ ਕੇ ਖੇਤ ਦੇ ਹਰ ਸਿਆੜ ਵਿਚ ਖੁਸ਼ਹਾਲੀ ਉਗਦੀ ਅਤੇ ਕੁਦਰਤ ਸਰਸ਼ਾਰ ਹੁੰਦੀ

ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 1-216-556-2080

ਹੋਵੇਗੀ।

ਮਨੁੱਖ, ਕੁਦਰਤ ਦੀ ਅਸੀਮਤਾ ਦਾ ਪਸਾਰ, ਕਾਰੀਗਰੀ ਦਾ ਕਮਾਲ ਅਤੇ ਇਸ ਵਿਚ ਵੱਸਦੀ ਏ ਸੂਖਮ ਸੰਵੇਦਨਾ। ਨੈਣ, ਦੁਨੀਆਂ ਦੇ ਰੰਗ-ਤਮਾਸ਼ਿਆਂ ਦੇ ਨਾਲ-ਨਾਲ ਪੀੜਾ ਨੂੰ ਦੇਖਦੇ। ਕੰਨ, ਹਾਸਿਆਂ ਦੀਆ ਕਿਲਕਾਰੀਆਂ ਦੇ ਨਾਲ ਨਾਲ ਹੂਕ ਭਰੀ ਵੇਦਨਾ ਵੀ ਸੁਣਦੇ। ਮਨੁੱਖੀ ਸੋਚ ਵਿਚ ਸਿੰਮਦੀ ਦਰਦ ਭਿੱਜੀ ਹੂਕ ਅਤੇ ਇਸ ਹੂਕ ਦਾ ਹੁੰਗਾਰਾ ਭਰਨ ਲਈ ਸਾਡੇ ਪੈਰ ਸਾਡੇ ਹਮਰਾਹ ਬਣ ਕੇ ਸਾਨੂੰ ਕਿਸੇ ਦੇ ਅੱਥਰੂ ਪੂੰਝਣ, ਜਖਮ ਸਹਿਲਾਉਣ ਜਾਂ ਕਿਸੇ ਅਬਲਾ-ਨਿਤਾਣੇ ਨੂੰ ਗਲ ਨਾਲ ਲਾਉਣ ਲਈ ਅਹੁਲਦੇ।

ਪੈਰ ਧਰਤੀ 'ਤੇ ਰੱਖ ਅਤੇ ਅੱਖਾਂ ਰਾਹੀਂ ਅਸਮਾਨ ਨਿਹਾਰਨ ਵਾਲੇ ਲੋਕ ਹੀ ਉਨ੍ਹਾਂ ਪੈੜਾਂ ਦੇ ਜਨਮਦਾਤੇ ਹੁੰਦੇ ਜਿਨ੍ਹਾਂ 'ਤੇ ਤੁਰਦਿਆਂ, ਮਨੁੱਖ ਸਫਲਤਾ ਦੇ ਸਿਖਰ 'ਤੇ ਪਹੁੰਚ ਕੇ ਵੀ ਧਰਤੀ ਨਾਲ ਜੁੜਨ ਦਾ ਧਰਮ ਪਾਲਦਾ। ਪਰ ਅਜੋਕੇ ਸਮਿਆਂ 'ਚ ਬਹੁਤ ਵਿਰਲੇ ਹੀ ਰਹਿ ਗਏ ਨੇ ਅਜਿਹੇ ਦਾਨਸ਼ਵਰ ਕਰਮੀ।

ਕਦੇ ਆਪਣੇ ਬਾਪ ਦੇ ਪੈਰਾਂ ਨੂੰ ਨਿਹਾਰਨਾ ਜਿਨ੍ਹਾਂ ਨੂੰ ਖਾਸ ਮੌਕਿਆਂ 'ਤੇ ਹੀ ਧੌੜੀ ਦੀ ਜੁੱਤੀ ਨਸੀਬ ਹੁੰਦੀ ਸੀ। ਉਹ ਨੰਗੇ ਪੈਰੀਂ ਹੱਲ, ਖੂਹ ਤੇ ਖਰਾਸ ਵਾਹੁੰਦੇ, ਸਿਰ 'ਤੇ ਪੱਠੇ ਢੋਂਦੇ, ਵੱਢੀਆਂ ਫਸਲਾਂ ਦੇ ਮੁੱਢ ਅਤੇ ਤਾਜਾ ਵਾਹੇ ਖੇਤ ਦੀਆਂ ਢੀਮਾਂ ਫੇਂਹਦੇ, ਸੱਪਾਂ ਦੀਆਂ ਸਿਰੀਆਂ ਮਿੱਧਦੇ, ਮਿੱਟੀ ਨਾਲ ਮਿੱਟੀ ਬਣੇ, ਧਰਤ ਦੀ ਮਮਤਾਈ ਛੋਹ ਨੂੰ ਮਾਣਦੇ, ਜ਼ਿੰਦਗੀ ਨੂੰ ਖੂਬਸੂਰਤੀ ਅਤੇ ਸਹਿ-ਸੀਰਤੀ ਨਾਲ ਭਰਦੇ, ਸਹਿਜ ਤੇ ਸਕੂਨ ਦਾ ਸੁੱਚਾ ਹਰਫ ਹੁੰਦੇ ਸਨ। ਸਾਨੂੰ ਤਾਂ ਨੰਗੇ ਪੈਰੀਂ ਤੁਰਨ ਦਾ ਚੇਤਾ ਹੀ ਭੁੱਲ ਗਿਆ ਏ ਅਤੇ ਸਾਡੇ ਬੱਚਿਆਂ ਨੂੰ ਨੰਗੇ ਪੈਰੀਂ ਤੁਰਦਿਆਂ, ਮਿੱਟੀ ਨਾਲ ਲਿਬੜਨ ਦਾ ਡਰ ਵੀ ਸਤਾਉਣ ਲੱਗ ਪੈਂਦਾ ਏ।

ਪੈਰ-ਪਰਵਾਜ਼, ਪੈਰ-ਪਹਿਲ, ਪੈਰ-ਪਰਿਕਰਮਾ, ਪੈਰ-ਪੁਲਾਂਘ ਅਤੇ ਪੈਰ-ਪਰਿਦਖਣਾ, ਅਕੀਦਤੀ ਕਾਰਜ। ਧਾਰਮਿਕ ਅਸਥਾਨਾਂ 'ਤੇ ਨੰਗੇ ਪੈਰੀਂ ਨਤਮਸਤਕ ਹੋਣ ਸਮੇਂ, ਸਤਿਕਾਰ ਦੇ ਨਾਲ ਇਹ ਵੀ ਕਾਰਨ ਹੈ ਕਿ ਮਨੁੱਖ ਧਰਤੀ ਨਾਲ ਜੁੜਿਆ, ਮੂਲ ਨੂੰ ਯਾਦ ਰੱਖੇ ਅਤੇ ਇਸ ਤੋਂ ਟੁੱਟਣ ਦੀ ਕੁਤਾਹੀ ਨਾ ਕਰੇ।

ਪੈਰ ਹੀ ਕਿਸੇ ਨੂੰ ਉਡਣਾ ਸਿੱਖ ਬਣਾਉਂਦੇ, ਫੌਜਾ ਸਿੰਘ ਦਾ ਲਕਬ ਮਿਲਦਾ, ਨਵੇਂ ਕੀਰਤੀਮਾਨ ਸਥਾਪਤ ਹੁੰਦੇ। ਪੈਰਾਂ ਦਾ ਛੋਹਲਾਪਣ, ਸੋਚ-ਪਕਿਆਈ ਅਤੇ ਪੰਜਿਆਂ ਦੀ ਮਿੱਟੀ ਨਾਲ ਪਕੜ ਵਿਚੋਂ ਹੀ ਉਗਮਦੀ ਏ ਲਾਸਾਨੀ ਪ੍ਰਾਪਤੀ ਦੀ ਦਸਤਾਵੇਜ਼।

ਪੈਰਾਂ 'ਚ ਪਈਆਂ ਬੇੜੀਆਂ, ਫਾਂਸੀ ਦੇ ਰੱਸੇ ਨੂੰ ਚੁੰਮਣ ਦਾ ਉਤਸ਼ਾਹ ਬਣਦੀਆਂ। ਇਨ੍ਹਾਂ ਨਾਲ ਮਨੁੱਖੀ ਮਨ ਦੀ ਉਡਾਣ ਅਤੇ ਸੰਵੇਦਨਾ ਨੂੰ ਕੈਦ ਨਹੀਂ ਕੀਤਾ ਜਾ ਸਕਦਾ। ਅੱਗ ਉਗਲਦੀ ਸੋਚ ਦੇ ਪੈਰਾਂ ਵਿਚ ਜਦ ਕਿੱਲ ਠੋਕੇ ਜਾਂਦੇ ਨੇ ਤਾਂ ਖਲਕਤ ਦੇ ਪੈਰੀਂ ਤੂਫਾਨ ਪੈਦਾ ਹੁੰਦਾ ਜਿਸ ਸਾਹਵੇਂ ਜ਼ੁਲਮ ਤੇ ਜਬਰ ਦੀ ਰੇਤਲੀ ਦੀਵਾਰ ਬਹੁਤ ਜਲਦੀ ਢਹਿ-ਢੇਰੀ ਹੋ ਜਾਂਦੀ।

ਕਈ ਵਾਰ ਇਕ ਜਾਂ ਦੋਹਾਂ ਪੈਰਾਂ ਤੋਂ ਵਿਹੂਣੇ ਲੋਕ ਜਜ਼ਬੇ ਅਤੇ ਸਮਰਪਣ ਨਾਲ ਅਜਿਹੇ ਕਾਰਨਾਮਿਆਂ ਨੂੰ ਨਵੀਆਂ ਤਸ਼ਬੀਹਾਂ ਦੇ ਜਾਂਦੇ ਕਿ ਮਨੁੱਖ ਉਨ੍ਹਾਂ ਦੀ ਅਜਿਹੀ ਪ੍ਰਾਪਤੀ ਨੂੰ ਨਮਸਕਾਰਨ ਜੋਗਾ ਰਹਿ ਜਾਂਦਾ।

ਪੈਰ ਸਿਰਫ ਤੁਰਨ ਦਾ ਹੀ ਜਰੀਆ ਨਹੀਂ ਹੁੰਦੇ। ਕਈ ਵਾਰ ਹੱਥ-ਵਿਹੂਣੇ ਲੋਕਾਂ ਲਈ ਕਲਮਕਾਰ ਬਣਦੇ, ਬੁਰਸ਼ ਨਾਲ ਕਲਾ-ਨਿਕਾਸ਼ੀ ਕਰਦੇ, ਨ੍ਰਿਤ ਕਰਦਿਆਂ ਨਵੇਂ ਕੀਰਤੀਮਾਨ ਸਥਾਪਤ ਕਰਦੇ ਅਤੇ ਰੋਜ਼ਾਨਾ ਜੀਵਨ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਬਾਖੂਬੀ ਨਿਭਾਉਂਦੇ।

ਜੇਠ ਮਹੀਨੇ ਵਿਚ ਜਦ ਨਿੱਕੇ ਨਿੱਕੇ ਪੈਰ ਤਪਦੀ ਧੁੱਦਲ ਵਿਚ ਸੜਦੇ ਤਾਂ ਬਾਪੂ ਦੇ ਪਰਨੇ ਦੀ ਛਾਂ ਠੰਢਕ ਪਹੁਚਾਉਂਦੀ, ਸੱਸੀ ਦੇ ਪੈਰ ਬਾਲੂ ਰੇਤ ਵਿਚ ਭੁੱਜਦੇ ਤਾਂ ਪੁੰਨੂ ਨੂੰ ਮਿਲਣ ਦੀ ਤਾਂਘ ਹੋਰ ਤਿਖੇਰੀ ਹੋ ਜਾਂਦੀ, ਚਿਰ-ਵਿਛੁੰਨੇ ਪਿਆਰੇ ਨੂੰ ਮਿਲਣ ਦੀ ਤੀਬਰਤਾ ਮਾਹੀ ਦੇ ਪੈਰਾਂ ਵਿਚ ਛੋਹਲਾਪਣ ਭਰਦੀ ਅਤੇ ਬਾਪ ਨੂੰ ਮਿਲਣਾ ਲੋਚਦੇ ਪਰਦੇਸੀ ਪੁੱਤ ਦੇ ਸੁਪਨਿਆਂ ਵਿਚ ਵੀ ਪੈਰ-ਸਫਰ ਅੰਗੜਾਈ ਭਰਦੇ।

ਪੈਰ, ਅਣਖ ਅਤੇ ਗੈਰਤ ਨੂੰ ਜਿਉਂਦੀ ਰੱਖਣ ਦਾ ਸਬੱਬ ਵੀ ਹੁੰਦੇ। ਸਰਹਿੰਦ ਦੇ ਨਵਾਬ ਨੂੰ ਠੁੱਠ ਦਿਖਾਉਣ ਲਈ ਦਰਬਾਰ ਵਿਚ ਜਾਣ ਸਮੇਂ ਸਾਹਿਬਜ਼ਾਦਿਆਂ ਵਲੋਂ ਪੈਰ ਪਹਿਲਾਂ ਰੱਖਣੇ, ਸਾਹਿਬਜ਼ਾਦਾ ਫਤਿਹ ਸਿੰਘ ਦਾ ਅੱਡੀਆਂ ਚੁੱਕ ਕੇ ਵੀਰੇ ਸੰਗ ਸ਼ਹੀਦ ਹੋਣ ਦਾ ਚਾਅ ਜਾਂ ਨਾਮਧਾਰੀ ਬੱਚੇ ਦਾ ਇੱਟਾਂ 'ਤੇ ਖੜ ਕੇ ਤੋਪ ਦੇ ਗੋਲੇ ਦੇ ਬਰਾਬਰ ਹੋਣਾ, ਇਤਿਹਾਸ ਦੇ ਅਜਿਹੇ ਸੁਨਹਿਰੀ ਵਰਕੇ ਨੇ ਜਿਨ੍ਹਾਂ ਨੂੰ ਫਰਲੋਦਿਆਂ ਸਿੱਖ ਕੌਮ ਦਾ ਸਿਰ ਫਖਰ ਨਾਲ ਹੋਰ ਉਚਾ ਹੋ ਜਾਂਦਾ ਏ।

ਨਿੱਕਾ ਜਿਹਾ ਬੱਚਾ ਜਦ ਆਪਣੇ ਬਾਪ ਦੇ ਬੂਟਾਂ ਵਿਚ ਪੈਰ ਧਰਦਾ ਏ ਤਾਂ ਉਸ ਦੇ ਮਨ ਵਿਚ ਆਪਣੇ ਬਾਪ ਵਰਗਾ ਬਣਨਾ, ਉਸ ਦੇ ਰਾਹਾਂ 'ਤੇ ਤੁਰਨ ਅਤੇ ਵਿਲੱਖਣ ਸੁਪਨਿਆਂ ਦੀ ਸਿਰਜਣਾ ਦੇ ਪ੍ਰਤੱਖ ਦੀਦਾਰੇ ਹੁੰਦੇ ਜਿਸ ਨੂੰ ਬਾਪ ਬੜੇ ਮਾਣ ਨਾਲ ਨਿਹਾਰਦਾ।

ਪੈਰ ਜਦ ਕਿਸੇ ਗਿਆਨ ਵਿਹੂਣੇ ਲਈ ਅੱਖਰ-ਗਿਆਨ ਦਾ ਸੰਧਾਰਾ ਲੈ ਕੇ ਜਾਂਦੇ, ਕਿਸੇ ਅਬਲਾ ਦੀ ਪੱਤ ਬਚਾਉਣ ਦਾ ਸਬੱਬ ਬਣਦੇ, ਕਿਸੇ ਨਿਰਦੋਸ਼ ਦੀ ਜਾਨ ਬਚਾਉਣ ਦਾ ਹੀਲਾ ਕਰਦੇ ਜਾਂ ਨਿਰਬਲ ਪੈਰਾਂ ਵਿਚ ਸਫਰ ਕਰਨ ਦਾ ਸਰੋਤ ਬਣਦੇ ਤਾਂ ਇਹ ਪੈਰ ਅਕੀਦਤਯੋਗ ਹੋ ਜਾਂਦੇ, ਜਿਵੇਂ ਇਹ ਪੈਰ ਕਿਸੇ ਰਹਿਬਰ, ਕਰਮਯੋਗੀ, ਸੂਰਬੀਰ, ਸਿਰਲੱਥ ਸੂਰਮੇ ਜਾਂ ਸ਼ਾਹ-ਅਸਵਾਰ ਦੇ ਹੋਣ।

ਜਦ ਇਹ ਪੈਰ ਰਕਾਬ ਵਿਚ ਹੁੰਦੇ ਤਾਂ ਸਰਸਾ ਵੀ ਠਹਿਰ ਜਾਂਦੀ, ਚਮਕੌਰ ਦੀ ਗੜ੍ਹੀ ਵਿਚ ਸੂਰਮਿਆਂ ਦੀ ਲਲਕਾਰ ਬਣਦੇ ਜਾਂ ਜਵਾਨ ਹੋ ਰਹੇ ਪੈਰ ਰਕਾਬ ਵਿਚ ਪੈਣ ਲਈ ਤਰਲੋਮੱਛੀ ਹੁੰਦੇ ਤਾਂ ਸਿੱਖ-ਸ਼ੁਹਾਦਤਾਂ ਦੇ ਅਰਥ ਅਮਰ ਹੋ ਜਾਂਦੇ।

ਪੈਰ ਜਦ ਧਰਤੀ ਤੋਂ ਰੁੱਸ ਜਾਂਦੇ, ਸਫਰ ਤੋਂ ਘਬਰਾਉਣ ਲੱਗ ਪੈਂਦੇ, ਪੁਲਾਂਘ ਪੁੱਟਣ ਤੋਂ ਡਰਦੇ ਤਾਂ ਨਵੇਂ ਦਿਸਹੱਦਿਆਂ ਦਾ ਝਉਲਾ ਨਾ ਪੈਂਦਾ। ਧਰਤੀ ਨੂੰ ਪੈਰ-ਛੋਹ ਤੋਂ ਵਿਹੂਣਾ ਕਰਕੇ ਅਸੀਂ ਕੀ ਖੱਟਿਆ? ਪੈਰਾਂ ਵਿਚ ਜਿੰਨਾ ਚਿਰ ਸਫਰ ਵੱਸਦਾ ਰਿਹਾ, ਮਨੁੱਖ ਜ਼ਿੰਦਾਦਿਲੀ ਨਾਲ ਜਿਉਂਦਾ ਅਤੇ ਹਰ ਰੰਗ ਵਿਚ ਵੱਸਦਾ ਰਿਹਾ। ਅਜੋਕਾ ਮਨੁੱਖ ਤਾਂ ਮਾਯੂਸੀ ਅਤੇ ਨਿਰਾਸ਼ਾ ਦਾ ਨਾਂ ਬਣ ਕੇ ਰਹਿ



ਗਿਆ ਏ।

ਕਦਮ-ਦਰ-ਕਦਮ ਇਕਸਾਰ ਪੈਰ ਟਿਕਾਉਣ ਵਾਲੇ ਜ਼ਾਬਤੇ ਵਿਚ ਬੱਝੇ, ਉਨ੍ਹਾਂ ਦੇ ਜੀਵਨ ਵਿਚ ਇਕਸੁਰਤਾ ਅਤੇ ਇਕਸਾਰਤਾ ਦਾ ਰਾਗ ਅਤੇ ਉਨ੍ਹਾਂ ਦੇ ਮੱਥੇ 'ਤੇ ਸੰਤੁਲਿਤ ਜੀਵਨ ਜਿਊਣ-ਭਾਗ। ਜੀਵਨ ਦੇ ਚੌਰਾਹੇ ਵਿਚ ਇਕਸਾਰਤਾ ਤੋਂ ਥਿੜਕਣ ਅਤੇ ਗਲਤ ਦਿਸ਼ਾ ਵੱਲ ਪਹਿਲਾ ਕਦਮ ਰੱਖਣ ਵਾਲੇ ਲੋਕਾਂ ਦੇ ਜੀਵਨ ਵਿਚ ਹਮੇਸ਼ਾ ਨੀਰਸਤਾ ਭਾਰੂ ਹੁੰਦੀ।

ਜ਼ਿੰਦਗੀ ਇਕੱਠਿਆਂ ਪੈਰ ਧਰਨ ਦਾ ਕਰਮ, ਸੋਚ ਵਿਚ ਸਾਂਝੇ ਸੁਪਨੇ ਸਜਾਉਣ ਦਾ ਧਰਮ। ਇਸੇ ਲਈ ਤਾਂ ਵਿਆਹ ਮੌਕੇ ਫੇਰਿਆਂ ਦੇ ਸਮੇਂ ਵਿਆਹੁੰਦੜ ਜੋੜੀ ਵਿਚਲਾ ਸਹਿਜ, ਸੰਗੀਤ ਅਤੇ ਸਮ-ਕਦਮੀਂ ਰਸਮਾਂ ਨਿਭਾਉਣਾ, ਸੰਦਲੀ ਰੁੱਤ ਦਾ ਸ਼ੁਭ ਆਰੰਭ ਹੁੰਦਾ ਏ ਜਿਸ ਨੂੰ ਆਪਣੇ ਵਡੇਰਿਆਂ ਦੀਆਂ ਅਸੀਸਾਂ ਅਤੇ ਰਹਿਬਰਾਂ ਦੀਆਂ ਦੁਆਵਾਂ ਮਿਲਦੀਆਂ ਨੇ।

ਫਟੀਆਂ ਬਿਆਈਆਂ, ਜੰਮੀਂ ਧੂੜ ਅਤੇ ਥਕਾਵਟ ਵਿਚ ਚੂਰ ਹੋਏ ਪੈਰ, ਜਦ ਕੋਸੇ ਕੋਸੇ ਲੂਣੇ ਪਾਣੀ ਵਿਚ ਸਹਿਲਾਏ ਜਾਂਦੇ ਤਾਂ ਇਨ੍ਹਾਂ ਵਿਚ ਤਾਜਗੀ ਅਤੇ ਉਦਮ ਦਾ ਨਵਾਂ ਜੋਸ਼ ਪੈਦਾ ਹੁੰਦਾ ਜਿਸ ਨਾਲ ਨਵੇਂ ਰਾਹਾਂ, ਸਿਆੜਾਂ ਅਤੇ ਪਗਡੰਡੀਆਂ ਨੂੰ ਮਾਨਵੀ ਛੋਹ ਦਾ ਸਰੂਰ ਹਾਸਲ ਹੁੰਦਾ।

ਕਿਸੇ ਦੇ ਪੈਰ ਪਕੜਨਾ, ਕੀਤੀਆਂ ਖੁਨਾਮੀਆਂ, ਕੁਤਾਹੀਆਂ ਤੇ ਗਲਤੀਆਂ ਦੀ ਮੁਆਫੀ-ਜਾਚਨਾ ਵੱਡਾ ਕਰਮ ਹੁੰਦਾ। ਪੈਰ ਪੈਰ 'ਤੇ ਮੁੱਕਰਨਾ, ਬੇਇਤਬਾਰੀ ਦੀ ਸਾਖਸ਼ਾਤ ਗਵਾਹੀ। ਪੈਰ ਪੈਰ 'ਤੇ ਝੂਠ ਬੋਲਣਾ, ਆਪਣੇ ਆਪ ਤੋਂ ਮੁੱਨਕਰੀ। ਪਿਛਾਂਹ ਪੈਰ ਧਰਨ ਵਾਲਿਆਂ ਤੋਂ ਕਿਤੇ ਪਹੁੰਚਣ ਦੀ ਕਾਹਦੀ ਆਸ। ਪੈਰੀਂ ਹੱਥ ਲਾਉਣਾ, ਬਜ਼ੁਰਗਾਂ ਦੀਆਂ ਅਸੀਸਾਂ ਤੇ ਦੁਆ-ਬੰਦਗੀ। ਪੈਰੀਂ ਪੈਣਾ, ਵਡੇਰਿਆਂ ਦੇ ਅਦਬ ਤੇ ਸਤਿਕਾਰ ਵਿਚੋਂ ਖੁਦ ਦੀ ਪੁਨਰ-ਸਿਰਜਣਾ ਅਤੇ ਦਾਨਾਈ-ਸੋਚ ਨੂੰ ਨਿਉਂਦਾ। ਕਿਸੇ ਦੇ ਚਰਨ ਧੋਣਾ, ਆਪਣੇ ਮਨ ਨੂੰ ਸਾਦਗੀ ਤੇ ਅਰਾਧਨਾ ਸੰਗ ਰਹਿਬਰ ਦੀ ਚਰਨ-ਬੰਦਨਾ, ਪੈਰ ਧੋ ਕੇ ਕਿਸੇ ਧਾਰਮਿਕ ਅਸਥਾਨ ਵਿਚ ਅਕੀਦਤ ਲਈ ਜਾਣਾ, ਆਪਣੀ ਬਾਹਰੀ ਮੈਲ ਨੂੰ ਉਤਾਰ ਕੇ ਅੰਤਰੀਵੀ ਗੰਦਗੀ ਨੂੰ ਧੋਣ ਦਾ ਉਪਰਾਲਾ ਅਤੇ ਚਰਨਾਮਿਤ ਪੀਣ ਵਾਲੀ ਸੋਚ, ਕਿਸੇ ਫੱਕਰ-ਪੈਰਾਂ ਦੀ ਮੈਲ 'ਚੋਂ ਇਨਸਾਨੀਅਤ-ਮਾਰਗੀ ਬਣਨ ਦਾ ਸਬੱਬ।

ਪੈਰ, ਜਿਸਮ ਦਾ ਭਾਰ ਢੋਂਦੇ, ਹਮੇਸ਼ਾ ਸ਼ੁਕਰ-ਗੁਜਾਰੀ ਵਿਚ ਧਰਤੀ ਨੂੰ ਨਮਸਕਾਰਦੇ, ਆਪਣੀ ਤੋਰ ਵਿਚ ਮਸਰੂਫ ਰਹਿੰਦੇ। ਮੱਥੇ 'ਤੇ ਉਦੈਮਾਨ ਹੋਏ ਸੂਰਜਾਂ ਦੀ ਕਹਾਣੀ ਦੇ ਰਚਨਹਾਰੇ ਤਾਂ ਪੈਰ ਹੀ ਹੁੰਦੇ ਜੋ ਸਾਨੂੰ ਮੰਜ਼ਿਲਾਂ 'ਤੇ ਲੈ ਕੇ ਜਾਂਦੇ।

ਪੈਰਾਂ ਲਈ ਧਰਤੀ ਦਾ ਸਾਥ ਸਭ ਤੋਂ ਉਤਮ ਅਤੇ ਅਟੁੱਟ। ਇਸ ਤੋਂ ਦੂਰੀ ਅਸਹਿ। ਕਦੇ ਡੂੰਘੇ ਪਾਣੀਆਂ 'ਚ ਗੋਤੇ ਖਾਂਦਿਆਂ, ਪੈਰਾਂ ਲਈ ਠੋਸ ਧਰਾਤਲ ਭਾਲਣਾ ਜਾਂ ਅੰਬਰੀ ਛਾਲ ਸਮੇਂ ਪੈਰ-ਠਾਹਰ ਲਈ ਕਿਆਸਣਾ, ਤੁਹਾਨੂੰ ਧਰਤ-ਛੋਹ ਦੀ ਅਹਿਮੀਅਤ ਦਾ ਕਿਆਸ ਹੋ ਜਾਵੇਗਾ?

ਪੈਰ ਪਰਿਕਰਮਾ ਕਰਦੇ ਤਾਂ ਅਸੀਂ ਨਤਮਸਤਕ ਹੁੰਦੇ, ਪੈਰਾਂ ਰਾਹੀਂ ਇਲਾਹੀ ਛੋਹ ਨੂੰ ਮਾਣਦੇ ਅਗੰਮੀ ਨੂਰ ਅਤੇ ਨਿਮਰਤਾ ਵਿਚ ਲਿਪਤ ਹੁੰਦੇ। ਪੈਰਾਂ ਦੇ ਬਲਿਹਾਰੇ ਜਾਂਦੇ ਅਤੇ ਕਿਸੇ ਵੀ ਸ਼ੁਭ ਕਾਰਜ ਤੋਂ ਪਹਿਲਾਂ ਇਨ੍ਹਾਂ ਦੀ ਪਾਕੀਜ਼ਗੀ ਦਾ ਖਾਸ ਖਿਆਲ ਰੱਖਦੇ।

ਕੁਝ ਲੋਕ ਪੈਰਾਂ ਨੂੰ ਜੁੱਤੀ ਨਸੀਬ ਨਾ ਹੋਣ 'ਤੇ ਜ਼ਿੰਦਗੀ ਨੂੰ ਉਲਾਹਮਾ ਕਹਿੰਦੇ ਪਰ ਕੁਝ ਪੈਰ-ਵਿਹੂਣੇ ਲੋਕ ਸ਼ੁਕਰਗੁਜਾਰੀ ਵਿਚ ਜੀਵਨ ਦੇ ਹਰ ਪਲ ਨੂੰ ਯਾਦਗਾਰੀ ਪਲ ਦਾ ਦਰਜਾ ਦਿੰਦੇ।

ਸੋਚ ਸਮਝ ਕੇ ਪੈਰ ਟਿਕਾਉਣ ਵਾਲੇ ਲੋਕ ਸਾਬਤ ਕਦਮੀਂ ਤੁਰਦੇ, ਮੁਸ਼ਕਲਾਂ ਨਾਲ ਬਰ ਮੇਚਦੇ, ਸਫਲਤਾ ਦਾ ਨਵਾਂ ਵਰਕਾ ਬਣਦੇ। ਅਜਿਹੇ ਲੋਕਾਂ ਦੇ ਪੈਰਾਂ ਵਿਚ ਥਿੜਕਣ ਦਾ ਨਾਮੋ-ਨਿਸ਼ਾਨ ਵੀ ਨਹੀਂ ਹੁੰਦਾ।

ਕਦੇ ਕਦਾਈਂ ਬੱਚਿਆਂ ਨੂੰ ਨੰਗੇ ਪੈਰੀਂ ਫਿਰਨ ਦਿਓ, ਆਪ ਵੀ ਨੰਗੇ ਪੈਰੀਂ ਧਰਤ ਦੇ ਪਿੰਡੇ ਨੂੰ ਸਹਿਲਾਓ, ਹਰੇ ਕਚੂਰ ਘਾਹ ਨਾਲ ਖੁਦ ਨੂੰ ਲਰਜਾਓ ਅਤੇ ਮਨ ਦੀ ਬੀਹੀ ਰਾਹੀਂ ਕੁਦਰਤ ਨਾਲ ਸਾਂਝ ਪਾਓ। ਧਰਤ ਨੂੰ ਬਹੁਤ ਚੰਗਾ ਲੱਗਦਾ ਹੈ, ਉਸ ਦੇ ਜੀਵਾਂ ਦਾ ਉਸ ਨਾਲ ਮੋਹ ਜਿਤਾਉਣਾ। ਸਿਰਫ ਮਨੁੱਖ ਹੀ ਅਜਿਹਾ ਜੀਵ ਹੈ ਜੋ ਆਪਣੇ ਆਪ ਨੂੰ ਅਤਿ-ਅਧੁਨਿਕ ਸਮਝ ਕੇ ਧਰਤ-ਛੋਹ ਤੋਂ ਕੋਫਤ ਕਰਨ ਲੱਗ ਪਿਆ ਏ।

ਪੈਰਾਂ 'ਚ ਮਟਕੀਲੀ ਤੋਰ, ਬੋਚ ਬੋਚ ਕੇ ਪੱਬ ਧਰਨ ਦੀ ਅਦਾ, ਪੈਰ ਟਿਕਾਉਣ ਵਿਚਲੀ ਨਜ਼ਾਕਤ, ਪੱਬਾਂ ਦੀ ਸ਼ਫਾਕਤ ਅਤੇ ਪੈਰਾਂ ਨਾਲ ਚੱਲ ਕੇ ਕੀਤੀ ਇਬਾਦਤ, ਜੀਵਨ ਦਾ ਸਭ ਤੋਂ ਵੱਡਾ ਸਰਮਾਇਆ।

ਗੁਰੂਆਂ, ਮਾਪਿਆਂ, ਬਜ਼ੁਰਗਾਂ ਦੇ ਚਰਨ ਧੋ ਕੇ ਪੀਣ ਵਾਲੇ ਲੋਕ ਮਾਨਵੀ-ਤਾਰੇ ਹੁੰਦੇ ਜਿਨ੍ਹਾਂ ਦੇ ਕੀਰਤੀਮਾਨਾਂ 'ਤੇ ਅੰਬਰ ਨੂੰ ਵੀ ਮਾਣ ਹੁੰਦਾ।

ਪੈਰ ਮਨੁੱਖੀ ਸਰੀਰ ਦਾ ਸਭ ਤੋਂ ਨਿਮਾਣਾ ਅੰਗ। ਮਨੁੱਖੀ ਜਿਸਮ ਦਾ ਭਾਰ ਢੋਂਦਾ, ਇਸ ਦੀਆਂ ਤਰਕੀਬਾਂ ਤੇ ਤਦਬੀਰਾਂ ਨੂੰ ਪੈੜਚਾਲ ਦਿੰਦਾ ਅਤੇ ਧਰਤ ਦੀ ਸਾਂਝ ਵਿਚੋਂ ਸੁਖਨ ਦਾ ਸਬਕ ਪੜ੍ਹਦਾ ਰਹਿੰਦਾ।

ਪੈਰ ਨੂੰ ਪੈਰ ਹੀ ਨਾ ਸਮਝੋ, ਪੈਰਾਂ ਵਰਗਾ ਬਣਨਾ ਲੋਚੋ, ਪੈਰਾਂ ਦੀ ਅਕੀਦਤ ਰਾਹੀਂ ਜੀਣ-ਫਲਸਫਾ ਸੋਚੋ। ਪੈਰਾਂ ਦੇ ਵਿਚ ਉਗਦੇ ਪੈਂਡੇ ਤੇ ਰਾਹਾਂ ਦੇ ਸਿਰਨਾਵੇਂ, ਪੈਰ ਹੀ ਪੂਜਣਯੋਗ ਬਣਾਉਂਦੇ ਜੋ ਸਨ ਕਦੇ ਨਿਥਾਵੇਂ। ਪੈਰ-ਪਾਕੀਜ਼ਗੀ ਪਾਵਨ ਲੱਗਿਆਂ ਪੈਰਾਂ ਨੂੰ ਹੱਥ ਲਾਓ, ਮਨ-ਮੁਰਾਦਾਂ ਅਤੇ ਅਸੀਸਾਂ ਖਾਲੀ ਝੋਲੀ ਪਾਓ। ਪੈਰ-ਪਾਠ ਦੇ ਹਰ ਹਰਫ ਨੂੰ ਜਿਸ ਨੇ ਮਨੀਂ ਵਸਾਇਆ, ਉਸ ਨੇ ਜੀਵਨ-ਮਾਰਗ 'ਤੇ ਤੁਰਦਿਆਂ ਮਨ ਚਾਹਿਆ ਫਲ ਪਾਇਆ।

ਕਦੇ ਆਪਣੇ ਬਜ਼ੁਰਗਾਂ, ਅਧਿਆਪਕਾਂ, ਰਹਿਬਰਾਂ ਦੇ ਪੈਰਾਂ ਵਰਗੇ ਬਣਨ ਦਾ ਮਨ ਵਿਚ ਧਰਨਾ, ਜੀਵਨ-ਰਾਹਾਂ ਤੁਹਾਡੀ ਆਰਤੀ ਉਤਰਨਗੀਆਂ ਜਿਸ ਦੇ ਦੂਧੀਆ ਚਾਨਣ ਵਿਚ ਮਹਿਨਾਜ਼-ਮੰਜ਼ਿਲਾਂ ਰੁਸ਼ਨਾਉਣਗੀਆਂ।

ਆਮੀਨ।

### ਬਿਰਹਣ

ਰਾਤੀਂ ਫਿਰ ਉਠੀ,
ਮੈਂ ਬਿਰਹਾ ਦੀ ਕੁੱਠੀ।

ਖੋਲ੍ਹਦੀ ਪਲਕ ਨਾ,
ਮਤੇ ਜਾਣ ਛਲਕ ਨਾ।

ਬੁੱਲ੍ਹ ਮੇਰੇ ਪਿਆਸੇ,
ਜਿਓਂ ਸੱਖਣੇ ਕਾਸੇ।

ਜੇ ਅਰਸ਼ਾਂ ਵੱਲ ਤੱਕਾਂ,
ਤਾਂ ਤੱਕਦੀ ਨਾ ਥੱਕਾਂ।

ਫਿਰ ਕੱਚੇ ਕੁਆਰਿਆਂ,
ਗਗਨ ਦੇ ਤਾਰਿਆਂ।

ਕੋਲੋਂ ਮੈਂ ਪੁੱਛਦੀ,
ਰੋ ਰੋ ਕੇ ਲੁੱਛਦੀ।

ਦੱਸੋ ਵੇ ਤਾਰਿਓ,
ਸੋਹਣਿਓ ਪਿਆਰਿਓ।

ਦਿਸਿਐ ਕੋਈ ਰਾਹੀ,
ਇੱਕ ਬਾਂਕਾ ਜਿਹਾ ਮਾਹੀ।

ਤੇਜ ਉਸ ਦਾ ਨੂਰਾਨੀ,
ਗਲ ਸੋਨੇ ਦੀ ਗਾਨੀ।

ਸਿਰ 'ਤੇ ਸਤਰੰਗਾ ਚੀਰਾ,
ਨੀਂ ਦਿਲ ਦਾ ਓਹ ਹੀਰਾ।

ਖਵਰੇ ਕਿੰਜ ਖੁੱਸ ਗਿਐ?
ਮੈਥੋਂ ਕਿਉਂ ਰੁੱਸ ਗਿਐ?

ਤਰਲੇ ਵੀ ਕੀਤੇ,
ਤੇ ਹੰਝੂ ਵੀ ਪੀਤੇ।

ਉਸ ਦੇ ਦੀਦਾਰ ਬਿਨ,
ਲੰਘਣ ਨਾ ਰਾਤ ਦਿਨ।

ਵਸਲ ਦੀਆਂ ਰਾਤਾਂ,
ਤੇ ਮੋਹ ਭਰੀਆਂ ਬਾਤਾਂ।
ਯਾਦ ਜਦ ਆਂਦੀਆਂ,
ਡਾਢਾਂ ਸਤਾਂਦੀਆਂ।

ਸੁੰਨੀ ਕਰ ਛੱਡ ਗਿਐ,
ਜਿੰਦ ਹੀ ਕੱਢ ਗਿਐ।

ਨਾ ਜੀਂਦੀ ਨਾ ਮੋਈ,
ਮੈਂ ਬੇਦਿਲ ਜਿਹੀ ਹੋਈ।

ਸਭ ਆਖਣ ਸੋਖੀ,
ਪਰ ਡਾਢੀ ਮੈਂ ਔਖੀ।

ਹੋਕੇ ਜੇ ਨਾ ਭਰਾਂ,
ਦੱਸੋ ਮੈਂ ਕੀ ਕਰਾਂ।

ਇਕ ਵਾਰੀਂ ਜੇ ਆਵੇ,
ਚਾਹੇ ਸੁਫਨੇ 'ਚ ਹੀ ਆਵੇ।

ਸਾਰਾ ਤਾਣ ਲਾ ਕੇ,
ਮੈਂ ਭਰ ਲਾਂ ਕਲਾਵੇ।

ਰੋ ਰੋ ਕੇ ਮਨਾਵਾਂ,
ਤੇ ਵਾਸਤੇ ਪਾਵਾਂ।

ਫਿਰ ਆਖਾਂ ਵੇ ਚੰਨਾਂ,
ਤੁਹੀਓਂ ਮੇਰਾ ਬੰਨਾ।

ਵੇ ਮੈਂ ਤੇਰੀ ਦਾਸੀ,
ਜੁੱਗਾਂ ਦੀ ਪਿਆਸੀ।

ਤੂੰ 'ਕੱਲੀ ਨੂੰ ਛੱਡ ਕੇ,
ਕਿੱਥੇ ਲਾਇਆ ਡੇਰਾ।

ਤੇਰੇ ਬਾਝੋਂ ਜੀਵਨ,
ਹਨੇਰਾ ਹਨੇਰਾ।

ਜ਼ਰਾ ਭਰ ਵੀ ਦੱਸ ਖਾਂ,
ਕੋਈ ਦੋਸ਼ ਮੇਰਾ।

ਅਚਾਨਕ ਹੀ ਟੁਰ ਗਿਓਂ,
ਏਨਾ ਜਿਗਰਾ ਤੇਰਾ?

ਫ਼ਿਰ ਮੰਗਾਂ ਮੈਂ ਰੱਬ ਤੋਂ,
ਇਹ ਸੁਫਨਾ ਨਾ ਤੋੜੀਂ,


ਮਿਲਾਇਆ ਜੇ ਆਖਿਰ,
ਤਾਂ ਹੁਣ ਨਾ ਵਿਛੋੜੀਂ।

-ਕਰਨੈਲ ਸਿੰਘ ਗਿਆਨੀ

## ਜੰਗਲਨਾਮਾ-17

### ਬਸਤਰ ਦੇ ਜੰਗਲਾਂ ਵਿਚ

ਸਤਨਾਮ



**ਤੁਸੀਂ ਪੜ੍ਹ ਚੁੱਕੇ ਹੋ...**

*ਗਾਈਡ ਦੀ ਮਦਦ ਨਾਲ ਮਾਓਵਾਦੀਆਂ ਦੇ ਗੜ੍ਹ ਅੰਦਰ ਪਹੁੰਚੇ ਲੇਖਕ ਨੇ ਮਾਓਵਾਦੀ ਕੈਂਪਾਂ ਅੰਦਰਲੀ ਜੀਵਨ ਕਹਾਣੀ ਪੂਰੇ ਵਿਸਥਾਰ ਨਾਲ ਬਿਆਨ ਕੀਤੀ ਹੈ। ਇਸ ਵਿਚ ਗੁਰੀਲਾ ਜੀਵਨ ਦੇ ਨਾਲ-ਨਾਲ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਲੜਾਈਆਂ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ। ਐਤਕੀਂ ਪਿੰਡਾਂ ਦੇ ਵਿਕਾਸ ਦੀ ਬਾਤ ਪਾਈ ਗਈ ਹੈ...*

# ਅਸਲ ਵਿਕਾਸ ਦੇ ਅੰਗ-ਸੰਗ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਸਤਨਾਮ (ਅਸਲ ਨਾਂ ਗੁਰਮੀਤ) ਨੇ ਇਸ ਯਾਤਰਾ ਰਾਹੀਂ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਂਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਵੀ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

ਨਾਰੰਗ ਦਾ ਸਾਥ ਮੇਰੇ ਵਾਸਤੇ ਪਿੰਡ ਦਾ ਜਾਇਜ਼ਾ ਲੈਣ ਵਾਸਤੇ ਵਧੀਆ ਸਾਬਤ ਹੋਇਆ। ਗੱਲਾਂ ਕਰਦੇ ਕਰਦੇ ਅਸੀਂ ਪਿੰਡ ਦੇਖਣ ਦੀ ਯੋਜਨਾ ਬਣਾ ਲਈ, ਸੋ ਉਧਰ ਨੂੰ ਤੁਰ ਪਏ।

"ਨਾਰੰਗ ਅੰਨਾ! ਦੂਰ ਨਹੀਂ ਜਾਣਾ।" ਚੰਦਨ ਨੇ ਆਵਾਜ਼ ਦੇ ਕੇ ਕਿਹਾ।

"ਬੱਸ, ਪਿੰਡ ਤੱਕ।"

ਹਰ ਕਬਾਇਲੀ ਪਿੰਡ ਅੱਡ ਅੱਡ ਥਾਂਵੇਂ ਪਈਆਂ ਝੌਂਪੜੀਆਂ ਦਾ ਸਮੂਹ ਹੈ। ਗਲੀਆਂ, ਪਾਣੀ ਦਾ ਨਿਕਾਸ ਵਗ਼ੈਰਾ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਕੋਈ ਝੌਂਪੜੀ ਇਥੇ ਹੈ ਤਾਂ ਕੋਈ ਉਥੇ। ਹਰ ਘਰ ਨੂੰ ਚਾਰ ਪੰਜ ਰਾਹ ਜਾਂਦੇ ਹਨ। ਵਿਹੜੇ ਨੂੰ ਚਾਰ ਚੁਫੇਰੇ ਬਾਂਸ ਗੱਡ ਕੇ ਵਗਲਿਆ ਹੋਇਆ ਹੈ। ਹਰ ਘਰ ਵਿਚ ਇਕ ਜਾਂ ਦੋ ਕਮਰੇ ਹਨ ਜਿਹੜੇ ਚੰਗੀ ਤਰ੍ਹਾਂ ਲਿੱਪੇ ਪੋਚੇ ਹਨ। ਝੌਂਪੜੀ ਦੀਆਂ ਦੀਵਾਰਾਂ ਆਮ ਤੌਰ 'ਤੇ ਸਾਗਵਾਨ ਦੇ ਕੁਹਾੜੀ ਨਾਲ ਘੜੇ ਮੋਟੇ ਫੱਟੇ ਗੱਡ ਕੇ ਉਸਾਰੀਆਂ ਜਾਂਦੀਆਂ ਹਨ। ਛੱਤਾਂ ਦਸ ਗਿਆਰਾਂ ਫੁੱਟ ਉੱਚੀਆਂ ਹਨ। ਹਰ ਘਰ ਵਿਚ ਇਕ ਜਾਂ ਦੋ ਪਤੀਲੇ, ਇਕ ਦੋ ਥਾਲੀਆਂ, ਲੱਕੜ ਦੀ ਕੜਛੀ, ਇਕ ਜਾਂ ਦੋ ਗਿਲਾਸ, ਲੋਟਾ, ਗਾਗਰ, ਹਾਂਡੀ ਅਤੇ ਇਕ ਦੋ ਕੌਲੀਆਂ ਹਨ। ਇਸ ਤੋਂ ਜ਼ਿਆਦਾ ਬਰਤਨ ਘੱਟ ਹੀ ਕਿਸੇ ਕੋਲ ਹੁੰਦੇ ਹਨ। ਮੰਜਾ ਕਿਸੇ ਇੱਕਾ ਦੁੱਕਾ ਘਰ ਵਿਚ ਹੀ ਮਿਲਦਾ ਹੈ ਅਤੇ ਉਹ ਵੀ ਚਾਰ ਫੁੱਟ ਤੋਂ ਜ਼ਿਆਦਾ ਲੰਬਾ ਨਹੀਂ ਹੁੰਦਾ। ਧਾਨ ਕੁੱਟਣ ਵਾਸਤੇ ਉੱਖਲੀ ਹਰ ਘਰ ਅੰਦਰ ਬਣਾਈ ਜਾਂਦੀ ਹੈ। ਕੁਹਾੜਾ, ਦਾਤ, ਤੇਲ ਕੱਢਣ ਲਈ ਪੱਥਰ ਦੀ ਸਿਲ ਹਰ ਘਰ ਦਾ ਹਿੱਸਾ ਹੈ। ਢੋਲ ਵੀ ਤਕਰੀਬਨ ਹਰ ਕਿਸੇ ਕੋਲ ਹੀ ਹੁੰਦਾ ਹੈ। ਵੱਡੇ ਪਿੰਡਾਂ ਵਿਚ ਚਾਰ ਤਰ੍ਹਾਂ ਦੇ ਮਾਹਰ ਮੌਜੂਦ ਰਹਿੰਦੇ ਹਨ। ਇਹ ਹਨ ਦਾਈ, ਲੁਹਾਰ, ਘੁਮਿਆਰ ਅਤੇ ਜਾਦੂ ਟੂਣਾ ਕਰਨ ਵਾਲਾ 'ਵੱਡਾ'। ਕੱਪੜਾ, ਚਮੜਾ, ਲੱਕੜ ਆਦਿ ਦਾ ਕੰਮ ਕਰਨ ਵਾਲੇ ਕਾਰੀਗਰ ਕਿਤੇ ਨਹੀਂ ਮਿਲਦੇ। ਕਿਸੇ ਘਰ ਅੰਦਰ ਵੀ ਕਿਸੇ ਦੇਵੀ ਦੇਵਤੇ ਦੀ ਮੂਰਤੀ ਨਹੀਂ ਹੈ, ਨਾ ਹੀ ਪਿੰਡ ਵਿਚ ਕੋਈ ਮੰਦਰ ਹੁੰਦਾ ਹੈ। ਪਿੰਡ ਦੇ ਬਾਹਰਵਾਰ ਝੌਂਪੜੀ ਖੜ੍ਹੀ ਕਰ ਕੇ ਹਾਥੀਆਂ, ਬੱਕਰੀਆਂ ਦੀਆਂ ਮੂਰਤੀਆਂ ਰੱਖ ਦਿੱਤੀਆਂ ਜਾਂਦੀਆਂ ਹਨ ਜਿਥੇ ਕਦੇ ਵਰ੍ਹੇ ਛਿਮਾਹੀ ਉਨ੍ਹਾਂ ਨੂੰ ਕਿਸੇ ਤਿਉਹਾਰ ਸਮੇਂ ਸਾਫ਼ ਕਰ ਲਿਆ ਜਾਂਦਾ ਹੈ। ਇਨ੍ਹਾਂ ਪੂਜਾ ਘਰਾਂ ਦੀ ਹਾਲਤ ਪਿੰਡ ਵਿਚ ਸਭ ਤੋਂ ਭੈੜੀ ਹੁੰਦੀ ਹੈ। ਦੀਵਾ ਕਿਸੇ ਕਿਸੇ ਘਰ ਵਿਚ ਹੁੰਦਾ ਹੈ ਪਰ ਇਸ ਦੀ ਵਰਤੋਂ ਆਮ ਤੌਰ ਉਤੇ ਨਹੀਂ ਕੀਤੀ ਜਾਂਦੀ। ਚਟਾਈ ਤਕਰੀਬਨ ਹਰ ਘਰ ਵਿਚ ਮਿਲ ਜਾਵੇਗੀ, ਮੂੜ੍ਹਾ ਕਿਸੇ ਕਿਸੇ ਘਰ ਵਿਚ, ਅਤੇ ਮੇਜ਼ ਕੁਰਸੀ ਵਗ਼ੈਰਾ ਕਿਤੇ ਵੀ ਨਹੀਂ। ਕਮਾਨ ਹਰ ਘਰ ਵਿਚ ਉਨੇ ਹੁੰਦੇ ਹਨ ਜਿੰਨੇ ਆਦਮੀ। ਤੀਰਾਂ ਨੂੰ ਉਹ ਤਰਕਸ਼ ਵਿਚ ਨਹੀਂ ਸਗੋਂ ਛੱਤਾਂ ਦੇ ਬਾਲਿਆਂ ਪਿੱਛੇ ਅੜਾ ਕੇ ਰੱਖ ਦਿੰਦੇ ਹਨ। ਕਿਸੇ ਕਿਸੇ ਘਰ ਵਿਚ ਤੁਹਾਨੂੰ ਸ਼ੇਰ ਜਾਂ ਚੀਤੇ ਦੀ ਖੱਲ ਮਿਲ ਜਾਵੇਗੀ, ਪਰ ਪੁਰਾਣੀ ਸਾਂਭੀ ਹੋਈ। ਕਿਸੇ ਕਿਸੇ ਘਰ ਵਿਚ ਟੀਨ ਦਾ ਟਰੰਕ ਵੀ ਹੁੰਦਾ ਹੈ। ਧਾਨ ਰੱਖਣ ਲਈ ਬੈਂਤ ਦੇ ਬਣੇ ਡਰੱਮ ਹਰ ਘਰ ਵਿਚ ਹੁੰਦੇ ਹਨ। ਕੁੱਲ ਮਿਲਾ ਕੇ ਘਰਾਂ ਵਿਚ ਨਿਕ-ਸੁਕ ਦਾ ਖਲਾਰਾ ਪਿਆ ਨਹੀਂ ਮਿਲਦਾ। ਤਕਰੀਬਨ ਹਰ ਘਰ ਦੇ ਵਿਹੜੇ ਵਿਚ ਹੀ ਮੁਰਗ਼ੀਖ਼ਾਨਾ ਹੁੰਦਾ ਹੈ ਜਿਥੇ ਪੰਜ ਸੱਤ ਕੁੱਕੜ ਕੁੱਕੜੀਆਂ ਹੁੰਦੇ ਹਨ। ਇਕ ਵਾੜਾ ਬੱਕਰੀਆਂ ਵਾਸਤੇ ਬਣਾਇਆ ਜਾਂਦਾ ਹੈ ਜਿਹੜਾ ਗੇਲੀਆਂ ਗੱਡ ਕੇ ਜ਼ਮੀਨ ਤੋਂ ਚਾਰ ਜਾਂ ਪੰਜ ਫੁੱਟ ਉੱਚਾ ਰੱਖਿਆ ਜਾਂਦਾ ਹੈ। ਗਾਵਾਂ ਵਿਹੜੇ ਵਿਚ ਖੁੱਲ੍ਹੀਆਂ ਫਿਰਦੀਆਂ ਹਨ। ਖੁਰਲੀ ਕਿਤੇ ਨਹੀਂ ਬਣੀ ਹੋਈ।

ਜੁੱਤੀ ਦੀ ਵਰਤੋਂ ਆਮ ਕਰ ਕੇ ਨਹੀਂ ਕੀਤੀ ਜਾਂਦੀ। ਕੁਝ ਸ਼ੌਕੀਨ ਸ਼ਹਿਰੋਂ ਜੁੱਤੇ ਖਰੀਦ ਲੈਂਦੇ ਹਨ, ਪਰ ਔਰਤਾਂ ਵਾਸਤੇ ਨਹੀਂ ਖਰੀਦਦੇ, ਭਾਵੇਂ ਉਹ ਖ਼ੁਦ ਵੀ ਇਸ ਨੂੰ ਜ਼ਿਆਦਾ ਪਹਿਨਦੇ ਨਹੀਂ, ਸਗੋਂ ਉਚੇ ਸਮਾਜਕ ਰੁਤਬੇ ਦੇ ਚਿੰਨ ਵਜੋਂ ਸਾਂਭ ਛੱਡਦੇ ਹਨ। ਬੱਚੇ ਤਕਰੀਬਨ ਨੰਗੇ ਹੀ ਘੁੰਮਦੇ ਹਨ। ਬਹੁਤ ਛੋਟੇ ਬੱਚਿਆਂ ਦੇ ਲੱਕ ਨਾਲ ਲੋਕ ਧਾਗਾ ਬੰਨ੍ਹਦੇ ਹਨ ਜਿਸ ਨੂੰ 'ਪਾਨੋੜੇ' ਕਹਿੰਦੇ ਹਨ। ਦੋ ਤਿੰਨਾਂ ਤੋਂ ਵੱਧ ਬੱਚੇ ਕਿਸੇ ਕਿਸੇ ਘਰ ਵਿਚ ਹੀ ਹੁੰਦੇ ਹਨ। ਜਣੇਪੇ ਸਮੇਂ ਔਰਤਾਂ ਦੀ ਮੌਤ ਆਮ ਗੱਲ ਹੈ ਅਤੇ ਬੱਚਿਆਂ ਦੀ ਮੌਤ ਦੀ ਦਰ ਬਹੁਤ ਉਚੀ ਹੈ।

ਚੰਗੀ ਆਮਦਨ ਵਾਲੇ ਕਬਾਇਲੀ ਕਿਸਾਨਾਂ ਨੇ ਘਰਾਂ ਦੀਆਂ ਛੱਤਾਂ ਮਿੱਟੀ ਦੀਆਂ ਪੱਕੀਆਂ ਸਲੈਬਾਂ -ਖਪਰੈਲਾਂ- ਨਾਲ ਬਣਾਈਆਂ ਹੁੰਦੀਆਂ ਹਨ, ਪਰ ਅਜਿਹਾ ਘਰ ਹਰ ਪਿੰਡ ਵਿਚ ਨਹੀਂ ਹੁੰਦਾ। ਝੌਂਪੜੀ ਬਣਾਉਣ ਵਾਸਤੇ ਲੱਕੜ ਕੁਹਾੜੀ ਨਾਲ ਹੀ ਛਿੱਲੀ ਜਾਂਦੀ ਹੈ। ਆਰੀ ਜਾਂ ਰੰਦੇ ਦੀ ਵਰਤੋਂ ਕਿਤੇ ਨਹੀਂ ਹੁੰਦੀ। ਜਿਹੜੀਆਂ ਝੌਂਪੜੀਆਂ ਬਾਹਰੋਂ ਲਿੱਪੀਆਂ ਹੁੰਦੀਆਂ ਹਨ, ਉਨ੍ਹਾਂ ਉਤੇ ਲੋਕ ਫੁੱਲ, ਪੱਤੀਆਂ ਅਤੇ ਚਿੜੀਆਂ ਵਾਹ ਦਿੰਦੇ ਹਨ।

ਆਦਮੀ ਅਤੇ ਔਰਤਾਂ, ਦੋਵੇਂ ਹੀ ਤੰਬਾਕੂ ਖਾਂਦੇ ਹਨ। ਆਦਮੀ ਬੀੜੀ ਵੀ ਪੀਂਦੇ ਹਨ। ਬਰਤਨਾਂ ਨੂੰ ਲੋਕ ਸਵਾਹ ਨਾਲ ਨਹੀਂ, ਸਗੋਂ ਮਿੱਟੀ ਨਾਲ ਸਾਫ਼ ਕਰਦੇ ਹਨ। ਦਵਾ ਸੰਘ ਦੇ ਕਾਰਕੁਨ ਲੋਕਾਂ ਨੂੰ ਕਹਿੰਦੇ ਹਨ ਕਿ ਉਹ ਭਾਂਡੇ ਸਵਾਹ ਨਾਲ ਸਾਫ਼ ਕਰਿਆ ਕਰਨ, ਪਰ ਇਸ ਵੱਲ ਉਹ ਜ਼ਿਆਦਾ ਧਿਆਨ ਨਹੀਂ ਦਿੰਦੇ ਅਤੇ ਮਿੱਟੀ ਵਰਤਣ ਦੀ ਆਦਤ ਨਹੀਂ ਤਿਆਗਦੇ।

ਜ਼ਮੀਨ ਹਰ ਕਬਾਇਲੀ ਕੋਲ ਹੈ। ਅਜੇ ਕੁਝ ਹੀ ਸਾਲਾਂ ਤੋਂ ਟਿਕ ਕੇ ਖੇਤੀ ਕਰਨ ਲੱਗੇ ਹਨ, ਨਹੀਂ ਤਾਂ ਉਹ ਹਰ ਸਾਲ ਨਵੀਂ ਥਾਂ ਜਾ ਕੇ ਖੇਤੀ ਕਰਦੇ ਸਨ। ਗੁਰੀਲਿਆਂ ਨੇ ਦੂਰ ਦੂਰ ਦੇ ਕਬਾਇਲੀਆਂ ਨੂੰ ਉਥੇ ਲਿਆ ਕੇ ਵਸਾਇਆ ਹੈ ਅਤੇ ਜ਼ਮੀਨ ਵੰਡੀ ਹੈ। ਹੁਣ ਉਨ੍ਹਾਂ ਨੂੰ ਲਹਿਰ ਵਲੋਂ ਹੀ ਜ਼ਮੀਨ ਮਾਲਕੀ ਦੇ ਪਟੇ ਵੰਡੇ ਜਾ ਰਹੇ ਹਨ। ਪੁਰਾਣੇ ਪਿੰਡਾਂ ਵਿਚਲੇ ਪਟੇਲਾਂ (ਜਗੀਰਦਾਰਾਂ) ਵਿਚੋਂ ਕੁਝ ਸ਼ਹਿਰਾਂ ਵਿਚ ਜਾ ਵਸੇ ਹਨ। ਬਾਕੀ ਦੀ ਵੱਡੀ ਗਿਣਤੀ ਖੇਤੀ ਕਰਦੀ ਹੈ, ਪਰ ਕਿਸੇ ਨੂੰ ਵੀ ਆਮ ਕਿਸਾਨ ਤੋਂ ਵਧੇਰੇ ਜ਼ਮੀਨ ਰੱਖਣ ਦਾ ਅਧਿਕਾਰ ਨਹੀਂ ਹੈ, ਬਸ਼ਰਤੇ ਕਿ ਉਸ ਦਾ ਪਰਿਵਾਰ ਬਹੁਤ ਵੱਡਾ ਨਾ ਹੋਵੇ। ਫਿਰ ਵੀ ਹਰ ਕਿਸੇ ਨੂੰ ਆਪਣੇ ਖੇਤ ਵਿਚ ਆਪ ਹੀ ਮਿਹਨਤ ਕਰਨੀ ਪੈਂਦੀ ਹੈ। ਖੇਤ ਮਜ਼ਦੂਰੀ ਜਾਂ ਤਾਂ ਹੈ ਹੀ ਨਹੀਂ, ਜਾਂ ਕਿਤੇ ਵਿਰਲੀ ਟਾਵੀਂ ਹੈ। ਸੱਤ-ਅੱਠ ਸਾਲ ਪਹਿਲਾਂ ਹਰ ਘਰ ਨੂੰ ਕਿਹਾ ਗਿਆ ਸੀ ਕਿ ਉਹ ਜਿੰਨੇ ਵੀ ਹਿੱਸੇ ਉਤੇ ਆਪਣੀ ਮਿਹਨਤ ਨਾਲ ਖੇਤੀ ਕਰ ਸਕਦੇ ਹਨ, ਉਨਾ ਹੀ ਜੰਗਲ ਕੱਟ ਲੈਣ ਅਤੇ ਜ਼ਮੀਨ ਨੂੰ ਵਰਤੋਂ ਵਿਚ ਲੈ ਆਉਣ, ਪਰ ਹੁਣ ਜੰਗਲਾਂ ਦੀ ਕਟਾਈ ਰੋਕ ਦਿੱਤੀ ਗਈ ਹੈ, ਕਿਉਂਕਿ ਹਰ ਘਰ ਜ਼ਮੀਨ ਦਾ ਮਾਲਕ ਬਣ ਚੁੱਕਾ ਹੈ। ਗ਼ੈਰ ਕਬਾਇਲੀ ਲੋਕਾਂ ਉਤੇ ਉਥੇ ਆਬਾਦ ਹੋਣ ਦੀ ਮਨਾਹੀ ਹੈ। ਗ਼ੈਰ-ਕਬਾਇਲੀ ਜੇ ਉਥੇ ਕੋਈ ਕਾਰੋਬਾਰ ਕਰਨਾ ਚਾਹੇ ਤਾਂ ਉਸ ਨੂੰ ਗੁਰੀਲਾ ਲਹਿਰ ਤੋਂ ਇਜਾਜ਼ਤ ਲੈਣੀ ਪੈਂਦੀ ਹੈ। ਜਦ ਹਾਟ ਬਾਜ਼ਾਰ ਲੱਗਦਾ ਹੈ ਤਾਂ ਗੁਰੀਲੇ ਆਪਣੀ ਵਰਦੀ ਵਿਚ ਬੇ-ਰੋਕ ਘੁੰਮਦੇ ਹਨ। ਉਹ ਧਿਆਨ ਰੱਖਦੇ ਹਨ ਕਿ ਵਪਾਰੀ ਕਬਾਇਲੀ ਲੋਕਾਂ ਦੀ ਅੰਨ੍ਹੀ ਲੁੱਟ ਨਾ ਕਰਨ। ਜਿਨ੍ਹਾਂ ਵਪਾਰੀਆਂ ਨਾਲ ਮੈਂ ਗੱਲਬਾਤ ਕੀਤੀ, ਉਨ੍ਹਾਂ ਨੇ ਦੱਸਿਆ ਕਿ ਦਾਦਾ ਲੋਕ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਡਰ ਭੈਅ ਨਹੀਂ ਦਿੰਦੇ ਅਤੇ ਉਹ ਅਮਨ ਨਾਲ ਵਪਾਰ ਕਰ ਸਕਦੇ ਹਨ। ਉਨ੍ਹਾਂ ਨੂੰ ਗੁਰੀਲਾ ਇਲਾਕਿਆਂ ਅੰਦਰ ਕਿਸੇ ਲੁੱਟ-ਖੋਹ ਦਾ ਖ਼ਤਰਾ ਵੀ ਨਹੀਂ ਰਹਿੰਦਾ। ਉਥੇ ਬੇਸ਼ੱਕ ਬਹੁਤ ਹੀ ਜ਼ਰੂਰੀ ਅਤੇ ਆਮ ਚੀਜ਼ਾਂ ਦੀ ਖ਼ਰੀਦੋ-ਫ਼ਰੋਖ਼ਤ ਹੁੰਦੀ ਹੈ, ਫਿਰ ਵੀ ਬਾਜ਼ਾਰ ਭਰਵਾਂ ਲੱਗਦਾ ਹੈ ਅਤੇ ਬਿਨਾਂ ਕਿਸੇ ਸ਼ੋਰ-ਸ਼ਰਾਬੇ ਤੋਂ ਸਾਰਾ ਕਾਰੋਬਾਰ ਚੱਲਦਾ ਹੈ। ਜਿਸ ਪਿੰਡ ਹਾਟ ਬਾਜ਼ਾਰ ਲੱਗਣਾ ਹੁੰਦਾ ਹੈ, ਉਥੇ ਵਪਾਰੀ ਪਹਿਲੀ ਰਾਤ ਹੀ ਪਹੁੰਚ ਜਾਂਦੇ ਹਨ ਅਤੇ ਪਿੰਡ ਵਿਚ ਹੀ ਬੇਖ਼ੌਫ਼ ਹੋ ਕੇ ਰਾਤ ਕੱਟਦੇ ਹਨ। ਕਿਸੇ ਵੀ ਇਲਾਕੇ ਵਿਚ ਦਸ ਜਾਂ ਪੰਦਰਾਂ ਦਿਨ ਦੇ ਵਕਫ਼ੇ ਬਾਅਦ ਬਾਜ਼ਾਰ ਲੱਗਦਾ ਹੈ ਜਿਥੇ ਕਈ ਪਿੰਡਾਂ ਤੋਂ ਲੋਕ ਪਹੁੰਚਦੇ ਹਨ। ਹਿੰਦੋਸਤਾਨ ਦੇ ਕਬਾਇਲੀ ਇਲਾਕਿਆਂ ਵਿਚ ਬੇਸ਼ੱਕ ਭੁੱਖ ਨਾਲ ਮੌਤਾਂ ਦਾ ਹੋਣਾ ਆਮ ਵਰਤਾਰਾ ਹੈ, ਪਰ ਗੁਰੀਲਾ ਲਹਿਰ ਵਾਲੇ ਇਲਾਕਿਆਂ ਅੰਦਰ ਇਸ ਵਰਤਾਰੇ ਨੂੰ ਜਨਤਕ ਸੰਗਠਨਾਂ ਨੇ ਠੱਲ੍ਹ ਪਾ ਦਿੱਤੀ ਹੈ। ਕਾਲ, ਵੇਸਵਾਗਮਨੀ, ਕਤਲ, ਡਾਕੇ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਛੋਟੇ ਵੱਡੇ ਜੁਰਮਾਂ ਤੋਂ ਲੋਕਾਂ ਨੂੰ ਰਾਹਤ ਮਿਲੀ ਹੈ।

ਅਸੀਂ ਤਿੰਨੇ ਜਣੇ ਸਾਰੇ ਪਿੰਡ ਦਾ ਚੱਕਰ ਲਗਾਉਂਦੇ ਹਾਂ ਅਤੇ ਹਰ ਘਰ ਦੀ ਨਿੰਜੀ ਸਬਜ਼ੀ-ਕਿਆਰੀ, ਖ਼ਾਦ-ਟੋਆ, ਵਾੜਾ ਅਤੇ ਸਾਂਝਾ ਸਬਜ਼ੀ-ਖੇਤ ਦੇਖਦੇ ਹਾਂ। ਕਿਸੇ ਕਿਸੇ ਘਰ ਨੇ ਅਜੇ ਸਬਜ਼ੀ-ਕਿਆਰੀ ਸ਼ੁਰੂ ਨਹੀਂ ਕੀਤੀ। ਕਿਆਰੀਆਂ ਦਾ ਇਹ ਅਮਲ ਦੋ ਸਾਲ ਪਹਿਲਾਂ ਹੀ ਸ਼ੁਰੂ ਕੀਤਾ ਗਿਆ ਹੈ। ਜਿਹੜਾ ਪਾਣੀ ਘਰ ਦੇ ਕੰਮਾਂ ਕਾਰਨ ਖ਼ਰਾਬ ਹੁੰਦਾ ਹੈ, ਉਹ ਉਨ੍ਹਾਂ ਕਿਆਰੀਆਂ ਵੱਲ ਮੋੜ ਦਿੱਤਾ ਜਾਂਦਾ ਹੈ। ਕਿਸੇ ਵੀ ਘਰ ਵਿਚ ਨਲਕਾ ਨਾ ਹੋਣ ਕਾਰਨ ਪਿੰਡ ਦੇ ਸਾਂਝੇ ਨਲਕੇ ਤੋਂ ਹਰ ਕੋਈ ਪਾਣੀ ਲੈਂਦਾ ਹੈ; ਸੋ ਘਰਾਂ ਤੋਂ ਗੰਦੇ ਪਾਣੀ ਦਾ ਨਿਕਾਸ ਕੋਈ ਜ਼ਿਆਦਾ ਨਹੀਂ ਹੁੰਦਾ। ਫਿਰ ਵੀ ਇਹਨੂੰ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਕੁਝ ਘਰਾਂ ਦੀਆਂ ਕਿਆਰੀਆਂ ਤਾਂ ਪੂਰੀ ਲਹਿਰ-ਬਹਿਰ ਵਿਚ ਸਨ। ਭਿੰਡੀ, ਟਮਾਟਰ, ਬੈਂਗਣ, ਮਿਰਚ, ਮੂਲੀ, ਗਾਜਰ, ਕਰੇਲਾ ਆਦਿ ਦੇ ਬੀਜ ਨਾਰੰਗ ਤੇ ਉਸ ਦੀ ਟੀਮ ਨੇ ਪਿੰਡ ਪਿੰਡ ਵੰਡੇ ਹਨ। ਬਹੁਤੇਰੇ ਪਿੰਡਾਂ ਨੇ ਪਹਿਲੀ ਵਾਰ ਹੀ ਇਹਨਾਂ ਫ਼ਸਲਾਂ ਦਾ ਮੂੰਹ ਦੇਖਿਆ ਹੈ। ਲੋਕਾਂ ਨੇ ਸਭ ਬੀਜਾਂ ਨੂੰ ਇਕੋ ਥਾਂਵੇਂ ਰਲਾ ਕੇ ਆਪਣੀ ਆਦਤ ਅਨੁਸਾਰ ਛੱਟਾ ਦੇ ਦਿੱਤਾ ਸੀ; ਸੋ ਸਾਰੇ ਪੌਦੇ ਇਕ ਦੂਸਰੇ ਵਿਚ ਰਲਗੱਡ ਹੋਏ ਹੋਏ ਹਨ। ਕਿਆਰੀਆਂ ਵਿਚ ਪੱਥਰਾਂ, ਗੀਟਿਆਂ ਅਤੇ ਜੰਗਲੀ ਬੂਟੀਆਂ ਦੀ ਵੀ ਭਰਮਾਰ ਹੈ, ਪਰ ਕਿਸੇ ਕਿਸੇ ਪਰਿਵਾਰ ਨੇ ਕਿਆਰੀਆਂ ਨੂੰ ਚੰਗੀ ਤਰ੍ਹਾਂ ਸਾਫ਼ ਕਰ ਕੇ ਬੀਜ ਲਗਾਇਆ ਹੈ ਜਿਸ ਨਾਲ ਉਨ੍ਹਾਂ ਦੀ ਦਿੱਖ ਸੋਹਣੀ ਹੋ ਗਈ ਹੈ। ਅਜਿਹੀਆਂ ਕਿਆਰੀਆਂ ਉਨ੍ਹਾਂ ਘਰਾਂ ਦੀਆਂ ਹਨ ਜਿਨ੍ਹਾਂ ਨੇ ਦੂਸਰੀ ਵਾਰ ਸਬਜ਼ੀ ਬੀਜੀ ਹੈ। ਪਹਿਲੇ ਸਾਲ ਬੀਜਣ ਵਾਲੇ ਘਰਾਂ ਦੀਆਂ ਕਿਆਰੀਆਂ ਨੂੰ ਜੰਗਲੀ ਵੇਲਾਂ ਨੇ ਕਾਫ਼ੀ ਖ਼ਰਾਬ ਕਰ ਦਿੱਤਾ ਹੋਇਆ ਹੈ। ਗੁਡਾਈ ਅਜੇ ਕਿਸੇ ਨੇ ਵੀ ਕਰਨੀ ਨਹੀਂ ਸਿੱਖੀ। ਨਾਰੰਗ ਇਸ ਸਾਲ ਕਿਆਰੀ ਦੀ ਸਾਂਭ ਸੰਭਾਲ ਦੇ ਤਰੀਕਿਆਂ ਬਾਰੇ ਉਨ੍ਹਾਂ ਨੂੰ ਸਿੱਖਿਅਤ ਕਰ ਰਿਹਾ ਹੈ।



*ਬਸਤਰ ਵਿਚ ਮਾਓਵਾਦੀਆਂ ਦੇ ਇਲਾਕੇ ਅੰਦਰ ਵਿਕਾਸ ਦੀ ਝਲਕ।*

*ਜ਼ਮੀਨ ਹਰ ਕਬਾਇਲੀ ਕੋਲ ਹੈ। ਅਜੇ ਕੁਝ ਹੀ ਸਾਲਾਂ ਤੋਂ ਟਿਕ ਕੇ ਖੇਤੀ ਕਰਨ ਲੱਗੇ ਹਨ, ਨਹੀਂ ਤਾਂ ਉਹ ਹਰ ਸਾਲ ਨਵੀਂ ਥਾਂ ਜਾ ਕੇ ਖੇਤੀ ਕਰਦੇ ਸਨ। ਗੁਰੀਲਿਆਂ ਨੇ ਦੂਰ ਦੂਰ ਦੇ ਕਬਾਇਲੀਆਂ ਨੂੰ ਉਥੇ ਲਿਆ ਕੇ ਵਸਾਇਆ ਹੈ ਅਤੇ ਜ਼ਮੀਨ ਵੰਡੀ ਹੈ। ਹੁਣ ਉਨ੍ਹਾਂ ਨੂੰ ਲਹਿਰ ਵਲੋਂ ਹੀ ਜ਼ਮੀਨ ਮਾਲਕੀ ਦੇ ਪਟੇ ਵੰਡੇ ਜਾ ਰਹੇ ਹਨ। ਪੁਰਾਣੇ ਪਿੰਡਾਂ ਵਿਚਲੇ ਪਟੇਲਾਂ (ਜਗੀਰਦਾਰਾਂ) ਵਿਚੋਂ ਕੁਝ ਸ਼ਹਿਰਾਂ ਵਿਚ ਜਾ ਵਸੇ ਹਨ। ਬਾਕੀ ਦੀ ਵੱਡੀ ਗਿਣਤੀ ਖੇਤੀ ਕਰਦੀ ਹੈ, ਪਰ ਕਿਸੇ ਨੂੰ ਵੀ ਆਮ ਕਿਸਾਨ ਤੋਂ ਵਧੇਰੇ ਜ਼ਮੀਨ ਰੱਖਣ ਦਾ ਅਧਿਕਾਰ ਨਹੀਂ ਹੈ, ਬਸ਼ਰਤੇ ਕਿ ਉਸ ਦਾ ਪਰਿਵਾਰ ਬਹੁਤ ਵੱਡਾ ਨਾ ਹੋਵੇ।*

*ਜੁੱਤੀ ਦੀ ਵਰਤੋਂ ਆਮ ਕਰ ਕੇ ਨਹੀਂ ਕੀਤੀ ਜਾਂਦੀ। ਕੁਝ ਸ਼ੌਕੀਨ ਸ਼ਹਿਰੋਂ ਜੁੱਤੇ ਖਰੀਦ ਲੈਂਦੇ ਹਨ, ਪਰ ਔਰਤਾਂ ਵਾਸਤੇ ਨਹੀਂ ਖਰੀਦਦੇ। ਉਹ ਭਾਵੇਂ ਖ਼ੁਦ ਵੀ ਇਸ ਨੂੰ ਜ਼ਿਆਦਾ ਪਹਿਨਦੇ ਨਹੀਂ, ਸਗੋਂ ਉਚੇ ਸਮਾਜਕ ਰੁਤਬੇ ਦੇ ਚਿੰਨ ਵਜੋਂ ਸਾਂਭ ਛੱਡਦੇ ਹਨ। ਬੱਚੇ ਤਕਰੀਬਨ ਨੰਗੇ ਹੀ ਘੁੰਮਦੇ ਹਨ। ਬਹੁਤ ਛੋਟੇ ਬੱਚਿਆਂ ਦੇ ਲੱਕ ਨਾਲ ਲੋਕ ਧਾਗਾ ਬੰਨ੍ਹਦੇ ਹਨ ਜਿਸ ਨੂੰ 'ਪਾਨੋੜੇ' ਕਹਿੰਦੇ ਹਨ। ਦੋ ਤਿੰਨਾਂ ਤੋਂ ਵੱਧ ਬੱਚੇ ਕਿਸੇ ਕਿਸੇ ਘਰ ਵਿਚ ਹੀ ਹੁੰਦੇ ਹਨ। ਜਣੇਪੇ ਸਮੇਂ ਔਰਤਾਂ ਦੀ ਮੌਤ ਆਮ ਗੱਲ ਹੈ ਅਤੇ ਬੱਚਿਆਂ ਦੀ ਮੌਤ ਦੀ ਦਰ ਬਹੁਤ ਉਚੀ ਹੈ।*

ਅਸੀਂ ਉਸ ਪਿੰਡ ਦੀਆਂ ਦੋ ਸਾਂਝੀਆਂ ਕਿਆਰੀਆਂ ਦੇਖੀਆਂ। ਇਕ ਕਿਆਰੀ ਪਿੰਡ ਦੇ ਬਾਹਰਵਾਰ ਛੋਟੇ ਤਾਲਾਬ ਦੇ ਨਾਲ ਸੀ, ਪਰ ਉਸ ਦਾ ਬਹੁਤ ਵੱਡਾ ਹਿੱਸਾ ਪਾਣੀ ਨੇ ਖ਼ਰਾਬ ਕਰ ਦਿੱਤਾ ਹੋਇਆ ਸੀ। ਦੂਸਰੀ ਕਿਆਰੀ ਪਿੰਡ ਦੇ ਅੰਦਰ ਹੀ ਸੀ ਜਿਸ ਦੀ ਸੰਭਾਲ ਕੁਝ ਚੰਗੀ ਸੀ। ਇਸ ਦੇ ਚਾਰੇ ਪਾਸੇ ਵਾੜ ਗੱਡ ਕੇ ਜਾਨਵਰਾਂ ਤੋਂ ਬਚਾਓ ਕਰ ਲਿਆ ਗਿਆ ਸੀ। ਇਥੇ ਬੀਜ ਤਰਤੀਬ ਵਿਚ ਲਗਾਏ ਗਏ ਸਨ, ਪਰ ਪੱਥਰ ਗੀਟੇ ਅਤੇ ਜੰਗਲੀ ਘਾਹ-ਬੂਟ ਇਸ ਅੰਦਰ ਵੀ ਬਹੁਤ ਸੀ। ਰੁੱਤ ਧਾਨ ਦੀ ਕਟਾਈ ਦੀ ਹੋਣ ਕਰ ਕੇ ਅਜੇ ਇਸ ਵੱਲ ਲੋੜੀਂਦਾ ਧਿਆਨ ਨਹੀਂ ਸੀ ਦਿੱਤਾ ਜਾ ਰਿਹਾ। ਨਾਰੰਗ ਇਸ ਵਿਸ਼ਾਲ ਕਿਆਰੀ ਵਿਚ ਖੜ੍ਹਾ ਹੋ ਕੇ ਬਹੁਤ ਖੁਸ਼ ਹੁੰਦਾ ਨਜ਼ਰ ਆ ਰਿਹਾ ਸੀ। ਇਹ ਕਿਆਰੀ ਬੇਸ਼ੱਕ ਕਈ ਨਿੱਜੀ ਕਿਆਰੀਆਂ ਤੋਂ ਮਾੜੀ ਹਾਲਤ ਵਿਚ ਸੀ, ਫਿਰ ਵੀ ਇਹ ਸਾਂਝੇ ਉਦਮ ਦਾ ਨਤੀਜਾ ਸੀ ਜਿਸ ਉਤੇ ਨਾਰੰਗ ਨੂੰ ਮਾਣ ਮਹਿਸੂਸ ਹੋ ਰਿਹਾ ਸੀ।

"ਦੇਖਿਆ ਈਸ਼ਵਰ ਭਾਈ ਸਾਂਝੇ ਉਦਮ ਦਾ ਕਮਾਲ! ਧਾਨ ਦੀ ਕਟਾਈ ਤੋਂ ਬਾਅਦ ਅਸੀਂ ਇਸ ਨੂੰ ਸਾਫ਼ ਕਰ ਦੇਵਾਂਗੇ। ਸਾਰੀਆਂ ਸਰਦੀਆਂ ਸਬਜ਼ੀ ਦੀ ਮੌਜ ਰਹੇਗੀ। ਬਹੁਤੇ ਲੋਕਾਂ ਨੇ ਪਹਿਲੀ ਵਾਰ ਇਹ ਸਬਜ਼ੀਆਂ ਖਾਣੀਆਂ ਹਨ। ਸਾਨੂੰ ਅਜੇ ਪਤਾ ਨਹੀਂ ਹੈ ਕਿ ਇਨ੍ਹਾਂ ਦੀ ਸੰਭਾਲ ਦੇ ਸਾਰੇ ਤਰੀਕੇ ਕੀ ਹਨ, ਪਰ ਅਸੀਂ ਜਲਦੀ ਹੀ ਸਿੱਖ ਜਾਵਾਂਗੇ।" ਨਾਰੰਗ ਪੌਦਿਆਂ ਨੂੰ ਇਸ ਤਰ੍ਹਾਂ ਪਿਆਰ ਨਾਲ ਛੂਹ ਕੇ ਬੋਲਿਆ ਜਿਵੇਂ ਬੱਚਿਆਂ ਨੂੰ ਪਿਆਰੀਦਾ ਹੈ।

"ਅਗਲੀ ਵਾਰ ਅਸੀਂ ਬਹੁਤ ਕੁਝ ਬਦਲ ਦਿਆਂਗੇ। ਇਸ ਸਾਲ ਪੱਥਰਾਂ ਨੂੰ ਹਟਾਵਾਂਗੇ, ਅਗਲੇ ਸਾਲ ਤੋਂ ਖਾਦ ਪਾਉਣ ਦਾ ਪੱਕਾ ਇੰਤਜ਼ਾਮ ਕਰ ਹੀ ਲੈਣਾ ਹੈ ਅਤੇ ਉਸ ਤੋਂ ਅਗਲੇ ਸਾਲ ਅਸੀਂ ਸਿੰਜਾਈ ਦਾ ਵੀ ਕੋਈ ਨਾ ਕੋਈ ਪ੍ਰਬੰਧ ਕਰ ਲਵਾਂਗੇ।" ਨਾਰੰਗ ਆਪਣੇ ਖੇਤਾਂ ਵਿਚ ਕਦੇ ਨਹੀਂ ਗਿਆ। ਸਭ ਜ਼ਿੰਮੇਦਾਰੀਆਂ ਉਸ ਨੇ ਆਪਣੇ ਪੁੱਤਾਂ ਨੂੰ ਸੌਂਪ ਰੱਖੀਆਂ ਹਨ। ਉਸ ਦੇ ਪਿੰਡ ਦਾ ਹੀ ਇਕ ਹੋਰ ਨੌਜਵਾਨ ਇਕ ਦਸਤੇ ਦਾ ਕਮਾਂਡਰ ਵੀ ਹੈ। ਇਹ ਪਿੰਡ ਇਨਕਲਾਬ ਦਾ ਗੜ੍ਹ ਮੰਨਿਆ ਜਾਂਦਾ ਹੈ। ਨਾਰੰਗ ਸਭ ਦਾ ਦਾਦਾ (ਭਰਾ) ਵੀ ਹੈ ਅਤੇ ਬਾਬਾ ਵੀ। ਵਿਕਾਸ ਦੀ ਇਸ ਨਵੀਂ ਕਿਸਮ ਦੀ ਸ਼ੁਰੂਆਤ ਤੋਂ ਉਹ ਬਾਗ਼ੋ-ਬਾਗ਼ ਹੈ। ਲੋਕ ਪਹਿਲੀ ਵਾਰ ਨਵੀਂ ਕਿਸਮ ਦੀਆਂ ਸਬਜ਼ੀਆਂ ਚੱਖਣਗੇ ਤਾਂ ਨਾਰੰਗ ਨੂੰ ਸਵਾਦ ਆ ਜਾਵੇਗਾ।

ਇਕ ਘਰ ਦੀ ਕਿਆਰੀ ਵਿਚ ਭਿੰਡੀ ਪੱਕ ਰਹੀ ਸੀ। ਜਦ ਉਸ ਦੀ ਸੁਆਣੀ ਨੂੰ ਨਾਰੰਗ ਨੇ ਪੁੱਛਿਆ ਕਿ ਉਹ ਇਸ ਦੀ ਸਬਜ਼ੀ ਕਿਉਂ ਨਹੀਂ ਬਣਾ ਰਹੀ ਤਾਂ ਉਸ ਨੇ ਕਿਹਾ ਕਿ ਉਹ ਅਗਲੀ ਫ਼ਸਲ ਵਾਸਤੇ ਬੀਜ ਤਿਆਰ ਕਰ ਰਹੀ ਹੈ। ਨਾਰੰਗ ਨੇ ਉਸ ਨੂੰ ਸਮਝਾਇਆ ਕਿ ਬੀਜ ਦੋ ਮਹੀਨੇ ਬਾਅਦ ਲਿਆ ਜਾਵੇਗਾ, ਹੁਣ ਉਹ ਸਬਜ਼ੀ ਦਾ ਮਜ਼ਾ ਲੈਣ ਅਤੇ ਇਸ ਨੂੰ ਹੁਣੇ ਹੀ ਨਾ ਪੱਕਣ ਦੇਣ। ਉਹ ਔਰਤ ਇਸ ਖ਼ਦਸ਼ੇ ਵਿਚ ਸੀ ਕਿ ਅਗਲੀ ਵਾਰ ਪਤਾ ਨਹੀਂ ਬੀਜ ਮਿਲੇਗਾ ਕਿ ਨਹੀਂ, ਸੋ ਉਹ ਕੋਈ ਖ਼ਤਰਾ ਨਹੀਂ ਸੀ ਉਠਾਉਣਾ ਚਾਹੁੰਦੀ ਅਤੇ ਪਹਿਲਾਂ ਹੀ ਬੀਜ ਸਾਂਭ ਕੇ ਰੱਖ ਲੈਣਾ ਚਾਹੁੰਦੀ ਸੀ। ਗਿੱਠ ਗਿੱਠ ਲੰਬੀ ਭਿੰਡੀ ਵੇਖ ਕੇ ਨਾਰੰਗ ਖਿੜ ਉਠਿਆ ਸੀ। ਉਸ ਨੇ ਕੱਚੀਆਂ ਨਰਮ ਭਿੰਡੀਆਂ ਤੋੜੀਆਂ ਅਤੇ ਉਸ ਬੀਬੀ ਦੇ ਹਵਾਲੇ ਕੀਤੀਆਂ। ਉਸ ਕਿਆਰੀ ਵਿਚੋਂ ਇਕ ਪਰਿਵਾਰ ਵਾਸਤੇ ਹਰ ਤੀਜੇ ਦਿਨ ਭਿੰਡੀ ਦਾ ਫਲ ਲਿਆ ਜਾ ਸਕਦਾ ਸੀ। ਇਹ ਦੱਸ ਕੇ ਨਾਰੰਗ ਨੇ ਉਸ ਨੂੰ ਹੈਰਾਨ ਕਰ ਦਿੱਤਾ। ਬਸਤਰ ਦੇ ਹਾਟ ਬਾਜ਼ਾਰਾਂ ਵਿਚ ਸਬਜ਼ੀ ਨਹੀਂ ਵਿਕਦੀ। ਸੁੱਕੀਆਂ ਮਿਰਚਾਂ, ਹਲਦੀ ਦੀਆਂ ਗੰਢਾਂ, ਪਿਆਜ਼, ਅਦਰਕ ਅਤੇ ਕਦੇ ਕਦੇ ਲਸਣ ਹੀ ਉਥੇ ਪਹੁੰਚਦੇ ਹਨ ਜਿਨ੍ਹਾਂ ਨੂੰ ਕਬਾਇਲੀ, ਫੁੱਲਾਂ ਦੀਆਂ ਟੋਕਰੀਆਂ ਅਤੇ ਜੰਗਲੀ ਬੂਟੀਆਂ ਦੇ ਕੇ ਬਦਲੇ ਵਿਚ ਹਾਸਲ ਕਰਦੇ ਹਨ। ਇਸ ਸਾਲ ਲੋਕ ਗੁੰਮੜ੍ਹ ਤੇ ਬੁਰਕੇ ਦੇ ਨਾਲ ਨਾਲ ਨਵੀਆਂ ਚੀਜ਼ਾਂ ਦਾ ਸਵਾਦ ਵੇਖਣਗੇ ਅਤੇ ਅਗਲੇ ਸਾਲ ਤੋਂ ਨਾਰੰਗ ਉਨ੍ਹਾਂ ਲਈ ਹਲਦੀ, ਅਦਰਕ, ਪਿਆਜ਼ ਅਤੇ ਲਸਣ ਦੀ ਕਾਸ਼ਤ ਦਾ ਵੀ ਪ੍ਰਬੰਧ ਕਰ ਦੇਵੇਗਾ। ਫਿਰ ਵਣ-ਉਪਜ ਦੇ ਬਦਲੇ ਵਿਚ ਲੋਕ ਦੂਸਰੀਆਂ ਚੀਜ਼ਾਂ ਤਬਾਦਲੇ ਰਾਹੀਂ ਲੈ ਸਕਣਗੇ ਅਤੇ ਹੋਰ ਜ਼ਰੂਰਤਾਂ ਪੂਰੀਆਂ ਕਰਨਗੇ।

ਵਾਪਸ ਮੁੜਦੇ ਹੋਏ ਅਸੀਂ ਇਸ ਗੱਲ ਉਤੇ ਚਰਚਾ ਕਰਦੇ ਰਹੇ ਕਿ ਇਹ ਨਾ ਹੋਵੇ ਕਿ ਲੋਕ ਸਬਜ਼ੀ ਦੇ ਸਾਂਝੇ ਖੇਤ ਪ੍ਰਤੀ ਤਾਂ ਲਾਪ੍ਰਵਾਹ ਹੀ ਰਹਿਣ ਅਤੇ ਸਾਰਾ ਧਿਆਨ ਨਿੱਜੀ ਕਿਆਰੀਆਂ ਉਪਰ ਕੇਂਦਰਤ ਕਰ ਦੇਣ। ਨਾਰੰਗ ਨੂੰ ਇਹ ਖ਼ਦਸ਼ਾ ਪਹਿਲਾਂ ਤੋਂ ਹੀ ਹੈ, ਸੋ ਉਸ ਨੇ ਵੱਧ ਜ਼ੋਰ ਸਾਂਝੇ ਖੇਤ ਦੀ ਪੈਦਾਵਾਰ ਉਤੇ ਲਾਉਣ ਦੀ ਯੋਜਨਾ ਬਣਾਈ ਹੋਈ ਹੈ। ਸਿੰਜਾਈ ਦਾ ਪ੍ਰਬੰਧ ਸਭ ਤੋਂ ਪਹਿਲਾਂ ਸਾਂਝੇ ਖੇਤ ਦਾ ਹੀ ਕੀਤਾ ਜਾਵੇਗਾ। ਹਰ ਘਰ ਦੀ

(ਬਾਕੀ ਅਗਲੇ ਸਫੇ 'ਤੇ)

# ਮੇਰੀ ਚੰਡੀਗੜ੍ਹ ਦੇ ਪੀ.ਜੀ.ਆਈ. ਦੀ ਫੇਰੀ

**ਚਲਦੇ-ਚਲਦੇ**

ਮੇਰਾ ਪੀ.ਜੀ.ਆਈ. (ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ) ਚੰਡੀਗੜ੍ਹ ਨਾਲ ਗੂੜ੍ਹਾ ਸਬੰਧ ਹੈ। ਹੋਵੇ ਵੀ ਕਿਉਂ ਨਾ? ਜਿੱਥੇ ਮੁੱਛ ਫੁੱਟਦੀ ਜਵਾਨੀ ਬਿਤਾਈ ਹੋਵੇ, ਜਦੋਂ ਹੱਥ ਉਤੇ ਚੁੱਕ ਕੇ ਗੱਭਰੂ ਕਹਿੰਦਾ ਹੈ, "ਅਸਮਾਨ ਮੇਰੀ ਮੁੱਠੀ ਵਿਚ ਹੈ, ਧਰਤੀ ਮੇਰੇ ਪੈਰਾਂ ਥੱਲੇ।" ਜਿੱਥੇ ਰਾਤ-ਦਿਨ ਬਰਾਬਰ ਸਮਝਣ ਵਾਲੀ ਜਵਾਨੀ ਬਿਤਾਈ ਹੋਵੇ, ਉਹ ਥਾਂ ਹਮੇਸ਼ਾ ਆਪਣੀ ਹੀ ਜਾਪਦੀ ਹੈ।

1971-72 ਵਿਚ ਮੈਂ ਬੀ.ਐਸਸੀ. ਐਕਸਰੇ ਵਿਚ ਦਾਖਲਾ ਲੈ ਲਿਆ। ਉਥੇ ਤਿੰਨ ਦਿਨ ਖੇਡਾਂ ਹੁੰਦੀਆਂ ਸਨ ਤੇ ਤਿੰਨ ਦਿਨ ਸ਼ਾਮੀ ਕਲਚਰਲ ਪ੍ਰੋਗਰਾਮ, ਪਰ ਉਸ ਵਿਚ ਸਭ ਡਾਕਟਰ ਹੀ ਹਿੱਸਾ ਲੈਂਦੇ ਸਨ। ਅਸੀਂ ਰੌਲਾ ਪਾ ਦਿੱਤਾ ਕਿ ਅਸੀਂ ਵੀ ਪੀ.ਜੀ.ਆਈ. ਦੇ ਵਿਦਿਆਰਥੀ ਹਾਂ ਤੇ ਅਸੀਂ ਵੀ ਖੇਡਾਂ ਤੇ ਸਭਿਆਚਾਰਕ



ਠਾਕਰ ਸਿੰਘ ਬਸਾਤੀ
ਫੋਨ: 847-736-6092

ਪ੍ਰੋਗਰਾਮ ਵਿਚ ਭਾਗੀ ਹੋਵਾਂਗੇ। ਪ੍ਰਬੰਧਕਾਂ ਨੇ ਖੇਡਾਂ ਲਈ ਤਾਂ ਹਾਮੀ ਭਰ ਦਿੱਤੀ ਪਰ ਸਭਿਆਚਾਰਕ ਪ੍ਰੋਗਰਾਮ ਲਈ ਇਤਰਾਜ਼ ਕਰ ਦਿੱਤਾ, ਭੰਗੜਾ ਨਹੀਂ ਹੋਵੇਗਾ ਜੋ ਬਹੁਤਾ ਸਾਊਥ ਇੰਡੀਅਨ ਡਾਕਟਰਾਂ ਵਲੋਂ ਸੀ ਕਿਉਂਕਿ ਉਨ੍ਹਾਂ ਦੇ ਡਰਾਮਿਆਂ ਦੀ ਬਹੁਤ ਚੜ੍ਹਤ ਹੁੰਦੀ ਸੀ। ਉਨ੍ਹਾਂ ਨੇ ਕਲਚਰਲ ਪ੍ਰੋਗਰਾਮ ਦੇ ਬਾਈਕਾਟ ਦੀ ਧਮਕੀ ਦੇ ਦਿੱਤੀ।

ਉਧਰ ਪੰਜਾਬੀ ਡਾਕਟਰ ਵੀ ਖੁੰਦਕ ਖਾ ਗਏ ਕਿ ਇਹ ਕਿਵੇਂ ਹੋ ਸਕਦਾ ਕਿ ਭੰਗੜਾ ਨਾ ਹੋਵੇ! ਸੋ, ਸਾਨੂੰ ਭੰਗੜੇ ਦੀ ਟਰਾਇਲ ਦੇਣੀ ਪਈ। ਸਾਡੇ ਵਿਚੋਂ ਲੈਬਾਰਟਰੀ ਦੇ ਹਰਚੰਦ ਸਿੰਘ ਨੇ ਸਟੀਲ ਦੀ ਕੁਰਸੀ 'ਤੇ ਢੋਲ ਵਜਾਇਆ, ਕਿਉਂਕਿ ਹਾਲੇ ਢੋਲੀ ਨੂੰ ਪੈਸੇ ਦੇਣ ਦੀ ਮਨਜ਼ੂਰੀ ਨਹੀਂ ਮਿਲੀ ਸੀ। ਅਸੀਂ ਤਿੰਨ-ਚਾਰ ਐਕਸ਼ਨ ਕਰ ਦਿੱਤੇ। ਬਸ ਫਿਰ ਕੀ ਸੀ, ਭੰਗੜੇ ਦੀ ਬੱਲੇ ਬੱਲੇ। ਤਿੰਨੇ ਦਿਨ ਹਾਲ ਤੁੰਨਿਆ ਹੁੰਦਾ, ਖਾਸ ਕਰ ਕੇ ਭੰਗੜੇ ਵੇਲੇ। ਸਾਊਥ ਇੰਡੀਅਨ ਡਾਕਟਰਾਂ ਨੇ ਪ੍ਰੋਗਰਾਮ ਦਾ ਬਾਈਕਾਟ ਕਰ ਦਿੱਤਾ ਤੇ ਇਸ ਭੰਗੜੇ ਦੀ ਨੁਮਾਇਸ਼ ਵਿਚੋਂ ਹੀ ਮੈਨੂੰ ਮੇਰੀ ਜੀਵਨ ਸਾਥਣ ਮਿਲ ਗਈ। ਥੋੜ੍ਹੇ ਮਹੀਨੇ ਬਾਅਦ ਪੀ.ਜੀ.ਆਈ. ਵਿਚ ਸਾਈਕ ਵਰਲਡ ਕਾਨਫਰੰਸ ਹੋਈ। ਉਹੀ ਸਾਊਥ ਇੰਡੀਅਨ ਡਾਕਟਰ ਪ੍ਰਬੰਧਕ ਸਨ। ਸੋ, ਲੱਗੇ ਮਿੰਨਤਾਂ ਕਰਨ। ਉਨ੍ਹਾਂ ਦੇ ਮੁਆਫੀ ਮੰਗਣ ਬਾਅਦ ਹੀ ਅਸੀਂ ਭੰਗੜਾ ਪਾਇਆ। ਸਾਡੀ ਬੱਲੇ ਬੱਲੇ ਹੋ ਗਈ। ਬਸ ਉਸ ਪਿਛੋਂ ਕਦੇ ਇਥੇ, ਕਦੇ ਉਥੇ ਭੰਗੜਾ ਚਲਦਾ ਰਿਹਾ। ਇਨਾਮ ਵੀ ਜਿੱਤੇ, ਫਿਰ ਅਮਰੀਕਾ ਆ ਕੇ ਵੀ ਲਗਨ ਲੱਗੀ ਰਹੀ।

ਖੈਰ, ਗੱਲ ਕਰਨੀ ਸੀ ਪੀ.ਜੀ.ਆਈ. ਦੀ। ਜੁਲਾਈ ਵਿਚ ਮੈਨੂੰ ਮਜਬੂਰਨ ਇੰਡੀਆ ਜਾਣਾ ਪਿਆ। ਉਧਰ ਸਾਡੇ ਇਕ ਰਿਸ਼ਤੇਦਾਰ ਨੂੰ ਖੂਨ ਦੀ ਉਲਟੀ ਆ ਗਈ, ਜਿਸ ਦਾ ਜਿਗਰ ਲਗਾਤਾਰ ਸ਼ਰਾਬ ਪੀਣ ਕਰ ਕੇ ਤਕਰੀਬਨ ਖਤਮ ਹੀ ਹੋ ਚੁਕਾ ਸੀ। ਸੋ ਇਲਾਜ ਪੀ.ਜੀ.ਆਈ. ਵਿਚ ਚੱਲ ਰਿਹਾ ਸੀ। ਉਸ ਨੂੰ ਐਮਰਜੈਂਸੀ ਲੈ ਗਏ। ਉਨ੍ਹਾਂ ਨੇ ਇਲਾਜ ਸ਼ੁਰੂ ਕਰ ਦਿੱਤਾ। ਮੈਂ ਉਸ ਦਿਨ ਜਾ ਨਾ ਸਕਿਆ, ਕਿਉਂਕਿ ਜੈਟਲੈਗ ਸੀ। ਅਗਲੇ ਦਿਨ 11 ਕੁ ਵਜੇ ਮੈਂ ਪਿੰਡੋਂ ਗਿਆ। ਹੁਣ ਉਸ ਦੀ ਹਾਲਤ ਠੀਕ ਸੀ। ਸੋ, ਡਾਕਟਰ ਨੂੰ ਪੁੱਛਿਆ ਕਿ ਹੁਣ ਕੀ ਵਿਚਾਰ ਹੈ, ਅੱਗੇ ਇਲਾਜ ਦਾ?

ਡਾਕਟਰ ਕਹਿੰਦਾ, "ਹਮਾਰੇ ਪਾਸ ਤੋ ਇਸ ਕੀ ਫਾਈਲ ਹੀ ਨਹੀਂ।"

ਮੈਂ ਕਿਹਾ, "ਜਨਾਬ ਰਾਤ 8 ਵਜੇ ਦਾ ਮਰੀਜ ਤੁਹਾਡੇ ਕੋਲ ਹੈ, ਇਲਾਜ ਚੱਲ ਰਿਹਾ ਹੈ। ਮਰੀਜ ਠੀਕ ਹੈ, ਫਾਈਲ ਕਿਵੇਂ ਨਹੀਂ?"

"ਹਮ ਨੇ ਇਨ ਕੋ ਦੋ ਵਾਰ ਫਾਈਲ ਬਨਾਨੇ ਕੋ ਬੋਲਾ, ਇਨਹੋਂ ਨੇ ਬਨਾਈ ਨਹੀਂ।"

ਮੈਂ ਆਪਣੇ ਰਿਸ਼ਤੇਦਾਰ ਨੂੰ ਬੁਲਾ ਕੇ ਕਿਹਾ, "ਬਈ ਫਾਈਲ ਬਣਵਾਓ।" ਤਾਂ ਦਸ ਮਿੰਟਾਂ ਵਿਚ ਫਾਈਲ ਬਣ ਕੇ ਆ ਗਈ। ਫਿਰ ਕੀ ਸੀ, ਆਵਾਜ਼ ਪੈ ਗਈ, "ਮਰੀਜ ਕੋ ਜਲਦੀ ਇਧਰ ਲਾਓ।"

ਮਰੀਜ ਨਾਲ ਤਿੰਨ ਜਣੇ ਸਨ, ਚੌਥਾ ਮੈਂ। ਹੈਰਾਨ ਹੋ ਗਿਆ ਸਿਸਟਮ ਦੇਖ ਕੇ। ਜਿਵੇਂ ਫੈਕਟਰੀ ਵਿਚ ਮਸ਼ੀਨਾਂ ਕੰਮ ਕਰਦੀਆਂ ਨੇ, ਉਵੇਂ ਮਰੀਜਾਂ ਦੀਆਂ ਰੇੜ੍ਹੀਆਂ ਚਲਦੀਆਂ ਸਨ। ਪਹਿਲਾਂ ਰੈਜ਼ੀਡੈਂਟ ਡਾਕਟਰ ਚੈਕ ਕਰਦਾ, ਫਿਰ ਟੈਸਟ ਆਰਡਰ ਕਰਦਾ, ਰੇੜ੍ਹੀ ਅੱਗੇ ਤੋਰ ਦਿੰਦੇ। ਇਕ ਨਰਸ ਗੁਲਕੋਜ਼ ਲਾ ਦਿੰਦੀ, ਦੂਜੀ ਚਾਰ ਕੁ ਫੁੱਟ ਦੀ ਨਾਲੀ ਪੇਟ 'ਚ ਪਾ ਦਿੰਦੀ। ਨਾਲ ਹਦਾਇਤ ਕਰਦੀ, ਜਦੋਂ ਇਸ ਬੋਤਲ 'ਚੋਂ ਪਾਣੀ ਖਤਮ ਹੋ ਗਿਆ, ਟਿਊਬ ਦੂਜੀ ਬੋਤਲ ਵਿਚ ਪਾ ਕੇ ਥੱਲੇ ਰੱਖ ਦੇਣੀ।

ਮੈਨੂੰ ਸਮਝ ਨਾ ਆਈ ਤੇ ਮੈਂ ਉਹੀ ਬੋਤਲ ਥੱਲੇ ਰੱਖ ਦਿੱਤੀ। ਜਦੋਂ ਨਰਸ ਨੇ ਆ ਕੇ ਦੇਖਿਆ ਤਾਂ ਪੁਛਿਆ, "ਇਹ ਕਿਹੜੀ ਬੋਤਲ ਥੱਲੇ ਪਈ ਹੈ?" ਮੈਂ ਕਿਹਾ, "ਮੈਨੂੰ ਜੋ ਸਮਝ ਆਇਆ, ਮੈਂ ਕਰ ਦਿੱਤਾ। ਮੈਂ ਕਿਹੜਾ ਮਾਹਿਰ ਹਾਂ।"

ਹਾਂ ਸੱਚ, ਨਰਸ ਨੂੰ ਬੋਤਲ ਉਤੇ ਟੰਗਣ ਵਿਚ ਵੀ ਦਿੱਕਤ ਆਈ, ਹੱਥ ਨਹੀਂ ਸੀ ਪਹੁੰਚਿਆ। ਮੈਂ ਮਜ਼ਾਕ ਕੀਤਾ ਕਿ ਤੇਰੀ ਤਨਖਾਹ ਤੋਂ ਅੱਧੇ ਮੈਂ ਲਵਾਂਗਾ ਕਿਉਂਕਿ ਤੇਰਾ ਕੰਮ ਤਾਂ ਮੈਂ ਕਰ ਰਿਹਾ ਹਾਂ। ਪਰ ਉਸ ਨੂੰ ਸਮਝ ਨਾ ਆਈ। ਨਰਸਾਂ ਨੂੰ ਸ਼ਾਇਦ ਉਥੇ ਹੱਸਣਾ, ਮੁਸਕਰਾਉਣਾ ਮਨ੍ਹਾਂ ਹੈ। ਉਥੇ ਤਾਂ ਮਰੀਜਾਂ ਦੇ ਨਾਂ ਵੀ ਇੱਦਾਂ ਪੁਕਾਰਦੇ ਹਨ ਜਿਵੇਂ ਕਚਹਿਰੀਆਂ ਵਿਚ ਹਾਕ ਪੈਂਦੀ ਹੈ। ਇਹ ਵੀ ਪਤਾ ਲੱਗਾ ਕਿ ਨਰਸਾਂ ਕਾਂਟਰੈਕਟ 'ਤੇ ਹਨ, ਪੀ.ਜੀ.ਆਈ. ਦੀਆਂ ਮੁਲਾਜ਼ਮ ਨਹੀਂ। ਸੋ, ਉਨਾ ਹੀ ਕੰਮ ਕਰਦੀਆਂ ਹਨ, ਜਿੰਨੇ ਦੀ ਇਜਾਜ਼ਤ ਹੈ।

ਫਿਰ ਵਾਰੀ ਆਈ ਖੂਨ ਲੈਣ ਵਾਲੇ ਦੀ। ਬਿਨਾ ਕੋਈ ਦਸਤਾਨੇ ਪਾਏ, ਉਹ ਖੂਨ ਕੱਢਣ ਲੱਗ ਪਿਆ। ਬਾਹਰਲੇ ਮੁਲਕਾਂ ਵਿਚ ਬਾਂਹ 'ਤੇ ਟਿਊਬ ਬੰਨ੍ਹਦੇ ਹਨ ਤੇ ਮੁੱਠੀ ਖੋਲ੍ਹਣ-ਬੰਦ ਕਰਨ ਲਈ ਕਿਹਾ ਜਾਂਦਾ ਹੈ। ਪਰ ਉਸ ਵਿਚਾਰੇ ਨੇ ਮੈਨੂੰ ਕਿਹਾ, "ਆਪ ਇਧਰ ਆਓ ਔਰ ਬਾਜੂ ਪਕੜ ਲੋ।" ਜਦੋਂ ਸੂਈ ਨਾੜ 'ਚ ਨਾ ਗਈ ਤਾਂ ਮੈਂ ਰਿਸ਼ਤੇਦਾਰ ਨੂੰ ਕਿਹਾ, "ਮੁੱਠੀ ਖੋਲ੍ਹੋ, ਬੰਦ ਕਰੋ।"

ਇਸ ਪਿਛੋਂ ਨਾੜ ਨਜ਼ਰ ਆਈ ਤੇ ਉਸ ਸੂਈ ਲਾਈ ਅਤੇ ਸ਼ੀਸ਼ੀਆਂ ਭਰ ਲਈਆਂ ਪਰ ਉਹ ਖੂਨ ਦੀਆਂ ਸ਼ੀਸ਼ੀਆਂ ਰੇੜ੍ਹੀ 'ਤੇ ਹੀ ਛੱਡ ਗਿਆ। 15-20 ਮਿੰਟ ਪਿਛੋਂ ਡਾਕਟਰ ਆਇਆ ਤੇ ਕਹਿਣ ਲੱਗਾ, "ਯੇ ਸ਼ੀਸ਼ੀਆਂ ਇਧਰ ਕਿਉਂ ਪੜੀ ਹੈਂ? ਯੇ ਤੋ ਲੈਬਾਰਟਰੀ ਮੇਂ ਜਾਨੀ ਥੀਂ।"



ਪੀ.ਜੀ.ਆਈ. ਦੀ ਭੰਗੜਾ ਟੀਮ। ਸ੍ਰੀ ਬਸਾਤੀ ਬੈਠਿਆਂ ਵਿਚ ਖੱਬਿਓਂ ਦੂਜੇ

ਮੈਂ ਕਿਹਾ, "ਜਨਾਬ, ਮੈਨੂੰ ਕੀ ਪਤਾ ਲੈਬਾਰਟਰੀ ਕਿਧਰ ਹੈ।" ਮੈਂ ਸਬੰਧੀ ਨੂੰ ਆਵਾਜ਼ ਮਾਰੀ ਤੇ ਉਹ ਪੁੱਛ ਕੇ ਸ਼ੀਸ਼ੀਆਂ ਦੇ ਆਇਆ।

ਇਕ ਹੋਰ ਅਜੀਬ ਗੱਲ, ਡਾਕਟਰ ਨੂੰ ਜੋ ਸਮਾਨ ਚਾਹੀਦਾ ਹੁੰਦਾ, ਉਹ ਕਾਗਜ਼ ਦੀ ਰੱਦੀ ਟੁਕੜੀ 'ਤੇ ਲਿਖ ਕੇ ਮੇਰੇ ਰਿਸ਼ਤੇਦਾਰ ਨੂੰ ਭੇਜ ਦਿੰਦਾ ਕਿ ਜਾ ਸਟੋਰ ਵਿਚੋਂ ਲੈ ਆਓ। ਇਥੋਂ ਤੱਕ ਕੇ ਸ਼ੂਗਰ ਟੈਸਟ ਕਰਨ ਵਾਲੀ ਸਟਰਿਪ ਵੀ। ਉਹ ਵੀ ਇਕ-ਇਕ ਕਰ ਕੇ ਲਿਆਉਣੀ ਪੈਂਦੀ।

ਫਿਰ ਵਾਰੀ ਆਈ ਐਕਸਰੇ, ਅਲਟਰਾਸਾਊਂਡ ਦੀ, ਉਥੇ ਵੀ ਮਰੀਜ ਨੂੰ ਆਪ ਲਿਜਾਣਾ ਪੈਂਦਾ। ਆਪ ਰੇੜ੍ਹੀ ਧੱਕਣੀ ਪੈਂਦੀ। ਆਪ ਜਗ੍ਹਾ ਲੱਭਣੀ ਪੈਂਦੀ। ਫਿਰ ਸਮਝ ਆਈ ਕਿ ਹਸਪਤਾਲ ਵਿਚ ਮਰੀਜਾਂ ਨਾਲ ਤਿੰਨ-ਤਿੰਨ, ਚਾਰ-ਚਾਰ ਜਣੇ ਕਿਉਂ ਜਾਂਦੇ ਹਨ? ਡਾਕਟਰ ਨੇ ਸਭ ਨੂੰ ਕੰਮ ਲਾਈ ਰੱਖਿਆ। ਹਾਲਾਂਕਿ ਐਮਰਜੈਂਸੀ ਵਿਚ ਮਰੀਜ ਨਾਲ ਦੋ ਜਣੇ ਹੀ ਅੰਦਰ ਜਾਣ ਦੀ ਇਜਾਜ਼ਤ ਹੈ ਪਰ ਸਕਿਉਰਿਟੀ ਵਾਲੇ ਅੱਛੇ ਸਨ। ਕਹਿੰਦੇ ਵੀ ਰਹਿੰਦੇ ਕਿ ਸਿਰਫ ਦੋ ਹੀ ਜਾ ਸਕਦੇ ਹਨ, ਪਰ ਦੋ ਦੋ ਕਰ ਕੇ ਕੱਢ ਦਿੰਦੇ।

ਸ਼ਾਮ ਦੇ 8 ਵਜੇ ਐਂਡੋਸਕੋਪੀ ਲਈ ਕਿਹਾ ਗਿਆ। ਰਿਸ਼ਤੇਦਾਰ 6 ਵਜੇ ਮਰੀਜ ਨੂੰ ਲੈ ਕੇ ਚਲੇ ਗਏ। ਟੈਸਟ ਲਈ ਦੋ ਟੀਕੇ ਖਰੀਦ ਕੇ ਲਿਜਾਣੇ ਪਏ। 8 ਵਜੇ ਪਤਾ ਲੱਗਾ ਕਿ ਅੱਜ ਨਹੀਂ, ਕੱਲ੍ਹ 10 ਵਜੇ ਐਂਡੋਸਕੋਪੀ ਹੋਵੇਗੀ। ਸੋ, ਸਾਰੇ ਸਵੇਰੇ ਦੀ ਇੰਤਜ਼ਾਰ ਕਰਨ ਲੱਗੇ। ਮਰੀਜਾਂ ਦੇ ਰਿਸ਼ਤੇਦਾਰ ਵੇਟਿੰਗ ਰੂਮ ਵਿਚ ਠਹਿਰ ਸਕਦੇ ਸਨ। ਫਰਸ਼ 'ਤੇ ਬਹਿ ਕੇ ਖਾਂਦੇ, ਸੌਂਦੇ। ਕੈਨਟੀਨ ਅੱਛੀ ਸੀ, ਕੀਮਤਾਂ ਵੀ ਵਾਜਬ, ਪਰ ਗੰਦ ਕਾਫੀ ਸੀ। ਮੱਖੀਆਂ ਬਹੁਤ ਸਨ।

ਨਾਲ ਦੀ ਰੇੜ੍ਹੀ 'ਤੇ ਸੰਗਰੂਰ ਤੋਂ 38 ਸਾਲਾ ਮਰੀਜ ਸੀ, ਨਸ਼ੱਈ। ਡਾਕਟਰਾਂ ਨੇ ਜਵਾਬ ਦੇ ਦਿੱਤਾ ਕਿ ਇਸ ਨੂੰ ਬਚਾਇਆ ਨਹੀਂ ਜਾ ਸਕਦਾ। ਰੱਸੀਆਂ ਨਾਲ ਉਸ ਦੇ ਹੱਥ-ਪੈਰ ਰੇੜ੍ਹੀ ਨਾਲ ਬੰਨ੍ਹੇ ਹੋਏ ਸਨ। ਮਾਂ ਤੇਲ ਲਾ ਕੇ ਤਲੀਆਂ ਝੱਸ ਰਹੀ ਸੀ ਕਿ ਸ਼ਾਇਦ ਵਾਪਸ ਮੁੜ ਆਵੇ।

ਸਵੇਰ ਸੁਨੇਹਾ ਆ ਗਿਆ ਕਿ ਐਂਡੋਸਕੋਪੀ 8 ਵਜੇ ਹੋਵੇਗੀ। ਫਿਰ 6 ਵਜੇ ਮਰੀਜ ਲੈ ਕੇ ਉਹ ਪਹੁੰਚ ਗਏ। 12 ਕੁ ਵਜੇ ਮੈਂ ਪਿੰਡੋਂ ਪਹੁੰਚਿਆ ਤੇ ਪੁੱਛਿਆ, "ਡਾਕਟਰ ਨੇ ਕੁਝ ਦੱਸਿਆ?"

ਕਹਿੰਦੇ, "ਨਹੀਂ, ਤੁਸੀਂ ਪੁੱਛੋ।"

ਮੈਂ ਡਾਕਟਰ ਤੋਂ ਪੁੱਛਿਆ, "ਕੀ ਪਲਾਨ ਹੈ?" ਕਹਿੰਦਾ, "ਪਹਿਲੇ ਯੇ ਤੋ ਬਤਾਓ ਮਰੀਜ ਕਹਾਂ ਹੈ?" ਮੈਂ ਕਿਹਾ, "ਮੈਂ ਮਰੀਜ ਮਿਲਾਤਾ ਹੂੰ, ਤੁਮ ਪਲਾਨ ਬਤਾਓ।"

ਡਾਕਟਰ ਨੇ ਦੱਸਿਆ, ਸਭ ਠੀਕ ਹੈ, ਚੈਕਅਪ ਕਰਾਉਂਦੇ ਰਹੋ। ਦਵਾਈਆਂ ਦੀ ਲਿਸਟ ਦੇ ਦਿੱਤੀ। ਦਵਾਈਆਂ ਕਿਉਂਕਿ ਉਹ ਪਹਿਲਾਂ ਵੀ ਖਰੀਦਦੇ ਰਹੇ ਸਨ, ਬਾਹਰੋਂ 750 ਰੁਪਏ ਵਿਚ ਮਿਲਦੀਆਂ ਸਨ। ਇਕ ਸਫੈਦ ਕੋਟ ਵਾਲਾ ਆਇਆ ਤੇ ਕਹਿਣ ਲੱਗਾ, "ਲਾਓ ਮੈਂ ਤੁਮ੍ਹੇ ਯਹਾਂ ਸੇ ਹੀ ਦਵਾਈ ਲਾ ਦੇਤਾ ਹੂੰ। 800 ਰੁਪਏ ਮੇਂ।"

ਮੇਰੇ ਰਿਸ਼ਤੇਦਾਰ ਮੈਨੂੰ ਪੁੱਛਣ ਲੱਗੇ, "ਕੀ ਕਰੀਏ?" ਮੈਂ ਕਿਹਾ, "ਜਦੋਂ ਪਤਾ ਹੈ ਕਿ ਬਾਹਰੋਂ 50 ਰੁਪਏ ਸਸਤੀ ਮਿਲਦੀ ਹੈ, ਕਿਉਂ ਇਨ੍ਹਾਂ ਦੀਆਂ ਆਦਤਾਂ ਖਰਾਬ ਕਰਦੇ ਹੋ?"

ਪਿਛਲੇ ਮਹੀਨੇ ਉਥੇ ਐਂਬੂਲੈਂਸ ਘਪਲਾ ਫੜ੍ਹਿਆ ਗਿਆ ਸੀ ਜਿਸ ਵਿਚ ਇਕ ਸਿੰਘ ਫੌਜੀ ਐਂਬੂਲੈਂਸ ਵਿਚ ਇਕ ਲਾਸ਼ ਲਿਜਾਣ ਲਈ ਮੁਲਾਜ਼ਮਾਂ ਨੂੰ 200 ਰੁਪਏ ਤੋਂ 400 ਰੁਪਏ ਤੱਕ ਰਿਸ਼ਵਤ ਦਿੰਦਾ ਸੀ। ਉਹ ਪਤਾ ਨਹੀਂ ਕਿਹੋ ਜਿਹਾ ਸਿੱਖ ਸੀ ਤੇ ਕਿਹੋ ਜਿਹਾ ਫੌਜੀ, ਜੋ ਮੁਰਦਿਆਂ ਦਾ ਵਪਾਰ ਕਰ ਕੇ ਪੈਸਾ ਕਮਾ ਰਿਹਾ ਸੀ।

ਪੀ.ਜੀ.ਆਈ. ਵੈਸੇ ਬਹੁਤ ਨਾਮੀ ਹਸਪਤਾਲ ਹੈ ਜਿਸ ਨੇ ਖੋਜ ਦੇ ਖੇਤਰ ਵਿਚ ਮੱਲਾਂ ਮਾਰੀਆਂ ਹਨ। ਬੇਇਲਾਜਾਂ ਦਾ ਇਲਾਜ ਕਰ ਦਿੰਦੇ ਹਨ। ਏਸ਼ੀਆ ਦੇ ਹਸਪਤਾਲਾਂ ਵਿਚ ਸਭ ਤੋਂ ਸਿਖਰ 'ਤੇ ਹੈ ਪਰ ਮਰੀਜਾਂ ਲਈ ਖੱਜਲ-ਖੁਆਰੀ ਬਹੁਤ ਹੈ। ਮਰੀਜਾਂ ਦੀ ਗਿਣਤੀ ਵੀ ਬਹੁਤ ਹੈ। ਦੋ ਸਾਲ ਪਹਿਲਾਂ ਮੈਂ ਮੈਡੀਕਲ ਸੁਪਰਡੈਂਟ ਨੂੰ ਸੁਝਾਅ ਦਿੱਤਾ ਸੀ ਕਿ ਵਾਲੰਟੀਅਰ ਕੰਮ ਸ਼ੁਰੂ ਕਰੋ। ਪੀ.ਜੀ.ਆਈ. ਦੇ ਸਾਬਕਾ ਡਾਕਟਰ, ਨਰਸਾਂ, ਮੁਲਾਜ਼ਮ ਰਿਟਾਇਰ ਹੋ ਕੇ ਚੰਡੀਗੜ੍ਹ ਜਾਂ ਆਸ-ਪਾਸ ਰਹਿੰਦੇ ਹਨ। ਹੋਰ ਵੀ ਬਹੁਤ ਪੜ੍ਹੇ-ਲਿਖੇ ਲੋਕ ਹਨ ਜੋ ਵਾਲੰਟੀਅਰ ਵਜੋਂ ਕੰਮ ਕਰਨਗੇ। ਕੁਝ ਲੋਕ ਉਥੇ ਮੁਫਤ ਲੰਗਰ ਦੀ ਸੇਵਾ ਕਰ ਹੀ ਰਹੇ ਹਨ। ਵਧੇਰੇ ਸਮਾਂ ਤਾਂ ਮਰੀਜ ਤੇ ਰਿਸ਼ਤੇਦਾਰ ਥਾਂਵਾਂ ਲੱਭਣ ਵਿਚ ਹੀ ਬਿਤਾਉਂਦੇ ਹਨ, ਜਿਨ੍ਹਾਂ ਦੀ ਵਾਲੰਟੀਅਰ ਮਦਦ ਕਰ ਸਕਦੇ ਹਨ। ਕਈ ਵੇਰ ਲੋਕ ਰਾਹੇ ਪਾਉਣ ਦੇ ਬਹਾਨੇ ਗਲਤ ਗੱਲਾਂ ਵੀ ਕਰਦੇ ਹਨ। ਪਰ ਇਹ ਚੀਜ਼ਾਂ ਤਾਂ ਹੀ ਹੋ ਸਕਦੀਆਂ ਹਨ ਜੇ ਅਫਸਰਸ਼ਾਹੀ ਵਾਲਿਆਂ ਕੋਲ ਟਾਈਮ ਹੋਵੇ, ਉਹ ਤਾਂ ਵਿਚਾਰੇ ਨੌਕਰੀਆਂ ਬਚਾਉਣ ਲਈ ਸਿਆਸਤਦਾਨਾਂ ਦੇ ਪੈਰ ਘੁੱਟਣ 'ਚ ਹੀ ਉਲਝੇ ਰਹਿੰਦੇ ਹਨ। ਜਦੋਂ ਕੋਈ ਸਿਆਸਤਦਾਨ ਪੀ.ਜੀ.ਆਈ. ਆ ਜਾਵੇ, ਹੋਰ ਵੀ ਸਿਆਪਾ ਖੜ੍ਹਾ ਹੋ ਜਾਂਦਾ ਹੈ। ਉਨ੍ਹਾਂ ਨਾਲ 10-10 ਸਕਿਉਰਿਟੀ ਵਾਲੇ ਹੁੰਦੇ ਹਨ। ਸ਼ਾਇਦ ਸਿਆਸਤਦਾਨ ਧਰਮਰਾਜ ਤੋਂ ਡਰਦੇ ਹਨ ਕਿ ਪੋਲ ਖੁਲ੍ਹ ਨਾ ਜਾਵੇ। ਹਿੰਦੁਸਤਾਨ ਮੈਡੀਕਲ ਵਪਾਰ ਵਧਾਉਣ ਦੀ ਤਵੱਜੋ ਕਰਦਾ ਹੈ ਪਰ ਸਿਸਟਮ ਪਹਿਲਾਂ ਠੀਕ ਕਰ ਲਵੇ।

# ਜੰਗਲਨਾਮਾ

*(ਪਿਛਲੇ ਸਫੇ ਦੀ ਬਾਕੀ)*

ਬਣਾਈ ਗਈ ਖਾਦ ਦਾ ਕੁਝ ਹਿੱਸਾ ਉਹ ਸਾਂਝੇ ਖੇਤ ਲਈ ਲੈਣਗੇ ਅਤੇ ਸਾਂਝੇ ਖੇਤ ਤੋਂ ਹੋਈ ਆਮਦਨ ਨੂੰ ਉਹ ਪਿੰਡ ਦੇ ਸਾਂਝੇ ਕੰਮਾਂ ਉਤੇ ਖਰਚ ਕਰਨਗੇ। ਨਾਰੰਗ ਦਾ ਪਹਿਲਾ ਮਕਸਦ ਭਰਪੂਰ ਸਬਜ਼ੀ ਉਗਾਉਣਾ ਅਤੇ ਉਸ ਨੂੰ ਕਬਾਇਲੀਆਂ ਵਿਚ ਵੰਡਣਾ ਹੈ। ਨਿੱਜੀ ਤੇ ਸਾਂਝੇ ਦੇ ਟਕਰਾਅ 'ਚੋਂ ਸਾਂਝੇ ਨੂੰ ਪਹਿਲ ਦੇਣ ਦਾ ਯਤਨ ਕਰਨਾ ਹੈ। ਤਾਲਾਬ ਵਿਚ ਮੱਛੀ ਪਾਲਣ ਨਾਲੋਂ ਸਾਂਝੇ ਖੇਤ ਦੀ ਸਮੱਸਿਆ ਵੱਡੀ ਹੈ, ਕਿਉਂਕਿ ਇਥੇ ਲੋਕਾਂ ਕੋਲ ਨਿੱਜੀ ਸਬਜ਼ੀ ਕਿਆਰੀਆਂ ਵੀ ਮੌਜੂਦ ਹਨ ਅਤੇ ਨਿੱਜੀ ਖੇਤ ਵੀ।

ਸਿੰਜਾਈ ਦੀ ਸਮੱਸਿਆ ਨੂੰ ਬਸਤਰ ਵਿਚ ਹੱਲ ਕਰਨਾ ਆਸਾਨ ਕੰਮ ਨਹੀਂ ਹੈ। ਨਦੀਆਂ ਤੇ ਨਾਲਿਆਂ ਦੀ ਭਰਮਾਰ ਦੇ ਬਾਵਜੂਦ ਪਾਣੀ ਵਾਸਤੇ ਖਾਲ ਬਣਾਉਣੇ ਜੋਖਮ ਦਾ ਕੰਮ ਹੈ। ਪਥਰੀਲੀ ਧਰਤੀ 'ਚੋਂ ਪਾਣੀ ਵਾਸਤੇ ਰਾਹ ਬਣਾਉਣਾ ਮੁਸ਼ਕਿਲ ਕੰਮ ਹੈ, ਪਰ ਨਾਰੰਗ ਤਾਲਾਬਾਂ ਦੇ ਪਾਣੀ ਨੂੰ ਸਾਂਝੇ ਖੇਤਾਂ ਤੱਕ ਲਿਜਾਣ ਲਈ ਕਮਰ ਕੱਸੀ ਖੜ੍ਹਾ ਹੈ। ਜ਼ਮੀਨ ਦੇ ਅੰਦਰੋਂ ਪਾਣੀ ਲੈਣ ਦਾ ਕੰਮ ਤਾਂ ਹੋਰ ਵੀ ਮੁਸ਼ਕਿਲ ਹੈ। ਜ਼ਮੀਨ ਹੇਠਲੇ ਪਾਣੀ ਨੂੰ ਹਾਸਲ ਕਰਨ ਵਾਸਤੇ ਢਾਈ ਤੋਂ ਤਿੰਨ ਸੌ ਫੁੱਟ ਤਕ ਚਟਾਨਾਂ ਦੇ ਵਿਚੋਂ ਦੀ ਬੋਰ ਕਰਨ ਲਈ ਵੱਡੇ ਤਰੱਦਦ ਦੀ ਲੋੜ ਹੈ। ਨਾਲ ਹੀ ਇਹ ਵੀ ਕਿ ਉਥੇ ਬਿਜਲੀ ਦਾ ਕੋਈ ਸਾਧਨ ਨਹੀਂ ਹੈ, ਨਾ ਹੀ ਢੋਆ ਢੁਆਈ ਲਈ ਸੜਕਾਂ ਹਨ। ਸੋ ਬੋਰ, ਡੀਜ਼ਲ ਇੰਜਣ ਤੇ ਪਾਈਪ ਉਨ੍ਹਾਂ ਦੇ ਵੱਸ ਤੋਂ ਬਾਹਰ ਹਨ। ਸਭ ਤੋਂ ਵੱਡੀ ਗੱਲ ਇਹ ਕਿ ਬਾਹਰ ਦੇ ਇਲਾਕਿਆਂ ਉਤੇ ਸਮੇਂ ਦੀ ਸਰਕਾਰ ਦਾ ਕਬਜ਼ਾ ਹੈ ਅਤੇ ਇਸ ਦੀ ਇਜਾਜ਼ਤ ਉਹ ਕਤਈ ਨਹੀਂ ਦੇਣਾ ਚਾਹੇਗੀ। ਸੋ ਨਾਰੰਗ ਤੇ ਉਸ ਦੀ ਲਹਿਰ ਨੂੰ ਆਪਣੇ ਹੀ ਸੋਮਿਆਂ ਤੇ ਸਾਧਨਾਂ ਉਪਰ ਨਿਰਭਰ ਕਰ ਕੇ ਚੱਲਣਾ ਹੋਵੇਗਾ। ਉਹ ਇਸੇ ਕੋਸ਼ਿਸ਼ ਵਿਚ ਹਨ।

ਅਗਲੇ ਦਿਨਾਂ ਵਿਚ ਮੈਂ ਦੇਖਿਆ ਕਿ ਇਕ ਹੋਰ ਇਲਾਕੇ ਦੇ ਲੋਕਾਂ ਨੇ ਇਸ ਸਮੱਸਿਆ ਨੂੰ ਸੋਹਣੀ ਤਰ੍ਹਾਂ ਨਜਿੱਠਿਆ ਹੋਇਆ ਸੀ। ਉਨ੍ਹਾਂ ਤਾਲਾਬ ਤੋਂ ਕਾਫੀ ਹੇਠਾਂ ਵੱਲ ਸਬਜ਼ੀਆਂ ਦੇ ਖੇਤ ਬਣਾ ਕੇ ਅਤੇ ਖਾਲ ਪੁੱਟ ਕੇ ਪਾਣੀ ਦਾ ਬਕਾਇਦਾ ਪ੍ਰਬੰਧ ਕੀਤਾ ਹੋਇਆ ਸੀ। ਪਥਰੀਲੀ ਜ਼ਮੀਨ ਵਿਚ ਖਾਲ ਪੁੱਟਣੇ ਸੌਖਾ ਕੰਮ ਨਹੀਂ ਸੀ, ਪਰ ਸਾਰੇ ਪਿੰਡ ਦੇ ਉਦਮ ਨਾਲ ਇਹ ਸੰਭਵ ਹੋ ਗਿਆ ਸੀ। ਜਿਵੇਂ ਉਨ੍ਹਾਂ ਨੇ ਬੰਨ੍ਹ ਖੜ੍ਹਾ ਕੀਤਾ ਸੀ, ਉਸੇ ਤਰ੍ਹਾਂ ਉਨ੍ਹਾਂ ਨੇ ਕੁਦਾਲਾਂ, ਕਹੀਆਂ ਅਤੇ ਟੋਕਰੀਆਂ ਦੀ ਸਹਾਇਤਾ ਨਾਲ ਇਸ ਯੋਜਨਾ ਨੂੰ ਵੀ ਸਖਤ ਮਿਹਨਤ ਕਰ ਕੇ ਸਿਰੇ ਚੜ੍ਹਾਇਆ ਸੀ।

ਦੱਖਣੀ ਬਸਤਰ ਦੇ ਇਨ੍ਹਾਂ ਉਦਮਾਂ ਦੀ ਅਖਬਾਰਾਂ ਵਿਚ ਕੋਈ ਚਰਚਾ ਨਹੀਂ ਹੈ। ਇਨ੍ਹਾਂ ਨੂੰ ਸੰਸਾਰ ਬੈਂਕ ਦੀਆਂ ਸਕੀਮਾਂ ਤਹਿਤ ਅਖੌਤੀ ਗੈਰ-ਸਰਕਾਰੀ ਜਥੇਬੰਦੀਆਂ ਨੇ ਸਿਰੇ ਨਹੀਂ ਚੜ੍ਹਾਇਆ। ਇਸ ਲਈ ਇਨ੍ਹਾਂ ਦਾ ਨੋਟਿਸ ਲੈਣ ਦੀ ਅਖਬਾਰਾਂ ਵਾਲਿਆਂ ਅਤੇ ਇਨਾਮ-ਵੰਡ ਸੰਸਥਾਵਾਂ ਨੇ ਕੋਸ਼ਿਸ਼ ਨਹੀਂ ਕੀਤੀ। ਬੀ.ਬੀ.ਸੀ. ਉਥੇ ਇੰਟਰਵਿਊ ਲੈਣ ਨਹੀਂ ਜਾਂਦਾ, ਨਾ ਹੀ ਕਿਸੇ ਟੀ.ਵੀ. ਚੈਨਲ ਦਾ ਕਰਿਊ (ਅਮਲਾ) ਪਹੁੰਚਦਾ ਹੈ। ਚਰਚਾ, ਪ੍ਰਾਪੇਗੰਡਾ ਅਤੇ ਮਸ਼ਹੂਰੀ ਦਾ ਕੰਮ ਵੀ ਸ੍ਰੇਸ਼ਠ ਵਰਗ ਦੇ ਹੱਥ ਹੈ। ਉਹ ਜਿਸ ਨੂੰ ਚਾਹੁੰਦੇ ਹਨ ਉਭਾਰ ਦਿੰਦੇ ਹਨ; ਜਿਸ ਨੂੰ ਚਾਹੁੰਦੇ ਹਨ, ਗਿਰਾਉਣ ਦਾ ਯਤਨ ਕਰਦੇ ਹਨ। ਉਨ੍ਹਾਂ ਦਾ ਜ਼ੋਰ ਬਸਤਰ ਦੇ 'ਲੁਟੇਰਿਆਂ' ਨੂੰ ਮੁੱਖ ਧਾਰਾ ਵਿਚ ਖਿੱਚ ਲਿਆਉਣ ਉਤੇ ਲੱਗਾ ਹੋਇਆ ਹੈ। ਬਸਤਰ ਨੂੰ ਉਹ ਟੂਰਿਸਟ ਕੇਂਦਰ ਬਣਾ ਕੇ ਉਥੋਂ ਦੀ ਕੁਦਰਤੀ ਖੂਬਸੂਰਤੀ ਨੂੰ ਜੱਫਾ ਮਾਰਨਾ ਚਾਹੁੰਦੇ ਹਨ ਅਤੇ ਕਬਾਇਲੀ ਸਭਿਆਚਾਰ ਅਤੇ ਜੀਵਨ ਨੂੰ ਅਜਾਇਬ ਘਰ ਦੀ ਚੀਜ਼ ਬਣਾ ਕੇ ਇਸ 'ਅਜੂਬੇ' ਦਾ ਮੰਡੀਕਰਨ ਕਰਨਾ ਲੋਚਦੇ ਹਨ। ਉਤਰੀ ਛੱਤੀਸਗੜ੍ਹ ਦੇ ਜਾਸ਼ਪੁਰ ਜ਼ਿਲ੍ਹੇ ਨੂੰ ਗੋਲਫ ਦੇ ਮੈਦਾਨ ਅਤੇ ਟੂਰਿਸਟਾਂ ਦੀ ਅੱਯਾਸ਼ੀ ਵਾਲੇ ਸਥਾਨ ਵਿਚ ਬਦਲ ਦੇਣ ਦੀ ਚਰਚਾ ਨੇ ਜ਼ੋਰ ਫੜਿਆ ਹੈ। ਉਥੋਂ ਦੇ 'ਅਰਾਓਨ' ਅਤੇ 'ਪਹਾੜੀ ਕੋਰਵਾ' ਜਿਹੇ ਪੁਰਾਤਨ ਭਾਰਤੀ ਕਬੀਲਿਆਂ ਨੂੰ 'ਸਭਿਅਤਾ' ਦੇ ਦਾਇਰੇ ਵਿਚ ਖਿੱਚਣ ਦੀਆਂ ਮੁਜਰਮਾਨਾ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। ਟੂਰਿਜ਼ਮ, ਯਾਨਿ ਜੁਰਮ, ਵੇਸਵਾਗਮਨੀ ਅਤੇ ਅਮੀਰਾਂ ਦੀ ਅੱਯਾਸ਼ੀ ਦੇ ਅੱਡੇ ਸਥਾਪਤ ਕਰਨ ਲਈ ਕਬਾਇਲੀਆਂ ਦੀ ਸ਼ਾਂਤ ਜ਼ਿੰਦਗੀ ਵਿਚ ਖਲਲ ਪਾਉਣ ਨੂੰ ਉਹ ਵਿਕਾਸ ਅਤੇ ਰੁਜ਼ਗਾਰ ਪੈਦਾ ਕਰਨ ਦਾ ਨਾਮ ਦਿੰਦੇ ਹਨ।

ਵਿਕਾਸ ਦਾ ਇਕ ਤਰੀਕਾ ਉਹ ਹੈ ਜਿਹੜਾ ਦੱਖਣੀ ਬਸਤਰ ਵਿਚ ਉਭਰ ਰਿਹਾ ਹੈ। ਦੂਸਰਾ ਉਹ ਹੈ ਜਿਸ ਨੇ ਬੈਲਾਡਿੱਲਾ ਅਤੇ ਨਰਮਦਾ ਘਾਟੀ ਪ੍ਰੋਜੈਕਟ ਲੈ ਕੇ ਕਰੋੜਾਂ ਕਬਾਇਲੀਆਂ ਨੂੰ ਘਰੋਂ ਬੇ-ਘਰ ਕੀਤਾ ਹੈ। ਹੁਣ ਦੇਸ਼ ਦੇ ਅੱਤ ਅਮੀਰ ਹਿੱਸੇ ਦੇ ਮਨੋਰੰਜਨ ਵਾਸਤੇ ਕਬਾਇਲੀ ਇਲਾਕਿਆਂ ਨੂੰ ਗੋਲਫ ਮੈਦਾਨਾਂ ਵਿਚ ਬਦਲਣ ਦਾ ਨਵਾਂ 'ਵਿਕਾਸ ਪ੍ਰੋਜੈਕਟ' ਸੁਝਾਇਆ ਜਾ ਰਿਹਾ ਹੈ, ਪਰ ਬਸਤਰ ਤੋਂ ਜਾਸ਼ਪੁਰ ਦੂਰ ਨਹੀਂ ਹੈ। ਢਾਈ ਤਿੰਨ ਸੌ ਕਿਲੋਮੀਟਰ ਦੀ ਵਿੱਥ 'ਡਿੱਲੀ ਨੰਘਣ' ਦਾ ਇਰਾਦਾ ਰੱਖਣ ਵਾਲਿਆਂ ਵਾਸਤੇ ਕੋਈ ਜ਼ਿਆਦਾ ਨਹੀਂ। ਰਾਂਚੀ ਅਤੇ ਪਲਾਮੂ ਤੋਂ ਜਾਸ਼ਪੁਰ ਹੋਰ ਵੀ ਨਜ਼ਦੀਕ ਹੈ। ਜਾਸ਼ਪੁਰ ਦੇ ਮੁੱਢ-ਕਦੀਮੀ ਕਬੀਲੇ ਆਪਣੇ ਵਿਸ਼ਾਲ ਜੰਗਲਾਂ ਨੂੰ ਗੋਲਫ ਮੈਦਾਨਾਂ ਵਿਚ ਬਦਲੇ ਜਾਣ ਦੀ ਇਜਾਜ਼ਤ ਦੇਣਗੇ ਅਤੇ ਟੂਰਿਸਟਾਂ ਨੂੰ ਕਬਾਇਲੀ ਔਰਤਾਂ ਪੇਸ਼ ਕਰਨਗੇ ਜਾਂ ਦੱਖਣੀ ਬਸਤਰ ਅਤੇ ਬਿਹਾਰ ਤੇ ਝਾਰਖੰਡ ਵਿਚ ਫੈਲੇ ਕੋਇਲ-ਕੈਮੂਰ ਰੇਂਜ ਵਾਂਗ ਆਪਣੇ ਵਿੱਲ-ਖਾਤ ਚੁੱਕ ਲੈਣਗੇ, ਇਹ ਆਉਣ ਵਾਲੇ ਸਮੇਂ ਵਿਚ ਤੈਅ ਹੋਵੇਗਾ।

ਫਿਲਹਾਲ, ਸ੍ਰੇਸ਼ਠ ਵਰਗ ਦੀਆਂ ਸੰਸਥਾਵਾਂ ਵੱਲ ਮੁੜਦੇ ਹਾਂ ਜਿਹੜੀਆਂ 'ਥੋੜ੍ਹਾ ਕਰੋ' ਅਤੇ 'ਵੱਡਾ ਪ੍ਰਾਪੇਗੰਡਾ ਕਰੋ' ਦੀ ਨੀਤੀ ਉਤੇ ਚੱਲ ਕੇ ਲੋਕ-ਭਲਾਈ ਦੀਆਂ ਅਲੰਬਰਦਾਰ ਹੋਣ ਦਾ ਦਾਅਵਾ ਕਰਦੀਆਂ ਹਨ ਅਤੇ ਮੰਦਰ, ਮਸਜਿਦ ਤੇ ਗਿਰਜੇ ਖੋਲ੍ਹ ਕੇ ਦਾਨ-ਪੁੰਨ ਕਰਨ ਦੀ ਅਮੀਰਾਂ ਦੀ ਸੰਸਥਾ ਨੂੰ ਮਨੁੱਖਤਾਵਾਦ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਪਹਿਲਾਂ ਬੇ-ਘਰਿਆਂ ਤੇ ਅਨਾਥਾਂ ਨੂੰ ਪੈਦਾ ਕਰ ਦਿਓ, ਫਿਰ ਉਨ੍ਹਾਂ ਵਾਸਤੇ ਵਸੇਬਾ ਸੰਸਥਾਵਾਂ ਤੇ ਅਨਾਥ ਆਸ਼ਰਮ ਖੋਲ੍ਹ ਦਿਓ! ਪਹਿਲਾਂ ਲੋਕਾਂ ਨੂੰ ਵਿਕਾਸ ਦੇ ਨਾਂ ਉਤੇ ਰੋਟੀ ਦੇ ਸਾਧਨਾਂ ਤੋਂ ਵਿਰਵਾ ਕਰ ਕੇ ਸੜਕਾਂ ਉਤੇ ਮਾਰੇ ਮਾਰੇ ਫਿਰਨ ਅਤੇ ਜਿਸਮ-ਫਰੋਸ਼ੀ ਵਾਸਤੇ ਮਜਬੂਰ ਕਰ ਦਿਓ, ਫਿਰ ਸਵੈ-ਰੁਜ਼ਗਾਰ (ਸੈਲਫ-ਹੈਲਪ) ਅਤੇ ਚਕਲਾ-ਸੁਧਾਰ ਕੇਂਦਰਾਂ ਦਾ ਧੂੰਆਂ-ਧਾਰ ਪ੍ਰਾਪੇਗੰਡਾ ਕਰਨ ਵਾਸਤੇ ਗੈਰ-ਸਰਕਾਰੀ ਸੰਸਥਾਵਾਂ ਖੜ੍ਹੀਆਂ ਕਰ ਦਿਓ।

ਇਸ ਉਤੇ ਜ਼ਿਆਦਾ ਪੈਸਾ ਖਰਚ ਨਹੀਂ ਹੁੰਦਾ। ਜੰਗਲ-ਸੋਮਿਆਂ ਅਤੇ ਖਣਿਜ ਪਦਾਰਥਾਂ ਦੀ ਅੰਨ੍ਹੀ ਲੁੱਟ ਤੋਂ ਹੋਣ ਵਾਲੀ ਅਰਬਾਂ ਖਰਬਾਂ ਦੀ ਕਮਾਈ ਦਾ ਨਿਗੂਣਾ ਜਿਹਾ ਹਿੱਸਾ ਹੀ ਪ੍ਰਚਾਰ-ਤੰਤਰ ਖੜ੍ਹਾ ਕਰਨ ਵਾਸਤੇ ਕਾਫ਼ੀ ਹੈ। ਟਿਹਰੀ ਡੈਮ ਤੇ ਨਰਮਦਾ ਪ੍ਰੋਜੈਕਟਾਂ ਦੇ ਜੁਰਮਾਂ ਨੂੰ ਮਨੁੱਖਤਾਵਾਦੀ ਰੰਗਤ ਨਾਲ ਢਕਣ ਲਈ ਕੁਝ ਦਰਜਨ ਸੰਸਥਾਵਾਂ ਚਲਾਉਣ ਅਤੇ ਅਖਬਾਰਾਂ ਦੇ ਸਫ਼ਿਆਂ ਨੂੰ ਖ਼ਰੀਦਣ ਦੀ ਕੀਮਤ ਕਿਸੇ ਵੀ ਉਤਪਾਦਨ ਦੀ ਇਸ਼ਤਿਹਾਰਬਾਜ਼ੀ ਦੇ ਖਰਚੇ ਤੋਂ ਵੱਧ ਨਹੀਂ ਹੈ। ਕਰੋੜਾਂ ਲੋਕਾਂ ਦੀ ਸੁਰੱਖਿਅਤ ਚਲੀ ਆ ਰਹੀ ਜ਼ਿੰਦਗੀ ਨੂੰ ਤਹਿਸ-ਨਹਿਸ ਕਰ ਕੇ ਮੁੜ-ਵਸੇਬੇ ਦੇ ਕਿਸੇ ਨਿੱਕੇ ਜਿਹੇ ਕਾਰਜ ਨੂੰ ਦੁਨੀਆਂ ਭਰ ਵਿਚ ਆਸਾਨੀ ਨਾਲ ਹੀ ਮਸ਼ਹੂਰ ਕਰ ਕੇ ਉਹ ਕੁੰਭੀ ਨਰਕ ਦੀ ਭੇਟ ਚੜ੍ਹ ਚੁੱਕੇ ਲੋਕਾਂ ਦੀ ਤਸਵੀਰ ਨੂੰ ਦੁਨੀਆਂ ਦੇ ਮਨਾਂ 'ਚੋਂ ਮਿਟਾ ਦੇਣ ਵਿਚ ਕਾਮਯਾਬ ਹੋ ਜਾਂਦੇ ਹਨ। ਗੁਰੀਲਾ ਲਹਿਰ ਨੇ ਸਥਾਨਕ ਵਿਕਾਸ ਨੂੰ ਸਰਵ-ਪੱਖੀ ਅਤੇ ਸਮੁੱਚੀ ਜਨਤਾ ਦੇ ਹਿਤ ਅਨੁਸਾਰ ਸ਼ੁਰੂ ਕਰਨ ਦਾ ਬੀੜਾ ਉਠਾਇਆ ਹੈ। ਯਕੀਨਨ, ਉਨ੍ਹਾਂ ਨੂੰ ਮਾਹਰਾਂ ਦੀ ਜ਼ਰੂਰਤ ਹੈ ਜਿਹੜੇ ਲੋਕਾਂ ਨੂੰ ਸਮਰਪਤ ਹੋ ਸਕਦੇ ਹੋਣ ਜਾਂ ਲਾਲ ਹੋਣ ਅਤੇ ਜਿਹੜੇ ਉਥੋਂ ਦੇ ਪਦਾਰਥਕ ਹਾਲਾਤ ਦੇ ਮੱਦੇਨਜ਼ਰ ਉਨ੍ਹਾਂ ਵਿਚੋਂ ਹੀ ਵਿਕਾਸ ਉਠਾਉਣ। ਇਹ ਵਿਕਾਸ ਦਰਅਸਲ ਲੋਕਾਂ ਦੇ ਪਦਾਰਥਕ ਹਾਲਾਤ ਦਾ ਵਿਕਾਸ ਹੈ, *ਨਾ ਕਿ* ਪਦਾਰਥਾਂ ਦਾ ਵਿਕਾਸ, ਜਿਵੇਂ ਪਿਛਲਾ ਕੰਮ, ਵੱਡੇ ਵੱਡੇ ਖਦਾਨ ਅਤੇ ਡੈਮ ਪ੍ਰੋਜੈਕਟ ਕਰ ਰਹੇ ਹਨ।

(ਚਲਦਾ)

# ਭੂਗੋਲਿਕ ਇਲਾਕੇ ਜੋ ਜਾਤ-ਗੋਤਾਂ ਦੇ ਨਾਂ ਬਣ ਗਏ

*ਲਹਿੰਦੇ ਪੰਜਾਬ (ਪਾਕਿਸਤਾਨ) ਦੇ ਜੰਮ-ਪਲ ਗੁਲਾਮ ਮੁਸਤਫ਼ਾ ਡੋਗਰ ਅੱਜ ਕੱਲ੍ਹ ਬਰਤਾਨੀਆ ਵਿਚ ਵਸਦੇ ਹਨ। ਅਣਵੰਡੇ ਪੰਜਾਬ ਦੇ ਇਤਿਹਾਸ, ਸਭਿਆਚਾਰ, ਵਿਰਸੇ ਅਤੇ ਲੋਕਾਂ ਬਾਰੇ ਉਨ੍ਹਾਂ ਖੂਬ ਖੋਜ ਕੀਤੀ ਹੈ। 'ਭੂਗੋਲਿਕ ਇਲਾਕੇ ਜੋ ਜਾਤ-ਗੋਤਾਂ ਦੇ ਨਾਂ ਬਣ ਗਏ' ਨਾਂ ਦੇ ਇਸ ਲੇਖ ਵਿਚ ਉਨ੍ਹਾਂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਅਤੇ ਉਨ੍ਹਾਂ ਨਾਲ ਸਬੰਧਤ ਲੋਕਾਂ ਬਾਰੇ ਬੜੇ ਦਿਲਚਸਪ ਵੇਰਵੇ ਪੇਸ਼ ਕੀਤੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਪਿੰਡਾਂ ਜਾਂ ਗੋਤਾਂ ਦੇ ਨਾਂ ਕਿਵੇਂ ਪਏ ਅਤੇ ਫਿਰ ਸਮੇਂ ਨਾਲ ਕਿਵੇਂ ਬਦਲਦੇ ਵੀ ਰਹੇ। ਸਾਨੂੰ ਅਜਿਹਾ ਜਾਣਕਾਰੀ ਭਰਪੂਰ ਲੇਖ ਛਾਪ ਕੇ ਡਾਢੀ ਖੁਸ਼ੀ ਹੋ ਰਹੀ ਹੈ। -ਸੰਪਾਦਕ*

ਮਸ਼ਰਕੀ (ਪੂਰਬੀ) ਪੰਜਾਬ ਦਾ ਗੀਤਕਾਰ ਤੇ ਗਾਇਕ ਸਤਿੰਦਰ ਸਰਤਾਜ ਮੈਨੂੰ ਬੜਾ ਪਸੰਦ ਹੈ, ਖ਼ਾਸ ਕਰ ਕੇ ਉਸ ਦੀ ਗਾਈ ਹੀਰ। ਕੁਝ ਦਿਨ ਪਹਿਲਾਂ ਮੈਂ ਉਸ ਦਾ ਗਾਣਾ 'ਮੁੰਡਾ ਹਜ਼ਾਰੇ ਦਾ' ਸੁਣ ਰਿਹਾ ਸੀ। ਮੈਨੂੰ ਖਿਆਲ ਆਇਆ ਕਿ ਜਦੋਂ ਸਭਿਆਚਾਰ ਇਕ ਹੋਵੇ, ਉਸ ਇਲਾਕੇ ਨੂੰ ਸਦਾ ਲਈ ਨਹੀਂ ਵੰਡਿਆ ਜਾ ਸਕਦਾ। ਵੇਖੋ ਨਾ, ਪੂਰਬੀ ਪੰਜਾਬ ਦੇ ਲੋਕ ਹੀਰ ਗਾਏ ਬਗੈਰ ਨਹੀਂ ਰਹਿ ਸਕਦੇ।

70 ਸਾਲਾਂ ਬਾਅਦ ਵੀ ਇਨ੍ਹਾਂ ਦੇ ਗਾਣਿਆਂ ਵਿਚ ਹਜ਼ਾਰੇ ਦਾ ਜ਼ਿਕਰ ਆ ਰਿਹਾ ਹੈ। ਇਨ੍ਹਾਂ ਨੂੰ ਭਾਵੇਂ ਪਤਾ ਨਹੀਂ ਕਿ ਹਜ਼ਾਰਾ ਕਿਸੇ ਸ਼ਹਿਰ ਜਾਂ ਪਿੰਡ ਦਾ ਨਾਂ ਨਹੀਂ, ਇਹ ਤਾਂ ਪਾਕਿਸਤਾਨੀ ਪੰਜਾਬ ਨਾਲ ਲਗਦੇ ਇਲਾਕੇ ਦਾ ਨਾਂ ਹੈ, ਜਿਹੜਾ ਹੈ ਤਾਂ ਪੰਜਾਬੋਂ ਬਾਹਰ, ਪਰ ਬੋਲੀ ਉਥੇ ਵੀ ਲਹਿੰਦੀ ਪੰਜਾਬੀ ਹੀ ਬੋਲੀ ਜਾਂਦੀ ਹੈ।

ਕੁਦਰਤੀ ਹੈ, ਹਰ ਸਮਾਜ ਜਾਤਾਂ, ਗੋਤਾਂ, ਕਬੀਲਿਆਂ ਵਿਚ ਵੰਡਿਆ ਪਿਆ ਹੈ। ਜੇ ਸਾਂਝੇ ਪੰਜਾਬ ਦੀ ਹੀ ਗੱਲ ਕਰੀਏ ਤਾਂ ਇਥੇ ਜੱਟਾਂ ਦੇ ਹੀ ਕੋਈ 550 ਕਬੀਲੇ ਜਾਂ ਗੋਤਾਂ ਨੇ।



**ਗੁਲਾਮ ਮੁਸਤਫ਼ਾ ਡੋਗਰ**
**ਫੋਨ : 00447878132209**

ਰਾਜਪੂਤਾਂ ਦੀਆਂ ਕੋਈ 300 ਹੋਣਗੀਆਂ। ਮਸਲਨ ਇਥੇ ਕੋਈ ਗਿੱਲ ਹੈ, ਬਾਜਵਾ ਹੈ, ਰੰਧਾਵਾ ਹੈ, ਪਰਿਹਾਰ ਹੈ, ਚੌਹਾਨ ਹੈ ਆਦਿ ਆਦਿ। ਯੂਰਪ ਵਿਚ ਇਨ੍ਹਾਂ ਨੂੰ ਫੈਮਿਲੀ ਨੇਮ ਕਹਿੰਦੇ ਹਨ। ਇਥੇ ਮੈਂ ਇਹ ਗੱਲ ਸਾਫ਼ ਕਰ ਰਿਹਾ ਹਾਂ ਕਿ ਕਈ ਨਾਂ ਅਜਿਹੇ ਨੇ ਜੋ ਅਸਲ ਵਿਚ ਇਲਾਕਿਆਂ ਦੇ ਨਾਂ ਹਨ, ਪਰ ਲੋਕ ਉਨ੍ਹਾਂ ਨੂੰ ਵੀ ਗੋਤ ਜਾਂ ਕਬੀਲੇ ਸਮਝਦੇ ਹਨ। ਮਿਸਾਲ ਦੇ ਤੌਰ 'ਤੇ ਡੋਗਰੇ, ਸੁਲੈਰੀਏ, ਬਾਰੀਏ, ਬਾਗੜੀ, ਨਕੱਈ, ਮਝੈਲ, ਮਲਵਈ ਆਦਿ। ਕਹਿਣ ਤੋਂ ਮਤਲਬ ਡੁੱਗਰ ਇਲਾਕੇ ਦਾ ਨਾਂ ਹੈ ਤੇ ਜੋ ਵੀ ਉਥੋਂ ਦਾ ਵਸਨੀਕ ਹੈ, ਉਹ ਡੋਗਰਾ ਕਹਾਉਂਦਾ ਹੈ, ਭਾਵੇਂ ਉਸ ਦੀ ਕੋਈ ਵੀ ਜਾਤ ਗੋਤ ਜਾਂ ਕਬੀਲਾ ਹੋਵੇਗਾ।

ਹਜ਼ਾਰੇ ਵਿਚ ਹਰੀਪੁਰ ਸ਼ਹਿਰ ਆਬਾਦ ਹੈ ਜਿਹੜਾ ਸਿੱਖ ਜਰਨੈਲ ਹਰੀ ਸਿੰਘ ਨਲੂਆ ਨੇ ਆਬਾਦ ਕੀਤਾ ਸੀ। ਉਥੇ ਫਿਰ ਮਾਨਸਿਹਰਾ ਸ਼ਹਿਰ ਹੈ ਜਿਸ ਦੀ ਨੀਂਹ ਸਿੱਖ ਜਰਨੈਲ ਮਾਨ ਸਿੰਘ ਨੇ ਰੱਖੀ ਸੀ। ਹਜ਼ਾਰੇ ਵਿਚ ਹੀ ਸ਼ਹਿਰ ਐਬਟਾਬਾਦ ਹੈ ਜਿਥੇ ਪਾਕਿਸਤਾਨੀ ਫ਼ੌਜ ਦੇ ਅਫਸਰਾਂ ਦਾ ਟਰੇਨਿੰਗ ਸੈਂਟਰ ਹੈ। ਅੱਜ ਤਾਂ ਵਿਚ-ਵਿਚ ਕਦੀ-ਕਦੀ ਮੰਗ ਉਠਦੀ ਹੈ ਕਿ ਹਜ਼ਾਰੇ ਨੂੰ ਵੀ ਵੱਖਰਾ ਸੂਬਾ ਬਣਾਇਆ ਜਾਵੇ। ਜੇ ਅਜਿਹਾ ਹੋ ਗਿਆ ਤਾਂ ਉਸ ਦੀ ਰਾਜਧਾਨੀ ਹਰੀਪੁਰ ਹੀ ਬਣਨੀ ਹੈ।

ਯਾਦ ਰਹੇ, ਹਜ਼ਾਰਾ ਇਲਾਕਾ ਐਸ ਵੇਲੇ ਖ਼ੈਬਰ ਪਖ਼ਤੂਨਖ਼ਵਾ ਦਾ ਬਹੁਤ ਵੱਡਾ ਇਲਾਕਾ ਹੈ, ਹਾਲਾਂਕਿ ਉਥੇ ਵੀ ਪੰਜਾਬੀ ਹੀ ਬੋਲੀ ਜਾਂਦੀ ਹੈ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਪੰਜਾਬ ਸੂਬਾ ਪੂਰੇ ਪਾਕਿਸਤਾਨ ਦਾ 64 ਫ਼ੀਸਦੀ ਹੈ; ਮੈਂ ਕਹਿੰਦਾ ਹਾਂ ਪੰਜਾਬ ਉਸ ਤੋਂ ਵੀ ਵੱਡਾ ਹੈ, ਕਿਉਂਕਿ ਜਦੋਂ ਅਸੀ 64 ਫ਼ੀਸਦੀ ਕਹਿੰਦੇ ਹਾਂ, ਉਦੋਂ ਹਜ਼ਾਰੇ ਵਰਗੇ ਇਲਾਕੇ ਨਜ਼ਰਅੰਦਾਜ਼ ਕਰ ਦਿੰਦੇ ਹਾਂ ਜਿਥੋਂ ਦੀ ਬੋਲੀ ਪੰਜਾਬੀ ਹੀ ਹੈ। ਜਿਵੇਂ ਅਕਸਰ ਹੁੰਦਾ ਹੈ, ਬੋਲੀ ਕਦੀ ਵੀ ਇਕਸਾਰ ਨਹੀ ਹੁੰਦੀ ਤੇ ਇਲਾਕੇ ਨਾਲ ਫ਼ਰਕ ਪੈਂਦਾ ਹੈ। ਹਜ਼ਾਰੇ ਦੀ ਪੰਜਾਬੀ ਪੇਸ਼ਾਵਰ ਦੀ ਹਿੰਦਕੋ ਤੇ ਪੰਜਾਬੀ ਦਾ ਮੇਲ ਜਿਹਾ ਹੈ। ਮੈਨੂੰ ਪਤਾ ਹੈ, 1947 ਵਿਚ ਹਜ਼ਾਰੇ ਤੋਂ ਬਹੁਤ ਸਿੱਖ ਉਠ ਕੇ ਪਟਿਆਲੇ ਜਾ ਬੈਠੇ ਸਨ। ਇਨ੍ਹਾਂ ਸਿੱਖਾਂ ਨੂੰ ਭਾਪੇ ਕਿਹਾ ਜਾਂਦਾ ਹੈ।

ਹਜ਼ਾਰੇ ਤੋਂ ਥੋੜ੍ਹਾ ਅਗਲਾ ਇਲਾਕਾ ਛੱਛ ਕਹਾਉਂਦਾ ਹੈ ਅਤੇ ਉਥੋਂ ਦੇ ਵਸਨੀਕ ਨੂੰ ਛਾਛੀ। ਇਹ ਪੇਸ਼ਾਵਰ ਤੇ ਪੰਜਾਬ ਦੇ ਵਿਚਲਾ ਇਲਾਕਾ ਹੈ। ਅਜਿਹਾ ਇਲਾਕਾ ਜਿਥੇ ਦੋ ਜ਼ਬਾਨਾਂ ਮਿਲਦੀਆਂ ਹੋਣ, ਉਥੇ ਦੇ ਲੋਕ ਉਹ ਦੋਵੇਂ ਜ਼ਬਾਨਾਂ ਬੋਲ ਸਕਦੇ ਹੁੰਦੇ ਨੇ ਤੇ ਬਸ ਇਹੋ ਹਾਲ ਛੱਛ ਦਾ ਹੈ। ਛਾਛੀ ਪਸ਼ਤੋ ਤੇ ਪੰਜਾਬੀ ਦੋਵੇਂ ਬੋਲ ਸਕਦੇ ਨੇ। ਸਾਡੀ ਨਿਗ੍ਹਾ ਵਿਚ ਤਾਂ ਛਾਛੀ ਪਠਾਣ ਹੀ ਹੁੰਦੇ ਨੇ, ਪਰ ਪਠਾਣ ਇਨ੍ਹਾਂ ਨੂੰ ਅਸਲੀ ਪਠਾਣ ਨਹੀਂ ਗਿਣਦੇ। ਉਹ ਕਹਿੰਦੇ ਹਨ ਇਹ ਛਾਛੀ ਪਠਾਣ ਨੇ। ਛੱਛ ਦਾ ਵੱਡਾ ਸ਼ਹਿਰ ਅੱਟਕ ਹੈ।

ਹਜ਼ਾਰੇ ਤੋਂ ਉਰ੍ਹਾਂ ਨੂੰ ਆਈਏ ਤਾਂ ਪੰਜਾਬ ਦਾ ਜੋ ਇਲਾਕਾ ਪੈਂਦਾ ਹੈ, ਉਸ ਨੂੰ ਪੋਠੋਹਾਰ ਕਿਹਾ ਜਾਂਦਾ ਹੈ ਜਿਸ ਵਿਚ ਰਾਵਲਪਿੰਡੀ, ਚਕਵਾਲ, ਜਿਹਲਮ, ਗੁਜਰਾਤ, ਪਿੰਡੀ ਘੇਬ ਜ਼ਿਲ੍ਹੇ ਆਉਂਦੇ ਹਨ। ਇਹ ਕਾਫੀ ਵੱਡਾ ਇਲਾਕਾ ਹੈ। ਇਸ ਇਲਾਕੇ ਦੇ ਲੋਕ, ਖ਼ਾਸ ਕਰ ਕੇ ਜੱਟ ਤੇ ਰਾਜਪੂਤ, ਫ਼ੌਜ ਵਿਚ ਵੱਡੀ ਗਿਣਤੀ ਵਿਚ ਹਨ। ਇਥੇ ਜੋ ਜ਼ਬਾਨ ਬੋਲੀ ਜਾਂਦੀ ਹੈ, ਉਹ ਪੋਠੋਹਾਰੀ ਪੰਜਾਬੀ ਹੈ ਜੋ ਇਲਾਕੇ ਵਿਚ ਭਾਪਿਆਂ ਦੀ ਜ਼ਬਾਨ ਹੈ।

ਫਿਰ ਉਰ੍ਹੇ ਆਉਂਦੇ ਹਾਂ ਤਾਂ ਜਿਹੜਾ ਇਲਾਕਾ ਪੈਂਦਾ ਹੈ, ਉਸ ਨੂੰ ਚੱਜ ਕਿਹਾ ਜਾਂਦਾ ਹੈ। ਇਥੋਂ ਦੇ ਮੂਲ ਨਿਵਾਸੀ ਗੋਂਦਲ ਤੇ ਰਾਂਝੇ ਜੱਟ ਹਨ। ਧੀਦੋ ਰਾਂਝਾ ਇਸੇ ਇਲਾਕੇ ਦਾ ਸੀ; ਮਤਲਬ ਜਿਹਲਮ ਤੇ ਚਨਾਬ (ਝਨਾਂ) ਵਿਚਲਾ ਇਲਾਕਾ ਮੰਡੀ ਬਹਾਉਦੀਨ। ਗੁਜਰਾਤ ਸ਼ਹਿਰ ਚਨਾਬ ਦਰਿਆ ਦੇ ਕੰਢੇ ਹੈ। ਸੋਹਣੀ ਮਹੀਂਵਾਲ ਇਲਾਕੇ ਦੇ ਹਨ।

ਸੱਚੀ ਗੱਲ ਇਹ ਹੈ ਕਿ ਜੇ ਕੋਈ ਪੂਰਬੀ ਪੰਜਾਬ ਬਾਰੇ ਲਿਖ ਰਿਹਾ ਹੋਵੇ, ਤੇ ਜੇ ਉਸ ਨੂੰ ਪੱਛਮੀ ਪੰਜਾਬ ਬਾਰੇ ਜਾਣਕਾਰੀ ਨਾ ਹੋਵੇ ਤਾਂ ਉਸ ਦੀ ਲਿਖਤ ਕਦੀ ਵੀ ਭਰੋਸੇਮੰਦ ਨਹੀਂ ਬਣ ਸਕਦੀ। ਇਕ ਹਿੱਸੇ ਦੇ ਭੂਗੋਲ ਨੂੰ ਸਮਝਣ ਵਾਸਤੇ ਤੁਹਾਨੂੰ ਪੂਰੇ ਪੰਜਾਬ ਦਾ ਜਗਰਾਫੀਆ ਪੜ੍ਹਨਾ ਪਵੇਗਾ। ਇਕਾਈ (ਯੂਨਿਟ) ਪੰਜਾਬ ਹੈ। ਜਿਵੇਂ ਸਰੀਰ ਦੇ ਵੱਖ-ਵੱਖ ਅੰਗ ਹੁੰਦੇ ਹਨ, ਇਸ ਨੂੰ ਵੰਡ ਜਿੰਨਾ ਮਰਜ਼ੀ ਲਓ, ਪਰ ਅਸਲੀ ਪੰਜਾਬ ਤਾਂ ਅਣਵੰਡਿਆ ਪੰਜਾਬ ਹੀ ਹੈ। ਕੋਈ ਟੁਕੜਾ ਪੰਜਾਬ ਨਹੀਂ ਕਹਾ ਸਕਦਾ।

ਅੰਮ੍ਰਿਤਸਰ ਦੇ ਦੱਖਣ ਵਿਚ ਛੋਟਾ ਜਿਹਾ ਕਸਬਾ ਹੈ ਝਬਾਲ। ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਉਸ ਇਲਾਕੇ ਦੇ ਮੌਜੂਦਾ ਸਿੱਖ ਵਸਨੀਕਾਂ ਨੂੰ ਪਤਾ ਵੀ ਨਹੀਂ ਹੋਣਾ ਕਿ ਇਹਨੂੰ ਝਬਾਲ ਕਿਉਂ ਕਿਹਾ ਜਾਂਦਾ ਹੈ? ਹਾਂ, ਪਰ ਜੇ ਤੁਹਾਨੂੰ ਲਹਿੰਦੇ ਪੰਜਾਬ ਦਾ ਗਿਆਨ ਹੈ ਤਾਂ ਜ਼ਰੂਰ ਜਾਣਦੇ ਹੋਵੋਗੇ। ਪੰਜਾਬ ਦੇ ਰਾਜਪੂਤਾਂ ਦੀ ਇਕ ਗੋਤ ਹੈ ਚਿੱਭ ਤੇ ਹੋ ਸਕਦਾ ਇਹ ਚਿੱਬ ਲਫ਼ਜ਼ ਚਿੱਬਾ ਤੋਂ ਆਇਆ ਹੋਵੇ; ਮਤਲਬ ਕਿਸੇ ਚੀਜ਼ ਵਿਚ ਚਿੱਬ ਪੈ ਜਾਣਾ। ਚਿੱਬ ਲੋਕਾਂ ਦਾ ਮੁੱਖ ਇਲਾਕਾ ਹੈ ਪੋਠੋਹਾਰ ਨਾਲ ਲਗਦਾ, ਗੁਜਰਾਤ ਦਾ ਪਹਾੜ ਪਾਸਾ ਪਰ ਜੰਮੂ ਤੋਂ ਥੱਲੇ: ਖਾਰੀਆਂ, ਜਿਹਲਮ, ਗੁਜਰਾਤ, ਭਿੰਬਰ ਆਦਿ। ਇਨ੍ਹਾਂ ਚਿੱਬੇ ਰਾਜਪੂਤਾਂ ਦਾ ਇਹ ਇਲਾਕਾ ਕਹਾਉਂਦਾ ਹੈ ਚਿੱਬਆਲ ਜਾਂ ਚਿਬਾਲ ਜਾਂ ਝਬਾਲ।

ਕਿਸੇ ਵੇਲੇ ਇਹ ਲੋਕ ਕਾਂਗੜੇ ਦੇ ਵਸਨੀਕ ਸਨ ਤੇ ਇਹ ਡੋਗਰੇ ਵੀ ਕਹਾਉਂਦੇ ਹਨ। ਵਕਤ ਪਾ ਕੇ ਇਧਰ-ਉਧਰ ਵਸ ਗਏ, ਪਰ ਅੱਜ ਪਹਾੜਾਂ ਤੋਂ ਥੱਲੇ ਦੇ ਇਹ ਚਿੱਬੇ ਸਭ ਮੁਸਲਮਾਨ ਹਨ ਤੇ ਪਹਾੜਾਂ ਵਿਚ ਕਟੋਚ ਕਹਾਉਂਦੇ ਹਨ। ਇਨ੍ਹਾਂ ਚਿੱਬੇ ਰਾਜਪੂਤਾਂ ਦੀ ਬਕਾਇਦਾ ਰਿਆਸਤ ਵੀ ਸੀ-ਮੀਰਪੁਰ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਜਿੱਤ ਕੇ ਆਪਣੇ ਰਾਜ ਵਿਚ ਮਿਲਾ ਲਿਆ ਸੀ। ਚਿੱਬਾਂ ਦਾ ਜਠੇਰਾ ਕੋਈ ਪੀਰ ਸੂਰੀ ਸਾਧ ਹੋਇਆ ਹੈ ਜਿਸ ਨੇ ਇਨ੍ਹਾਂ ਨੂੰ ਮੁਸਲਮਾਨ ਬਣਾਇਆ। ਇਹ ਔਰੰਗਜ਼ੇਬ ਦੇ ਵੇਲੇ ਫ਼ੌਜ ਨਾਲ ਲੜਦਾ ਮਰਿਆ ਗਿਆ ਸੀ। ਚਿੱਬ ਲੋਕ ਆਪਣੇ ਬੱਚੇ ਦੀ ਝੰਡ ਵੀ ਇਸ ਦੀ ਦਰਗਾਹ 'ਤੇ ਜਾ ਕੇ ਹੀ ਚੜ੍ਹਾਉਂਦੇ ਨੇ। ਚਿੱਬ ਲੋਕ ਦੋਵਾਂ ਮੁਲਕਾਂ ਦੀ ਫ਼ੌਜ ਵਿਚ ਕਾਫੀ ਗਿਣਤੀ ਵਿਚ ਹਨ।... ਸੋ, ਹੁਣ ਪਤਾ ਲੱਗਾ ਕਿ ਕਸਬੇ ਦਾ ਨਾਂ ਝਬਾਲ ਕਿਉਂ ਪਿਆ, ਉਥੇ ਵੀ ਚਿੱਬ ਰਾਜਪੂਤ ਰਹਿੰਦੇ ਹੋਣਗੇ ਜੋ ਪਾਕਿਸਤਾਨ ਬਣਨ 'ਤੇ ਜਾਂ ਪਹਿਲੋਂ ਇਧਰ ਉਧਰ ਚਲੇ ਗਏ।

ਇਸੇ ਤਰ੍ਹਾਂ ਜੋ ਲੋਕ ਬਾਰ ਦੇ ਰਹਿਣ ਵਾਲੇ ਹਨ ਜਾਂ ਸਨ, ਲੋਕ ਉਨ੍ਹਾਂ ਨੂੰ ਬਾਰੀਏ ਕਹਿੰਦੇ ਨੇ। ਸਾਡੀ ਨਵੀਂ ਪੀੜ੍ਹੀ ਨੂੰ ਬਾਰਾਂ ਬਾਰੇ ਕੋਈ ਖਾਸ ਗਿਆਨ ਨਹੀਂ। ਇਹ ਪੰਜਾਬ ਦਾ ਬੇਅਬਾਦ ਜਿਹਾ ਜੰਗਲੀ ਇਲਾਕਾ ਹੁੰਦਾ ਸੀ ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਸਿਆਲਕੋਟ, ਲਾਹੌਰ, ਗੁਰਦਾਸਪੁਰ, ਅੰਮ੍ਰਿਤਸਰ, ਲੁਧਿਆਣਾ ਆਦਿ ਜ਼ਿਲ੍ਹਿਆਂ ਵਿਚ ਕੁਝ ਆਬਾਦੀ ਨੂੰ ਮੁਫ਼ਤ ਜ਼ਮੀਨਾਂ ਦੇ ਕੇ ਵਸਾਇਆ ਸੀ। ਧਿਆਨ ਰਹੇ ਬਾਰਾਂ ਤਿੰਨ ਹਨ: ਨੀਲੀ ਬਾਰ, ਸਾਂਦਲ ਬਾਰ ਤੇ ਕਿਰਾਨਾ ਬਾਰ। ਨੀਲੀ ਬਾਰ ਰਾਵੀ ਤੇ ਸਤਲੁਜ ਦੇ ਦਰਮਿਆਨ ਦਾ ਇਲਾਕਾ ਹੈ। ਇਸ ਵਿਚ ਖਾਨੇਵਾਲ, ਸਾਹੀਵਾਲ, ਓਕਾੜਾ, ਵਿਹਾੜੀ, ਪਾਕ-ਪਟਨ ਆਦਿ ਆਉਂਦੇ ਹਨ। ਇਥੋਂ ਦੇ ਮੂਲ ਨਿਵਾਸੀ ਸਨ ਬੋਦਲੇ, ਢੱਡੀ, ਹਾਂਸ, ਜੋਈਆ, ਕਾਠੀਆ, ਖਰਲ, ਲੰਗੜਿਆਲ, ਸਿਆਲ, ਵੱਟੂ। ਯਾਦ ਰਹੇ, ਹੀਰ ਸਿਆਲ ਕਬੀਲੇ ਦੀ ਹੈ। ਰਾਂਝਾ ਹੈ ਤਾਂ ਜੱਟ ਕਬੀਲੇ ਦਾ ਸੀ, ਪਰ ਉਹ ਮੁਕਾਮੀ ਨਹੀਂ, ਥੋੜ੍ਹਾ ਦੂਸਰੇ ਇਲਾਕੇ, ਭਾਵ ਸਰਗੋਧੇ ਤੋਂ ਸੀ। ਰਾਂਝੇ ਦਾ ਅਸਲ ਨਾਂ ਧੀਦੋ ਸੀ। ਰਾਂਝਾ ਗੋਤ ਹੈ।

ਸਾਂਦਲ ਬਾਰ ਨੂੰ ਦੁੱਲੇ ਭੱਟੀ ਵਾਲੀ ਬਾਰ ਵੀ ਕਿਹਾ ਜਾਂਦਾ ਹੈ। ਇਹ ਰਾਵੀ ਤੇ ਝਨਾਂ ਦੇ ਦਰਮਿਆਨ ਵਾਲਾ ਇਲਾਕਾ ਹੈ। ਇਸ ਵਿਚ ਵਸਦੇ ਮੂਲ ਨਿਵਾਸੀ ਹਨ: ਖਰਲ, ਚੱਧਰ, ਖੇੜੇ, ਜੋਈਏ, ਵਾਹਗੇ, ਨੂਰ, ਸਪਰਾਅ, ਤੇ ਸਿਆਲ। ਯਾਦ ਰਹੇ, ਮਿਰਜ਼ਾ ਖਰਲ ਜੱਟ ਸੀ, ਤੇ ਸਹਿਬਾਂ ਚੱਧੜ ਜੱਟ ਕਬੀਲੇ ਨਾਲ ਸਬੰਧ ਰੱਖਦੀ ਸੀ। ਹੀਰ ਵਿਆਹੀ ਖੇੜਿਆਂ ਵੱਲ ਗਈ ਸੀ। ਸੈਦਾ ਖੇੜਾ ਉਸ ਦਾ ਪਤੀ ਸੀ। ਜਿਹੜਾ ਖੇੜਾ ਨਾਂ ਹੈ, ਪੰਜਾਬ ਦੇ ਬਾਕੀ ਹਿੱਸਿਆਂ ਵਿਚ ਇਸ ਨੂੰ ਕਿਤੇ ਖਾਹਰਾ ਕਿਹਾ ਜਾਂਦਾ ਕਿਤੇ ਖਹਿਰਾ, ਹੈ ਇਕੋ ਹੀ।

ਤੀਜੀ ਕਿਰਾਨਾ ਬਾਰ ਜਾਂ ਝੱਜ ਦੁਆਬ ਮਤਲਬ ਝਨਾਂ ਤੇ ਜਿਹਲਮ ਵਿਚਲਾ ਇਲਾਕਾ। ਇਥੇ ਵਸਦੇ ਲੋਕ: ਗੋਂਦਲ, ਖਿੱਚੀ ਤੇ ਕਲਿਆਰ ਜਾਂ ਕਲੇਰ ਹਨ। ਫਿਰ ਲਾਹੌਰ ਦੇ ਲਹਿੰਦੇ ਪਾਸੇ ਜਿਹੜਾ ਇਲਾਕਾ ਪੈਂਦਾ ਹੈ, ਉਸ ਨੂੰ ਨਾਕਾ ਕਹਿੰਦੇ ਹਨ। ਨਾਕਾ, ਭਾਵ ਰੁਕਾਵਟ ਸਰਹੱਦ। ਇਥੋਂ ਦੇ ਵਸਨੀਕਾਂ ਨੂੰ ਨਕੱਈ ਕਹਿ ਦਿੱਤਾ ਜਾਂਦਾ ਹੈ। ਇਹ ਲੋਕ ਸੰਧੂ ਜੱਟ ਹਨ। ਸ਼ਾਇਦ ਤੁਹਾਨੂੰ ਯਾਦ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਇਕ ਰਾਣੀ ਸੀ ਜਿਸ ਦਾ ਨਾਂ ਮਾਈ ਨਕੈਣ ਸੀ। ਇਹ ਨਕੱਈ ਮਿਸਲ ਦੇ ਸਰਦਾਰਾਂ ਦੀ ਧੀ ਸੀ। ਇਸੇ ਖਾਨਦਾਨ ਦੇ ਸਰਦਾਰ ਅਤਰ ਸਿੰਘ (ਖੁਦਾ ਬਖਸ਼) ਤੇ ਈਸ਼ਰ ਸਿੰਘ (ਅਬਦੁਲ ਅਜ਼ੀਜ਼) ਅੰਗਰੇਜ਼ਾਂ ਵੇਲੇ ਮੁਸਲਮਾਨ ਬਣ ਗਏ ਸਨ। ਇਹ ਪਰਿਵਾਰ ਅੱਜ ਵੀ ਲਹਿੰਦੇ ਪੰਜਾਬ ਦੀ ਸਿਆਸਤ ਵਿਚ ਵੱਡਾ ਅਸਰ ਰਸੂਖ ਰੱਖਦਾ ਹੈ। ਆਰਿਫ ਨਕੱਈ ਤਾਂ ਪੰਜਾਬ ਦਾ ਮੁੱਖ ਮੰਤਰੀ ਵੀ ਰਿਹਾ ਹੈ।

ਇਸੇ ਤਰ੍ਹਾਂ ਇਸੇ ਚੂਹਣੀਆਂ ਇਲਾਕੇ ਤੋਂ ਸੰਧੂ ਜੱਟਾਂ ਦੇ ਸ਼ੁਕਰਚੱਕੀਆ ਮਿਸਲ ਦੇ ਜਥੇਦਾਰ ਜੋਧ ਸਿੰਘ ਦੇ ਪਰਿਵਾਰ ਦੇ ਬੰਦੇ ਜੋ ਬਾਅਦ ਵਿਚ ਮੁਸਲਮਾਨ ਬਣ ਗਏ ਸਨ, ਉਨ੍ਹਾਂ ਦੇ ਟੱਬਰ ਵਿਚੋਂ ਵੀ ਕਈ ਲੋਕ ਅੱਜ ਦੀ ਸਿਆਸਤ ਵਿਚ ਪੂਰੇ ਸਰਗਰਮ ਨੇ। ਇਹ ਮੁਅੱਕਲ ਕਹਾਉਂਦੇ ਹਨ।

ਫਿਰ ਸਿਆਲਕੋਟ ਪਸਰੂਰ ਵਗੈਰਾ ਦਾ ਜਿਹੜਾ ਇਲਾਕਾ ਪੈਂਦਾ ਹੈ ਇਸ ਨੂੰ ਬਜਵਾਤ ਕਿਹਾ ਜਾਂਦਾ ਹੈ। ਇਹ ਬਾਜਵੇ ਜੱਟਾਂ ਤੇ ਬਿਜੂ ਰਾਜਪੂਤਾਂ ਦਾ ਇਲਾਕਾ ਹੈ ਜਿਨ੍ਹਾਂ ਵਿਚ ਕੁਝ ਹਿੰਦੂ ਵੀ ਸਨ ਜੋ 1947 ਵੇਲੇ ਹਿਜਰਤ ਕਰ ਗਏ।

ਕੌਮਾਂ ਕਬੀਲਿਆਂ ਬਾਰੇ ਕੰਮ ਕਰਨ ਵਾਲੇ ਵਿਦਵਾਨਾਂ ਦਾ ਅੰਦਾਜ਼ਾ ਹੈ ਕਿ ਸ਼ੁਰੂ ਵਿਚ ਇਹ ਕੋਈ ਸ਼ਿਕਾਰੀ ਕਬੀਲਾ ਹੋਵੇਗਾ ਜਿਨ੍ਹਾਂ ਨੂੰ ਸ਼ਿਕਾਰੀ ਬਾਜ਼ ਪਾਲਣ ਵਿਚ ਮਹਾਰਤ ਸੀ। ਅੱਜ ਵੀ ਮੱਧ ਪੂਰਬ ਦੇ ਅਰਬ ਤੇ ਕੇਂਦਰੀ ਏਸ਼ੀਆ ਦੇ ਤੁਰਕ ਤੇ ਮੰਗੋਲ ਜੰਗਲੀ ਇਲਾਕੇ ਵਿਚ ਹਿਰਨ ਤੱਕ ਦਾ ਸ਼ਿਕਾਰ ਬਾਜ਼ ਨਾਲ ਕਰਦੇ ਨੇ। ਸੋ ਇਹ ਬਾਜ਼ ਵਾਲਾ ਕਬੀਲਾ ਹੌਲੀ-ਹੌਲੀ ਬਣ ਗਿਆ ਬਾਜਵਾ ਤੇ ਇਨ੍ਹਾਂ ਦਾ ਇਲਾਕਾ ਕਹਾਇਆ ਬਜਵਾਤ। ਇਸ ਤਰ੍ਹਾਂ ਇਹ ਇਲਾਕਾ ਖਾਸ ਬਣਦਾ ਹੈ ਜਿਸ ਦਾ ਨਾਂ ਕੌਮ ਦੇ ਨਾਂ ਤੋਂ ਪੈਂਦਾ ਹੈ, ਮਤਲਬ ਬਾਜਵਿਆਂ ਦਾ ਇਲਾਕਾ। ਇਹ ਕਬੀਲਾ ਅੱਗੇ ਜਾ ਕੇ ਫਿਰ ਪਾਟਦਾ ਹੈ ਤੇ ਕੁਝ ਜੱਟਾਂ ਨਾਲ ਜੁੜੇ ਤੇ ਕੁਝ ਰਾਜਪੂਤ ਕਹਾਏ। ਅੱਜ ਪਸਰੂਰ ਸਿਆਲਕੋਟ ਇਲਾਕੇ ਵਿਚ ਇਨ੍ਹਾਂ ਦੇ ਕੋਈ 180 ਪਿੰਡ ਹਨ।

ਦੂਸਰੇ ਪਾਸੇ, ਦੰਦ ਕਥਾ ਅਨੁਸਾਰ ਇਹ ਲੋਕ ਮੂਲ ਵਿਚ ਰਾਜਪੂਤ ਸਨ। ਚਵਿੰਡਾ ਤੇ ਪਸਰੂਰ ਇਲਾਕੇ ਦੇ ਇਕ ਖ਼ਾਸ ਟੱਬਰ ਵਿਚ ਦੋ ਭਰਾ ਹੋਏ। ਜੱਸ ਤੇ ਕਲੱਸ। ਜਿਨ੍ਹਾਂ ਵਿਚੋਂ ਜੱਸ ਨੇ ਤਾਂ ਜੰਮੂ ਦੇ ਰਾਜੇ ਕੋਲ ਨੌਕਰੀ ਕਰ ਲਈ ਤੇ ਕਲੱਸ ਨੇ ਨੇੜੇ ਲਗਦੇ ਪਿੰਡ ਪੰਨਵਾਣਾਂ ਦੇ ਕਿਸੇ ਸੰਧੂ ਜੱਟ ਪਰਿਵਾਰ ਦੀ ਲੜਕੀ ਨਾਲ ਨਾਤਾ ਜੋੜ ਲਿਆ। ਜੱਸ ਨੂੰ ਜਦੋਂ ਇਹ ਪਤਾ ਲਗਾ ਤਾਂ ਕਿ ਕਲੱਸ ਨੇ ਬਰਾਦਰੀ ਤੋਂ ਬਾਹਰ ਵਿਆਹ ਕੀਤਾ ਹੈ ਤਾਂ ਉਸ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਤੇ ਬਰਾਦਰੀ ਤੋਂ ਖਾਰਜ ਕਰ ਦਿੱਤਾ, ਕਿਉਂਕਿ ਰਾਜਪੂਤ ਆਪਣੇ ਆਪ ਨੂੰ ਜੱਟਾਂ ਨਾਲੋਂ ਉਚਾ ਸਮਝਦੇ ਸਨ। ਕਲੱਸ ਫਿਰ ਜੱਟ ਬਣਿਆ। ਉਸ ਦੀ ਔਲਾਦ ਫਿਰ ਜੱਟ ਬਾਜਵੇ ਕਹਾਏ। ਇਨ੍ਹਾਂ ਦਾ ਜਠੇਰਾ ਮਾਂਗੇ ਵਿਚ ਹੈ ਤੇ ਮੜ ਮਾਂਗਾ ਕਹਾਉਂਦਾ ਹੈ। ਜੱਸ ਦੀ ਔਲਾਦ ਵਿਚੋਂ ਕੋਈ ਕੌਲੂ ਨਾਂ ਦਾ ਬੰਦਾ ਹੋਇਆ ਜਿਹਦੇ ਔਲਾਦ ਨਹੀਂ ਸੀ ਹੁੰਦੀ।

ਵਕਤ ਪਾ ਕੇ ਪਿੰਡ ਕਾਲਾ ਰਾਂਅ ਦੇ ਸ਼ੇਖ ਗਦਾਈ ਦੀ ਬਖਸ਼ਿਸ਼ ਨਾਲ ਉਹਦੇ ਘਰ ਪੰਜ ਬੱਚੇ ਪੈਦਾ ਹੋਏ: ਮਾਣਕ, ਮਾਂਗਾ, ਨਾਰੋ, ਨਰਾਇਣ ਅਤੇ ਬਸ। ਉਹਦਾ ਮਜ਼ਾਰ ਅੱਜ ਵੀ ਪਿੰਡ ਵਿਚ ਹੈ। ਲੋਕ ਕਹਾਣੀ ਇਹ ਹੈ ਕਿ ਜਦੋਂ ਕੌਲੂ ਦੀ ਬੀਵੀ ਪੀਰ ਕੋਲੋਂ ਬੱਚੇ ਦੀ ਦਾਤ ਮੰਗ ਰਹੀ ਸੀ, ਤਾਂ ਪੀਰ ਨੇ ਖੁਸ਼ ਹੋ ਕੇ ਕਿਹਾ- ਜਾਹ ਜੇ ਤੂੰ ਮੰਗਿਆ ਤਾਂ ਤੈਨੂੰ ਰੱਬ ਮਾਣਕ ਵੀ ਦਏ, ਜੇ ਤੂੰ ਮੰਗਿਆ ਤਾਂ ਤੈਨੂੰ ਰੱਬ ਮਾਂਗਾ ਵੀ ਦਏ, ਤੈਨੂੰ ਨਰਾਇਣ ਵੀ ਦਏ, ਤੈਨੂੰ ਨਾਰੋ ਵੀ ਦਏ। ਅੱਗਿਉਂ ਕੌਲੂ ਦੀ ਬੀਵੀ ਚੀਕ ਉਠੀ, ਕਹਿੰਦੀ- ਬਸ ਬਾਬਾ ਬਸ। ਪੀਰ ਨੇ ਕਿਹਾ- ਖੁਦਾ ਤੈਨੂੰ ਬਸ ਵੀ ਦਏ। ਫਿਰ ਇਸੇ ਤਰਤੀਬ ਵਿਚ ਬੱਚੇ ਪੈਦਾ ਹੋਏ ਜਿਨ੍ਹਾਂ ਦੇ ਨਾਂ ਉਸੇ ਤਰ੍ਹਾਂ ਰੱਖੇ ਗਏ। ਪੰਜਵੀਂ ਧੀ ਪੈਦਾ ਹੋਈ ਜਿਹਦਾ ਨਾਂ ਉਨ੍ਹਾਂ ਬੱਸੋ ਰੱਖਿਆ। ਇਹੋ ਕਾਰਨ ਹੈ, ਬਾਜਵੇ ਲੋਕ ਕੋਈ ਗੱਲ ਖ਼ਤਮ ਕਰਾਉਣ ਮੌਕੇ ਬਸ ਨਹੀਂ ਕਹਿੰਦੇ। ਜਿਵੇਂ ਆਪਾਂ ਰੋਟੀ ਖਾਂਦਿਆਂ ਕਹਿ ਦਿੰਨੇ ਕਿ ਜੀ ਬਸ ਕਰੋ ਰੱਜ ਗਏ ਹਾਂ। ਸੋ ਇਨ੍ਹਾਂ ਪੰਜਾਂ ਦੇ ਨਾਂ 'ਤੇ ਇਸ ਇਲਾਕੇ ਵਿਚ ਪਿੰਡ ਜਾਂ ਸ਼ਹਿਰ ਆਬਾਦ ਹੋਏ; ਮਾਣਕ. ਮਾਂਗਾ, ਨਾਰੋਵਾਲ ਆਦਿ।

ਵਕਤ ਪਾ ਕੇ ਜਿਹੜਾ ਜਸ ਸੀ, ਉਹ ਵੀ ਜੰਮੂ ਤੋਂ ਇਧਰ ਆ ਗਿਆ ਤੇ ਉਹਦੀ ਔਲਾਦ ਬੱਜੂ ਰਾਜਪੂਤਾਂ ਦੇ ਕੋਈ 85 ਪਿੰਡ ਮੂਲ ਬਜਵਾਤ ਇਲਾਕੇ ਵਿਚ ਹੀ ਹਨ; ਜਦੋਂ ਕਿ ਜੱਟ ਬਾਜਵੇ ਦੱਖਣ ਪਸਰੂਰ ਸਿਆਲਕੋਟ ਨਾਰੋਵਾਲ ਵਗੈਰਾ ਇਲਾਕਿਆਂ ਵਿਚ ਫੈਲੇ। 1947 ਵੇਲੇ ਹਿੰਦੂ ਸਿੱਖ ਭਾਰਤ ਵਿਚ ਚਲੇ ਗਏ। ਜਿਨ੍ਹਾਂ ਵਿਚੋਂ ਜਿਹੜੇ ਰਾਜਪੂਤ ਨੇ, ਉਹ ਜੰਮੂ ਦੇ ਇਲਾਕੇ ਵਿਚ ਬੈਠੇ ਤੇ ਜਿਹੜੇ ਸਿੱਖ ਸਨ, ਉਹ ਪੰਜਾਬ ਚਲੇ ਗਏ। ਅੱਜ ਚਾਹੇ ਬੱਜੂ ਮੁਸਲਮਾਨ ਹੋਣ ਜਾਂ ਹਿੰਦੂ ਜਾਂ ਸਿੱਖ ਹੋਣ, ਉਹ ਦੋਵਾਂ ਮੁਲਕਾਂ ਦੀਆਂ ਫ਼ੌਜਾਂ ਵਿਚ ਭਰਤੀ ਹੋ ਕੇ ਅਮਰੀਕਾ ਤੇ ਯੂਰਪ ਤੋਂ ਆਏ ਅਸਲੇ ਦਾ ਨਿਸ਼ਾਨਾ ਬਣਦੇ ਹਨ।

ਕਹਿਣ ਤੋਂ ਮਤਲਬ, ਜਵਾਨ ਪਲੇ ਪਲਾਏ ਬਾਜਵੇ ਪੁੱਤਰ ਨੂੰ ਬਾਜਵਾ ਮਾਰਦਾ ਹੈ। ਬਾਜੀ ਮਾਂ ਦੀ ਗੋਦ ਸੁੰਨੀ ਕਰਦਾ ਹੈ ਜਦੋਂ ਕਿ ਅਮੀਰ ਮੁਲਕ ਆਪਣਾ ਅਸਲਾ ਵੇਚਦਾ ਹੈ। ਖ਼ੁਦਾ ਜਾਣਦਾ ਹੈ, ਇਹ ਭਰਾ ਮਾਰੂ ਜੰਗ ਕਦੋਂ ਤੱਕ ਜਾਰੀ ਰਹੇਗੀ। ਅਸੀਂ ਤਾਂ ਲਿਖਾਰੀ ਹਾਂ, ਸਹਿਜ ਹੀ ਇਹ ਲਾਈਨਾਂ ਲਿਖ ਦਿੱਤੀਆਂ ਨੇ, ਪਰ ਪੁੱਤ ਮਰੇ ਦਾ ਦਰਦ ਜੇ ਪੁੱਛਣਾ ਹੋਵੇ ਤਾਂ ਕਿਸੇ ਮਾਂ ਕੋਲੋਂ ਪੁੱਛੋ। ਕਿਸੇ ਬੱਚੇ ਕੋਲੋਂ ਪੁੱਛੋ ਜਿਸ ਦਾ ਪਿਓ ਲੜਾਈ ਵਿਚ ਮਾਰਿਆ ਜਾਂਦਾ ਹੈ ਜਾਂ ਕਿਸੇ ਜ਼ਨਾਨੀ ਨੂੰ ਪੁੱਛੋ ਜਿਹੜੀ ਭਰ ਜਵਾਨੀ ਵਿਚ ਵਿਧਵਾ ਹੋ ਜਾਂਦੀ ਹੈ। ਖੈਰ! ਇਹ ਨਿਰੀ ਬਾਜਵਿਆਂ ਦੀ ਹੀ ਕਹਾਣੀ ਨਹੀਂ, ਇਹ ਹਰ ਪੰਜਾਬੀ ਦੀ ਕਹਾਣੀ ਹੈ ਜੋ ਯੁੱਧ ਵੇਲੇ ਇਕ ਦੂਸਰੇ ਖਿਲਾਫ਼ ਸੀਨਾ ਤਾਣ ਕੇ ਲੜਦੇ ਹਨ।

ਇਹਦੇ ਨਾਲ ਹੀ ਜੰਮੂ ਦੇ ਥਲਲਾ ਸਿਆਲਕੋਟ ਦਾ ਜਿਹੜਾ ਇਲਾਕਾ ਹੈ ਇਸ ਨੂੰ ਸਲੈਹਰ ਕਿਹਾ ਜਾਂਦਾ ਹੈ। ਸੋ ਸਲੈਹਰ ਇਲਾਕਾ ਹੈ, ਸ਼ਹਿਰ ਪਿੰਡ ਦਾ ਨਾਂ ਨਹੀਂ। ਇਸ ਵਿਚ ਚਵਿੰਡਾ ਤੇ ਜ਼ਫ਼ਰਵਾਲ ਦਾ ਇਲਾਕਾ ਆਉਂਦਾ ਹੈ। ਇਸ ਇਲਾਕੇ ਦੇ ਕੱਕੇ ਗੋਰੇ, ਲੋਕ ਖੂਬਸੂਰਤ ਹਨ ਜਿਨ੍ਹਾਂ ਨੂੰ ਸਲੈਰੀਆ ਕਿਹਾ ਜਾਂਦਾ ਹੈ। ਇਸੇ ਇਲਾਕੇ ਦੇ ਕਿਸੇ ਗੁਰਬਚਨ ਸਿੰਘ ਸਲੈਰੀਏ ਨੂੰ 1961 ਵਿਚ ਪਰਮਵੀਰ ਚੱਕਰ ਮਿਲਿਆ ਸੀ। ਚਾਹੇ ਜੱਟ ਜਾਂ ਰਾਜਪੂਤ ਸਲੈਰੀਏ ਹੀ ਕਹਾਉਂਦੇ ਹਨ। ਸੋ ਲੜਾਈ ਮੌਕੇ ਫ਼ਰਕ ਸਿਰਫ ਇੰਨਾ ਸੀ ਕਿ ਇਕ ਪਾਸੇ ਮੁਸਲਮਾਨ ਸਨ ਤੇ ਦੂਜੇ ਪਾਸੇ ਸਿੱਖ ਜਾਂ ਹਿੰਦੂ। ਸਨ ਭਰਾ ਭਰਾ ਹੀ।

ਚਵਿੰਡੇ ਤੋਂ ਹੋਰ ਚੜ੍ਹਦੇ ਪਾਸੇ ਜਾਈਏ ਪਸਰੂਰ ਵੱਲ ਤਾਂ ਜਿਹੜਾ ਇਲਾਕਾ ਪੈਂਦਾ ਹੈ ਇਸ ਨੂੰ ਦੜਪ ਕਿਹਾ ਜਾਂਦਾ ਹੈ। ਹੜ੍ਹਾਂ ਵੇਲੇ ਦਰਿਆ ਜਿਹੜੀ ਜਰਖੇਜ਼ ਭਲ੍ਹ ਲੈ ਕੇ ਆਉਂਦੇ ਹਨ, ਉਹਨੂੰ ਦੜਪ ਕਿਹਾ ਜਾਂਦਾ ਹੈ। ਇਲਾਕੇ ਵਿਚ ਕਾਫੀ ਨਦੀਆਂ

**(ਬਾਕੀ ਅਗਲੇ ਸਫੇ 'ਤੇ)**



*ਲਹਿੰਦੇ ਪੰਜਾਬ ਵਿਚ ਬਲਦਾਂ ਦੀਆਂ ਦੌੜਾਂ ਦੀ ਇਕ ਝਾਕੀ।*

*ਸੱਚੀ ਗੱਲ ਇਹ ਹੈ ਕਿ ਜੇ ਕੋਈ ਪੂਰਬੀ ਪੰਜਾਬ ਬਾਰੇ ਲਿਖ ਰਿਹਾ ਹੋਵੇ, ਤੇ ਜੇ ਉਸ ਨੂੰ ਪੱਛਮੀ ਪੰਜਾਬ ਬਾਰੇ ਜਾਣਕਾਰੀ ਨਾ ਹੋਵੇ ਤਾਂ ਉਸ ਦੀ ਲਿਖਤ ਕਦੀ ਵੀ ਭਰੋਸੇਮੰਦ ਨਹੀਂ ਬਣ ਸਕਦੀ। ਇਕ ਹਿੱਸੇ ਦੇ ਭੂਗੋਲ ਨੂੰ ਸਮਝਣ ਵਾਸਤੇ ਤੁਹਾਨੂੰ ਪੂਰੇ ਪੰਜਾਬ ਦਾ ਜਗਰਾਫੀਆ ਪੜ੍ਹਨਾ ਪਵੇਗਾ। ਇਕਾਈ ਪੰਜਾਬ ਹੈ। ਜਿਵੇਂ ਸਰੀਰ ਦੇ ਵੱਖ-ਵੱਖ ਅੰਗ ਹੁੰਦੇ ਹਨ, ਇਸ ਨੂੰ ਵੰਡ ਜਿੰਨਾ ਮਰਜ਼ੀ ਲਓ, ਪਰ ਅਸਲੀ ਪੰਜਾਬ ਤਾਂ ਅਣਵੰਡਿਆ ਪੰਜਾਬ ਹੀ ਹੈ। ਕੋਈ ਟੁਕੜਾ ਪੰਜਾਬ ਨਹੀਂ ਕਹਾ ਸਕਦਾ।... ਅੰਮ੍ਰਿਤਸਰ ਦੇ ਦੱਖਣ ਵਿਚ ਕਸਬਾ ਹੈ ਝਬਾਲ। ਦਾਅਵਾ ਹੈ ਕਿ ਉਸ ਇਲਾਕੇ ਦੇ ਮੌਜੂਦਾ ਸਿੱਖ ਵਸਨੀਕਾਂ ਨੂੰ ਪਤਾ ਵੀ ਨਹੀਂ ਹੋਣਾ ਕਿ ਇਹਨੂੰ ਝਬਾਲ ਕਿਉਂ ਕਿਹਾ ਜਾਂਦਾ ਹੈ? ਹਾਂ, ਪਰ ਜੇ ਤੁਹਾਨੂੰ ਲਹਿੰਦੇ ਪੰਜਾਬ ਦਾ ਗਿਆਨ ਹੈ ਤਾਂ ਜ਼ਰੂਰ ਜਾਣਦੇ ਹੋਵੋਗੇ।*

# ਦਿਨ ਤੇ ਦਿਵਸ-ਜੌੜੇ ਭਰਾ


ਸ਼ਬਦ ਝਰੋਖਾ



ਬਲਜੀਤ ਬਾਸੀ


ਫੋਨ: 734-259-9353


ਅਜੋਕੀ ਪੰਜਾਬੀ ਵਿਚ ਸਵੇਰ ਤੋਂ ਸ਼ਾਮ ਤੱਕ ਦੇ ਸਮੇਂ ਲਈ ਦਿਨ ਸ਼ਬਦ ਆਮ ਵਰਤਿਆ ਜਾਂਦਾ ਹੈ ਜਦ ਕਿ ਦਿਵਸ ਥੋੜਾ ਸਾਹਿਤਕ ਅਤੇ ਰਸਮੀ ਵਰਤੋਂ ਵਾਲਾ ਹੈ। ਅੱਜ ਕਲ੍ਹ ਤਾਂ ਦਿਵਸ ਕਿਸੇ ਜੁੱਟ ਸ਼ਬਦ ਦਾ ਪਿਛੇਤਰੀ ਹਿੱਸਾ ਬਣ ਕੇ ਰਹਿ ਗਿਆ ਹੈ ਜਿਵੇਂ ਬਾਲ ਦਿਵਸ, ਸੁਤੰਤਰਤਾ ਦਿਵਸ, ਮਾਤ-ਭਾਸ਼ਾ ਦਿਵਸ, ਘੱਲੂਘਾਰਾ ਦਿਵਸ। ਬੋਲਚਾਲ ਵਿਚ ਇਸ ਦੀ ਸੁਤੰਤਰ ਵਰਤੋਂ ਘਟ ਹੀ ਮਿਲਦੀ ਹੈ। ਪ੍ਰੰਤੂ ਗੁਰਬਾਣੀ ਵਿਚ ਇਹ ਦਿਨ ਦੇ ਵਾਂਗ ਹੀ ਵਰਤਿਆ ਮਿਲਦਾ ਹੈ, 'ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥' (ਗੁਰੂ ਅੰਗਦ ਦੇਵ); 'ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥' (ਗੁਰੂ ਅਰਜਨ ਦੇਵ)।

ਦੂਜੇ ਪਾਸੇ ਦਿਨ ਸ਼ਬਦ ਨਾਲ ਬਹੁਤ ਸਾਰੇ ਮੁਹਾਵਰੇ ਆਦਿ ਵੀ ਬਣੇ ਮਿਲਦੇ ਹਨ ਜਿਵੇਂ ਚਾਰ ਦਿਨ, 'ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥' (ਗੁਰੂ ਨਾਨਕ ਦੇਵ); ਦਿਨ ਦੁੱਗਣੀ, ਰਾਤ ਚੌਗਣੀ; ਦਿਨ ਕਟੀ ਕਰਨਾ, ਦਿਨ ਪੁੱਠੇ ਪੈਣੇ; ਦਿਨ ਰਾਤ ਇੱਕ ਕਰਨਾ; ਦਿਨਾਂ ਦਾ ਪ੍ਰਾਹੁਣਾ; ਦਿਨਾਂ ਦਾ ਫੇਰ ਪੈਣਾ; ਚਾਰ ਦਿਨਾਂ ਦੀ ਚਾਨਣੀ, ਫੇਰ ਹਨੇਰੀ ਰਾਤ ਆਦਿ।

ਦਿਨ ਨਾਲ ਹੋਰ ਸ਼ਬਦ ਲੱਗ ਕੇ ਕਈ ਹੋਰ ਜੁੱਟ ਬਣੇ ਹਨ, ਨਾਲੇ ਇਸ ਦੇ ਅਰਥ ਵੀ ਕਈ ਹਨ। ਸੂਰਜ ਚੜ੍ਹਨ ਤੋਂ ਡੁੱਬਣ ਤੱਕ ਦੇ ਵੇਲੇ ਤੋਂ ਇਲਾਵਾ ਦਿਨ ਦਾ ਅਰਥ ਦਿਨ ਰਾਤ ਵੀ ਹੈ, 'ਕਾਲ ਔਧ ਦਿਨ ਥੋੜਤੇ ਥਕੇ ਭਇਆ ਪੁਰਾਣਾ ਚੋਲਾ॥' (ਗੁਰੂ ਨਾਨਕ ਦੇਵ)। ਇਹ ਸ਼ਬਦ ਹਫਤੇ ਦੇ ਵਾਰ ਲਈ ਵੀ ਵਰਤਿਆ ਜਾਂਦਾ ਹੈ ਜਿਵੇਂ ਅੱਜ ਕੀ ਦਿਨ ਹੈ? ਦਿਨ ਨਾਲ ਬਣੇ ਕੁਝ ਸਮਾਸੀ ਸ਼ਬਦ ਹਨ; ਦਿਨ ਦਿਹਾੜਾ, ਦਿਨ ਦੀਵੀਂ, ਦਿਨ ਸੁਦ, ਦਿਨ ਰਾਤ, ਅਨੁਦਿਨ (ਹਰ ਦਿਨ), 'ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥' (ਗੁਰੂ ਅਮਰ ਦਾਸ); ਦਿਨ-ਬਦਿਨ, ਕਾਲੇ ਦਿਨ, ਦਿਨ ਦਿਹਾਰ ਆਦਿ। ਦਿਨ ਛੋਟੇ ਵੀ ਹੁੰਦੇ ਹਨ ਤੇ ਵੱਡੇ ਵੀ; ਚਿੱਟੇ ਵੀ ਹੁੰਦੇ ਹਨ ਤੇ ਕਾਲੇ ਵੀ। ਦਿਨ ਤੋਂ ਸੂਰਜ ਦੇ ਅਰਥਾਂ ਵਾਲਾ ਦਿਨਕਰ ਸ਼ਬਦ ਬਣਿਆ, ਅਰਥਾਤ ਦਿਨ ਕਰਨ ਵਾਲਾ, 'ਗਹਬਰ ਬਨ ਘੋਰ ਗਹਬਰ ਬਨ ਘੋਰ ਹੇ ਗ੍ਰਿਹ ਮੂਸਤ ਮਨ ਚੋਰ ਹੇ ਦਿਨਕਰੋ ਅਨਦਿਨੁ ਖਾਤ॥' (ਗੁਰੂ ਅਰਜਨ ਦੇਵ) ਅਰਥਾਤ (ਇਹ ਸੰਸਾਰ) ਭਿਆਨਕ ਸੰਘਣਾ ਜੰਗਲ ਹੈ; ਜਿਥੇ ਹਿਰਦੇ ਰੂਪੀ ਮਨੁੱਖੀ ਘਰ ਨੂੰ ਉਸ ਦਾ ਚੋਰ-ਮਨ ਲੁੱਟੀ ਜਾ ਰਿਹਾ ਹੈ, ਤੇ ਸੂਰਜ (ਭਾਵ ਸਮਾਂ) ਹਰ ਵੇਲੇ (ਇਸ ਦੀ ਉਮਰ ਨੂੰ) ਮੁਕਾਈ ਜਾ ਰਿਹਾ ਹੈ। ਦਿਨਕਰ ਦਾ ਵਿਕਸਿਤ ਰੂਪ ਹੈ ਦਿਨੀਅਰੁ, 'ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥' (ਗੁਰੂ ਨਾਨਕ ਦੇਵ)। ਇਸੇ ਤੋਂ ਰੋਜ਼ਾਨਾ ਦੇ ਅਰਥਾਂ ਵਾਲਾ ਦੈਨਿਕ ਸ਼ਬਦ ਬਣਿਆ।

ਦਿਨ ਅਤੇ ਦਿਵਸ ਦੋਵੇਂ ਸ਼ਬਦ ਭਾਰੋਪੀ ਹਨ ਅਰਥਾਤ ਇਨ੍ਹਾਂ ਦੇ ਭਰਾ ਸ਼ਬਦ ਅਨੇਕਾਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਮਿਲਦੇ ਹਨ। ਭਾਰਤ ਦੀਆਂ ਲੱਗਭਗ ਸਾਰੀਆਂ ਆਰਿਆਈ ਭਾਸ਼ਾਵਾਂ ਵਿਚ ਦਿਨ ਜਿਹੇ ਰੂਪ ਵਾਲਾ ਸ਼ਬਦ ਇਨ੍ਹਾਂ ਹੀ ਅਰਥਾਂ ਵਿਚ ਮਿਲਦਾ ਹੈ। ਸੰਸਕ੍ਰਿਤ ਵਿਚ ਵੀ ਇਹ ਸ਼ਬਦ ਦਿਨ ਹੀ ਹੈ। ਇਹ ਸ਼ਬਦ ਅੰਤਮ ਰੂਪ ਵਿਚ 'ਦਿਵ' ਧਾਤੂ ਨਾਲ ਜਾ ਜੁੜਦਾ ਹੈ ਜਿਸ ਵਿਚ ਚਮਕ, ਉਜਾਲਾ, ਪਰਿਹਾਸ, ਸੁੱਟਣਾ ਆਦਿ ਦੇ ਭਾਵ ਹਨ। ਪਰ ਇਸ ਧਾਤੂ ਦੇ ਵੀ ਤਿੰਨ ਉਪਰੂਪ ਹਨ। ਹਿੰਦ-ਯੂਰਪੀ ਭਾਸ਼ਾ ਵਿਗਿਆਨੀਆਂ ਅਨੁਸਾਰ ਇਕ ਭਾਰੋਪੀ ਮੂਲ ਹੈ 'ਦੇਉ', ਜਿਸ ਵਿਚ ਚਮਕਣ ਦੇ



ਭਾਵ ਹਨ। ਇਸ ਦਾ ਸੁਜਾਤੀ ਇਕ ਹੋਰ ਮੂਲ ਹੈ 'ਦਏ-ਨੋ' ਜਿਸ ਦੇ ਵੀ ਅਰਥ ਇਹੋ ਹਨ ਜਿਸ ਤੋਂ ਬਹੁਤ ਸਾਰੀਆਂ ਹਿੰਦ-ਆਰਿਆਈ ਭਾਸ਼ਾਵਾਂ ਦੇ ਸ਼ਬਦ ਬਣੇ ਹਨ ਜਿਨ੍ਹਾਂ ਵਿਚ ਰੂਪ ਅਤੇ ਅਰਥ ਦੀ ਸਾਂਝ ਹੈ। ਖਾਸ ਤੌਰ 'ਤੇ ਸਲਾਵਿਕ ਭਾਸ਼ਾਵਾਂ ਵਿਚ ਇਹ ਸਾਂਝ ਪ੍ਰਤੱਖ ਝਲਕਦੀ ਹੈ। ਮਿਸਾਲ ਵਜੋਂ ਓਲਡ ਚਰਚ ਸਲੋਵੇਨਿਕ ਵਿਚ ਇਸ ਦਾ ਰੂਪ ਹੈ ਦਿਨੀ; ਰੂਸੀ, ਸਲੋਵਾਕ, ਚੈਕ, ਬੁਲਗਾਰੀਅਨ ਵਿਚ ਦੈਨ ਹੈ; ਬੋਸਨੀਅਨ ਅਤੇ ਮਕਦੂਨੀਅਨ ਵਿਚ ਦਨ ਹੈ; ਪੋਲਿਸ਼ ਵਿਚ ਜੈਨ ਹੈ, ਲਾਤਵੀਅਨ ਤੇ ਲਿਥੂਏਨੀਅਨ ਵਿਚ ਦੀਆਨਾ ਜਿਹਾ ਹੈ।

ਦੂਜੇ ਪਾਸੇ ਦਿਵਸ ਸ਼ਬਦ ਸਿਧਾ ਦਿਵ ਧਾਤੂ ਤੋਂ ਬਣਿਆ ਹੈ ਜਿਸ ਵਿਚ, ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਚਮਕ, ਉਜਾਲਾ ਦੇ ਭਾਵ ਹਨ। ਦਿਵਸ ਦਾ ਮੁਢਲਾ ਅਰਥ ਅਕਾਸ਼ ਹੈ ਜੋ ਹਮੇਸ਼ਾ ਉਜਲਾ ਜਾਂ ਚਮਕਿਆ ਰਹਿੰਦਾ ਹੈ। ਆਕਾਸ਼ ਦੇਵਤਿਆਂ ਦਾ ਸਥਾਨ ਹੈ ਤੇ ਦੇਵ ਜਾਂ ਦੇਵਤਾ ਦਾ ਮੁਢਲਾ ਅਰਥ ਅਕਾਸ਼ੀ ਜਾਂ ਨੂਰਾਨੀ ਹਸਤੀ ਹੈ। ਅਕਾਸ਼ ਵਿਚ ਸੂਰਜ, ਚੰਦ, ਤਾਰੇ, ਗ੍ਰਿਹ ਆਦਿ ਚਮਕੀਲੇ ਪਿੰਡ ਹੀ ਹਨ। ਹਿੰਦ-ਆਰਿਆਈ ਭਾਸ਼ਾਵਾਂ ਵਿਚ ਦਿਨ ਦੇ ਅਰਥਾਂ ਵਿਚ ਦਿਵਸ ਸ਼ਬਦ ਜਾਂ ਇਸ ਦੇ ਵਿਗੜੇ ਰੂਪ ਮਿਲਦੇ ਹਨ। ਪਰਾਕ੍ਰਿਤ ਵਿਚ ਇਸ ਦਾ ਰੂਪ ਦਿਅਹ ਹੈ; ਹਿੰਦੀ ਵਿਚ ਸਵੇਰਾ, ਤੜਕਾ ਦੇ ਅਰਥਾਂ ਵਿਚ ਦੌਸ ਸ਼ਬਦ ਹੈ; ਗੁਜਰਾਤੀ ਅਤੇ ਮਰਾਠੀ ਵਿਚ ਦੀ ਸ਼ਬਦ ਹੈ। ਪੰਜਾਬੀ ਵਿਚ ਇਸ ਦੇ ਹੋਰ ਰੂਪ ਹਨ, ਦਿਹੁੰ:

ਦਿਹੁੰ ਚੰਨ ਛਪੇ ਨੇ ਗਰਦ ਵਿਚ,
ਪੈ ਗਏ ਹਨੇਰੇ।
ਪਰ ਨਾਦਰਸ਼ਾਹ ਬਾਲਾਸਾਰ ਵਿਚ,
ਲਸ਼ਕਰ ਚੌਫੇਰੇ।

ਦਿਹਾਰ, 'ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ॥' (ਗੁਰੂ ਅਰਜਨ ਦੇਵ); ਦਿਹਾੜੀ ਜਾਂ ਦਿਹਾੜਾ, 'ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥' (ਗੁਰੂ ਅਰਜਨ ਦੇਵ); ਡੇਹ, 'ਸਾ ਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ॥' (ਗੁਰੂ ਨਾਨਕ ਦੇਵ)। ਦਿਹਾਰ, ਦਿਹਾੜੀ ਦੇ ਪ੍ਰਸੰਗ ਵਿਚ ਇਹ ਦੱਸਣਾ ਬਣਦਾ ਹੈ ਕਿ ਇਹ ਸ਼ਬਦ ਸ਼ਾਇਦ 'ਦਿਵਸ+ਅਹਰ' ਤੋਂ ਬਣਿਆ ਹੈ ਜਿਸ ਵਿਚ ਅਹਰ ਦਾ ਅਰਥ ਵੀ ਦਿਨ ਹੀ ਹੁੰਦਾ ਹੈ। ਇਸ ਸ਼ਬਦ ਬਾਰੇ ਕਦੇ ਫਿਰ ਚਰਚਾ ਕਰਾਂਗਾ। ਇਸ ਦੀ ਇਕ ਹੋਰ ਮਿਸਾਲ ਹੈ, ਸਪਤਾਹ=ਸਪਤ (ਸੱਤ)+ਅਹਰ (ਦਿਨ)। ਸੰਸਕ੍ਰਿਤ ਵਿਚ ਇਸ ਦਾ ਰੂਪ ਅਹ ਵੀ ਮਿਲਦਾ ਹੈ। ਇਸ ਤਰ੍ਹਾਂ ਦਿਨ ਦਿਹਾੜੇ ਜਾਂ ਦਿਨ ਦਿਹਾਰ ਸ਼ਬਦ ਜੁੱਟਾਂ ਵਿਚ ਦਿਨ ਦਾ ਭਾਵ ਤਿੰਨ ਵਾਰੀ ਆ ਜਾਂਦਾ ਹੈ। ਅਸੀਂ ਇਨ੍ਹਾਂ ਸ਼ਬਦਾਂ ਦਾ ਭਾਰੋਪੀ ਮੂਲ 'ਦੇਉ' ਦੱਸ ਚੁੱਕੇ ਹਾਂ। ਇਸ ਮੂਲ ਤੋਂ ਹੋਰ ਆਰਿਆਈ ਭਾਸ਼ਾਵਾਂ ਦੇ ਅਨੇਕਾਂ ਸ਼ਬਦ ਬਣੇ ਮਿਲਦੇ ਹਨ ਜਿਨ੍ਹਾਂ ਵਿਚ ਦਿਨ ਦਾ ਭਾਵ ਸਮਾਇਆ ਹੋਇਆ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਸ਼ਬਦ ਪੰਜਾਬੀ ਵਿਚ ਰਚ ਮਿਚ ਚੁੱਕੇ ਹਨ ਜਾਂ ਜਾਣੇ-ਪਛਾਣੇ ਹਨ।

ਸਭ ਤੋਂ ਪਹਿਲਾਂ ਅਸੀਂ ਰੋਜ਼ਨਾਮਚੇ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਡਾਇਰੀ ਲੈਂਦੇ ਹਾਂ। ਇਹ ਸ਼ਬਦ ਮੂਲ ਰੂਪ ਵਿਚ ਲਾਤੀਨੀ ਹੈ ਤੇ ਇਸ ਵਿਚ ਇਸ ਦਾ ਅਰਥ ਰੋਜ਼ਾਨਾ ਭੱਤਾ ਹੁੰਦਾ ਸੀ। ਦਰਅਸਲ ਸੰਸਕ੍ਰਿਤ ਵਿਚ ਦਿਨ ਦੇ ਅਰਥਾਂ ਵਿਚ ਦਿਵਸ ਦਾ ਸੁਜਾਤੀ ਸ਼ਬਦ ਹੈ, 'ਦਇਸ'। ਫਿਰ ਇਸ ਦਾ ਅਰਥ ਬਦਲਦਾ ਬਦਲਦਾ ਰੋਜ਼ ਦੀਆਂ ਘਟਨਾਵਾਂ ਦਾ ਵਰਣਨ ਬਣ ਗਿਆ। ਅੰਗਰੇਜ਼ੀ ਡਾਇਲ (ਜਿਵੇਂ ਫੋਨ ਦਾ) ਮੁਢਲੇ ਤੌਰ 'ਤੇ ਲਾਤੀਨੀ Dialis (ਦੈਨਿਕ, ਰੋਜ਼ਾਨਾ) ਦਾ ਵਿਕਸਿਤ ਰੂਪ ਹੈ। ਇਹ ਸ਼ਾਇਦ ਲਾਤੀਨੀ ਉਕਤੀ Rota Dialis ਤੋਂ ਨਿਖੜਿਆ ਹੈ ਜਿਸ ਦਾ ਅਰਥ ਹੈ 'ਦੈਨਿਕ ਪਹੀਆ' ਅਰਥਾਤ ਅਜਿਹਾ ਗੋਲ ਚੱਕਾ ਜਿਸ ਦੁਆਲੇ ਕੋਈ ਹੋਰ ਚੀਜ਼ ਘੁੰਮਦੀ ਹੈ। ਟੈਲੀਫੋਨ ਦੇ ਡਾਇਲ ਦੀ ਕਲਪਨਾ ਕਰੋ। ਪੁਰਾਣੇ ਜ਼ਮਾਨੇ ਵਿਚ ਡਾਇਲ ਇਕ ਉਪਕਰਣ ਹੁੰਦਾ ਸੀ ਜਿਸ ਵਿਚ ਨਿਸ਼ਾਨ ਲੱਗੀ ਪਲੇਟ ਉਤੇ ਸੂਰਜ ਦੇ ਪੈਂਦੇ ਪ੍ਰਛਾਵੇਂ ਤੋਂ ਦਿਨ ਬੀਤਣ ਦੇ ਘੰਟਿਆਂ ਦਾ ਅਨੁਮਾਨ ਲਾਇਆ ਜਾਂਦਾ ਸੀ। ਅੰਗਰੇਜ਼ੀ ਜੋਰਨਲ (Journal) ਵੀ ਲਾਤੀਨੀ ਮੂਲ ਦਾ ਹੈ ਪਰ ਇਸ ਨੇ ਅਜੋਕਾ ਰੂਪ ਅਤੇ ਅਰਥ ਫਰਾਂਸੀਸੀ ਵਿਚ ਜਾ ਕੇ ਧਾਰਨ ਕੀਤਾ। ਇਸ ਵਿਚ ਮੁਢਲਾ ਭਾਵ ਦਿਨ, ਰੋਜ਼ ਦਾ ਕੰਮ ਜਾਂ ਸਫਰ ਸੀ ਪਰ ਹੌਲੀ ਹੌਲੀ ਰੋਜ਼ ਦੇ ਕੰਮ ਦਾ ਵੇਰਵਾ ਦੱਸਣ ਵਾਲੀ ਕਿਤਾਬ ਜਾਂ ਰੋਜ਼ਨਾਮਚਾ ਬਣਿਆ। ਅੱਜ ਕਲ੍ਹ ਇਸ ਦਾ ਅਰਥ ਪੱਤ੍ਰਿਕਾ ਬਣ ਗਿਆ ਹੈ। ਇਸੇ ਤੋਂ ਅੱਗੇ ਜਰਨਲਿਜ਼ਮ ਸ਼ਬਦ ਹੋਂਦ ਵਿਚ ਆਇਆ। ਇਥੇ ਦੱਸ ਦੇਈਏ ਕਿ ਲਾਤੀਨੀ ਦੀ 'ਡ' ਧੁਨੀ ਫਰਾਂਸੀਸੀ ਵਿਚ ਜਾ ਕੇ 'ਜ' ਵਿਚ ਬਦਲ ਗਈ ਹੈ। ਇਸ ਦੀ ਇਕ ਹੋਰ ਮਿਸਾਲ ਹੈ, ਸਫਰ, ਯਾਤਰਾ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Journey. ਪੁਰਾਣੀ ਫਰਾਂਸੀਸੀ ਵਿਚ ਇਸ ਦਾ ਅਰਥ ਹੁੰਦਾ ਸੀ, ਦਿਹਾੜੀ ਦਾ ਸਮਾਂ, ਕੰਮ ਜਾਂ ਸਫਰ।

ਸਥਗਤ ਜਾਂ ਮੁਲਤਵੀ ਕਰਨਾ ਦੇ ਅਰਥ ਵਿਚ ਅੰਗਰੇਜ਼ੀ ਦਾ ਇਕ ਸ਼ਬਦ ਹੈ, Adjourn. ਇਸ ਵਿਚ ਮੁਢਲਾ ਭਾਵ ਹੈ, ਦੁਬਾਰਾ ਕੋਈ ਮੀਟਿੰਗ ਕਰਨ ਲਈ ਦਿਨ (Journ=ਦਿਨ) ਨਿਸ਼ਚਿਤ ਕਰਨਾ। ਡੇਰਾ, ਠਹਿਰਾਅ, ਪੜਾਅ, ਰਿਹਾਇਸ਼ ਆਦਿ ਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ Sojourn ਵਿਚ ਵੀ ਇਹੀ Journ ਬੋਲਦਾ ਹੈ। ਇਹ ਵੀ ਲਾਤੀਨੀ ਵਲੋਂ ਹੈ ਤੇ ਇਸ ਦਾ ਮੁਢਲਾ ਭਾਵ ਹੈ, 'ਦਿਨ ਬਿਤਾਉਣਾ'। ਪੰਜਾਬੀ 'ਦਿਨ ਕਟੀ ਕਰਨਾ' ਉਕਤੀ ਵਿਚ ਕੁਝ ਨਾਂਹ-ਸੂਚਕ ਆਸ਼ਾ ਹੈ। ਅੰਗਰੇਜ਼ੀ ਦਾ ਇਕ ਹੋਰ ਅਹਿਮ ਸ਼ਬਦ ਹੈ Diurnal ਜਿਸ ਦਾ ਅਰਥ ਹੁੰਦਾ ਹੈ ਪ੍ਰਤਿਦਿਨ, ਨਿੱਤ ਦਾ, ਰੋਜ਼ਾਨਾ, ਦਿਹਾੜੀ ਆਦਿ। ਇਹ ਵੀ ਲਾਤੀਨੀ ਵਲੋਂ ਆਇਆ ਹੈ ਅਤੇ ਸੰਸਕ੍ਰਿਤ ਦਿਵ ਦੇ ਲਾਤੀਨੀ ਸੁਜਾਤੀ Dies (ਦਿਨ) ਨਾਲ ਜਾ ਜੁੜਦਾ ਹੈ।

'ਮਹਾਨ ਕੋਸ਼' ਵਿਚ ਦਿਨ ਦੇ ਅਰਥਾਂ ਵਾਲੇ ਗੁਰਬਾਣੀ ਵਿਚ ਆਏ ਸ਼ਬਦ 'ਡੇਹ' ਦੇ ਇੰਦਰਾਜ ਅਧੀਨ 'ਦਿਨ ਦੇਖੋ ਅੰਗਰੇਜ਼ੀ Day' ਲਿਖਿਆ ਮਿਲਦਾ ਹੈ। ਇਥੋਂ ਇਹ ਪ੍ਰਭਾਵ ਬਣਦਾ ਹੈ ਕਿ 'ਮਹਾਨ ਕੋਸ਼' ਅਨੁਸਾਰ ਜਾਂ ਤਾਂ ਡੇਹ ਸ਼ਬਦ ਅੰਗਰੇਜ਼ੀ ਡੇਅ ਤੋਂ ਬਣਿਆ ਹੈ ਜਾਂ ਇਸ ਦਾ ਸੁਜਾਤੀ ਹੈ। ਪਰ ਅੰਗਰੇਜ਼ੀ ਨਿਰੁਕਤਕਾਰਾਂ ਅਨੁਸਾਰ ਇਸ ਦੀ ਵਿਆਖਿਆ ਹੋਰ ਤਰ੍ਹਾਂ ਹੈ। ਪੂਰਵ-ਜਰਮੈਨਿਕ ਵਿਚ ਇਸ ਸ਼ਬਦ ਦਾ ਰੂਪ ਸੀ, Dagaz ਜਿਸ ਦਾ ਅਰਥ ਦਿਨ ਹੈ। ਇਸ ਤੋਂ ਅੰਗਰੇਜ਼ੀ ਡੇਅ ਤੋਂ ਇਲਾਵਾ ਡੱਚ ਭਾਸ਼ਾ ਦਾ Dag, ਜਰਮਨ ਟੱਗ, ਗੌਥਿਕ ਦਗਜ਼ ਤੇ ਹੋਰ ਜਰਮੈਨਿਕ ਭਾਸ਼ਾਵਾਂ ਦੇ ਰਲਦੇ-ਮਿਲਦੇ ਸ਼ਬਦ ਵਿਕਸਿਤ ਹੋਏ ਹਨ।

ਅੰਗਰੇਜ਼ੀ ਨਿਰੁਕਤਕਾਰਾਂ ਅਨੁਸਾਰ ਇਸ ਸ਼ਬਦ ਦਾ ਸਬੰਧ ਲਾਤੀਨੀ Dies (ਦਿਨ) ਅਰਥਾਤ ਸੰਸਕ੍ਰਿਤ ਦਿਵ ਨਾਲ ਨਹੀਂ ਹੈ। ਉਹ ਇਸ ਦਾ ਸੁਜਾਤੀ ਸਬੰਧ ਸੰਸਕ੍ਰਿਤ 'ਦਾਹ' ਨਾਲ ਜੋੜਦੇ ਹਨ ਜਿਸ ਵਿਚ ਜਲਣ, ਗਰਮੀ ਆਦਿ ਦੇ ਭਾਵ ਹਨ। ਇਸ ਤੋਂ ਦਾਹ ਸੰਸਕਾਰ ਬਣਿਆ। ਫਾਰਸੀ ਵਿਚ ਇਸ ਦਾ ਸੁਜਾਤੀ ਹੈ ਦਾਗ, ਜੋ ਮੁਢਲੇ ਤੌਰ 'ਤੇ ਜਲ ਜਾਣ ਨਾਲ ਪਿਆ ਨਿਸ਼ਾਨ ਹੈ। ਇਸੇ ਤੋਂ ਮੁਰਦੇ ਨੂੰ ਜਲਾਉਣ ਦੇ ਅਰਥਾਂ ਵਾਲਾ ਦਾਗਣਾ ਸ਼ਬਦ ਬਣਿਆ। ਪੰਜਾਬੀ ਦਾਝ 'ਬੁਖਾਰ ਵਿਚ ਲੱਗੀ ਤੇਜ਼ ਪਿਆਸ ਹੈ ਜਿਸ ਵਿਚ ਜਲਣ ਦਾ ਭਾਵ ਹੈ, 'ਨਿਤ ਦਾਝਹਿ ਤੈ ਬਿਲਲਾਹਿ॥' (ਗੁਰੂ ਅਮਰ ਦਾਸ)। ਲਿਥੂਏਨੀਅਨ ਵਿਚ ਡਗਸ ਦਾ ਅਰਥ ਗਰਮੀ ਦਾ ਮੌਸਮ ਹੈ। ਮੁਕਦੀ ਗੱਲ, ਅੰਗਰੇਜ਼ੀ ਡੇਅ ਵਿਚ ਜਲਣ ਦੇ ਭਾਵਾਂ ਦਾ ਵਿਕਾਸ ਹੋਇਆ ਜਾਪਦਾ ਹੈ। ਅੰਗਰੇਜ਼ੀ Daily ਅਤੇ ਪਹੁ-ਫੁਟਾਲੇ ਦੇ ਅਰਥਾਂ ਵਾਲਾ Dawn ਵੀ ਇਸੇ ਭਾਵ ਨਾਲ ਮੇਲ ਖਾਂਦੇ ਹਨ।

-0-

# ਭੂਗੋਲਿਕ ਇਲਾਕੇ ਜੋ ਜਾਤ-ਗੋਤਾਂ ਦੇ ਨਾਂ ਬਣ ਗਏ

(ਪਿਛਲੇ ਸਫੇ ਦੀ ਬਾਕੀ)

ਨਾਲੇ ਹਨ। ਵਸਨੀਕਾਂ ਨੂੰ ਦਿੜਬੀਏ ਕਿਹਾ ਜਾਂਦਾ ਹੈ। ਮਸ਼ਹੂਰ ਹੈ ਕਿ ਇਸ ਇਲਾਕੇ ਦੇ ਲੋਕ ਸੂਟ ਖਾਂਦੇ ਸਨ; ਮਤਲਬ ਦਾਲ ਵੀ ਮਸਰਾਂ ਦੀ, ਤੇ ਰੋਟੀ ਵੀ ਮਸਰਾਂ ਦੀ।

ਇਸ ਤੋਂ ਹੋਰ ਪੂਰਬ ਵੱਲ ਜਿਹੜਾ ਇਲਾਕਾ ਪੈਂਦਾ ਹੈ, ਉਹਨੂੰ ਕਾਲਰ ਕਿਹਾ ਜਾਂਦਾ ਹੈ। ਕਿਸੇ ਵੇਲੇ ਸ਼ੋਰ ਕੱਲਰ ਹੁੰਦਾ ਸੀ, ਪਰ ਹੁਣ ਨਹਿਰਾਂ ਦੇ ਆਉਣ ਨਾਲ ਇਲਾਕਾ ਉਪਜਾਊ ਹੋ ਗਿਆ ਹੈ। ਸ਼ਹਿਰ ਪੈਂਦਾ ਕਿਲ੍ਹਾ ਕਾਲਰ ਵਾਲਾ। ਇਲਾਕੇ ਦੇ ਲੋਕ ਬੜੇ ਲੜਾਕੇ ਗਿਣੇ ਗਏ ਨੇ ਜਿਨ੍ਹਾਂ ਨੂੰ ਕਾਲਰੀਏ ਕਿਹਾ ਜਾਂਦਾ ਹੈ। ਇਸੇ ਹੀ ਇਲਾਕੇ ਵਿਚ ਪਿੰਡ ਆਧੀਆਂ ਹੈ ਜਿਥੋਂ ਦਾ ਸਾਡਾ ਇਕ ਸੱਜਣ ਬ੍ਰਿਗੇਡੀਅਰ ਜ਼ੁਲਫਿਕਾਰ ਢਿੱਲੋਂ ਹੋਇਆ ਹੈ। ਫਿਰ ਨਾਲ ਲਗਦੇ ਪਿੰਡ ਖੱਖ ਤੋਂ ਉਠ ਕੇ ਆਏ ਸਿੱਖ ਕਰਨਲ ਬਲਰਾਜ ਸਿੰਘ ਘੁੰਮਣ ਵੀ ਮੇਰੇ ਸੰਪਰਕ ਵਿਚ ਸਨ। ਉਨ੍ਹਾਂ ਦੀ ਪਤਨੀ ਨਾਲ ਲਗਦੇ ਪਿੰਡ ਢਿੱਲੀ ਤੋਂ ਹੈ।

ਮੈਨੂੰ ਯਾਦ ਹੈ, ਇਕ ਵੇਰਾਂ ਮੈਂ ਕਰਨਲ ਚੰਨਣ ਸਿੰਘ ਢਿੱਲੋਂ ਨਾਲ ਗੱਲ ਕਰ ਰਿਹਾ ਸੀ ਤਾਂ ਮੈਂ ਉਨ੍ਹਾਂ ਨੂੰ ਪਾਕਿਸਤਾਨ ਆਉਣ ਦਾ ਨਿਉਤਾ ਦਿੱਤਾ ਤੇ ਕਿਹਾ ਕਿ ਆਓ, ਮੈਂ ਤੁਹਾਨੂੰ ਤੁਹਾਡੇ ਭਰਾ ਬ੍ਰਿਗੇਡੀਅਰ ਜ਼ੁਲਫਕਾਰ ਢਿੱਲੋਂ (ਸਾਬਕਾ ਸਿਹਤ ਮੰਤਰੀ) ਨਾਲ ਮਿਲਾਵਾਂ। ਉਨ੍ਹਾਂ ਹਉਕਾ ਲੈ ਕੇ ਕਿਹਾ- 'ਨਹੀਂ ਮੁਸਤਫਾ, ਅਸੀਂ ਫੌਜੀ ਲੋਕ ਜਦੋਂ ਮਿਲਦੇ ਹਾਂ, ਸਾਨੂੰ ਕਿਸੇ ਯੁੱਧ ਵਿਚ ਦੀ ਗੁਜ਼ਰਨਾ ਪੈਂਦਾ ਹੈ। ਲੋਕਾਂ ਨੂੰ ਪਤਾ ਨਹੀਂ ਕਿ ਲੜਾਈ ਤੋਂ ਬਾਅਦ ਦੋਵਾਂ ਪਾਸਿਆਂ ਦੇ ਫੌਜੀ ਅਫ਼ਸਰ ਜੱਫੀਆਂ ਪਾ ਪਾ ਮਿਲਦੇ ਹਨ। ਫੌਜੀਆਂ ਦੀ ਮਿਲਣੀ ਦੀ ਇਹੋ ਵਿਡੰਬਨਾ ਹੈ।'... ਅਫ਼ਸੋਸ ਨਾਲ ਲਿਖ ਰਿਹਾ ਹਾਂ ਕਿ ਅੱਜ ਦੋਵੇਂ ਢਿੱਲੋਂ ਭਰਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ। ਬਿਨਾ ਇਕ-ਦੂਸਰੇ ਨੂੰ ਮਿਲੇ।

ਹੋਰ ਚੜ੍ਹਦੇ ਪਾਸੇ ਫਿਰ ਡੁਗਰ ਦਾ ਇਲਾਕਾ ਆਉਂਦਾ ਹੈ। ਨਾਰੋਵਾਲ ਦਾ ਚੜ੍ਹਦਾ ਪਾਸਾ, ਜੰਮੂ ਦਾ ਥਲਲਾ ਤੇ ਗੁਰਦਾਸਪੁਰ। ਜਿਹੜਾ ਇਲਾਕਾ ਪਹਾੜਾਂ ਦੇ ਪੈਰਾਂ ਵਿਚ ਪਏ, ਜਿਥੇ ਤੇਜ਼ੀ ਨਾਲ ਚੋਅ ਵਹਿੰਦੇ ਹਨ ਤੇ ਇਲਾਕਾ ਉਚਾ ਨੀਵਾਂ ਕਰ ਦਿੰਦੇ ਹਨ, ਉਹਨੂੰ ਡੁਗਰ ਕਿਹਾ ਜਾਂਦਾ ਹੈ ਤੇ ਵਸਨੀਕਾਂ ਨੂੰ ਡੋਗਰੇ ਕਹਿੰਦੇ ਹਨ। ਕੁਦਰਤੀ ਇਨ੍ਹਾਂ ਦੀ ਜ਼ਬਾਨ ਡੋਗਰੀ ਵੀ ਥੋੜ੍ਹੀ ਵੱਖਰੀ ਹੀ ਹੈ। ਇਸ ਇਲਾਕੇ ਦੇ ਰਾਜਪੂਤਾਂ ਨੂੰ ਵੀ ਡੋਗਰੇ ਹੀ ਕਿਹਾ ਜਾਂਦਾ ਹੈ ਭਾਵੇਂ ਉਨ੍ਹਾਂ ਦਾ ਮੂਲ ਇਲਾਕਾ ਰਾਜਸਥਾਨ ਹੈ।

ਦਰਿਆ ਰਾਵੀ ਦੇ ਨਾਲ ਨਾਲ ਲਗਦੇ ਇਲਾਕੇ ਨੂੰ ਬੇਟ ਕਹਿੰਦੇ ਹਨ। ਵਸਨੀਕ ਬੇਟੀਏ ਕਹਾਉਂਦੇ ਹਨ। ਫਿਰ ਲਾਹੌਰ ਤੋਂ ਚੜ੍ਹਦੇ ਤੇ ਦੱਖਣ ਦਾ ਜਿਹੜਾ ਇਲਾਕਾ ਹੈ, ਇਹ ਮਾਝੇ ਦਾ ਇਲਾਕਾ ਕਹਾਉਂਦਾ ਹੈ। ਇਸ ਨੂੰ ਕਈ ਲੋਕਾਂ ਮਾਂਝਾ ਵੀ ਲਿਖ ਦਿੰਦੇ ਨੇ। ਇਥੋਂ ਦੇ ਲੋਕ ਬਹੁਤ ਡਾਢੇ, ਦਲੇਰ ਗਿਣੇ ਗਏ ਹਨ। ਆਹ ਹੁਣੇ ਜਿਹੇ ਮੈਂ ਖ਼ਬਰ ਪੜ੍ਹ ਰਿਹਾ ਸੀ। ਕਸੂਰ ਲਾਗੇ ਕੋਈ ਦੋਧੀ ਦੁੱਧ ਲੈ ਕੇ ਜਾ ਰਿਹਾ ਸੀ ਤੇ ਗਲ ਵਿਚ ਪਿਸਤੌਲ ਪਾਈ ਹੋਈ ਸੀ। ਇਕ ਪੁਲਸੀਏ ਦੀ ਨਿਗ੍ਹਾ ਪੈ ਗਈ। ਉਸ ਰੋਕ ਕੇ ਲਾਇਸੈਂਸ ਦੀ ਮੰਗ ਕੀਤੀ। ਦੋਧੀ ਨੇ ਬਖ਼ਸ਼ ਦੇਣ ਦਾ ਵਾਸਤਾ ਪਾਇਆ, ਪਰ ਪੁਲਿਸ ਵਾਲਾ ਕੁਝ ਮੁੱਠ ਨਿੰਘੀ ਕਰਨਾ ਚਾਹੁੰਦਾ ਸੀ। ਦੋਧੀ ਝੜਨ ਨੂੰ ਤਿਆਰ ਨਹੀਂ ਸੀ। ਤਕਰਾਰ ਹੋਈ ਤੇ ਦੋਧੀ ਨੇ ਗੋਲੀ ਮਾਰ ਕੇ ਪੁਲਿਸ ਇੰਸਪੈਕਟਰ ਮਾਰ ਦਿੱਤਾ।

ਇਸੇ ਤਰ੍ਹਾਂ ਬਾਗੜ ਦਾ ਇਲਾਕਾ ਹੈ ਜਿਥੋਂ ਦੇ ਲੋਕ ਬਾਗੜੀਏ ਕਹਾਉਂਦੇ ਨੇ। ਇਹ ਅਸਲ ਵਿਚ ਪੂਰਬੀ ਪੰਜਾਬ, ਹਰਿਆਣੇ ਤੇ ਰਾਜਸਥਾਨ ਭਾਵ ਹਿਸਾਰ, ਸਿਰਸਾ, ਫ਼ਤਿਆਬਾਦ, ਭਿਵਾਨੀ, ਹਨੂਮਾਨਗੜ੍ਹ, ਸ੍ਰੀਗੰਗਾਨਗਰ, ਆਦਿ ਵਾਲਾ ਇਲਾਕਾ ਹੈ। ਥੋੜ੍ਹਾ ਜਿਹਾ ਇਲਾਕਾ ਬਹਾਵਲਪੁਰ ਪਾਕਿਸਤਾਨ ਦਾ ਵੀ ਇਸ ਵਿਚ ਆਉਂਦਾ ਹੈ। ਲਾਹੌਰ ਵਿਚ ਵਿਚ ਇਕ ਪਿੰਡ ਆ ਚੁੱਕਾ ਹੈ ਡਿਫੈਂਸ ਦੇ ਇਲਾਕੇ ਵਿਚ ਜਿਹਦਾ ਨਾਂ ਹੈ ਬਾਗੜੀਆਂ।

ਕਾਫੀ ਅੱਗੇ ਜਾ ਕੇ ਮੇਵਾਤ ਦਾ ਇਲਾਕਾ ਪੈਂਦਾ ਹੈ। ਵਸਨੀਕ ਮਿਓ ਕਹਾਉਂਦੇ ਨੇ ਤੇ ਸਾਰੇ ਮੁਸਲਮਾਨ ਹਨ। ਕੁਝ ਪਾਕਿਸਤਾਨ ਆ ਗਏ ਨੇ ਤੇ ਕੁਝ ਓਧਰ ਹੀ ਰਹਿੰਦੇ ਹਨ। ਸੋ ਜੋ ਵੀ ਉਸ ਇਲਾਕੇ ਦਾ ਹੋਵੇ ਉਹਨੂੰ ਮੇਓ ਕਹਿੰਦੇ ਨੇ, ਭਾਵੇਂ ਮੁਸਲਮਾਨ ਹੋਵੇ ਭਾਵੇਂ ਹਿੰਦੂ ਤੇ ਭਾਵੇਂ ਕੋਈ ਵੀ ਜਾਤ ਗੋਤ ਦਾ ਹੋਵੇ।

-0-

## ਨਸ਼ੱਈਆਂ ਬਾਰੇ ਹਸਾਉਣੀਆਂ ਗੱਲਾਂ

ਇਕ ਮਿਰਾਸੀ ਜਦੋਂ ਆਪਣੀ ਗਾਂ ਚੋਣ ਲੱਗਦਾ ਤਾਂ ਗੁਆਂਢੀ ਦਾ ਖੋਤਾ ਹੀਂਗ ਪੈਂਦਾ। ਤਦ ਗਾਂ ਛਹਿਣ ਜਾਂਦੀ ਤੇ ਦੁੱਧ ਨਾ ਦੇਂਦੀ। ਮਿਰਾਸੀ ਬੜਾ ਤੰਗ ਆਇਆ ਤੇ ਰੋਜ਼ ਅਰਦਾਸ ਕਰਨ ਲੱਗਾ, "ਹੇ ਰੱਬਾ, ਮੇਰੇ ਗੁਆਂਢੀ ਦੇ ਖੋਤੇ ਨੂੰ ਚੁੱਕ ਲੈ।"

ਦੇਵਨੇਤ ਉਸ ਦੀ ਆਪਣੀ ਗਾਂ ਹੀ ਮਰ ਗਈ। ਕਹਿਣ ਲੱਗਾ, "ਹੇ ਰੱਬਾ, ਇਤਨੇ ਜੁਗ ਹੋ ਗਏ ਤੈਨੂੰ ਦੁਨੀਆਂ 'ਤੇ ਰਾਜ ਕਰਦਿਆਂ ਪਰ ਤੈਨੂੰ ਗਾਂ ਤੇ ਖੋਤੇ 'ਚ ਫਰਕ ਨਾ ਪਤਾ ਲੱਗਾ।"

---

ਜਦ ਅਮਲੀ ਨਸ਼ੇ ਵਿਚ ਧੁੱਤ ਹੋਣ ਤਾਂ ਉਨ੍ਹਾਂ ਦੀ ਨਜ਼ਰ ਵਿਚ ਉਨ੍ਹਾਂ ਦੀ ਆਪਣੀ ਕੀਮਤ ਬੜੀ ਵੱਧ ਜਾਂਦੀ ਹੈ। ਆਪਣੇ ਆਪ ਨੂੰ ਬੜਾ ਤਕੜਾ, ਬੜਾ ਵੱਡਾ, ਬੜਾ ਭਾਰਾ ਸਮਝਣ ਲੱਗ ਪੈਂਦੇ ਹਨ।

ਦੋ ਅਮਲੀ ਤੁਰੇ ਜਾਂਦੇ ਸਨ। ਕੀ ਵੇਖਣ, ਅੱਗੇ ਬੜੀ ਭੀੜ ਇਕੱਠੀ ਹੋਈ ਹੋਈ ਹੈ। ਉਨ੍ਹਾਂ 'ਚੋਂ ਇਕ ਨੇ ਦੂਜੇ ਨੂੰ ਬਾਂਹ ਫੜ ਕੇ ਖਲ੍ਹਿਆਰ ਲਿਆ। ਦੂਜੇ ਨੇ ਪੁੱਛਿਆ, "ਕਿਉਂ ਕੀ ਗੱਲ ਏ?"

ਪਹਿਲਾ ਬੋਲਿਆ, "ਵੇਖਦਾ ਨਹੀਂ, ਅੱਗੇ ਕਿੰਨੀ ਭੀੜ ਜੁੜੀ ਏ। ਜੇਕਰ ਅਸੀਂ ਵੀ ਉਥੇ ਚਲੇ ਗਏ ਤਾਂ ਧਰਤੀ ਉਲਰ ਜਾਵੇਗੀ।"

"ਹੱਛਾ!" ਦੂਜੇ ਨੇ ਕਿਹਾ, ਅਤੇ ਦੋਵੇਂ ਇਕ ਦੂਜੇ ਨੂੰ ਗਲਵੱਕੜੀ ਪਾ ਕੇ ਉਥੇ ਹੀ ਖਲੋ ਗਏ।

---

ਅਨੰਦ ਕਾਰਜ ਮਗਰੋਂ ਜੰਞ ਉਤਾਰੇ ਵਿਚ ਮਸਾਂ ਅੱਪੜੀ ਸੀ ਕਿ ਮਗਰੇ-ਮਗਰ ਭੰਡ ਵੀ ਚਮੇਟੇ ਦੇ ਪਟਾਕੇ ਪਾਉਂਦੇ ਪਹੁੰਚ ਗਏ। ਲਾੜੇ ਦਾ ਪਿਓ ਖੁੰਜੇ ਬਹਿ ਕੇ ਅਨੰਦਾਂ ਉਤੇ ਮਿਲਿਆ ਸ਼ਗਨ ਗਿਣਨ ਲੱਗਾ ਸੀ ਕਿ ਭੰਡਾਂ ਨੇ ਆ ਵਧਾਈ ਦਿੱਤੀ।

"ਸਰਦਾਰਾ ਵਧਾਈਆਂ! ਮੁੰਡੇ ਦਾ ਵਿਆਹ ਹੋ ਗਿਆ। ਪੈਸੇ ਹੁਣ ਤੁਸੀਂ ਕੀ ਕਰਨੇ ਆ? ਲਿਆ ਉਰੇ ਇਹ ਸਾਨੂੰ ਦੇ ਤੇ ਆਪਣਾ ਫਿਕਰ ਲਾਹ।"

"ਚਲੋ ਜੇ ਗਿਣ ਕੇ ਦੇਣੇ ਆ ਤਾਂ ਗਿਣ ਕੇ ਈ ਸਹੀ। ਨਾਲੇ ਸਾਨੂੰ ਕਿਹੜੀ ਕਾਹਲੀ ਆ? ਓਨਾ ਚਿਰ ਦੂਜੇ ਜਾਨੀਆਂ ਵੱਲ ਹੋ ਆਉਨੇ ਆਂ।"

"ਨਹੀਂ ਓਏ ਭੰਡਾ, ਪਹਿਲਾਂ ਲਾਗ ਲੈ ਲਈਏ। ਮੈਨੂੰ ਡਰ ਆ ਕਿਤੇ ਭੱਜ ਈ ਨਾ ਜਾਣ।"

"ਨਹੀਂ ਭੱਜਦੇ, ਬੰਦੇ ਸ਼ਰੀਫ ਲੱਗਦੇ ਆ।" "ਤੈਨੂੰ ਕਿਵੇਂ ਪਤਾ?"

"ਜੇ ਸ਼ਰੀਫ ਨਾ ਹੁੰਦੇ ਤਾਂ ਅਨੰਦ ਕਾਰਜਾਂ ਦੀ ਕੀ ਲੋੜ ਸੀ? ਕੁੜੀ ਉਂਈ ਨਾ ਕੱਢ ਲਿਆਉਂਦੇ।" ਏਥੇ ਚਮੇਟੇ ਦੇ ਪਟਾਕੇ ਖੜਕ ਗਏ।

-ਡਾ. ਜਸਵੰਤ ਸਿੰਘ ਨੇਕੀ

## ਕਹਾਣੀ


# ਧੀਆਂ ਰਾਣੀਆਂ

"ਭੈਣ ਜੀ, ਜਦੋਂ ਪਤਾ ਲੱਗਾ, ਫੇਰ ਕੁੜੀ ਆ, ਮੈਂ ਤਾਂ ਬਥੇਰਾ ਸਮਝਾਇਆ, ਕੁੜੇ ਕੀ ਕਰਨੀ ਏ, ਡਾਕਟਰ ਕੋਲ ਜਾਉ, ਜੂੜ ਵੱਡੋ ਇਹਦਾ ਛੇਤੀ, ਚੱਲ ਗਾਂਹ ਰੱਬ ਪੁੱਤ ਦਊ। ਨਾ ਇਹ ਮੰਨੇ ਤੇ ਨਾ ਤੁਹਾਡਾ ਜਵਾਈ, ਤੁਸੀਂ ਸਮਝਾਉ ਜੇ ਤੁਹਾਡੀ ਕਹੀ ਇਨ੍ਹਾਂ ਦੇ ਖਾਨੇ ਪੈ ਜਾਵੇ।" ਚਿੰਤ ਕੌਰ ਨੇ ਆਪਣੀ ਕੁੜਮਣੀ ਨੂੰ ਇਸੇ ਲਈ ਬੁਲਾਇਆ ਸੀ।

"ਸਿਮਰਨ ਬੇਟਾ, ਦੇਖ ਜਿਵੇਂ ਤੁਹਾਡੇ ਮੰਮੀ ਕਹਿੰਦੇ ਨੇ ਕਰ ਲਉ।" ਸਿਮਰਨ ਦੀ ਮਾਂ ਨੇ ਅੱਧੇ ਜਿਹੇ ਮੰਨ ਨਾਲ ਕਹਿ ਦਿਤਾ।

ਮੰਮੀ ਨੂੰ ਇਸ਼ਾਰੇ ਨਾਲ ਇਕ ਪਾਸੇ ਬੁਲਾ, "ਤੁਸੀਂ ਵੀ ਇਨ੍ਹਾਂ ਨਾਲ ਰਲ ਗਏ। ਤੁਹਾਨੂੰ ਮੈਂ ਫੋਨ 'ਤੇ ਵੀ ਦੱਸ ਦਿਤਾ ਸੀ ਕਿ ਸਾਡਾ ਦੋਹਾਂ ਜੀਆਂ ਦਾ ਫੈਸਲਾ ਐ ਕਿ ਰੱਖਾਂਗੇ। ਬੱਸ ਇਹ ਬੀਜੀ ਨੇ, ਹਾਏ ਪੋਤਾ! ਹਾਏ ਪੋਤਾ! ਤੁਸੀਂ ਦੱਸੋ ਇਹ ਮੇਰੇ ਵੱਸ ਹੈ, ਜੇ ਤੀਜੀ ਵਾਰ ਫੇਰ ਕੁੜੀ ਹੋਈ?"

"ਚੱਲ ਬੇਟਾ ਤੁਹਾਡੇ ਵੱਡੇ ਨੇ, ਜਿਵੇਂ ਤੇਰੀ ਤੇ ਅਵਤਾਰ ਦੀ ਮਰਜੀ, ਕਰ ਲਉ, ਤੈਨੂੰ ਪਤਾ ਜੇ ਇਨ੍ਹਾਂ ਬੁਲਾਇਆ, ਮੈਨੂੰ ਤੇ ਆਉਣਾ ਪੈਣਾ ਹੀ ਸੀ।"



**ਚਰਨਜੀਤ ਸਿੰਘ ਸਾਹੀ**
ਫੋਨ: 317-430-6545

ਸਿਮਰਨ ਦੇ ਮੰਮੀ ਵਾਪਿਸ ਚਲੇ ਗਏ। ਸਮਾਂ ਜਣੇਪੇ ਦਾ ਆ ਗਿਆ।

"ਬੀਜੀ, ਆ ਵੀ ਗਏ, ਡਾਕਟਰ ਤਾਂ ਅੱਜ ਸ਼ਾਮ ਤਾਂਈ ਦੱਸਦੇ ਸੀ।"

"ਆ ਗਈ, ਬਾਹਲੀ ਕਾਹਲੀ ਸੀ, ਚੱਲ ਗਾਹਾਂ ਹੁਣ ਮਾਹਾਰਾਜ ਬੂਟਾ ਲਾਵੇ।"

"ਬੀਜੀ ਇਹ ਮੇਰੇ ਦੋਵੇਂ ਪੁੱਤਰ ਹੀ ਨੇ, ਪੁੱਤਾਂ ਵਾਂਗ ਹੀ ਪਾਲਾਂਗਾ, ਤੁਸੀਂ ਕਿਉਂ ਐਂ ਕਰਦੇ ਓਂ? ਰੋਟੀ ਲਿਆਉ ਖਾਈਏ, ਭੁੱਖ ਲੱਗੀ ਏ, ਅੱਜਕਲ ਧੀਆਂ ਪੁੱਤਰਾਂ 'ਚ ਕੋਈ ਫਰਕ ਨਹੀਂ, ਬਸ਼ਰਤੇ ਉਨ੍ਹਾਂ ਨੂੰ ਵੀ ਪੁੱਤਰਾਂ ਵਾਲੇ ਮੌਕੇ ਤੇ ਸਹੂਲਤਾਂ ਦਿੱਤੀਆਂ ਜਾਣ।"

ਕੁਝ ਦਿਨਾਂ ਬਾਅਦ ਤਾਰੀ ਸਿਮਰਨ ਤੇ ਬੱਚੀ ਨੂੰ ਘਰ ਲੈ ਆਇਆ।

"ਵੇ ਅਵਤਾਰ, ਹਾਅ ਕੀ ਕੀਤਾ, ਬੇਸ਼ਰਮਾ ਮਾਂ ਕੋਲੋ ਲੁਕੋ ਰੱਖਿਆ। ਰੱਬ ਦੇ ਘਰ ਦੇਰ ਏ, ਅੰਧੇਰ ਨਹੀਂ, ਸਿਮਰਨ ਨੇ ਮੈਨੂੰ ਸਭ ਦੱਸ ਦਿਤਾ। ਵੇ ਦੱਸ ਪੁੱਤਾਂ ਬਿਨਾ ਵੀ ਪੀੜ੍ਹੀਆਂ ਚੱਲਦੀਆਂ, ਤੂੰ ਕਾਹਤੋਂ ਇਹਦਾ ਅਪਰੇਸ਼ਨ ਕਰਵਾ ਦਿੱਤਾ।" ਮਾਤਾ ਗੁੱਸੇ 'ਚ ਬੋਲੀ ਜਾ ਰਹੀ ਸੀ।

"ਓ ਮਾਤਾ, ਮਾਤਾ!" ਤਾਰੀ ਮਾਂ ਨੂੰ ਗਲਵੱਕੜੀ ਪਾ ਸਮਝਾਉਣ ਲੱਗਾ।

"ਪਰੇ ਹੋ ਜਾ, ਮੈਨੂੰ ਨਾ ਬੁਲਾ।" ਮਾਂ ਨੇ ਨਿਹੋਰਾ ਦਿੱਤਾ।

ਤਾਰੀ ਹੋਰੀਂ ਦੋ ਭਰਾ ਸਨ-ਵੱਡਾ ਬਲਕਾਰ ਸਿੰਘ ਤੇ ਛੋਟਾ ਤਾਰੀ, ਪੂਰਾ ਨਾਂ ਅਵਤਾਰ ਸਿੰਘ। ਕੋਈ ਦਸ ਸਾਲ ਪਹਿਲਾਂ ਉਨ੍ਹਾਂ ਦੇ ਬਾਪੂ ਜੀ ਗੁਜ਼ਰ ਗਏ ਸਨ। ਮਾਤਾ ਆਪਣੇ ਛੋਟੇ ਪੁੱਤਰ ਨਾਲ ਹੀ ਰਹਿੰਦੀ ਸੀ। ਭਰਾ ਦੇ ਦੋ ਬੇਟੇ, ਚੰਗੀ ਜ਼ਮੀਨ ਜਾਇਦਾਦ ਕਰਕੇ ਉਸ ਨੇ ਮੁੰਡਿਆਂ ਨੂੰ ਥੋੜ੍ਹਾ ਪੜ੍ਹਾ ਕੇ ਨਾਲ ਖੇਤੀ ਵਿਚ ਹੀ ਲਾ ਲਿਆ। ਦੂਜੇ ਪਾਸੇ, ਅਵਤਾਰ ਨਾਲ ਦੇ ਪਿੰਡ ਸਕੂਲ ਵਿਚ ਮਾਸਟਰ ਸੀ। ਆਪਣੇ ਹਿੱਸੇ ਦੀ ਜ਼ਮੀਨ ਉਸ ਨੇ ਹਿੱਸੇ 'ਤੇ ਭਰਾ ਨੂੰ ਦੇ ਰੱਖੀ ਸੀ। ਸਿਮਰਨ ਬੀ.ਏ. ਸੀ ਪਰ ਨੌਕਰੀ ਦਾ ਕੋਈ ਸਬੱਬ ਨਹੀਂ ਸੀ ਬਣਿਆ। ਉਂਜ ਸਿਆਣੀ ਤੇ ਮਿਹਨਤੀ ਸੀ, ਕੁਝ ਲਵੇਰੀਆਂ ਰੱਖ ਕੇ ਘਰ ਵਾਸਤੇ ਖੁੱਲ੍ਹੇ ਦੁੱਧ, ਘਿਉ ਦਾ ਬੰਦੋਬਸਤ ਕਰ ਲਿਆ। ਵਾਧੂ ਦੁੱਧ ਡੇਅਰੀ 'ਚ ਪਾ ਕੇ ਕਬੀਲਦਾਰੀ 'ਚ ਅਵਤਾਰ ਦਾ ਹੱਥ ਵੀ ਵਟਾ ਰਹੀ ਸੀ। ਦਿਨ ਗੁਜ਼ਰਦੇ ਗਏ, ਬੇਟੀਆਂ ਪੜ੍ਹਨ ਵਿਚ ਬਹੁਤ ਹੁਸ਼ਿਆਰ, ਦਾਦੀ ਨਾਲ ਏਨਾ ਪਿਆਰ, ਸਕੂਲੋਂ ਆਉਂਦਿਆਂ ਗਲ੍ਹ ਨੂੰ ਚੰਬੜ ਜਾਣਾ, ਛੋਟੀ ਜੋਤ ਰਾਤੀ ਸੌਂਦੀ ਵੀ ਦਾਦੀ ਨਾਲ, ਖਾਂਦੀ ਵੀ ਦਾਦੀ ਕੋਲੋਂ।

"ਜਦੋਂ ਤੇਰਾ ਵਿਆਹ ਹੋ ਗਿਆ, ਫੇ' ਦਾਦੀ ਨੂੰ ਕਿਥੋਂ ਲੱਭੇਗੀ?"

"ਨਹੀਂ, ਨਹੀਂ! ਦਾਦੀ, ਮੈਂ ਨ੍ਹੀਂ ਵਿਆਹ ਵਿਊਹ ਕਰਾਉਣਾ।"

"ਮੇਰੀਏ ਰਾਣੀ ਧੀਏ ਅਸੀਂ ਇਹੀ ਕਹਿੰਦੀਆਂ ਸੀ ਤੇਰੇ ਵਾਂਗ, ਛੋਟੀਆਂ ਹੁੰਦੀਆਂ।" ਕੋਲ ਬੈਠੀ ਸਿਮਰਨ ਦਾਦੀ-ਪੋਤੀ ਦੀਆਂ ਗੱਲਾਂ ਬੜੇ ਮੋਹ ਨਾਲ ਸੁਣ ਰਹੀ ਸੀ।

"ਆਹ ਦੇਖ ਲੈ, ਬਲਕਾਰ ਦੇ ਲਟੌਰ, ਜਦ ਪੈਸਿਆਂ ਦੀ ਲੋੜ ਹੁੰਦੀ ਆ, ਫੇਰ ਬਥੇਰੇ ਖੇਖਣ ਕਰਨਗੇ, ਤੂੰ ਸਾਡੀ ਦਾਦੀ ਨ੍ਹੀਂ? ਉਂ ਕਦੀ ਨਹੀਂ ਪੁਛਿਆ।" ਚਿੰਤ ਕੌਰ ਨੇ ਕਿਹਾ।

"ਦਾਦੀ, ਉਹ ਤਾਂ ਫੇ' ਮੁੰਡੇ ਨੇ ਨਾ, ਪੋਤੇ।"

"ਉਹ ਤਾਂ ਕੁੜੇ ਹੈਗੇ ਨੇ।"

ਬਲਕਾਰ ਸਿੰਘ ਹਮੇਸ਼ਾਂ ਕਹਿੰਦਾ, "ਹੁਣ ਕੁੜੀਆਂ ਨੂੰ ਬਾਰਾਂ ਕਰਾ ਕੇ ਨਾਲੋ ਨਾਲ ਹੱਥ ਪੀਲੇ ਕਰੀ ਜਾਹ। ਮੈਂ ਕਹਿਨਾਂ, ਛੋਟੇ ਭਾਈ ਜਮਾਨਾ ਠੀਕ ਨ੍ਹੀਂ, ਅੱਗੋਂ ਤੇਰੀ ਮਰਜੀ।" ਅਵਤਾਰ ਅਣਸੁਣੀ ਕਰ ਛੱਡਦਾ।

"ਬੇਟੀ! ਕਾਲਜ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਤੇਰੇ ਨਾਲ ਕੁਝ ਗੱਲਾਂ ਕਰਨੀਆਂ ਨੇ।" ਅਵਤਾਰ ਨੇ ਵੱਡੀ ਬੇਟੀ ਕੋਮਲ, ਜਿਸ ਨੂੰ ਇੰਜੀਨੀਅਰਿੰਗ ਵਿਚ ਦਾਖਲਾ ਮਿਲ ਗਿਆ ਸੀ, ਨੂੰ ਕਿਹਾ।

"ਹੁਣ ਤਾਂ ਇਸ ਨੂੰ ਦਾਖਲਾ ਮਿਲ ਗਿਆ ਏ, ਤੁਸੀਂ ਫੇਰ ਕਲਾਸ ਲਾ ਲਈ ਕੁੜੀ ਦੀ, ਆਰਾਮ ਕਰ ਲੈਣ ਦਿਉ, ਅਗਲੇ ਹਫਤੇ ਤੋਂ ਫਿਰ ਚੱਲ ਸੋ ਚੱਲ ਸ਼ੁਰੂ ਹੋ ਜਾਣੀ ਏਹਦੀ।" ਸਿਮਰਨ ਬੋਲੀ।

"ਕੋਈ ਗੱਲ ਨਹੀਂ ਮੰਮੀ, ਡੈਡੇ ਕੋਈ ਮੱਤ ਦੀ ਗੱਲ ਹੀ ਦੱਸਣਗੇ।"

"ਆ, ਤੂੰ ਵੀ ਦੋ ਘੜੀ ਬੈਠ ਜਾ, ਸਿਮਰਨ।" ਅਵਤਾਰ ਨੇ ਇਸ਼ਾਰੇ ਨਾਲ ਬੈਠਣ ਨੂੰ ਕਿਹਾ।"

"ਹਾਏ, ਮੇਰੀ ਬੈਕ ਕਦੀ ਕਦੀ ਬਹੁਤ ਤੰਗ ਕਰਦੀ ਏ।" ਕਹਿੰਦੀ ਸਿਮਰਨ ਬੈਠ ਗਈ।

"ਕੋਮਲ!" ਅਵਤਾਰ ਥੋੜ੍ਹਾ ਰੁਕ ਗਿਆ।

"ਦੱਸੋ ਡੈਡੀ।"

"ਬੇਟੀ, ਮੈਂ ਤੁਹਾਨੂੰ ਆਪਣੇ ਦੋ ਪੁੱਤਰ ਹੀ ਸਮਝਦਾਂ ਬੱਸ, ਸਿਰਫ ਪੜ੍ਹਨਾ ਹੈ।"

"ਡੈਡੀ ਜੀ!" ਵਿਚੋਂ ਟੋਕਦਿਆਂ ਕੋਮਲ ਨੇ ਕਿਹਾ, "ਮੈਂ ਸਮਝ ਗਈ, ਤੁਸੀਂ ਕੀ ਕਹਿਣਾ, ਤੁਹਾਨੂੰ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਦਿਆਂਗੀ। ਮੈਨੂੰ ਪਤਾ ਹੈ, ਤਾਇਆ ਜੀ ਤੇ ਵੀਰੇ ਕੀ ਕਹਿੰਦੇ ਹਨ, ਅਖੇ ਕੁੜੀਆਂ ਨੂੰ ਏਨਾ ਪੜ੍ਹਾ ਕੇ ਪਤਾ ਨਹੀਂ ਇਹਨੇ ਕਿਹੜੀਆਂ ਡੀ.ਸੀ. ਲਾਉਣੀਆਂ ਨੇ।"

ਪਿੰਡ 'ਚ ਆਮ ਚਰਚਾ ਸੀ ਕਿ ਅਵਤਾਰ ਦੇ ਭਤੀਜੇ ਕਹਿੰਦੇ ਹਨ ਕਿ ਚਾਚਾ, ਤੂੰ ਤੇ ਚਾਚੀ ਮਰੀ ਜਾਓ ਦਿਨ ਰਾਤ, ਕੰਮ ਕਰਕੇ, ਸਾਂਭਣੀ ਸਾਰੀ ਅਸੀਂ ਈ ਏ।

ਬਲਕਾਰ ਪਿੰਡ ਚ ਪਾਰਟੀ ਬਣਾ ਕੇ ਸਰਪੰਚੀ 'ਤੇ ਵੀ ਕਾਬਜ਼ ਹੋ ਚੁੱਕਾ ਸੀ। ਦੋਵੇਂ ਮੁੰਡੇ ਨਿਕੰਮੇ, ਕੰਮ ਨੂੰ ਹੱਥ ਨਾ ਲਾਉਂਦੇ, ਉਤੋਂ ਨਿੱਤ ਦੇ ਝਗੜੇ ਉਲ੍ਹਾਮੇ ਵੱਖ। ਕਈ ਵਾਰੀ ਉਨ੍ਹਾਂ ਦਾ ਪਿਉ ਕਹਿ ਦਿੰਦਾ, "ਕੰਜਰੋ ਅਵਤਾਰ ਦੀਆਂ ਕੁੜੀਆਂ ਵੱਲ ਵੇਖੋ, ਨਾਲੇ ਹੋਰ ਦੱਸ ਦਿਆਂ ਉਹਦੀ ਜਾਇਦਾਦ ਵੱਲ ਕੁੱਤੇ ਝਾਕ ਨਾ ਰੱਖਿਓ।"

---

ਸਾਲ ਬੀਤ ਗਏ। ਕੋਮਲ ਦੋ ਕੁ ਮਹੀਨੇ ਬਾਅਦ ਹੀ ਹੋਸਟਲ ਤੋਂ ਘਰ ਆਉਂਦੀ। ਉਹ ਸ਼ੁਰੂ ਤੋਂ ਹੀ ਘਟ ਬੋਲਦੀ। ਕੋਮਲ ਦੀ ਡਿਗਰੀ ਪੂਰੀ ਹੋ ਗਈ। ਛੋਟੀ ਜੋਤ ਦੀ ਫਾਰਮੇਸੀ ਦੀ ਡਿਗਰੀ ਪੂਰੀ ਹੋਣ 'ਚ ਅਜੇ ਦੋ ਸਾਲ ਰਹਿੰਦੇ ਸਨ। ਉਹ ਹੋਸਟਲ ਤੋਂ ਪੰਦਰੀਂ ਦਿਨੀਂ ਜਰੂਰ ਘਰ ਆਉਂਦੀ। ਘਰ ਵੜਦਿਆਂ ਹੀ ਬੋਲਦੀ, "ਕਿਥੇ ਮੇਰੀ ਪਿਆਰੀ ਦਾਦੀ?" ਨਾ ਦਿਸਦੀ ਤਾਂ, ਦਾਦੀ...ਦਾਦੀ ਕਰਦੀ ਘਰ ਸਿਰ 'ਤੇ ਚੁੱਕ ਲੈਂਦੀ।

ਸਿਮਰਨ ਰਸੋਈ 'ਚੋਂ ਬਾਹਰ ਆਉਂਦਿਆਂ, "ਪੁੱਤ ਮੈਂ ਵੀ ਆਂ ਘਰੇ, ਦਾਦੀ ਜੇ ਘਰ ਨਹੀਂ ਤਾਂ ਸਮਝ ਲਿਆ ਕਰ ਤਾਏ ਵੱਲ ਗਈ।"

ਜਦੋਂ ਜੋਤ ਨੂੰ ਦਾਦੀ ਨਜ਼ਰ ਆਉਂਦੀ ਤਾਂ ਦਾਦੀ ਨੂੰ ਗਲਵੱਕੜੀ ਪਾ ਪੁੱਛਦੀ, "ਦਾਦੀ ਦਵਾਈ ਲੈਨੇਂ ਓਂ ਨਾ ਰੋਜ?" ਦੋ ਦਿਨ ਝੱਟ ਨਿਕਲ ਜਾਂਦੇ।

ਉਨ੍ਹਾਂ ਦੀ ਰੀਸੇ ਹੋਰ ਕੁੜੀਆਂ ਵੀ ਪਿੰਡੋਂ ਕਾਲਜ ਜਾਣ ਲੱਗੀਆਂ। ਜਨਵਰੀ ਮਹੀਨੇ ਹਰ ਐਤਵਾਰ ਦੀ ਤਰ੍ਹਾਂ ਸਵੇਰੇ ਅਵਤਾਰ ਵਿਹੜੇ 'ਚ ਧੁੱਪੇ ਬੈਠਾ ਅਖਬਾਰ ਪੜ੍ਹਦਿਆਂ ਮੈਟਰੀਮੋਨੀਅਲ ਵਾਲੇ ਪੇਜ 'ਤੇ ਨਜ਼ਰ ਮਾਰ ਰਿਹਾ ਸੀ। "ਸਿਮਰਨ, ਸਿਮਰਨ! ਮੈਂ ਕਿਹਾ ਕਿਥੇ ਓ ਜਨਾਬ?"

"ਆਪੇ ਤਾਂ ਤੁਸੀਂ ਚਾਹ ਲਿਆਉਣ ਨੂੰ ਭੇਜਿਆ ਸੀ, ਭੁਲੱਕੜ ਜਿਹੇ। ਆਹ ਪਹਿਲਾਂ ਪੀ ਲਓ, ਫੇਰ ਨਾ ਕਹਿਣਾ ਠੰਡੀ ਹੋ ਗਈ।"

"ਨਹੀਂ! ਚਾਹ ਬਾਅਦ 'ਚ, ਆਹ ਦੇਖ ਪਹਿਲਾਂ ਕੋਮਲ ਲਈ ਮੁੰਡਾ ਕਿੰਨਾ ਸੂਟ ਕਰਦਾ, ਅਮਰੀਕਾ ਤੋਂ ਆਇਆ, ਆਈ ਟੀ ਇੰਡਸਟਰੀ 'ਚ ਕੰਮ ਕਰਦਾ। ਲਿਖਿਆ, ਵਿਆਹ ਬਿਨਾ ਦਹੇਜ, ਸਾਦਾ, ਪਰ ਇਕ ਗੱਲ ਆ, ਵਿਆਹ ਦੋ ਹਫਤਿਆਂ 'ਚ ਕਰਨਾ ਚਾਹੁੰਦੇ ਨੇ।"

"ਤੁਸੀ ਤਾਂ ਐਂ ਗੱਲਾਂ ਕਰਦੇ ਓਂ ਜਿਵੇਂ ਮੁੰਡੇ ਵਾਲਿਆਂ ਹਾਂ ਕਰ ਦਿੱਤੀ, ਬਾਹਰ ਵਾਲੇ ਕਈ ਕੁੜੀਆਂ ਦੇਖਦੇ, ਉਨ੍ਹਾਂ ਦੇ ਨੱਕ 'ਤੇ ਐਡੀ ਛੇਤੀ ਕੋਈ ਕੁੜੀ ਨਹੀਂ ਚੜ੍ਹਦੀ ਤੇ ਨਾਲੇ ਆਹ ਜੋ ਸਾਦਾ ਲਿਖ ਦਿੰਦੇ ਨੇ, ਸਾਦਾ-ਸੁਦਾ ਕੋਈ ਨ੍ਹੀਂ ਹੁੰਦਾ। ਪਿੱਛੋਂ ਗਜ ਗਜ ਲੰਮੀਆਂ ਲਿਸਟਾਂ ਹੱਥ ਫੜ੍ਹਾ ਦਿੰਦੇ ਨੇ, ਅਖੇ ਆਹ ਵੀ ਚਾਹੀਦਾ ਤੇ ਅਹੁ ਵੀ।"

"ਓ ਹੋ, ਤੂੰ ਤਾਂ ਮੁੰਡੇ ਵਾਲਿਆਂ ਤੋਂ ਵੀ ਵੱਡਾ ਲੈਕਚਰ ਦੇ ਦਿਤਾ। ਪਹਿਲਾਂ ਫੋਨ ਕਰਕੇ ਦੇਖਦੇ ਆਂ, ਜੇ ਕੋਈ ਸਿਧੀ ਤੰਦ ਪਾਉਣਗੇ, ਠੀਕ ਆ। ਨਹੀਂ ਤਾਂ ਉਹ ਆਪਣੇ ਘਰ ਰਾਜੀ, ਆਪਾਂ ਆਪਣੇ ਘਰ। ਮੈਂ ਤਾਂ ਤੇਰੇ ਸਾਹਮਣੇ ਕੁੜੀ ਨੂੰ ਵੀ ਪੁਛਿਆ, ਭਾਈ ਜੇ ਤੈਨੂੰ ਕੋਈ ਮੁੰਡਾ ਪਸੰਦ ਆ, ਦੱਸ ਦੇਹ। ਪੜ੍ਹਿਆ ਲਿਖਿਆ ਹੋਵੇ, ਜਾਤ ਬਰਾਦਰੀ ਦੀ ਕੋਈ ਪਰਵਾਹ ਨਹੀਂ ਸਾਨੂੰ, ਉਹ ਕਹਿੰਦੀ, 'ਡੈਡੀ ਤੁਸੀਂ ਜਿਵੇਂ ਠੀਕ ਸਮਝੋ।' ਪਰ ਕਹਿੰਦੀ ਕਿ ਪ੍ਰਾਪਰਟੀ ਭਾਵੇਂ ਭੋਰਾ ਨਾ ਹੋਵੇ, ਪੜ੍ਹਿਆ-ਲਿਖਿਆ ਤੇ ਨੌਕਰੀ ਕਰਦਾ ਹੋਵੇ।"

"ਮੈਂ ਫੋਨ ਕਰਕੇ ਦੇਖਦਾਂ।" ਅਵਤਾਰ ਨੇ ਫੋਨ ਕੀਤਾ, ਮੁੰਡੇ ਦੇ ਪਿਉ ਨਾਲ ਗੱਲ ਹੋ ਗਈ।

"ਲੈ! ਉਹ ਤਾਂ ਕਹਿੰਦੇ ਅਸੀਂ ਕੱਲ੍ਹ ਹੀ



ਪਹੁੰਚੇ ਆਂ, ਇੰਡੀਆ। ਉਹ ਕਹਿੰਦੇ ਆਪਾਂ ਮਿਲ ਲੈਂਦੇ ਆਂ, ਨਾਲੇ ਬੱਚੇ ਮਿਲ ਲੈਣਗੇ। ਅਸੀਂ ਆ ਜਾਂਦੇ ਆਂ ਜਾਂ ਤੁਸੀਂ ਆ ਜਾਉ, ਜਿਵੇਂ ਤੁਹਾਨੂੰ ਸੂਟ ਕਰਦਾ, ਪਰ ਫੈਸਲਾ ਬੱਚੇ ਕਰਨਗੇ। ਹੁਣ ਤੂੰ ਦੱਸ ਕਿਵੇਂ ਕਰੀਏ? ਘਰੇ ਨਾ ਬੁਲਾ ਲਈਏ, ਜਾਂ ਕਿਸੇ ਰੈਸਟੋਰੈਂਟ 'ਚ ਸ਼ਹਿਰ?"

"ਮੈਂ ਤਾਂ ਕਹਿਨੀ ਆਂ, ਆਪਾਂ ਫਤਿਹਗੜ੍ਹ ਸਾਹਿਬ ਗੁਰਦੁਆਰੇ ਮਿਲ ਲਈਏ। ਜੋ ਤੁਸੀਂ ਉਨ੍ਹਾਂ ਦਾ ਪਤਾ ਦੱਸਿਆ, ਉਨ੍ਹਾਂ ਨੂੰ ਵੀ ਨੇੜੇ ਆਪਾਂ ਨੂੰ ਵੀ।"

"ਵਾਹ ਬਈ ਵਾਹ, ਆਹ ਤਾਂ ਮੇਰੇ ਦਿਮਾਗ 'ਚ ਆਇਆ ਨਹੀਂ।"

"ਲਉ ਜੀ! ਏਨਾ ਤਾਂ ਬੰਦੇ-ਜਨਾਨੀ ਦੇ ਦਿਮਾਗ 'ਚ ਫਰਕ ਹੁੰਦਾ ਈ ਏ।"

"ਸਿਮਰਨ!" ਤਾਰੀ ਨੇ ਪੋਲਾ ਜਿਹਾ ਬਾਂਹ ਤੋਂ ਹਲੂਣਿਆ।

"ਚੱਲੋ ਛੱਡੋ, ਹੋਰ ਕੀ!" ਸਿਮਰਨ ਰਸੋਈ 'ਚੋਂ ਬੀਜੀ ਦੀ ਆਵਾਜ਼ ਸੁਣ, ਰਸੋਈ ਜਾ ਵੜੀ।

ਅਵਤਾਰ ਨੇ ਉਸੇ ਵੇਲੇ ਫੋਨ ਕਰਕੇ ਅਗਲੇ ਦਿਨ ਦੁਪਹਿਰੇ ਮੁੰਡੇ ਵਾਲਿਆਂ ਨਾਲ ਗੁਰਦੁਆਰੇ ਮਿਲਣ ਦਾ ਪ੍ਰੋਗਰਾਮ ਬਣਾ ਆਪਣੇ ਸਾਰੇ ਪਰਿਵਾਰ ਨੂੰ ਦੱਸ ਦਿੱਤਾ ਤੇ ਨਾਲ ਹੀ ਸਿਮਰਨ ਦੇ ਨਾਨੇ ਨੂੰ ਫੋਨ ਕਰਕੇ ਪਹੁੰਚਣ ਲਈ ਕਹਿ ਦਿਤਾ, ਜੋ ਫੌਜ 'ਚੋਂ ਸੂਬੇਦਾਰ ਰਿਟਾਇਰ ਹੋਇਆ ਸੀ। ਸਿਮਰਨ ਦੇ ਡੈਡੀ ਦੀ ਬਹੁਤ ਪਹਿਲਾਂ ਐਕਸੀਡੈਂਟ 'ਚ ਮੌਤ ਹੋ ਜਾਣ ਕਰਕੇ, ਮਾਂ-ਧੀ ਦੀ ਦੇਖ-ਭਾਲ ਨਾਨਕਿਆਂ ਨੇ ਹੀ ਕੀਤੀ ਸੀ ਤੇ ਨਾਨਾ ਕਾਫੀ ਸੁਲਝਿਆ ਬੰਦਾ ਸੀ। ਮਿਥੇ ਸਮੇਂ 'ਤੇ ਅਵਤਾਰ ਪਰਿਵਾਰ ਨਾਲ ਗੁਰਦੁਆਰੇ ਪਹੁੰਚਾ ਹੀ ਸੀ ਕਿ ਮੁੰਡੇ ਵਾਲੇ ਵੀ ਪਹੁੰਚ ਗਏ। ਪਹਿਲਾਂ ਅਵਤਾਰ ਨੇ ਆਪਣੇ ਪਰਿਵਾਰ ਦੀ ਜਾਣ-ਪਛਾਣ ਕਰਵਾਈ। ਪਿੱਛੋਂ ਮੁੰਡੇ ਦੇ ਪਿਤਾ ਨੇ, "ਸਰਦਾਰ ਜੀ ਮੇਰਾ ਨਾਂ ਪਿਆਰਾ ਸਿੰਘ, ਇਹ ਮੇਰੀ ਵਾਈਫ ਜਤਿੰਦਰ, ਬੇਟੀ ਕਿਰਨ, ਜਵਾਈ ਰਾਜ ਸਿੰਘ ਤੇ ਬੇਟਾ ਸੁਖਵਿੰਦਰ ਸਿੰਘ, ਪਿਆਰ ਨਾਲ ਘਰ 'ਚ ਸੁੱਖ ਕਹਿ ਕੇ ਬੁਲਾਉਂਦੇ ਹਾਂ।"

ਦੋਵਾਂ ਪਰਿਵਾਰਾਂ ਨੇ ਆਪਣੇ ਪਿਛੋਕੜ ਬਾਰੇ ਪੁਛਿਆ-ਦੱਸਿਆ। ਪਿਆਰਾ ਸਿੰਘ ਨੇ ਦੱਸਿਆ ਮੇਰੇ ਇਹ ਦੋ ਹੀ ਬੱਚੇ ਹਨ ਤੇ ਕਿਵੇਂ 15 ਸਾਲ ਪਹਿਲਾਂ ਇੰਡੀਆ ਤੋਂ ਸੈਂਟਰ ਦੀ ਚੰਗੀ ਨੌਕਰੀ ਤੋਂ ਅਗਾਊਂ ਰਿਟਾਇਰਮੈਂਟ ਲੈ ਆਪਣੀ ਭੈਣ ਰਾਹੀਂ ਪਰਿਵਾਰ ਸਣੇ ਅਮਰੀਕਾ ਗਏ ਤੇ ਸਖਤ ਮਿਹਨਤ ਕਰਕੇ ਬੱਚਿਆਂ ਨੂੰ ਪੜ੍ਹਾਇਆ ਤੇ ਸੈਟ ਹੋਏ।

ਕੋਮਲ ਤੇ ਸੁੱਖ ਨੂੰ ਆਪਸ 'ਚ ਗੱਲਾਂ ਕਰਨ ਲਈ ਭੇਜ ਦਿੱਤਾ। ਉਹ ਵੀ ਕੋਈ ਘੰਟੇ ਕੁ ਪਿਛੋਂ ਵਾਪਿਸ ਆ ਗਏ ਤੇ ਵੱਡਿਆਂ ਵੀ ਗੱਲਾਂ ਬਾਤਾਂ ਦੀ ਤਸੱਲੀ ਕਰ ਲਈ।

"ਹਾਂ ਬਈ ਬੱਚਿਓ!" ਪਿਆਰਾ ਸਿੰਘ ਨੇ ਕੋਮਲ ਤੇ ਸੁੱਖ ਨੂੰ ਪੁੱਛ ਲਿਆ।

ਸੁੱਖ ਕਹਿੰਦਾ, "ਮੈਨੂੰ ਤਾਂ ਓ ਕੇ ਆ, ਕੋਮਲ ਨੂੰ ਪੁੱਛ ਲਵੋ।"

"ਹਾਂ! ਬੇਟੀ ਤੁਸੀਂ ਦੱਸੋ?"

ਕੋਮਲ ਨੇ ਸ਼ਰਮਾ ਕੇ ਮੂੰਹ ਹੇਠਾਂ ਕਰ ਲਿਆ ਤੇ ਜਰਾ ਰੁਕ ਕੇ ਬੋਲੀ, "ਮੈਨੂੰ ਵੀ ਠੀਕ ਏ।"

"ਸਰਦਾਰ ਜੀ, ਤੁਸੀਂ ਅਮਰੀਕਾ ਤੋਂ, ਇਥੋਂ ਸਾਡੇ ਬਾਰੇ ਪੂਰੀ ਤਸੱਲੀ ਕਰੋ, ਤੁਹਾਨੂੰ ਦੋਵੇਂ ਐਡਰੈਸ ਦੇ ਦਿਤੇ ਹਨ। ਬੱਚੇ ਵੀ ਹੋਰ ਦੋ ਚਾਰ ਦਿਨ ਗੱਲਬਾਤ ਕਰ ਲੈਣ ਪਰ ਬੇਨਤੀ ਹੈ ਕਿ ਇਕ ਮਹੀਨਾ ਸਾਡੇ ਕੋਲ ਹੈ ਜੇ ਸਾਰਾ ਕੁਝ ਦੋਹੀਂ ਪਾਸੀਂ ਠੀਕ ਹੋਵੇ, ਅਸੀਂ ਚਾਹੁੰਦੇ ਹਾਂ ਕਿ ਵਿਆਹ ਆਪਾਂ ਦੋ ਹਫਤਿਆਂ ਤਕ ਕਰ ਲਈਏ। ਫੇਰ ਬੱਚੇ ਦੋ ਹਫਤੇ ਇਕੱਠੇ ਰਹਿ ਲੈਣ।

ਸਿਮਰਨ ਦਾ ਨਾਨਾ ਕਹਿਣ ਲੱਗਾ, "ਸਰਦਾਰ ਜੀ ਅਸੀਂ ਫੌਜੀ ਬੰਦੇ ਗੱਲ ਥੋੜੀ ਸਾਫ ਕਰਨ 'ਚ ਵਿਸ਼ਵਾਸ਼ ਰੱਖਦੇ ਹਾਂ।"

"ਕਰੋ ਬਜ਼ੁਰਗੋ, ਪੱਛੋ ਜੋ ਪੁਛਣਾ ਹੈ, ਤੁਹਾਡਾ ਹੱਕ ਬਣਦਾ ਹੈ।"

"ਦੇਖੋ ਜੀ, ਲੋਕ ਕਹਿੰਦੇ ਹੋਰ ਤੇ ਕਰਦੇ ਹੋਰ ਨੇ।"

"ਪਰ ਬਜ਼ੁਰਗੋ! ਜੋ ਅਸੀਂ ਕਹਿ ਦਿੱਤਾ ਪੱਥਰ 'ਤੇ ਲੀਕ ਸਮਝੋ।"

"ਸਰਦਾਰ ਜੀ, ਸਾਰੇ ਪਹਿਲਾਂ ਇਹੋ ਕਹਿੰਦੇ ਨੇ ਕਿ ਕੁੱਛ ਨਹੀਂ ਚਾਹੀਦਾ, ਬਾਅਦ 'ਚ ਕੁੜੀ ਨੂੰ ਤੰਗ ਕਰੀ ਜਾਂਦੇ ਨੇ।"

"ਬਜ਼ੁਰਗੋ ਮੈਂ ਤਾਂ ਫਿਰ ਅਸ਼ਟਾਮ ਹੀ ਲਿਖ ਕੇ ਦੇ ਸਕਦਾਂ, ਨਾਲੇ ਮੈਂ ਕੋਈ ਦਹੇਜ ਜਾਂ ਕਾਰਾਂ ਜਹਾਜ 'ਤੇ ਲੱਦ ਕੇ ਤਾਂ ਅਮਰੀਕਾ ਲਿਜਾਣੋ ਰਿਹਾ।"

"ਨਾਨਾ ਜੀ।" ਅਵਤਾਰ ਜਰਾ ਖਿਝ ਕੇ ਬੋਲਿਆ, "ਕਿਹੋ ਜਹੀਆਂ ਗੱਲਾਂ ਕਰ ਰਹੇ ਹੋ।"

"ਕੋਈ ਗੱਲ ਨਹੀਂ, ਅਵਤਾਰ ਸਿੰਘ ਜੀ, ਬਜ਼ੁਰਗ ਵੀ ਠੀਕ ਕਹਿੰਦੇ ਨੇ, ਲੋਕ ਕਰਦੇ ਨੇ ਏਦਾਂ ਪਰ ਅਸੀਂ ਨਹੀਂ।"

ਉਧਰ ਕੋਮਲ ਵੀ ਨਾਨੇ ਦੀਆਂ ਗੱਲਾਂ ਤੋਂ ਖਿਝ ਕੇ ਮਾਂ ਵੱਲ ਟੇਢਾ ਵੇਖ ਰਹੀ ਸੀ। ਕੋਮਲ ਤੇ ਸੁੱਖ ਨੂੰ ਇਕ ਦੂਜੇ ਦੇ ਫੋਨ ਲੈ ਲੈਣ ਨੂੰ ਕਿਹਾ ਗਿਆ ਤੇ ਅਖੀਰ ਇਕ ਦੋ ਦਿਨ ਦਾ ਸਮਾਂ ਲੈ ਕੇ ਵਿਦਾ ਹੋ ਗਏ। ਦੋ ਦਿਨਾਂ ਪਿਛੋਂ ਰਿਸ਼ਤਾ ਪੱਕਾ ਹੋ ਗਿਆ। ਵਿਆਹ ਪੱਕਾ ਹੋ ਗਿਆ, ਖੁਸ਼ੀ ਨਾਲ ਸਿਮਰਨ ਦੇ ਪੈਰ ਜ਼ਮੀਨ 'ਤੇ ਨਹੀਂ ਸਨ ਲੱਗਦੇ ਤੇ ਕਈ ਵਾਰ ਉਦਾਸ ਵੀ ਹੁੰਦੀ ਕਿ ਮੇਰੀ ਕੋਮਲ ਨੇ ਸੱਤ ਸਮੁੰਦਰੋਂ ਪਾਰ ਚਲੇ ਜਾਣਾ ਹੈ। ਮਾਤਾ ਵੀ ਖੁਸ਼ ਸੀ ਕਿ ਮੇਰੇ ਪੁੱਤਰ ਦਾ ਕੁਝ ਭਾਰ ਹੌਲਾ ਹੋਏਗਾ, ਇਕ ਧੀ ਤਾਂ ਆਪਣੇ ਘਰ ਜਾਏਗੀ। ਮੁੰਡੇ ਦੇ ਪਿਉ ਨੇ ਪਹਿਲਾਂ ਹੀ ਕਹਿ ਦਿਤਾ ਸੀ ਕਿ ਬਰਾਤ ਗਿਆਰਾਂ ਬੰਦੇ ਆਵਾਂਗੇ, ਕੋਈ ਅਡੰਬਰ ਨਹੀਂ। ਅਸੀਂ ਸਿਰਫ ਬਰੇਕ ਫਾਸਟ ਲਵਾਂਗੇ, ਫਿਰ ਲਾਵਾਂ। ਲੰਚ ਅਸੀਂ ਘਰ ਕਰਨਾ। ਤੁਸੀਂ ਸਾਰੇ ਪਰਿਵਾਰ ਨੇ ਰਿਸ਼ੈਪਸ਼ਨ 'ਤੇ ਜਰੂਰ ਪਹੁੰਚਣਾ।

ਵਿਆਹ ਦਾ ਦਿਨ ਆਇਆ। ਸਾਰਾ ਕੁਝ ਸਹੀ ਹੋ ਗਿਆ। ਮਹੀਨਾ ਕਿਵੇਂ ਲੰਘ ਗਿਆ, ਪਤਾ ਹੀ ਨਾ ਲੱਗਾ। ਅਮਰੀਕਾ ਮੁੜਨ ਤੋਂ ਦੋ ਦਿਨ ਪਹਿਲਾਂ ਪਿਆਰਾ ਸਿੰਘ ਪਰਿਵਾਰ ਸਣੇ ਅਵਤਾਰ ਸਿੰਘ ਦੇ ਪਰਿਵਾਰ ਨੂੰ ਮਿਲਣ ਆਇਆ। ਉਸ ਨੇ ਸੁਨੇਹਾ ਲਾਇਆ ਹੋਇਆ ਸੀ ਕਿ ਬਾਪੂ ਜੀ ਸੂਬੇਦਾਰ ਸਾਹਿਬ ਨੂੰ ਜਰੂਰ ਬੁਲਾਇਓ।

"ਸਾਨੂੰ ਜਿੱਦਾਂ ਦੀ ਨੂੰਹ ਚਾਹੀਦੀ ਸੀ, ਅਵਤਾਰ ਸਿੰਹਾ ਤੁਸੀਂ ਆਪਣੀ ਬੇਟੀ ਸਾਨੂੰ ਦੇ ਦਿੱਤੀ, ਕਿਸੇ ਕਿਸਮ ਦੀ ਵਾਧ ਘਾਟ ਹੋ ਗਈ ਹੋਵੇ ਤਾਂ ਮੁਆਫੀ ਚਾਹੁੰਦਾਂ।"

ਵਿਚੋਂ ਟੋਕਦਿਆਂ ਅਵਤਾਰ ਨੇ ਕਿਹਾ, "ਭਾਈ ਸਾਹਿਬ ਕਾਹਨੂੰ ਸ਼ਰਮਿੰਦੇ ਕਰਦੇ ਓਂ।"

"ਨਹੀਂ! ਸੂਬੇਦਾਰ ਸਾਹਿਬ ਜੋ ਸ਼ਬਦ ਪਹਿਲੇ ਦਿਨ ਇਸ ਜੁਬਾਨ ਤੋਂ ਕੱਢੇ ਸੀ ਮਰਦੇ ਦੰਮ ਤੱਕ ਉਹੀ ਰਹਿਣਗੇ, ਤੁਸੀਂ ਹੈਰਾਨ ਹੋਵੋਂਗੇ। ਸਾਨੂੰ ਪਿੰਡ ਤੇ ਹੋਰ ਰਿਸ਼ਤੇਦਾਰਾਂ ਦੀਆਂ ਕਾਨਾਫੂਸੀਆਂ ਦੀਆਂ ਖਬਰਾਂ ਮਿਲ ਰਹੀਆਂ ਨੇ, 'ਕੈਸ਼ ਲੈ ਲਿਆ ਪਿਆਰਾ ਸਿਹੂੰ ਨੇ ਦਾਜ, ਗੱਡੀ ਇਨ ਕੀ ਕਰਨੀ ਸੀ।' ਹੁਣ ਤੁਸੀਂ ਦੱਸੋ ਇਹ ਦੁਨੀਆਂ ਕਿਸੇ ਨੇ ਸਾਧੀ ਏ। ਅਸੀਂ ਅਮਰੀਕਾ ਤੋਂ ਫੈਸਲਾ ਕਰਕੇ ਤੁਰੇ ਸੀ, ਐਵੇਂ ਲੋਕਾਂ ਦੀਆਂ ਧੀਆਂ ਵੇਖ ਵੇਖ ਸੇਵਾ ਨ੍ਹੀਂ ਕਰਾਉਂਦੇ ਫਿਰਨਾ, ਦੇਖੋ ਵਾਹਿਗੁਰੂ ਦੀ ਕਿਰਪਾ, ਤੁਹਾਡੇ ਪਰਿਵਾਰ ਨੂੰ ਹੀ ਮਿਲੇ ਆਂ। ਬੇਟੀ ਨੇ ਮਹੀਨੇ 'ਚ ਹੀ ਸਾਰੇ ਟੱਬਰ ਦਾ ਮਨ ਜਿੱਤ ਲਿਆ।"

ਪਿਆਰਾ ਸਿੰਘ ਪਰਿਵਾਰ ਸਣੇ ਅਮਰੀਕਾ ਵਾਪਿਸ ਆ ਗਿਆ। ਅੱਠ ਮਹੀਨੇ ਪਿਛੋਂ ਕੋਮਲ ਵੀ ਅਮਰੀਕਾ ਪਹੁੰਚ ਗਈ। ਉਧਰ ਵੱਡੇ ਭਰਾ ਬਲਕਾਰ ਦੇ ਘਰ ਦੀ ਹਾਲਤ ਨਿਘਰ ਰਹੀ ਸੀ ਮੁੰਡਿਆਂ ਦੇ ਸ਼ੌਕਾਂ ਤੇ ਨਸ਼ਿਆਂ, ਪਿਉ ਨੂੰ ਮਜਬੂਰ ਕਰ ਦਿਤਾ ਕੁਝ ਜਮੀਨ ਵੇਚਣ ਲਈ ਤੇ ਕਰਜੇ ਚੁੱਕਣ ਲਈ। ਉਸ ਦੀ ਵੱਡੀ ਨੂੰਹ ਦੋਹਾਂ ਬੱਚਿਆਂ ਨੂੰ ਲੈ ਕੇ, ਦੁਖੀ ਹੋ ਪੇਕੇ ਜਾ ਬੈਠੀ। ਇਸ ਵਾਰੀ ਸਰਪੰਚੀ ਵੀ ਹੱਥੋਂ ਨਿਕਲ ਗਈ। ਇਹ ਸਭ ਦੇਖ ਸੁਣ ਮਾਤਾ ਚਿੰਤ ਕੌਰ ਬਹੁਤ ਪ੍ਰੇਸ਼ਾਨ ਰਹਿੰਦੀ, "ਵੇ ਅਵਤਾਰ, ਕੀ ਬਣੂ ਪੁੱਤ ਦੇ ਘਰ ਦਾ? ਤੁਹਾਡੇ ਬਾਪੂ ਜੀ ਤੇ ਮੈਂ ਇਹ ਜਾਇਦਾਦ ਬਹੁਤ ਔਖੇ ਹੋ ਬਣਾਈ, ਰੁਖੀ ਮਿੱਸੀ ਖਾ ਲਈ ਪਰ ਸਿਆੜ ਨ੍ਹੀਂ ਵੇਚਿਆ, ਆਹ ਨਖੱਟੂਆਂ ਘਰ ਦਾ ਮੂੰਹ ਦੂਜੇ ਪਾਸੇ ਲਾ'ਤਾ।"

"ਬੀਜੀ, ਤੁਹਾਨੂੰ ਯਾਦ ਏ ਭਾਬੀ ਤੇ ਭਾਅਜੀ ਨੂੰ ਬਹੁਤ ਕਿਹਾ ਸੀ, ਬਹੁਤੇ ਲਾਡ ਨ੍ਹੀਂ ਚੰਗੇ। ਇਨ੍ਹਾਂ ਨੂੰ ਥੋੜਾ ਸਖਤੀ ਨਾਲ ਸਕੂਲ ਭੇਜੋ। ਅੱਗੋਂ ਝੇਡਾਂ ਕਰਦੇ ਸੀ, ਅਖੇ ਤੂੰ ਕਰਾ ਲਾ ਕੁੜੀਆਂ ਨੂੰ ਜਿਹੜੀਆਂ ਡਿਗਰੀਆਂ ਕਰਾਉਣੀਆਂ, ਉਦੋਂ ਪਤਾ ਲੱਗੂ ਜਦੋਂ ਇਨ੍ਹਾਂ ਕੋਈ ਪੁਠਾ ਕਾਰਾ ਕਰ'ਤਾ, ਹੁਣ ਮੈਂ ਕੀ ਕਰ ਸਕਦਾਂ ਬਈ ਤੂੰ ਠੇਕਾ ਅਟਕ ਕੇ ਦੇ ਦਈਂ, ਮੈਂ ਪਹਿਲਾਂ ਹੀ ਰੇਟ ਤੋਂ ਅੱਧਾ ਠੇਕਾ ਲੈਨਾਂ।"

ਕੁਝ ਦਿਨ ਲੰਘੇ ਛੋਟਾ ਮੁੰਡਾ ਨਾਲ ਦੇ ਪਿੰਡ ਵਿਚ ਹੋਏ ਕਤਲ 'ਚ ਫੜਿਆ ਗਿਆ। ਫਿਰ ਕੋਰਟ ਕਚਹਿਰੀ, ਪੈਸਾ। ਮਾਤਾ ਚਿੰਤ ਕੌਰ ਮੰਜੇ 'ਤੇ ਪੈ ਗਈ, "ਵੇ ਤਾਰੀ, ਮੇਰੀਆਂ ਆਹ ਪੋਤੀਆਂ ਰਾਣੀਆਂ ਧੀਆਂ, ਨਾ ਇਨ੍ਹਾਂ ਦਾ ਕੋਈ ਉਲ੍ਹਾਮਾ, ਨਾ ਕੋਈ ਦੁੱਖ। ਇਕ ਆਹ ਦੋ ਜਿਨ੍ਹਾਂ ਘਰ ਉਜਾੜ'ਤਾ, ਦੱਸ ਇਨ੍ਹਾਂ ਪੁੱਤਾਂ ਬਿਨਾ ਕੀ ਥੁੜ੍ਹਿਆ ਸੀ।" ਕੁਝ ਦਿਨਾਂ 'ਚ ਮਾਤਾ ਚਾਲੇ ਪਾ ਗਈ।

ਜੋਤ ਦੀ ਡਿਗਰੀ ਮੁੱਕੀ ਹੀ ਸੀ, ਕੋਮਲ ਉਸ ਦਾ ਵਿਆਹ ਕਰਕੇ ਆਪਣੇ ਨੇੜੇ ਅਮਰੀਕਾ ਲੈ ਗਈ। ਜਦੋਂ ਇੰਡੀਆ ਆਈ, ਸਹੁਰਿਆਂ ਦੀਆਂ ਸਿਫਤਾਂ ਕਰਦੀ ਨਹੀਂ ਸੀ ਥੱਕਦੀ। ਅਸਲ ਵਿਚ ਜੋਤ ਦਾ ਰਿਸ਼ਤਾ ਵੀ ਉਨ੍ਹਾਂ ਆਪਣੀ ਜਾਣ-ਪਛਾਣ 'ਚ ਕਰਾਇਆ ਸੀ। ਸਮਾਂ ਆਇਆ ਸਾਰਾ ਪਰਿਵਾਰ ਅਮਰੀਕਾ ਪਹੁੰਚ ਗਿਆ। ਕੁਝ ਮਹੀਨੇ ਰਹਿਕੇ ਅਵਤਾਰ ਤੇ ਸਿਮਰਨ ਨੇ ਫੈਸਲਾ ਕਰ ਲਿਆ ਵਾਪਿਸ ਇੰਡੀਆ ਆਉਣ ਦਾ, "ਕੋਮਲ ਬੇਟਾ ਨਾ ਤਾਂ ਅਸੀਂ ਇਸ ਉਮਰੇ ਕੋਈ ਕੰਮ ਕਰਦੇ ਆਂ, ਕਿੰਨਾ ਚਿਰ ਤੇਰੇ ਘਰ, ਬੱਸ ਅਸੀਂ ਅਗਲੇ ਮਹੀਨੇ ਮੁੜ ਜਾਣਾ।"

ਕੋਮਲ ਤੇ ਸੁੱਖ ਨੇ ਆਪਣੀ ਪੂਰੀ ਵਾਹ ਲਾਈ ਸਮਝਾਉਣ ਦੀ, ਪਰ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਇਨ੍ਹਾਂ ਸਾਡੇ ਰੋਕਿਆਂ ਰੁਕਣਾ ਨਹੀਂ। ਸਾਰਾ ਕੁਝ ਆਪਣੇ ਡੈਡ-ਮੌਮ ਨੂੰ ਦੱਸਿਆ, ਅਗਲੇ ਦਿਨ ਸਵੇਰੇ ਸਾਰੇ ਬਰੇਕ ਫਾਸਟ ਕਰ ਰਹੇ ਸਨ, "ਹਾਂ ਜੀ! ਅਵਤਾਰ ਸਿੰਹਾਂ, ਫਿਰ ਪੱਕਾ ਮੁੜ ਜਾਣਾ, ਰਹਿ ਲੋਂਗੇ ਇਕੱਲੇ ਸਾਰਿਆਂ ਬਿਨਾ?"

"ਨਹੀਂ ਭਾਈ ਸਾਹਿਬ, ਧੀਆਂ ਦੇ ਘਰ...।"

"ਬਸ, ਅੱਗੇ ਕੁਝ ਨਹੀਂ ਕਹਿਣਾ ਛੋਟੇ ਭਾਈ, ਇਕੋ ਗੱਲ ਪੁਛਦਾਂ, ਤੁਸੀਂ ਇਨ੍ਹਾਂ ਨੂੰ ਪੁੱਤਰਾਂ ਵਾਂਗ ਪਾਲਿਆ ਤੇ ਇਹ ਘਰ ਅੱਗੇ ਤੋਂ ਧੀ ਦਾ ਨਹੀਂ ਕਹਿਣਾ। ਬਾਕੀ ਬੰਦੇ ਨੂੰ ਰਹਿਣ ਵਾਸਤੇ ਕਿੰਨੀ ਕੁ ਥਾਂ ਚਾਹੀਦੀ ਹੈ। ਇਕ ਕਮਰਾ ਤੁਹਾਡਾ, ਇਕ ਸਾਡਾ ਦੋਹਾਂ ਜੀਆਂ ਦਾ ਤੇ ਇਕ ਕੋਮਲ, ਸੁੱਖ ਤੇ ਬੇਬੀ ਦਾ ਜਿਹਨੇ ਅਜੇ ਕੁਝ ਮਹੀਨਿਆਂ ਬਾਅਦ ਆਉਣਾ।"

ਸੁੱਖ ਦੀ ਮਾਂ ਨੇ ਆਪਣੀ ਸਹਿਮਤੀ ਪਰਗਟ ਕਰਦਿਆਂ ਕਿਹਾ, "ਭੈਣ ਜੀ, ਦੋਹਤੀ ਨ੍ਹੀਂ ਖਿਡਾਉਣੀ? ਆਪਾਂ ਭੈਣਾਂ ਵਾਂਗ ਟਾਈਮ ਕੱਢਣਾ।"

ਪਿਆਰਾ ਸਿੰਘ ਨੇ ਮੁੜ ਕਿਹਾ, "ਦੋ ਕਮਰੇ ਅਜੇ ਵੀ ਆਪਣੇ ਕੋਲ ਖਾਲੀ ਨੇ, ਐਡਾ ਘਰ ਤਾਂ ਜੀਆਂ ਬਿਨਾ ਭੂਤਵਾੜਾ ਲੱਗਦਾ। ਰਹਿੰਦੀ ਏਦਾਂ ਰਲ ਕੇ ਕੱਟਾਂਗੇ, ਅੱਗੇ ਤੋਂ ਵਾਪਿਸ ਜਾਣ ਦਾ ਨਾਂ ਨਹੀਂ ਲੈਣਾ, ਯਾਰ ਨਾਲੇ ਵੱਡਾ ਭਾਈ ਕਹਿਨਾਂ, ਨਾਲ ਅੱਡ ਹੋਣ ਵਾਲੀਆਂ ਗੱਲਾਂ ਕਰਦੈਂ। ਇਕ ਹੋਰ ਦੱਸਾਂ ਦਿਲਾਂ 'ਚ ਥਾਂ ਹੋਣੀ ਚਾਹੀਦੀ ਏ, ਘਰ ਛੋਟੇ 'ਚ ਵੀ ਗੁਜਰ ਹੋ ਜਾਂਦਾ। ਹਾਂ! ਜੇ ਵੈਸੇ ਭਰਾ ਨੂੰ ਮਿਲਣ ਜਾਣਾ, ਫਿਰ ਠੀਕ ਆ।"

ਪਿਆਰਾ ਸਿੰਘ ਦੀਆਂ ਖਰੀਆਂ ਗੱਲਾਂ ਨੇ ਕੋਮਲ ਤੇ ਉਸ ਦੇ ਮਾਂ-ਪਿਉ ਨੂੰ ਅਹਿਸਾਸ ਦਿਵਾ ਦਿਤਾ ਕਿ ਉਹ ਇਥੇ ਪੂਰੀ ਇੱਜਤ ਨਾਲ ਰਹਿ ਸਕਦੇ ਨੇ ਤੇ ਧੀਆਂ ਵੀ ਪੁੱਤਰਾਂ ਦੇ ਬਰਾਬਰ ਹਨ।

## ਚੇਤਿਆਂ 'ਚ ਵਸੇ ਲੋਕ

# ਕਾਮਰੇਡ



ਸੁਰਿੰਦਰ ਸੋਹਲ

ਕਾਮਰੇਡ ਦੇ ਦੋ ਚਾਰ ਫਿਕਰਿਆਂ ਨੇ ਤਸਵੀਰ ਦਾ ਪਾਸਾ ਹੀ ਪਲਟ ਦਿੱਤਾ ਸੀ। ਉਹ ਮੈਨੂੰ ਸਿਰ ਤੋਂ ਪੈਰਾਂ ਤੱਕ 'ਫਰਾਡ' ਤੋਂ ਵੱਧ ਕੁਝ ਨਹੀਂ ਸੀ ਜਾਪਿਆ।

ਹੁਣ ਤੱਕ ਮੇਰੇ ਦਿਮਾਗ ਵਿਚ ਉਸ ਦਾ ਅਕਸ ਅਗਾਂਹਵਧੂ, ਫਰਾਖ ਦਿਲ, ਵਿਸ਼ਾਲ ਦ੍ਰਿਸ਼ਟੀ ਦੇ ਮਾਲਕ ਦਾ ਸੀ, ਪਰ ਉਸ ਦੇ ਦੋ ਚਾਰ ਫਿਕਰੇ ਉਸ ਦੀ ਬਹੁਤ ਹੀ ਛੋਟੀ ਸਮਝ ਤੇ ਸੰਕੀਰਣ ਬੁੱਧੀ ਦਾ ਸਬੂਤ ਬਣ ਗਏ ਸਨ। ਉਸ ਦੀ ਇਮਾਨਦਾਰੀ, ਵਿਸ਼ਾਲ ਦ੍ਰਿਸ਼ਟੀ, ਸੁਘੜ-ਸਿਆਣੀਆਂ ਗੱਲਾਂ, ਹਰ ਮਸਲੇ 'ਤੇ ਵਿਲੱਖਣ ਵਿਚਾਰ ਮੈਨੂੰ ਨਿਰਾ ਧੋਖਾ ਹੀ ਜਾਪਣ ਲੱਗੇ ਸਨ। ਉਹ 'ਹਿਪੋਕ੍ਰੇਸੀ' ਦੀ ਮੂਰਤ ਬਣਿਆ ਮੇਰੇ ਦਿਲੋ-ਦਿਮਾਗ ਵਿਚ ਚੁੱਭਣ ਲੱਗ ਪਿਆ ਸੀ।

ਉਹ ਪਿਛਲੇ ਅੱਠ ਸਾਲਾਂ ਤੋਂ ਮੇਰਾ ਵਾਕਿਫ ਸੀ। ਸ਼ਾਇਦ ਮੈਂ ਗਲਤ ਕਹਿ ਗਿਆ ਹਾਂ। ਵਾਕਿਫ ਤਾਂ ਅਸੀਂ ਹੋਏ ਹੀ ਨਹੀਂ ਸਾਂ। ਪਹਿਲੀ ਮਿਲਣੀ ਹੀ ਏਨੀ ਲੰਮੀ ਹੋ ਗਈ ਸੀ ਕਿ ਜਦੋਂ ਅਸੀਂ ਉਠ ਕੇ ਤੁਰਨ ਲੱਗੇ ਤਾਂ ਏਨੇ ਗਹਿਰੇ ਦੋਸਤ ਬਣ ਗਏ ਸਾਂ ਕਿ ਵਿਦਾ ਹੋਣ ਵੇਲੇ ਸਾਨੂੰ ਘੁੱਟ ਕੇ ਜੱਫੀ ਪਾਉਣੀ ਪਈ ਸੀ।

ਮੈਂ ਸਿਰਫ ਆਦਰਸ਼ਵਾਦੀ ਗੱਲਾਂ ਕਰਨ ਜੋਗਾ ਸਾਂ, ਉਹ ਆਦਰਸ਼ ਨੂੰ ਵਿਹਾਰਕ ਰੂਪ ਵਿਚ ਨਿਭਾ ਰਿਹਾ ਸੀ। ਮੈਂ ਮਾਰਕਸ ਕਿਤਾਬਾਂ ਵਿਚ ਪੜ੍ਹਿਆ ਸੀ, ਉਹ ਆਪਣੇ ਇਲਾਕੇ ਦੀ ਪੰਜਾਬ ਸਟੂਡੈਂਟਸ ਯੂਨੀਅਨ ਦਾ ਜਨਰਲ ਸਕੱਤਰ ਰਹਿ ਚੁੱਕਾ ਸੀ। ਮੈਂ ਮਾਰਕਸ ਦੀ ਥਿਊਰੀ ਨੂੰ ਆਪਣੀ ਗੱਲਬਾਤ ਵਿਚ ਓਨਾ ਕੁ ਹੀ ਲਿਆਉਂਦਾ ਸਾਂ, ਜਿਸ ਨਾਲ ਦੂਸਰੇ ਨੂੰ ਭਰਮ ਪੈਦਾ ਹੋ ਸਕੇ ਕਿ ਇਹ ਬੰਦਾ 'ਕਾਮਰੇਡ' ਹੈ, ਪਰ ਉਸ ਦੇ ਖੂਨ ਵਿਚ 'ਕਾਮਰੇਡੀ' ਰਚੀ ਹੋਈ ਸੀ। ਹਰ ਗੱਲ, ਹਰ ਮਸਲੇ ਬਾਰੇ ਉਸ ਦਾ ਵਿਸ਼ਲੇਸ਼ਣ ਮਾਰਕਸੀ ਦ੍ਰਿਸ਼ਟੀ ਤੋਂ ਹੁੰਦਾ। ਬਿਲਕੁਲ ਅਲੱਗ।

ਪੰਜ ਪਿਆਰਿਆਂ ਵਿਚ ਔਰਤਾਂ ਨੂੰ ਸ਼ਾਮਿਲ ਕਰਨ ਦੀ ਗੱਲ ਚੱਲੀ, ਹਰਿਮੰਦਰ ਸਾਹਿਬ ਵਿਚ ਔਰਤਾਂ ਵਲੋਂ ਕੀਰਤਨ ਕਰਨ ਦਾ ਮਸਲਾ ਉਠਿਆ। ਵੱਡਾ ਵਿਰੋਧ ਹੋਇਆ, ਪਰ ਕਾਮਰੇਡ ਔਰਤਾਂ ਦੇ ਹੱਕ ਵਿਚ ਡਟ ਕੇ ਬੋਲਿਆ। ਆਪਣੇ ਦੋਸਤਾਂ ਨਾਲ ਚਲਦੀ ਬਹਿਸ ਵਿਚ ਔਰਤ ਦੇ ਹੱਕ ਪ੍ਰਤੀ ਉਸ ਦੀਆਂ ਅਕੱਟ ਦਲੀਲਾਂ ਅੱਗੇ ਸਭ ਹਾਰ ਜਾਂਦੇ।

ਅਫਗਾਨਿਸਤਾਨ 'ਤੇ ਹਮਲਾ ਹੋਇਆ, ਇਰਾਕ ਵਿਚ ਜੰਗ ਛਿੜੀ, ਉਹ ਡਟ ਕੇ ਵਿਰੋਧ ਵਿਚ ਬੋਲਦਾ।

ਅਸੀਂ ਆਖਦੇ, "ਕਾਮਰੇਡ, ਤੈਨੂੰ ਪਤੈ ਅਮਰੀਕਾ ਵਿਚ ਮਾਰਕਸ ਦੀ ਗੱਲ ਕਰਨੀ, ਆਪਣੇ ਗਲ 'ਚ ਫਾਹਾ ਪਾਉਣ ਵਾਲੀ ਗੱਲ ਐ। ਪੇਪਰ ਤੇਰੇ ਕੋਲ ਹੈਨੀ, ਕਿਸੇ ਦਿਨ ਅਗਲਿਆਂ ਨੇ ਚੁੱਕ ਕੇ ਚੜ੍ਹਾ ਦੇਣੈ।"

ਉਹ ਹਿੱਕ ਤਾਣ ਕੇ ਆਖਦਾ, "ਉਹ ਮੇਰੀ ਜ਼ਿੰਦਗੀ ਦਾ ਸੁਨਹਿਰੀ ਦਿਨ ਹੋਵੇਗਾ, ਜਦੋਂ ਮੈਨੂੰ ਮੇਰੀ ਵਿਚਾਰਧਾਰਾ ਕਰਕੇ ਅਮਰੀਕਾ ਵਿਚੋਂ ਕੱਢਿਆ ਜਾਵੇਗਾ। ਅਮਰੀਕਾ ਦੀ ਡੈਮੋਕਰੇਸੀ, ਇਸ ਦੀ ਉਦਾਰਤਾ, ਇਥੇ ਹਰ ਮਨੁੱਖ ਦੀ ਆਜ਼ਾਦੀ ਦੇ ਪਾਖੰਡ ਭਰੇ ਪ੍ਰਚਾਰ ਦੇ ਮੂੰਹ 'ਤੇ ਚਪੇੜ ਹੋਵੇਗੀ, ਮੇਰੀ ਡਿਪੋਰਟੇਸ਼ਨ।"

ਅਮਰੀਕਾ ਵਰਗੇ ਮੁਲਕ ਤੇ ਨਿਊ ਯਾਰਕ ਵਰਗੇ ਸਭ ਤੋਂ ਤੇਜ਼ ਸਭਿਅਤਾ ਵਾਲੇ ਸ਼ਹਿਰ ਵਿਚ ਰਹਿੰਦੇ ਹੋਏ ਵੀ ਉਸ ਨੇ ਆਪਣੇ ਆਦਰਸ਼ਾਂ ਦੇ ਕਿੰਗਰਿਆਂ ਨੂੰ ਭੁਰਨ ਨਹੀਂ ਸੀ ਦਿੱਤਾ।

ਮੈਂ ਉਸ ਨੂੰ ਹੱਸਦਾ, "ਕਾਮਰੇਡ, ਜੇ ਤੇਰੇ ਬਾਰੇ ਕੋਈ ਕਹਾਣੀ ਵੀ ਲਿਖੀਏ ਤਾਂ ਆਲੋਚਕਾਂ ਨੇ ਝੱਟ ਇਹ ਕਹਿ ਕੇ ਰੱਦ ਕਰ ਦੇਣੀ ਐ, ਬਈ ਇਹੋ ਜਿਹੀਆਂ ਆਦਰਸ਼ਵਾਦੀ ਗੱਲਾਂ ਕਰਨ ਦਾ ਜ਼ਮਾਨਾ ਤਾਂ ਨਾਨਕ ਸਿੰਘ ਤੇ ਗੁਰਬਖਸ਼ ਸਿੰਘ ਨਾਲ ਹੀ ਖਤਮ ਹੋ ਗਿਐ। ਇਹ ਕਹਾਣੀ ਅੱਜ ਦੇ ਮਨੁੱਖ ਦੀ ਕਹਾਣੀ ਹੀ ਨਹੀਂ। ਅੱਜ ਦਾ ਮਨੁੱਖ ਐਨਾ ਆਦਰਸ਼ਵਾਦੀ ਰਿਹਾ ਹੀ ਨਹੀਂ। ਪਰ ਤੇਰਾ ਕੀ ਕਰੀਏ, ਤੂੰ ਤਾਂ ਆਦਰਸ਼ ਦੀ ਜਿਉਂਦੀ ਜਾਗਦੀ ਮਿਸਾਲ ਸਾਡੇ ਸਾਹਮਣੇ ਐਂ।"

"ਐਂ ਈ ਐ ਬਸ, ਆਪਾਂ ਤਾਂ ਵੱਡੇ ਵੱਡੇ ਆਲੋਚਕ ਫੇਲ੍ਹ ਕਰ ਦਈਏ।" ਉਹ ਮੁਸਕੜੀਏ ਹੱਸਦਾ।

ਪਰ ਉਸ ਦੇ ਬੋਲੇ ਦੋ ਚਾਰ ਫਿਕਰਿਆਂ ਨੇ ਉਸ ਦੀ ਸ਼ਖਸੀਅਤ ਦਾ ਮੀਨਾਰ ਮੇਰੀਆਂ ਨਜ਼ਰਾਂ ਵਿਚ ਇੰਜ ਢਹਿ ਢੇਰੀ ਕਰ ਦਿੱਤਾ ਸੀ, ਜਿਵੇਂ ਬੀਚ ਕਿਨਾਰੇ ਹੱਥਾਂ ਨਾਲ ਬਣਾਇਆ ਘਰ, ਲਹਿਰਾਂ ਧੂਹ ਕੇ ਲੈ ਜਾਂਦੀਆਂ ਨੇ।

ਕਾਮਰੇਡ ਦੇ ਪੇਪਰ ਨਹੀਂ ਸਨ ਬਣ ਸਕੇ।

ਇਕ ਵਾਰ ਉਸ ਦਾ ਵਾਕਿਫ ਇਕ ਚਰਚ ਵਾਲਾ ਬਣ ਗਿਆ। ਉਸ ਨੇ ਕਿਹਾ, "ਈਸਾਈ ਬਣ ਜਾ। ਪੇਪਰਾਂ ਦੇ ਨਾਲ ਨਾਲ ਖੂਬਸੂਰਤ ਪਤਨੀ ਵੀ ਮਿਲ ਜਾਵੇਗੀ। ਜ਼ਿੰਦਗੀ ਵਿਚ ਅਨੰਦ ਹੀ ਅਨੰਦ।"

ਉਹ ਬੋਲਿਆ ਸੀ, "ਯਾਰ ਏਡਾ ਸਮਝੌਤਾ ਮੇਰੇ ਕੋਲੋਂ ਨਹੀਂ ਹੋਣਾ।"

ਇਕ ਕੁੜੀ ਦੀ ਦੱਸ ਪਈ। ਕੁੜੀ ਦੇ ਘਰ ਵਾਲਿਆਂ ਦੀ ਸ਼ਰਤ ਸੀ, ਮੁੰਡਾ ਅੰਮ੍ਰਿਤ ਛਕ ਲਵੇ।

ਕਾਮਰੇਡ ਹੱਸਦਾ, "ਮੈਂ ਯਾਰ ਸ਼ਰਾਬ ਨਹੀਂ ਪੀਂਦਾ। ਮੀਟ ਨਹੀਂ ਖਾਂਦਾ। ਦਸਾਂ ਨਹੁੰਆਂ ਦੀ ਕਿਰਤ ਖਾਨਾਂ। ਅਜੇ ਅੰਮ੍ਰਿਤ ਦੀ ਬਾਕੀ ਐ। ਇਹ ਕੀ ਸ਼ਰਤ ਹੋਈ।"

ਉਸ ਨੂੰ ਸਭ ਨੇ ਸਮਝਾਇਆ, ਇਕ ਵਾਰ ਪੇਪਰ ਬਣ ਜਾਣ, ਤੇਰੀ ਜ਼ਿੰਦਗੀ 'ਚ ਸਥਿਰਤਾ ਆ ਜਾਊ। ਕਿਰਪਾਨ ਕਿਤੇ ਤੇਰੀ ਵਿਚਾਰਧਾਰਾ ਦੇ ਢਿੱਡ 'ਚ ਖੁੱਭ ਚੱਲੀ ਐ। ਨਾਲੇ ਕਾਮਰੇਡ ਤੂੰ ਆਖਦਾ ਹੁੰਨੈਂ ਬਈ ਸਿੱਖ ਫਲਸਫੇ ਵਿਚੋਂ 'ਰੱਬ' ਮਨਫੀ ਕਰ ਦਿਉ, ਉਹ ਮਾਰਕਸੀ ਫਲਸਫਾ ਬਣ ਜਾਂਦੈ। ਮਾਰਕਸੀ ਫਲਸਫੇ ਵਿਚ 'ਰੱਬ' ਜਮ੍ਹਾਂ ਕਰ ਦਿਓ, ਉਹ ਸਿੱਖ ਫਲਸਫਾ ਬਣ ਜਾਂਦੈ।

ਉਹ ਆਖਦਾ, "ਮੈਂ ਤੁਹਾਡੀ ਗੱਲ ਮੰਨਦਾਂ, ਪਰ ਇਹ ਇਕ ਵਿਚਾਰ ਐ। ਵਿਚਾਰ ਤੇ ਪ੍ਰੈਕਟੀਕਲ ਵਿਚ ਬਹੁਤ ਫਰਕ ਹੁੰਦੈ। ਧਰਮ ਦਾ ਫਲਸਫਾ ਆਪਣੀ ਥਾਂ ਹੈ। ਮਾਰਕਸ ਦਾ ਫਲਸਫਾ ਆਪਣੀ ਥਾਂ। ਧਰਮ ਇਸ ਸੰਸਾਰ ਨੂੰ ਮਿਥਿਆ ਮੰਨਦੈ, ਮਾਰਕਸ ਅਗਲੇ ਸੰਸਾਰ ਨੂੰ ਮਿਥਿਆ ਮੰਨਦੈ...।" ਉਹ ਆਪਣੇ ਪੈਂਤੜੇ ਤੋਂ ਥਿੜਕਿਆ ਨਹੀਂ ਸੀ। ਆਖਰ ਏਡਾ ਵੀ ਕੀ ਆਦਰਸ਼!

ਸਾਡਾ ਇਕ ਦੋਸਤ ਸੀ, ਮੱਖਣ। ਉਸ ਨੇ ਕਈ ਕੇਸ ਕੀਤੇ। ਪਰ ਉਸ ਦਾ ਕੰਮ ਨਹੀਂ ਸੀ ਬਣਿਆ ਤੇ ਆਖਰ ਉਸ ਨੂੰ ਡਿਪੋਰਟੇਸ਼ਨ ਲੱਗ ਗਈ। ਕੈਨੇਡਾ ਵਿਚ ਇਕ ਕੁੜੀ ਦੀ ਦੱਸ ਪਈ। ਕੁੜੀ ਦਾ ਤਲਾਕ ਹੋ ਚੁੱਕਾ ਸੀ। ਇਕ ਬੱਚਾ ਸੀ। ਪਹਿਲਾਂ ਤਾਂ ਮੱਖਣ ਨੇ ਨਾਂਹ ਨੁੱਕਰ ਕੀਤੀ, ਪਰ ਸਭ ਨੇ ਕਿਹਾ, "ਮੱਖਣਾ, ਪੇਪਰਾਂ ਤੋਂ ਬਿਨਾ ਕੋਈ ਜ਼ਿੰਦਗੀ ਐ। ਪਿਛੇ ਮੁੜ ਗਿਆ ਤਾਂ ਕੀ ਕਰੇਂਗਾ? ਉਥੇ ਰਹਿ ਤੇਰੇ ਤੋਂ ਹੋਣਾ ਨਹੀਂ। ਮੁੜ ਕੇ ਕਿਤੇ ਜਾਣ ਜੋਗਾ ਤੂੰ ਰਹਿਣਾ ਨਹੀਂ। ਮੌਕਾ ਨਾ ਗੁਆ।" ਉਸ ਨੂੰ ਕਈ ਵਾਕਿਆ ਸੁਣਾਏ, ਪੇਪਰਾਂ ਵਾਸਤੇ ਕਿਸੇ ਨੇ ਕਾਲੀ ਨਾਲ ਵਿਆਹ ਕਰਵਾਇਆ ਸੀ, ਕਿਸੇ ਨੇ ਦੋ ਬੱਚਿਆਂ ਦੀ ਮਾਂ ਨਾਲ। ਆਖਰ ਮੱਖਣ ਨੇ ਹਾਮੀ ਭਰ ਦਿੱਤੀ। ਥੋੜ੍ਹੇ ਚਿਰਾਂ ਵਿਚ ਹੀ ਉਹ ਕੈਨੇਡਾ ਚਲਾ ਗਿਆ ਸੀ।

ਮੱਖਣ ਦੀ ਹੀ ਕਾਲ ਮੈਨੂੰ ਆਈ ਸੀ। ਘਟਨਾ ਤਾਂ ਬਹੁਤ ਮਾੜੀ ਘਟੀ ਸੀ। ਉਸ ਦੀ ਪਤਨੀ ਦੀ ਮਾਸੀ ਦੀ ਕੁੜੀ ਵਿਆਹ ਕਰਵਾ ਕੇ ਕੈਨੇਡਾ ਆਈ ਸੀ, ਅਜੇ ਪਿਛਲੇ ਮਹੀਨੇ। ਦੂਜੇ ਤੀਜੇ ਦਿਨ ਹੀ ਉਸ ਦੇ ਘਰ ਵਾਲੇ ਦੀ ਕਾਰ ਇਕ ਟਰੈਕਟਰ ਟਰੇਲਰ ਨਾਲ ਜਾ ਟਕਰਾਈ। ਉਹ ਉਥੇ ਹੀ ਪੂਰਾ ਹੋ ਗਿਆ। ਆਖਰੀ ਰਸਮਾਂ ਨਿਭਾ ਕੇ ਕੁੜੀ ਮੱਖਣ ਹੋਰਾਂ ਕੋਲ ਹੀ ਆ ਗਈ ਸੀ। ਕੈਨੇਡਾ ਵਿਚ ਹੋਰ ਕੋਈ ਉਸ ਦਾ ਨਹੀਂ ਸੀ। ਮੱਖਣ ਨੇ ਮੇਰੇ ਨਾਲ ਸਲਾਹ ਕੀਤੀ, "ਯਾਰ ਕੁੜੀ ਬਹੁਤ ਸ਼ਰੀਫ ਐ। ਬੜੀ ਸੁਨੱਖੀ। ਅਜੇ ਬੱਚਾ ਵੀ ਕੋਈ ਨਹੀਂ। ਤੂੰ ਕਾਮਰੇਡ ਨਾਲ ਗੱਲ ਚਲਾ ਕੇ ਦੇਖ। ਜੋੜੀ ਬਹੁਤ ਸੋਹਣੀ ਬਣਨੀ ਐਂ।"

ਗੱਲ ਸੁਣ ਕੇ ਮੈਨੂੰ ਦੁੱਖ ਤਾਂ ਹੋਇਆ, ਪਰ ਚਲੋ ਜੋ ਹੋਣਾ ਸੀ, ਹੋ ਗਿਆ। ਕਾਮਰੇਡ ਬਾਰੇ ਸੋਚ ਕੇ ਤਸੱਲੀ ਜਿਹੀ ਵੀ ਹੋਈ ਕਿ ਚਲੋ ਇਹ ਕਈ ਸਾਲਾਂ ਦਾ ਭਟਕਦਾ ਹੈ, ਕਿਸੇ ਪਾਸੇ ਲੱਗ ਜਾਵੇਗਾ। ਇਕ ਵਾਰੀ ਸੈਟਲ ਹੋ ਗਿਆ ਤਾਂ ਉਸ ਦੀ ਅਗਾਂਹਵਧੂ ਸੋਚ ਉਸ ਨੂੰ ਹੋਰ ਅੱਗੇ ਕੰਮ ਕਰਨ ਲਈ ਪ੍ਰੇਰੇਗੀ। ਹੁਣ ਵੀ ਆਪਣੀ ਸਖਤ ਮਿਹਨਤ ਦੀ ਕਮਾਈ 'ਚੋਂ ਪਾਰਟੀ ਲਈ ਫੰਡ ਭੇਜਦਾ ਰਹਿੰਦਾ ਹੈ, ਪੇਪਰ ਹੋਣਗੇ, ਚੰਗੇ ਕੰਮ 'ਤੇ ਲੱਗੇਗਾ ਤੇ ਪਾਰਟੀ ਦੇ ਹੋਰ ਕੰਮ ਆਵੇਗਾ।

ਮੈਂ ਕਾਮਰੇਡ ਨਾਲ ਗੱਲ ਚਲਾਈ। ਉਸ ਨੇ ਪੈਂਦੀ ਸੱਟੇ ਹੀ ਕਿਹਾ, "ਨਾ ਭਾਈ, ਆਪਾਂ ਵਿਧਵਾ ਵੁਧਵਾ ਨਾਲ ਵਿਆਹ ਨਹੀਂ ਕਰਵਾਉਂਦੇ। ਜ਼ਿੰਦਗੀ 'ਚ ਇਕੋ ਵਾਰੀ ਤਾਂ ਵਿਆਹ ਕਰਾਉਣੈ। ਉਹ ਵੀ ਵਿਧਵਾ ਨਾਲ। ਛੱਡ ਯਾਰ, ਤੂੰ ਕਿੰਦਾਂ ਦੀਆਂ ਗੱਲਾਂ ਕਰਦਾਂ।"

...ਤੇ ਕਾਮਰੇਡ ਮੈਨੂੰ ਸਿਰ ਤੋਂ ਪੈਰਾਂ ਤੱਕ 'ਫਰਾਡ' ਤੋਂ ਵੱਧ ਕੁਝ ਨਹੀਂ ਸੀ ਲੱਗਾ। ਔਰਤਾਂ ਦੇ ਹੱਕ ਵਿਚ ਬੋਲਣ ਵਾਲਾ, ਬੰਦਾ ਕਿੰਨੀ ਬੇਕਿਰਕੀ ਨਾਲ 'ਵਿਧਵਾ-ਵੁਧਵਾ' ਸ਼ਬਦ ਵਰਤ ਗਿਆ ਸੀ।

ਮੈਨੂੰ ਆਪਣੇ ਆਪ 'ਤੇ ਖਿਝ ਆ ਰਹੀ ਸੀ। ਇਸ ਬੰਦੇ ਨੂੰ ਏਨੇ ਸਾਲਾਂ ਵਿਚ ਪਛਾਣ ਕਿਉਂ ਨਾ ਹੋਇਆ। ਔਰਤਾਂ ਦੇ ਹੱਕਾਂ ਦੀਆਂ ਗੱਲਾਂ ਕਰਦਾ ਸਾਹ ਨਹੀਂ ਸੀ ਲੈਂਦਾ। ਦਰਬਾਰ ਸਾਹਿਬ ਵਿਚ ਔਰਤਾਂ ਦੇ ਕੀਰਤਨ ਕਰਨ ਦੇ ਹੁੰਦੇ ਵਿਰੋਧ ਵਿਚ ਓਨਾ ਔਰਤਾਂ ਨੂੰ ਵੀ ਦੁੱਖ ਨਹੀਂ ਸੀ, ਜਿੰਨਾ ਇਸ ਨੂੰ ਸੀ। ਪੰਜ ਪਿਆਰਿਆਂ ਵਿਚ ਔਰਤਾਂ ਨੂੰ ਸ਼ਾਮਿਲ ਕਰਨ ਦੀਆਂ ਦਲੀਲਾਂ ਦੇਣ ਲਈ ਉਹ ਸਿੱਖ ਰਹਿਤ ਮਰਿਯਾਦਾ ਦੇ ਹਵਾਲੇ ਦਿੰਦਾ ਸੀ, "ਦੇਖੋ ਜੀ 'ਸਿੱਖ ਰਹਿਤ ਮਰਿਆਦਾ' ਦੇ ਫਰਵਰੀ 1995 ਵਾਲੇ ਐਡੀਸ਼ਨ ਦੇ ਪੰਨਾ 24 'ਤੇ ਅੰਕਿਤ ਹੈ: ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ 'ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ। ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ ਵਿਚੋਂ ਇਕ ਤਾਬਿਆ ਬੈਠਾ ਹੋਵੇ ਤੇ ਬਾਕੀ ਪੰਜ ਅੰਮ੍ਰਿਤ ਛਕਾਉਣ ਲਈ ਹੋਣ। ਇਨ੍ਹਾਂ ਵਿਚ 'ਸਿੰਘਣੀਆਂ' ਵੀ ਹੋ ਸਕਦੀਆਂ ਹਨ।"

ਉਹ 'ਸਿੰਘਣੀਆਂ' 'ਤੇ ਖਾਸ ਜ਼ੋਰ ਪਾ ਕੇ ਅਗਲੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਇੰਜ ਦੇਖਦਾ ਜਿਵੇਂ ਉਹ 'ਸਿੱਖ ਰਹਿਤ ਮਰਿਯਾਦਾ' ਦਾ ਅਸਰ ਆਪਣੀ ਤੱਕਣੀ ਰਾਹੀਂ ਦੂਸਰੇ ਦੇ ਦਿਮਾਗ ਵਿਚ ਪਾ ਰਿਹਾ ਹੋਵੇ। ਔਰਤ ਨੂੰ ਬਰਾਬਰੀ ਦਿਵਾਉਣ ਲਈ ਉਹ ਐਨਾ ਕਾਹਲਾ ਜਾਪਦਾ, ਉਸ ਦਾ ਰੰਗ ਜੋਸ਼ ਵਿਚ ਸੂਹਾ ਹੋ ਜਾਂਦਾ। ਕਈ ਵਾਰ ਉਸ ਦੇ ਬੋਲ ਮੁੱਕ ਜਾਂਦੇ ਤਾਂ ਉਹ ਆਪਣੇ ਜੋਸ਼ ਨੂੰ ਸਰੀਰਕ ਭਾਸ਼ਾ ਰਾਹੀਂ ਪ੍ਰਗਟਾਉਣ ਲਈ ਮੁੱਠੀਆਂ ਮੀਟਦਾ, ਬੁੱਲ੍ਹ ਮੀਚਦਾ।

...ਪਰ ਔਰਤ ਪ੍ਰਤੀ ਉਸ ਦੀ ਆਪਣੀ ਸੋਚ ਏਨੀ ਛੋਟੀ! ਮੇਰੇ ਦਿਮਾਗ ਵਿਚੋਂ ਉਸ ਦੀ ਉਚੀ ਸ਼ਖਸੀਅਤ ਦਾ ਭਰਮ ਇੰਜ ਕਿਰ ਗਿਆ, ਜਿਵੇਂ ਅਸਮਾਨ ਤੋਂ ਤਾਰਾ।

ਮੇਰੇ ਦਿਲ ਵਿਚ ਖਲਬਲੀ ਮਚੀ ਰਹੀ। ਸ਼ਾਮ ਨੂੰ ਮੈਂ ਦੋ ਦੀ ਥਾਂ ਤਿੰਨ ਪੈਗ ਪੀਤੇ। ਫੋਨ ਕਾਮਰੇਡ ਨੂੰ ਲਾ ਲਿਆ।

"ਹੈਲੋ।" ਉਹ ਉਸੇ ਧੀਰਜ ਤੇ ਸਹਿਜ ਨਾਲ ਬੋਲਿਆ।

"ਗੱਲ ਸੁਣ ਉਇ ਵੱਡਿਆ ਕਾਮਰੇਡਾ, ਔਰਤਾਂ ਦੇ ਹੱਕਾਂ ਦੇ ਅਲੰਬਰਦਾਰਾ। ਤੇਰਾ ਕੀ ਖਿਆਲ ਐ, ਵਿਧਵਾ ਨੂੰ ਦੁਬਾਰਾ ਜ਼ਿੰਦਗੀ ਸ਼ੁਰੂ ਕਰਨ ਦਾ ਕੋਈ ਹੱਕ ਨਹੀਂ?"

"ਪੂਰਾ ਹੱਕ ਐ ਭਾਈ।" ਉਹ ਬੋਲਿਆ।

"ਬੱਸ ਤੇਰਾ ਤਾਂ ਇਹ ਵਿਚਾਰ ਈ ਐ।" ਮੈਂ ਤਾਅਨਾ ਮਾਰਿਆ, "ਜੇ ਕੋਈ ਤੈਨੂੰ ਵਿਧਵਾ ਨਾਲ ਵਿਆਹ ਕਰਾਉਣ ਨੂੰ ਕਹੇ, ਫੇਰ ਹੱਕ ਨਈਂ। ਹੈਂ!"

"ਯਾਰ ਇਸ ਵਿਸ਼ੇ 'ਤੇ ਮੈਂ ਤੇਰੇ ਨਾਲ ਗੱਲ ਨਈਂ ਕਰਨੀ ਚਾਹੁੰਦਾ।" ਉਹ ਜਿਵੇਂ ਹਕੀਕਤ ਦਾ ਸਾਹਮਣਾ ਕਰਨ ਤੋਂ ਭੱਜ ਰਿਹਾ ਸੀ।

"ਕਿਉਂ ਇਹ ਜਿਹੜੇ ਆਦਰਸ਼ਾਂ ਦਾ ਹੁਣ ਤੱਕ ਰੌਲਾ ਪਾਉਂਦਾ ਆਇਐਂ, ਉਹ ਦੂਜਿਆਂ ਲਈ ਸੀ ਬਸ?" ਮੈਨੂੰ ਚੜ੍ਹਦੀ ਜਾ ਰਹੀ ਸੀ।

ਉਹ ਕੁਝ ਚਿਰ ਚੁੱਪ ਰਿਹਾ। ਫਿਰ ਬਹੁਤ ਹੀ ਧੀਰਜ ਨਾਲ ਬੋਲਿਆ, "ਯਾਰ ਮੇਰੀ ਇਕ ਗੱਲ ਸੁਣ। ਜੇ ਕਿਤੇ ਮੇਰੇ ਕੋਲ ਅਮਰੀਕਾ ਦੇ ਪੇਪਰ ਹੁੰਦੇ, ਫਿਰ ਮੈਨੂੰ ਉਸ ਕੁੜੀ ਨਾਲ ਵਿਆਹ ਕਰਾਉਣ ਵਿਚ ਕਿਸੇ ਤਰ੍ਹਾਂ ਦੀ ਵੀ ਸੰਕੋਚ ਨਹੀਂ ਸੀ ਹੋਣਾ। ਫਿਰ ਕੀ ਸੀ ਜੇ ਵਿਧਵਾ ਸੀ ਤਾਂ। ਪਰ ਹੁਣ ਮੈਂ ਉਸ ਕੁੜੀ ਨਾਲ ਸਿਰਫ ਪੇਪਰ ਲੈਣ ਦੀ ਖਾਤਰ ਵਿਆਹ ਕਰਾਵਾਂ। ਮਤਲਬ ਕੁੜੀ ਮੇਰੇ ਲਈ ਮਹੱਤਵਪੂਰਨ ਨੀਂ, ਪੇਪਰ ਮਹੱਤਵਪੂਰਨ ਐ! ਪਹਿਲਾਂ ਤੁਸੀਂ ਕੁੜੀ ਨੂੰ ਤਿਆਰ ਕਰੋਂਗੇ। ਆਖੋਂਗੇ, ਦੇਖ ਤੂੰ ਦਾਗੀ ਹੋ ਗਈ ਐਂ। ਤੂੰ ਹੁਣ ਦੁਹਾਜੂ ਹੋ ਗਈ ਐਂ। ਮੰਨ ਜਾ ਮਸੀਂ ਕੁਆਰਾ ਮੁੰਡਾ ਲੱਭਾ। ਮੁੰਡੇ ਕਿਹੜੇ ਵਾਰ ਵਾਰ ਮਿਲਦੇ ਐ। ਕੁੜੀ ਦੇ ਦਿਮਾਗ 'ਚ ਤੁਸੀਂ ਪਾਉਗੇ, ਬਈ ਉਹ ਜਿਵੇਂ ਹੁਣ ਬਹੁਤ ਹੀ ਘਟੀਆ ਹੋ ਗਈ ਐ। ਮੈਂ ਉਹਦੇ ਨਾਲ ਵਿਆਹ ਕਰਵਾ ਕੇ ਉਹਦੇ 'ਤੇ ਅਹਿਸਾਨ ਕਰ ਰਿਹਾ ਹਾਂ। ਇਕ ਤਾਂ ਉਹ ਆਤਮਹੀਣਤਾ ਤੇ ਆਤਮ-ਗਿਲਾਨੀ ਦਾ ਸ਼ਿਕਾਰ ਹੋਊ। ਦੂਜਾ ਮੇਰੀ ਆਤਮਾ ਮੈਨੂੰ ਲਾਹਣਤਾਂ ਪਾਈ ਜਾਊ ਸਾਰੀ ਉਮਰ ਬਈ ਮੈਂ ਇਕ ਔਰਤ ਨਾਲ ਨਹੀਂ, ਕਾਗਜ਼ ਦੇ ਟੁਕੜਿਆਂ ਨਾਲ ਵਿਆਹ ਕਰਵਾਇਆ। ਇਕ ਵਿਧਵਾ ਦੀ ਮਜਬੂਰੀ ਦਾ ਨਜਾਇਜ਼ ਫਾਇਦਾ ਉਠਾਇਆ। ਮੇਰੀ ਆਤਮਾ ਕੋਲੋਂ ਇਹ ਭਾਰ ਨਹੀਂ ਚੁਕਿਆ ਜਾਣਾ। ਮੈਂ ਤਾਂ ਹੀ ਏਨੀ ਬੇਰੁਖੀ ਨਾਲ ਆਖਿਆ ਸੀ, ਤਾਂ ਕਿ ਤੁਸੀਂ ਮੁੜ ਕੇ ਇਸ ਬਾਰੇ ਮੇਰੇ ਨਾਲ ਗੱਲ ਹੀ ਨਾ ਚਲਾਓ....।"

ਕਾਮਰੇਡ ਬੋਲੀ ਜਾ ਰਿਹਾ ਸੀ। ਉਸ ਦਾ ਕਦ ਉਚਾ ਤੇ ਹੋਰ ਉਚਾ ਹੁੰਦਾ ਜਾਂਦਾ ਸੀ ਤੇ ਮੈਂ ਬਿਲਡਿੰਗ ਦੀ ਦੂਸਰੀ ਮੰਜ਼ਿਲ 'ਤੇ ਬੈਠਾ ਵੀ, ਜਿਵੇਂ ਜ਼ਮੀਨ ਵਿਚ ਧੱਸਦਾ ਜਾ ਰਿਹਾ ਸਾਂ।

## ਕਾਵਿ-ਕਿਆਰੀ

### ਪੱਗ

ਪੱਗ ਟੋਟਾ ਨਹੀ ਕੁਝ ਗਜ਼ ਕੱਪੜੇ ਦਾ
ਇਹ ਤਾਂ ਇੱਜ਼ਤਾਂ ਦੀ ਪਹਿਰੇਦਾਰ ਹੁੰਦੀ।
ਲੋੜ ਜਦੋਂ ਵੀ ਵਤਨ ਨੂੰ ਪਈ ਇਸ ਦੀ
ਰਹੀ ਪੱਗੜੀ ਹੀ ਸਦਾ ਕੁਰਬਾਨ ਹੁੰਦੀ।

ਪੱਗ ਅਣਖ ਤੇ ਆਬਰੂ ਖਾਲਸੇ ਦੀ,
ਪੱਗ ਨਾਲ ਹੀ ਵੱਖਰੀ ਸ਼ਾਨ ਹੁੰਦੀ।
ਪੱਗ ਤਾਜ ਹੈ ਸਿਰ ਪੰਜਾਬੀਆਂ ਦੇ
ਗੱਲ ਤਾਂਹਿਓਂ ਹੈ ਵਿਚ ਜਹਾਨ ਹੁੰਦੀ।

ਪੱਗ ਬੰਨ੍ਹ ਕੇ ਜ਼ਿੰਮੇਵਾਰ ਬਣੇ ਬੰਦਾ
ਲੱਥੇ ਪੱਗ ਤਾਂ ਜਾਨ ਕੁਰਬਾਨ ਹੁੰਦੀ।
ਵਟੇ ਪੱਗ ਤਾਂ ਜਿਗਰੀ ਯਾਰ ਬਣਦੇ
ਜਿੰਦ ਵਾਰਨ ਦੀ ਇਹੀ ਜ਼ਬਾਨ ਹੁੰਦੀ।

ਰੱਖੇ ਬਾਪ ਦੀ ਪੱਗ ਦੀ ਲੱਜ ਜਿਹੜੀ
ਧੀ ਉਹੀਓ ਜਗਤ ਪ੍ਰਵਾਨ ਹੁੰਦੀ।
ਬੁੱਢੇ ਬਾਪ ਦੀ ਪੱਗ ਜੇ ਪੁੱਤ ਰੋਲਣ
ਚੰਗਾ ਸੀ ਜੇ ਬਿਨ ਸੰਤਾਨ ਹੁੰਦੀ।

ਰੰਗ ਪੱਗ ਦਾ ਦੱਸਦਾ ਮੂਡ ਸਾਡਾ
ਚਿੱਟੀ ਸਾਂਤੀ, ਕਾਲੀ ਵਿਚ ਸੋਗ ਹੁੰਦੀ।
ਬੰਨ੍ਹ ਰੰਗ ਗੁਲਾਬੀ ਲਾੜਾ ਲਵੇ ਲਾਵਾਂ
ਨਾਲ ਕੇਸਰੀ ਮੌਤ ਪ੍ਰਵਾਨ ਹੁੰਦੀ।

ਕਿਉਂ ਦੇਸ਼ ਦੇ ਹਾਕਮਾਂ ਮੱਤ ਮਾਰੀ
ਕਿਉਂ ਪੱਗ ਹੀ ਮਾਰ ਤੇ ਸਾੜ ਹੁੰਦੀ।
ਵੈਰੀ ਵਤਨ ਨੂੰ ਜਦੋਂ ਵੀ ਘੇਰਿਆ ਏ
ਰਹੀ ਪੱਗ ਦੀ ਸਦਾ ਹੀ ਵਾੜ ਹੁੰਦੀ।

ਮੁਜਰਮ ਨਾਲ ਰਲਿਆ ਮੁਨਸਿਫ ਤੇਰਾ
ਹੋਰ ਇਨਸਾਫ ਦੀ ਨਾਹੀਂ ਪੁਕਾਰ ਹੁੰਦੀ।

ਬੰਦਾ ਦੇਵੇ ਸਤਿਕਾਰ ਜੇ ਪੱਗ ਤਾਂਈ
ਵੇਖੀਂ ਦੇਸ਼ ਦੀ ਬਦਲ ਨੁਹਾਰ ਹੁੰਦੀ।

*-ਕੁਲਦੀਪ ਸਿੰਘ ਢੀਂਡਸਾ*
*ਫੋਨ: 510-676-4440*

---

### ਏਕਤਾ ਦਾ ਮੁੱਦਾ

ਲੜਨਾ-ਲੜਾਉਣਾ ਸਾਡਾ ਕੰਮ ਮਿੱਤਰੋ,
ਲੜਦੇ-ਲੜਾਉਂਦੇ ਪਰਵਾਨ ਚੜ੍ਹਾਂਗੇ।
ਇੱਕੋ ਰਾਹੇ ਵਾਲੇ ਭਾਵੇਂ ਹੋਣ ਕਾਫਲੇ,
ਇੱਕ ਦੂਜੇ ਵੱਲ ਕਰ ਪਿੱਠ ਖੜ੍ਹਾਂਗੇ।
ਜਿੱਥੋਂ ਤੱਕ ਸੀਮਾ ਸਾਡੇ ਹੀ ਗਿਆਨ ਦੀ,
ਗੁਰਮਤਿ ਓਹੀਓ, ਅਸੀਂ ਦੱਸਾਂ ਪੜ੍ਹਾਂਗੇ।
ਜਿਹੜਾ ਸਾਡੀ ਸੋਚ ਨਾਲੋਂ ਅੱਗੇ ਜਾਵੇਗਾ,
ਕਾਮਰੇਡੀ ਵਾਲੀ ਓਹਤੇ ਚੇਪੀ ਜੜਾਂਗੇ।
ਸਾਡੇ ਜੋ ਵਿਰੋਧੀ ਉਹ ਤਮਾਸ਼ਾ ਵੇਖਣਗੇ,
ਇੱਕ ਦੂਜੇ ਦੀਆਂ ਜਦੋਂ ਲੱਤਾਂ ਫੜ੍ਹਾਂਗੇ।
ਮਿਲ ਕੇ ਚੱਲਣ ਦੀ ਜੋ ਗੱਲ ਕਰੇਗਾ,
ਬੇਈਮਾਨੀ ਵਾਲਾ ਇਲਜ਼ਾਮ ਮੜ੍ਹਾਂਗੇ।
ਆਖ ਨਿਰਮਾਣਤਾ ਤੇ ਨਿਸ਼ਕਾਮਤਾ,
ਨਿੱਜ ਉਚਾ ਕਰਨੇ ਦੀ ਨੀਤੀ ਘੜਾਂਗੇ।
ਜਾਗਰੂਕ-ਜਾਗਰੂਕ ਖੇਡ ਖੇਡਾਂਗੇ,
ਜਾਗਰੂਕਤਾ ਦੇ ਘਰੇ ਨਹੀਓਂ ਵੜਾਂਗੇ।
ਫੇਸਬੁਕ ਬਣੂੰਗੀ ਮੈਦਾਨ ਜੰਗ ਦਾ,
ਬੇ-ਦਲੀਲੇ ਮਾਰ ਕੇ ਕੁਮੈਂਟ ਦੜਾਂਗੇ।
ਸਾਰੇ ਮੁੱਦਿਆਂ 'ਤੇ ਏਕਤਾ ਜੇ ਹੋ ਗਈ,
ਤਾਂ ਵੀ ਏਕਤਾ ਦੇ ਮੁੱਦੇ ਉਤੇ ਲੜਾਂਗੇ।

*-ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ।*

---

### ਗ਼ਜ਼ਲ

ਸੀਨੇ ਅੰਦਰ ਏਸ ਰਾਤ ਦੇ ਦਫਨ ਨੇ ਰਾਜ਼
ਜ਼ੱਰਾ ਜ਼ੱਰਾ, ਸ਼ਾਖ ਸ਼ਾਖ ਬਿਰਖ ਹੈ ਖੌਫਜ਼ਦਾ।

ਵਿਕਾਸ ਦੀ ਉਮੀਦ ਅੱਜ ਕੱਲ ਹੈ ਘੱਟ
ਹਰ ਚੈਨਲ 'ਤੇ ਚੱਲਦੀ ਹੈ ਕਤਲ ਦੀ ਅਦਾ।

ਚਿੜੀਆਂ ਨੂੰ ਕਹੋ ਸਰਹੱਦ ਪਾਰ ਨਾ ਜਾਣ
ਇਸ ਤਰਫ ਮਨਜ਼ੂਰ ਨਹੀਂ ਉਸ ਤਰਫ ਦੀ ਹਵਾ।

ਆਮ ਮਿਲ ਜਾਇਆ ਕਰਦਾ ਸੀ ਜਹਾਨ 'ਤੇ
ਹੁਣ ਮਿਲਦਾ ਨਹੀਂ ਦਿਲਾਂ ਦੇ ਵਿਚ ਖੁਦਾ।

ਕੀ ਪਤਾ ਕਿਸ ਰਸਤੇ, ਚੁਰੱਸਤੇ ਦਫਨ ਹੋ ਜੇ
ਖੁਸ਼ ਰਿਹਾ ਕਰ ਤੂੰ, ਰਿਹਾ ਨਾ ਕਰ ਖਫਾ।

ਜ਼ਰੂਰਤਮੰਦ ਦੇ ਤਨ 'ਤੇ ਲਾ ਦਿਆ ਕਰ
ਤੇਰੇ ਕੋਲ ਹੈ ਜੋ ਲਫਜ਼ਾਂ ਦੀ ਦਵਾ।

*-ਸੁਖਵਿੰਦਰ ਵੈਦ*
*ਫੋਨ: 91-76964-18403*

---

### ਗੇੜੇ-ਛੇੜੇ

ਗੇੜੇ-ਛੇੜੇ ਦੀ ਅਜੇ ਨਾ ਲੋੜ ਮੁੱਕੀ
ਠੇਕੇ ਵੱਲ ਸ਼ਰਾਬੀਆਂ ਨੇ ਲਾਏ ਗੇੜੇ।
ਮੁਸ਼ਕਿਲ ਜਾਪਦੀ ਜੱਟ ਦੀ ਫਸਲ ਬਚਣੀ
ਜਿਥੇ ਮਿਰਕਣੀ ਸਾਨ੍ਹਾਂ ਨੇ ਲਾਏ ਗੇੜੇ।

ਵੱਡੀ ਕਰਨ ਲਈ ਭੁੱਖ ਨਾਲ ਮਰੀ ਬੁੱਢੀ
ਗਿੱਧੇ ਵਿਚ ਰਕਾਨਾਂ ਨੇ ਲਾਏ ਗੇੜੇ।
ਮੋਟੀ ਸੁਣੀ ਜਦ ਕਮਾਈ ਤਸਕਰੀ ਦੀ
ਹੱਦੋਂ ਪਾਰ ਭਲਵਾਨਾਂ ਨੇ ਲਾਏ ਗੇੜੇ।

ਬਹੁਤ ਵੋਟਾਂ ਦੀ ਹਾਸਲ ਕਰਨ ਖਾਤਰ
ਘਰੋ ਘਰੀ ਪ੍ਰਧਾਨਾਂ ਨੇ ਲਾਏ ਗੇੜੇ।
ਟਿਕਟੇ-ਮੱਥੇ ਦੇ ਨਾਲ ਸਰੇ ਬੁੱਤੇ
ਜੀਪ ਲੈ ਭਗਵਾਨਾਂ ਨੇ ਲਾਏ ਗੇੜੇ।

'ਮੁਰਾਦਵਾਲਿਆ' ਉਤਰੇ ਕਸ਼ਟ ਸਮਝੋ
ਲੰਗਰ ਵੱਲ ਪਕਵਾਨਾਂ ਨੇ ਲਾਏ ਗੇੜੇ।

*-ਹਰਦੀਪ ਢਿੱਲੋਂ, ਮੁਰਾਦਵਾਲਾ*
*ਫੋਨ: 91-98764-57242*

### ਗੁੱਝੀਆਂ ਰਮਜ਼ਾਂ

ਅੰਮੀਏ ਤੇਰੀਆਂ ਗੁੱਝੀਆਂ ਰਮਜ਼ਾਂ,
ਮੂੰਹ ਚੁੰਮਦੀ ਨੂੰ ਸੁੱਝੀਆਂ ਰਮਜ਼ਾਂ।
ਬੁੱਝੀਆਂ ਕੁਝ ਅਣਬੁੱਝੀਆਂ ਰਮਜ਼ਾਂ,
ਮਾਂ ਬੋਲੀ ਬਿਨ ਕੀਕਰ ਸਮਝਾਂ?
ਲੋਰੀ ਦੇ ਉਹ ਮਿੱਠੇ ਬੋਲ,
ਅੰਮੜੀਏ ਮਾਂ ਬੋਲੀ ਵਿਚ ਬੋਲ।

*-ਮਨਦੀਪ ਸੰਧੂ*



# 'ਫਿਲਮਸਤਾਨ' ਦੀ ਫਰਮਾਇਸ਼

ਗੁਰਜੰਟ ਸਿੰਘ

ਫਿਲਮ 'ਫਿਲਮਸਤਾਨ' ਬਾਕਸ ਆਫਿਸ ਉਤੇ ਭਾਵੇਂ ਕੋਈ ਖਾਸ ਕ੍ਰਿਸ਼ਮਾ ਨਹੀਂ ਸੀ ਕਰ ਸਕੀ, ਪਰ ਜਿਸ ਕਿਸੇ ਨੇ ਵੀ ਇਹ ਫਿਲਮ ਦੇਖੀ ਹੈ, ਉਹ ਫਿਲਮ ਦੇ ਅਦਾਕਾਰ ਸ਼ਾਰਿਬ ਹਾਸ਼ਮੀ ਅਤੇ ਡਾਇਰੈਕਟਰ ਨਿਤਿਨ ਕੱਕੜ ਦੀਆਂ ਸਿਫ਼ਤਾਂ ਕੀਤੇ ਬਗੈਰ ਨਹੀਂ ਰਹਿ ਸਕਿਆ। ਨਿਤਿਨ ਦੀ ਇਹ ਪਲੇਠੀ ਫਿਲਮ ਸੀ ਅਤੇ ਇਹ ਫਿਲਮ ਪਾਮ ਸਪਰਿੰਗਜ਼ ਫਿਲਮ ਮੇਲੇ, ਟਰੌਮਸੋ (ਨਾਰਵੇ) ਕੌਮਾਂਤਰੀ ਫਿਲਮ ਮੇਲੇ, ਗੋਥਨਬਰਗ (ਸਵੀਡਨ) ਕੌਮਾਂਤਰੀ ਫਿਲਮ ਮੇਲੇ, ਜੈਪੁਰ ਕੌਮਾਂਤਰੀ ਫਿਲਮ ਮੇਲੇ, ਬੁਸਾਨ (ਦੱਖਣੀ ਕੋਰੀਆ) ਕੌਮਾਂਤਰੀ ਫਿਲਮ ਮੇਲੇ, ਮੁੰਬਈ ਫਿਲਮ ਮੇਲੇ ਅਤੇ ਕੇਰਲ ਕੌਮਾਂਤਰੀ ਫਿਲਮ ਮੇਲੇ ਵਿਚ ਦਿਖਾਈ ਗਈ। ਇਨ੍ਹਾਂ ਸਭ ਮੇਲਿਆਂ ਵਿਚ ਫਿਲਮ ਨੇ ਤਾੜੀਆਂ ਦੇ ਨਾਲ-ਨਾਲ ਇਨਾਮ ਵੀ ਜਿੱਤੇ।

2012 ਵਿਚ 60ਵੇਂ ਕੌਮੀ ਫਿਲਮ ਪੁਰਸਕਾਰਾਂ ਵਿਚ ਇਸ ਫਿਲਮ ਨੂੰ ਸਰਵੋਤਮ ਫੀਚਰ ਫਿਲਮ ਦਾ ਇਨਾਮ ਮਿਲਿਆ। ਉਂਜ ਸਾਲ 2012 ਵਿਚ ਫਿਲਮ ਮੁਕੰਮਲ ਹੋਣ ਦੇ ਬਾਵਜੂਦ ਇਹ ਫਿਲਮ ਦੋ ਸਾਲ ਬਾਅਦ 2014 ਵਿਚ ਹੀ ਰਿਲੀਜ਼ ਕੀਤੀ ਜਾ ਸਕੀ। ਇਸ ਫਿਲਮ ਲਈ ਅਦਾਕਾਰ ਸ਼ਾਰਿਬ ਹਾਸ਼ਮੀ ਨੇ ਆਪਣੀ ਬੇਗਮ ਨਸਰੀਨ ਹਾਸ਼ਮੀ ਦੇ ਗਹਿਣੇ ਤੱਕ ਵੇਚ ਦਿਤੇ ਸਨ। ਫਿਲਮ ਦੀ ਕਹਾਣੀ ਬੜੀ ਦਿਲਚਸਪ ਹੈ। ਇਸ ਵਿਚ ਦਿਖਾਇਆ ਗਿਆ ਹੈ ਕਿ ਫਿਲਮ ਐਕਟਰ ਬਣਨ ਦੀ ਦੀਵਾਨਗੀ ਬੰਦੇ ਨੂੰ ਕਿਥੇ ਤੋਂ ਕਿਥੇ ਤੱਕ ਅਪੜਾ ਦਿੰਦੀ ਹੈ। ਨਾਇਕ ਅਦਾਕਾਰ ਬਣਨਾ ਚਾਹੁੰਦਾ ਹੈ ਅਤੇ ਕਿਸੇ ਵਿਦੇਸ਼ੀ ਫਿਲਮ ਟੀਮ ਨਾਲ ਰਲ ਜਾਂਦਾ ਹੈ। ਰਾਜਸਥਾਨ ਵਿਚ ਸ਼ੂਟਿੰਗ ਦੌਰਾਨ ਉਸ ਨੂੰ ਅਗਵਾ ਕਰ ਲਿਆ ਜਾਂਦਾ ਹੈ, ਹੋਸ਼ ਆਉਂਦੀ ਹੈ ਤਾਂ ਪਤਾ ਲਗਦਾ ਹੈ ਕਿ ਉਹ ਤਾਂ ਸਰਹੱਦ ਪਾਰ ਪਾਕਿਸਤਾਨ ਵਿਚ ਕਿਸੇ ਥਾਂ 'ਤੇ ਹੈ। ਇਸ ਮੌਕੇ ਨੂੰ ਫਿਲਮਸਾਜ਼ ਨਿਤਿਨ ਕੱਕੜ ਨੇ ਭਾਰਤ-ਪਾਕਿਸਤਾਨ ਵੰਡ ਦਾ ਦੁਖਾਂਤ ਦਿਖਾਉਣ ਲਈ ਬਾਖੂਬ ਵਰਤਿਆ ਹੈ। ਨਿਤਿਨ ਕੱਕੜ ਨੇ ਸਾਧਾਰਨ ਜਿਹੀ ਕਹਾਣੀ ਨੂੰ ਬੇਹੱਦ ਅਸਾਧਾਰਨ ਰੂਪ ਵਿਚ ਕਾਮਯਾਬੀ ਨਾਲ ਪੇਸ਼ ਕੀਤਾ ਹੈ। ਇਹ ਫਿਲਮ ਦੇਖ ਕੇ ਫਿਲਮਸਾਜ਼ ਰਾਕੇਸ਼ ਓਮ ਪ੍ਰਕਾਸ਼ ਮਹਿਰਾ, ਅਮਿਤਾਭ ਬੱਚਨ ਅਤੇ ਵਿਧੂ ਵਿਨੋਦ ਚੋਪੜਾ ਵਰਗਿਆਂ ਨੇ ਸ਼ਾਰਿਬ ਹਾਸ਼ਮੀ ਦੀ ਪ੍ਰਸੰਸਾ ਕੀਤੀ। ਫਿਲਮਸਾਜ਼ ਨਿਖਲ ਅਡਵਾਨੀ ਨੇ ਤਾਂ ਉਸ ਨੂੰ ਆਪਣੀ ਅਗਲੀ ਫਿਲਮ ਵਿਚ ਲੈਣ ਦਾ ਐਲਾਨ ਵੀ ਕੀਤਾ। ਸ਼ਾਰਿਬ ਹਾਸ਼ਮੀ ਮਸ਼ਹੂਰ ਫਿਲਮ ਪੱਤਰਕਾਰ ਜ਼ੈਡ.ਏ. ਜੌਹਰ ਦਾ ਪੁੱਤਰ ਹੈ ਅਤੇ ਉਸ ਨੂੰ ਅਦਾਕਾਰੀ ਦਾ ਸ਼ੌਕ ਬਚਪਨ ਤੋਂ ਸੀ ਅਤੇ ਪੱਤਰਕਾਰ ਪਿਤਾ ਦੀਆਂ ਮਿਹਰਬਾਨੀਆਂ ਸਦਕਾ ਫਿਲਮੀ ਲੋਕਾਂ ਨੇ ਉਸ ਦੀ ਮਦਦ ਵੀ ਕੀਤੀ, ਪਰ ਉਸ ਦੀ ਅਦਾਕਾਰੀ ਨੂੰ ਖੰਭ ਨਾ ਲਗ ਸਕੇ। ਫਿਰ ਨਸਰੀਨ ਨਾਲ ਉਸ ਦਾ ਵਿਆਹ ਹੋ ਗਿਆ ਅਤੇ ਸ਼ਾਰਿਬ ਨੂੰ ਲੱਗਾ ਕਿ ਉਸ ਦਾ ਅਦਾਕਾਰੀ ਦਾ ਸੁਪਨਾ ਸਦਾ ਸਦਾ ਲਈ ਦਫਨ ਹੋ ਗਿਆ ਹੈ, ਪਰ ਨਸਰੀਨ ਨੇ ਉਸ ਦੀ ਅਦਾਕਾਰੀ ਨੂੰ ਖੰਭ ਲਾਉਣ ਲਈ ਆਪਣੇ ਗਹਿਣੇ ਅਤੇ ਫਿਰ ਘਰ ਤੱਕ ਵੇਚ ਦਿਤਾ। ਆਖਰਕਾਰ ਸ਼ਾਰਿਬ ਹਾਸ਼ਮੀ ਦਾ ਜਾਦੂ ਚੱਲ ਗਿਆ। ਇਸ ਦਾ ਸਿਹਰਾ ਉਹ ਦੋ ਸ਼ਖਸੀਅਤਾਂ ਸਿਰ ਬੰਨ੍ਹਦਾ ਹੈ- ਇਕ ਉਸ ਦੀ ਪਤਨੀ ਨਸਰੀਨ ਅਤੇ ਦੂਜਾ ਉਸ ਦਾ ਦੋਸਤ ਨਿਤਿਨ ਕੱਕੜ। ਜੇ ਨਿਤਿਨ ਕੱਕੜ ਉਸ ਨੂੰ ਲੈ ਕੇ ਫਿਲਮ ਨਾ ਬਣਾਉਂਦਾ ਤਾਂ ਸੱਚ-ਮੁੱਚ ਉਸ ਦਾ ਅਦਕਾਰੀ ਦਾ ਸੁਪਨਾ ਸਦਾ ਸਦਾ ਲਈ ਦਫਨ ਹੋ ਜਾਂਦਾ! -0-



ਸ਼ਾਰਿਬ ਹਾਸ਼ਮੀ: ਆਖਰਕਾਰ ਅਦਾਕਾਰੀ ਦਾ ਜਾਦੂ ਚੱਲ ਗਿਆ।



ਫਿਲਮ 'ਫਿਲਮਸਤਾਨ' ਦੀ ਇਕ ਝਲਕ ਅਤੇ (ਖੱਬੇ) ਅਦਾਕਾਰ ਸ਼ਾਰਿਬ ਹਾਸ਼ਮੀ।

# ਅਣਦਿਸਦੇ ਸਮਾਜਿਕ ਘੇਰਿਆਂ ਦੀ ਹਿੰਸਾ: ਦਸਤਕ

**ਆਵਾਜ਼ ਦੇ ਕਹਾਂ ਹੈ... -58-**



ਕੁਲਦੀਪ ਕੌਰ
ਫੋਨ: +91-98554-04330

ਲੇਖਕ ਰਾਜਿੰਦਰ ਸਿੰਘ ਬੇਦੀ ਦੁਆਰਾ ਨਿਰਦੇਸ਼ਤ ਫਿਲਮ 'ਦਸਤਕ' ਮੁੱਖ ਰੂਪ ਵਿਚ ਮਦਨ ਮੋਹਨ ਦੀਆਂ ਧੁਨਾਂ ਕਰ ਕੇ ਜਾਣੀ ਜਾਂਦੀ ਹੈ। 1970 ਵਿਚ ਬਣੀ ਇਹ ਫਿਲਮ ਉਸ ਸਮੇਂ ਰਿਲੀਜ਼ ਹੋਈ ਜਦੋਂ ਰਾਜ਼ੇਸ ਖੰਨਾ ਦਾ ਸਟਾਰਡਮ ਦਰਸ਼ਕਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ। ਫਿਲਮ ਦੇ ਗਾਣਿਆਂ ਦੇ ਬੋਲ ਵੀ ਉਸ ਦੌਰ ਦੀਆਂ ਫਿਲਮਾਂ ਨਾਲੋਂ ਵੱਖਰੇ ਸਨ। 'ਬਹੀਆ ਨਾ ਧਰੋ ਬਾਲਮਾ' ਅਤੇ 'ਮੈਂ ਕਾਸੇ ਕਹੂੰ'' ਵਰਗੇ ਕਲਾਸਿਕ ਹਿੰਦੀ ਗਾਣਿਆਂ ਨੇ ਫਿਲਮ ਦੀ ਉਰਦੂ ਪਟਕਥਾ ਵਿਚ ਵੱਖਰਾ ਹੀ ਰੰਗ ਭਰ ਦਿਤਾ।

'ਦਸਤਕ' ਰਾਜਿੰਦਰ ਸਿੰਘ ਬੇਦੀ ਦੇ ਉਰਦੂ ਡਰਾਮੇ 'ਨਕੀ-ਏ-ਮਕਾਨੀ' ਉਤੇ ਆਧਾਰਿਤ ਸੀ। ਇਹ ਡਰਾਮਾ ਲਾਹੌਰ ਦੇ ਅਦਬੀ ਹਲਕਿਆਂ ਵਿਚ ਪਹਿਲਾਂ ਹੀ ਕਾਫੀ ਮਕਬੂਲ ਹੋ ਚੁੱਕਾ ਸੀ। ਫਿਲਮ ਬਣਾਉਣ ਤੋਂ ਪਹਿਲਾਂ ਬੇਦੀ ਸੰਵਾਦ ਅਤੇ ਪਟਕਥਾ ਲੇਖਨ ਵਿਚ ਨਾਮ ਕਮਾ ਚੁਕੇ ਸਨ। ਇਸ ਫਿਲਮ ਦੀ ਕਹਾਣੀ ਵਿਚ ਗੁੰਝਲਦਾਰ ਮਨੋਵਿਗਿਆਨਕ ਪਰਤਾਂ ਦੀ ਮੌਜੂਦਗੀ ਕਾਰਨ ਬੇਦੀ ਨੂੰ ਜਾਪਦਾ ਸੀ ਕਿ ਸ਼ਾਇਦ ਹੋਰ ਕੋਈ ਨਿਰਦੇਸ਼ਕ ਇਸ ਕਹਾਣੀ ਨਾਲ ਨਿਆਂ ਨਾ ਕਰ ਸਕੇ। ਉਹ ਕਹਾਣੀ ਲਿਖਣ ਦੇ ਤਾਂ ਮਾਹਿਰ ਸਨ, ਪਰ ਫਿਲਮ 'ਕਹਾਣੀ ਫਿਲਮਾਉਣ ਦੀ ਕਲਾ' ਦੇ ਸਿਖਾਂਦਰੂ ਸਾਬਤ ਹੋਏ। ਉਨ੍ਹਾਂ ਫਿਲਮ ਵਿਚ ਪ੍ਰਤੀਕਾਂ, ਚਿੰਨ੍ਹਾਂ ਅਤੇ ਸੰਕੇਤਾਂ ਦੀ ਝੜੀ ਲਾ ਦਿਤੀ। ਫਿਲਮ ਦੀ ਰਿਲੀਜ਼ ਤੋਂ ਬਾਅਦ ਬਹੁਤ ਸਾਰੇ ਖੱਪੇ ਨਜ਼ਰ ਆਉਣੇ ਸ਼ੁਰੂ ਹੋਏ ਜਿਨ੍ਹਾਂ ਨੇ ਫਿਲਮ ਨੂੰ ਦਰਸ਼ਕਾਂ ਤੋਂ ਮਹਿਰੂਮ ਕਰ ਦਿਤਾ।


'ਦਸਤਕ' ਦੀ ਕਹਾਣੀ ਅਨੁਸਾਰ ਇਕ ਨਿਮਨ ਮੱਧ-ਵਰਗੀ ਮੁਸਲਿਮ ਨਵ-ਵਿਆਹਿਆ ਜੋੜਾ ਹਾਮਿਦ (ਸੰਜੀਵ ਕਪੂਰ) ਅਤੇ ਸਲਮਾ (ਰੇਹਾਨਾ ਸੁਲਤਾਨ) ਬੰਬਈ ਵਿਚ ਮਕਾਨ ਦੀ ਤਲਾਸ਼ ਕਰ ਰਿਹਾ ਹੈ। ਉਨ੍ਹਾਂ ਦਾ ਕੋਈ ਜਾਣਕਾਰ ਪਾਨ ਵੇਚਣ ਵਾਲਾ ਅਖਤਰ (ਅਨਵਰ ਹੁਸੈਨ) ਉਨ੍ਹਾਂ ਨੂੰ ਇਕ ਸਸਤੇ ਮਕਾਨ ਦੀ ਦੱਸ ਪਾਉਂਦਾ ਹੈ। ਉਹ ਹੋਰ ਖੱਜਲ-ਖੁਆਰੀ ਤੋਂ ਬਚਣ ਲਈ ਝੱਟ 'ਹਾਂ' ਬੋਲ ਦਿੰਦੇ ਹਨ। ਉਹ ਉਸ ਮਕਾਨ ਵਿਚ ਰਹਿਣ ਲੱਗਦੇ ਹਨ, ਪਰ ਛੇਤੀ ਹੀ ਉਨ੍ਹਾਂ ਨੂੰ ਇਸ ਮਕਾਨ ਦੇ ਸਸਤੇ ਹੋਣ ਦਾ ਰਾਜ਼ ਸਮਝ ਆ ਜਾਂਦਾ ਹੈ। ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਇਸ ਮਕਾਨ ਵਿਚ ਉਨ੍ਹਾਂ ਤੋਂ ਪਹਿਲਾਂ ਕੋਠੇ ਵਾਲੀ ਸ਼ਮਸ਼ਾਦ (ਸ਼ਕੀਲਾ ਬਾਨੋ ਭੁਪਾਲੀ) ਰਹਿੰਦੀ ਸੀ। ਹਾਮਿਦ ਅਤੇ ਸਲਮਾ ਦੀ ਜ਼ਿੰਦਗੀ ਵਿਚ ਨਵਾਂ ਮੋੜ ਉਦੋਂ ਆਉਂਦਾ ਹੈ ਜਦੋਂ ਸ਼ਮਸ਼ਾਦ ਦੇ ਪੁਰਾਣੇ ਗਾਹਕ ਅੱਧੀ-ਅੱਧੀ ਰਾਤੀਂ ਆ ਕੇ ਉਨ੍ਹਾਂ ਦੇ ਘਰ ਦਾ ਦਰਵਾਜ਼ਾ ਭੰਨਦੇ ਹਨ ਅਤੇ ਜੋੜੇ ਦੀ ਨਿਜੀ ਜ਼ਿੰਦਗੀ ਨੂੰ ਜਨਤਕ ਦੰਦਕਥਾ ਦਾ ਹਿੱਸਾ ਬਣਾ ਦਿੰਦੇ ਹਨ।

ਇਸ ਦੰਦਕਥਾ ਦੇ ਦੰਦ ਇੰਨੇ ਤਿੱਖੇ ਹਨ ਕਿ ਇਹ ਜੋੜੇ ਦੇ ਆਪਸੀ ਰਿਸ਼ਤੇ 'ਤੇ ਅਸਰ-ਅੰਦਾਜ਼ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸ ਕਲੇਸ਼ ਦਾ ਮੁੱਢਲਾ ਕਾਰਨ ਭਾਵੇ ਉਨ੍ਹਾਂ ਦੀ ਮਾੜੀ ਆਰਥਿਕਤਾ ਹੈ, ਪਰ ਮੁਹੱਲੇ ਵਾਲਿਆਂ ਦਾ ਵਾਰ ਵਾਰ ਉਨ੍ਹਾਂ ਨੂੰ ਪਤੀ-ਪਤਨੀ ਦੀ ਬਜਾਏ ਦਲਾਲ-ਵੇਸਵਾ ਸਮਝਣ ਦੀ ਗਲਤੀ ਉਨ੍ਹਾਂ ਨੂੰ ਅੰਦਰ ਤੱਕ ਝੰਜੋੜ ਦਿੰਦੀ ਹੈ। ਉਹ ਰਿਸ਼ਤਾ ਸਾਬਤ ਕਰਨ ਦੀ ਦੌੜ ਵਿਚ ਲੱਗ ਜਾਂਦੇ ਹਨ, ਪਰ ਅਸਫਲ ਰਹਿੰਦੇ ਹਨ। ਸਲਮਾ ਦਾ ਤਾਨਪੁਰਾ ਵਜਾਉਣ ਦਾ ਹੁਨਰ ਇਸ ਅੱਗ ਉਤੇ ਘਿਓ ਦਾ ਕੰਮ ਕਰਦਾ ਹੈ। ਉਨ੍ਹਾਂ ਦੀ ਜ਼ਿੰਦਗੀ ਬਿਨਾ ਜੇਲ੍ਹ ਦੇ ਕੈਦੀ ਵਾਂਗ ਹੋ ਜਾਂਦੀ ਹੈ।

ਆਖਿਰ ਉਨ੍ਹਾਂ ਦੀ ਜ਼ਿੰਦਗੀ ਵਿਚ ਇਕ ਦਿਨ ਅਜਿਹਾ ਵੀ ਆਉਂਦਾ ਹੈ ਜਦੋਂ ਸਲਮਾ ਪੈਸਿਆਂ ਦੀ ਡਾਢੀ ਤੋਟ ਕਾਰਨ ਸ਼ਮਸ਼ਾਦ ਦੇ ਪੁਰਾਣੇ ਗਾਹਕ ਨੂੰ ਤਾਨਪੁਰਾ ਸੁਣਾਉਂਦੀ ਹੈ। ਹਾਮਿਦ ਗੁੱਸੇ ਨਾਲ ਅੱਗ-ਬਗੂਲਾ ਹੋ ਕੇ ਉਨ੍ਹਾਂ ਦੋਵਾਂ ਨੂੰ ਚਾਕੂ ਨਾਲ ਮਾਰਨ ਦੀ ਕੋਸ਼ਿਸ਼ ਕਰਦਾ ਹੈ। ਅਚਾਨਕ ਉਹ ਇਹ ਸੁਣ ਕੇ ਸੁੰਨ ਹੋ ਜਾਂਦਾ ਹੈ ਕਿ ਸਲਮਾ ਮਾਂ ਬਣਨ ਵਾਲੀ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਸਲਮਾ ਨਾਲ ਕਿੰਨੀ ਜ਼ਿਆਦਤੀ ਕਰਨ ਵਾਲਾ ਸੀ, ਜਦਕਿ ਉਹ ਤਾਂ ਉਸ ਦੀ ਮੁਸੀਬਤ ਨੂੰ ਘੱਟ ਕਰਨ ਦਾ ਤਰੱਦਦ ਕਰ ਰਹੀ ਸੀ। ਇਉਂ ਇਹ ਫਿਲਮ ਉਨ੍ਹਾਂ ਅਣਦਿਸਦੇ ਸਮਾਜਿਕ ਘੇਰਿਆਂ ਦੀ ਨਿਸ਼ਾਨਦੇਹੀ ਕਰਦੀ ਹੈ ਜਿਹੜੇ ਅਚੇਤ-ਸੁਚੇਤ ਰੂਪ ਵਿਚ ਇਨਸਾਨ ਦੀ ਹੋਂਦ ਨੂੰ ਅਣਚਾਹੀਆਂ ਬੇੜੀਆਂ ਅਤੇ ਭੁਲੇਖਿਆਂ ਵਿਚ ਜਕੜੀ ਰੱਖਦੇ ਹਨ।

ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਸੰਜੀਵ ਕਪੂਰ, ਰੇਹਾਨਾ ਸੁਲਤਾਨ, ਅੰਜੂ ਮਹਿੰਦਰੂ, ਅਨਵਰ ਹੁਸੈਨ ਅਤੇ ਸ਼ਕੀਲਾ ਬਾਨੋ ਭੁਪਾਲੀ ਨੇ ਨਿਭਾਈਆਂ ਸਨ। ਫਿਲਮ ਦੇ ਬਣਨ ਤੱਕ ਸੰਜੀਵ ਕਪੂਰ ਤਾਂ ਮਸ਼ਹੂਰ ਅਦਾਕਾਰ ਵਜੋਂ ਸਥਾਪਿਤ ਹੋ ਚੁੱਕੇ ਸਨ, ਪਰ ਰੇਹਾਨਾ ਸੁਲਤਾਨ ਦੀ ਇਹ ਪਹਿਲੀ ਫਿਲਮ ਸੀ। -0-










ਖੱਬਿਓ: ਲੇਖਕ/ਫਿਲਮਸਾਜ਼ ਰਾਜਿੰਦਰ ਸਿੰਘ ਬੇਦੀ, ਫਿਲਮ 'ਦਸਤਕ' ਦਾ ਪੋਸਟਰ, ਅਦਾਕਾਰਾ ਰੇਹਾਨਾ ਸੁਲਤਾਨ ਅਤੇ ਸੰਗੀਤਕਾਰ ਮਦਨ ਮੋਹਨ।

# ਪੰਜਾਬ ਬਿਜਲੀ ਦਰਾਂ 'ਚ ਭਾਰੀ ਕਟੌਤੀ ਕਰਕੇ ਉਦਯੋਗਾਂ ਨੂੰ ਪ੍ਰਦਾਨ ਕਰ ਰਿਹਾ ਹੈ ਸਭ ਤੋਂ ਸਸਤੀ 24x7 ਬਿਜਲੀ

## ਪੰਜਾਬ 'ਚ ਬਿਜਲੀ ਖੇਤਰ ਵਿੱਚ ਲਏ ਗਏ ਇਤਿਹਾਸਕ ਫ਼ੈਸਲੇ



ਨਵੀਂ ਉਦਯੋਗਿਕ ਬਿਜਲੀ ਦਰ

- ਨਵੀਆਂ ਉਦਯੋਗਿਕ ਇਕਾਈਆਂ ਲਈ 4.99 ਰੁਪਏ ਪ੍ਰਤੀ kwh
- ਮੌਜੂਦਾ ਲਘੂ ਉਦਯੋਗਿਕ ਇਕਾਈਆਂ ਲਈ 4.99 ਰੁਪਏ ਪ੍ਰਤੀ kwh
- ਮੌਜੂਦਾ ਦਰਮਿਆਨੀਆਂ ਉਦਯੋਗਿਕ ਇਕਾਈਆਂ ਲਈ 5.99 ਰੁਪਏ ਪ੍ਰਤੀ kwh
- ਮੌਜੂਦਾ ਵੱਡੀਆਂ ਉਦਯੋਗਿਕ ਇਕਾਈਆਂ ਲਈ 11 ਪੈਸੇ ਪ੍ਰਤੀ kwh ਦੀ ਰਾਹਤ
- ਪੀਕ ਲੋਡ ਛੋਟ ਚਾਰਜ (ਪੀ.ਐਲ.ਈ.ਸੀ.) ਹਟਾਏ
- ਕਿਸੇ ਵੀ ਮੌਜੂਦਾ ਵੱਡੇ ਉਦਯੋਗ ਵੱਲੋਂ ਬੀਤੇ ਦੋ ਸਾਲਾਂ ਦੀ ਖਪਤ ਦੀ ਤੁਲਨਾ ਵਿੱਚ ਉਪਰਲੀ ਮਿਆਦ ਨਾਲੋਂ ਵਧੇਰੇ ਖਪਤ 'ਤੇ ਘਟੀ ਹੋਈ ਦਰ 4.99 ਰੁਪਏ ਪ੍ਰਤੀ kwh ਦੇ ਹਿਸਾਬ ਨਾਲ ਚਾਰਜ ਕੀਤਾ ਜਾਵੇਗਾ

## ਉਦਯੋਗਿਕ ਬਿਜਲੀ ਦਰ ਦੀ ਸੂਬਾ ਵਾਰ ਤੁਲਨਾ (ਰੁਪਏ ਪ੍ਰਤੀ kwh)

| ਰਾਜ | ਲਘੂ ਉਦਯੋਗ | ਦਰਮਿਆਨੇ ਉਦਯੋਗ | ਵੱਡੇ ਉਦਯੋਗ |
|---|---|---|---|
| ਪੰਜਾਬ (ਸਭ ਤੋਂ ਘੱਟ) | 4.99 | 5.99 | 6.35 |
| ਮਹਾਰਾਸ਼ਟਰ | 6.32 | 8.80 | 8.11 |
| ਤਾਮਿਲ ਨਾਡੂ | 6.67 | 6.67 | 8.36 |
| ਗੁਜਰਾਤ | 6.71 | 7.30 | 7.31 |
| ਆਂਧਰਾ ਪ੍ਰਦੇਸ਼ | 7.63 | 7.50 | 8.41 |
| ਹਰਿਆਣਾ | 7.71 | 9.24 | 8.88 |
| ਉਤਰ ਪ੍ਰਦੇਸ਼ | 9.42 | 8.90 | 7.95 |
| ਦਿੱਲੀ (ਸਭ ਤੋਂ ਵੱਧ) | 9.92 | 11.29 | 9.02 |

"ਅਸੀਂ ਬਿਜਲੀ ਘਾਟਿਆਂ ਨੂੰ ਘੱਟ ਕਰਕੇ ਵਾਧੂ ਬਿਜਲੀ ਉਪਲਬਧ ਕਰਾਉਣ ਲਈ ਦਿਨ-ਰਾਤ ਅਣਥਕ ਯਤਨ ਕਰ ਰਹੇ ਹਾਂ, ਜਿਸ ਨਾਲ ਕੁਸ਼ਲਤਾ ਵਿੱਚ ਹੋਰ ਵਾਧਾ ਹੋਇਆ ਹੈ। ਅਸੀਂ ਇਸ ਸਮੇਂ ਨਵੇਂ ਉਦਯੋਗਾਂ ਅਤੇ ਮੌਜੂਦਾ ਲਘੂ ਉਦਯੋਗਾਂ ਨੂੰ **4.99** ਰੁਪਏ ਦੀ ਦਰ ਨਾਲ ਬਿਜਲੀ ਮੁਹੱਈਆ ਕਰਵਾ ਰਹੇ ਹਾਂ। ਇਸ ਤੋਂ ਰਾਜ ਵਿੱਚ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਹੋਣਗੇ। ਭਵਿੱਖ ਵਿੱਚ, ਸਾਡਾ ਵੱਡਾ ਹੰਭਲਾ ਆਪਣੀ ਸਮਰੱਥਾ ਵਿੱਚ ਹੋਰ ਸੁਧਾਰ ਲਿਆ ਕੇ ਸਾਰੇ ਖੇਤਰਾਂ ਵਿੱਚ ਬਿਜਲੀ ਲਾਗਤ ਨੂੰ ਘੱਟ ਕਰਨਾ ਹੋਵੇਗਾ। ਅਸੀਂ ਆਪਣੇ ਸਾਰੇ ਨਾਗਰਿਕਾਂ ਨੂੰ ਵਾਧੂ, ਸਸਤੀ ਅਤੇ ਗੁਣਵੱਤਾ ਭਰਪੂਰ ਬਿਜਲੀ ਸਪਲਾਈ ਪ੍ਰਦਾਨ ਕਰਨ ਲਈ ਵਚਨਬੱਧ ਹਾਂ।"

**ਸ. ਸੁਖਬੀਰ ਸਿੰਘ ਬਾਦਲ**
ਉਪ ਮੁੱਖ ਮੰਤਰੀ ਅਤੇ ਪਾਵਰ ਮੰਤਰੀ, ਪੰਜਾਬ



ਰਾਜ ਨਹੀਂ ਸੇਵਾ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 29 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting any model homes to save big time.**

## Just Sold

1. 2955 Fairmont Ave, Clovis, CA 93611
2. 3907 Crestmore Ct. Stockton, CA 95206
3. 1765 Ettle Dr. Manteca, CA 95337
4. 3427 Bathgate Ln. San Jose, CA 95121
5. 6098 Birch Pl Newark, CA 94560
6. 27714 Treat Ln. Hayward, CA 94545
7. 208 Herlong Ave. San Jose, CA 95123
8. 1951 Pagola Ave Manteca, CA 95337
9. 7778 Kelly Canyon Dr. Dublin, CA 94568
10. 39034 Gaurdino Ter#108 Fremont, CA 94538
11. 6337 Benner Ct. Pleasanton CA 94588
12. 3550 Walton Ave. San Jose, CA 95117
13. 325 Johnson Ferry Rd. Lathrop, CA 95330
14. 1725 Gloria Cir. Tracy, CA 95377
15. 3060 White Ash Ave. Clovis, CA 93619
16. 3157 Ormonde Ct. Tracy, CA 95377
17. 345 Bridge Creek Dr. Hayward, CA 94544
18. 3057 Fairfax Dr. San Jose, CA 95148

# Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

**Call Sukhi Gill** Ph: 510-207-9067
DHMS, Loan Broker

CA BRE Lic.#01180969
NMLS# 352095

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



**Jaswinder Gill** M.Sc (PAU)
CA BRE# 00966763
Broker/Owner/Notary

Pinnacle Award Winner 2015
Grand Master Award Winner 2012, 2013 & 2014

Sacramento Office
Sam Chahal
9912 Kapalua Ln., Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

**Follow us on zillow.com and trulia.com**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.